Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Real Estate Services
BUY, SELL or RENT
Queens, Long Island & Manhattan
Sunny Singh
Ph: 917-679-0029
E-mail: sunny.singhre@gmail.com

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 18, May 5, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਹੁਣ ਇਤਿਹਾਸ ਪੁਸਤਕ ਨੇ ਪਾਇਆ ਵਖਤ

**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੀ ਇਤਿਹਾਸ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਮਨਫੀ ਕਰਨ ਦਾ ਮਾਮਲਾ ਭਖ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਸਰਕਾਰ ਜਿਥੇ ਇਸ ਨੂੰ ਅਫਵਾਹ ਦੱਸ ਰਹੀ ਹੈ, ਉਥੇ ਵਿਰੋਧੀ ਧਿਰਾਂ, ਖਾਸ ਕਰ ਕੇ ਅਕਾਲੀ ਦਲ ਬਾਦਲ ਇਸ ਨੂੰ ਕਾਂਗਰਸ ਦੀ ਸਾਜ਼ਿਸ਼ ਕਰਾਰ ਦੇ ਰਿਹਾ ਹੈ। ਅਕਾਲੀ ਦਲ ਨੇ ਤਾਂ ਸਰਕਾਰ ਨੂੰ ਘੇਰਨ ਲਈ ਰਣਨੀਤੀ ਵੀ ਉਲੀਕ ਲਈ ਹੈ। ਉਧਰ, ਸ਼੍ਰੋਮਣੀ ਕਮੇਟੀ ਵੀ ਇਸ ਮਸਲੇ 'ਤੇ ਕਾਫੀ ਸਰਗਰਮ ਨਜ਼ਰ ਆ ਰਹੀ ਹੈ। ਸ਼੍ਰੋਮਣੀ ਕਮੇਟੀ ਨੇ ਜਾਂਚ ਲਈ ਆਪਣੇ

## ਪੁਸਤਕ 'ਚੋਂ ਸਿੱਖ ਇਤਿਹਾਸ ਮਨਫੀ ਕਰਨ ਦੇ ਦੋਸ਼

ਪੱਧਰ 'ਤੇ ਪੰਜ ਮੈਂਬਰੀ ਸਬ-ਕਮੇਟੀ ਵੀ ਬਣਾ ਦਿੱਤੀ ਹੈ। ਰਾਸ਼ਟਰੀ ਸਿੱਖ ਸੰਗਤ ਇਸ ਮਸਲੇ ਨੂੰ ਸੂਬੇ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਕੋਲ ਲੈ ਕੇ ਪੁੱਜ ਗਈ ਹੈ।

ਕੈਪਟਨ ਸਰਕਾਰ ਸਫਾਈ ਦੇ ਰਹੀ ਹੈ ਕਿ 2014 ਵਿਚ ਅਕਾਲੀ ਸਰਕਾਰ ਸਮੇਂ ਐਨ.ਸੀ.ਈ.ਆਰ.ਟੀ. ਸਿਲੇਬਸ ਅਨੁਸਾਰ ਮੁੜ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਇਸ ਮੁੱਦੇ ਉਤੇ ਚਰਚਾ ਵਿਚ ਸ਼੍ਰੋਮਣੀ ਕਮੇਟੀ ਨੂੰ ਵੀ ਸ਼ਾਮਲ ਕੀਤਾ ਸੀ। ਮਾਰਚ 2014 ਵਿਚ ਇਹ ਸਿਲੇਬਸ ਬੋਰਡ ਦੀ ਵੈੱਬਸਾਈਟ ਉਤੇ ਅਪਲੋਡ ਕਰ ਦਿੱਤਾ ਸੀ। ਸਾਲ 2015 ਵਿਚ ਨੌਵੀਂ ਜਮਾਤ ਦੇ ਸਿਲੇਬਸ ਨੂੰ ਅੰਤਿਮ ਰੂਪ ਦਿੱਤੇ ਜਾਣ ਬਾਅਦ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਕੀਤਾ ਸੀ। ਸਿਲੇਬਸ ਨੂੰ ਮੁੜ ਵਿਉਂਤਣ ਬਾਅਦ 2016 ਵਿਚ ਬੋਰਡ ਵੱਲੋਂ 9ਵੀਂ ਅਤੇ 10ਵੀਂ ਜਮਾਤਾਂ ਲਈ ਕਿਤਾਬਾਂ ਪ੍ਰਕਾਸ਼ਿਤ ਕਰਾਈਆਂ ਸਨ ਅਤੇ 11ਵੀਂ-12ਵੀਂ ਜਮਾਤਾਂ ਲਈ ਕਿਤਾਬਾਂ 2018 ਵਿਚ ਛਪਾਉਣ ਬਾਰੇ ਫੈਸਲਾ ਕੀਤਾ ਸੀ। ਕਾਂਗਰਸ ਨੇ ਸੂਬੇ ਦੀ ਸੱਤਾ ਸੰਭਾਲਣ ਬਾਅਦ ਇਤਿਹਾਸ ਦੇ ਵਿਸ਼ੇ ਨੂੰ ਮੁੜ ਤਿਆਰ ਲਈ ਵਿਚਾਰ-ਚਰਚਾ ਵਾਸਤੇ ਮਾਰਚ 2017 ਵਿਚ ਸ਼੍ਰੋਮਣੀ ਕਮੇਟੀ ਨੂੰ ਲਿਖਿਆ ਸੀ। ਸ਼੍ਰੋਮਣੀ ਕਮੇਟੀ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋਫੈਸਰ ਪਰਮਵੀਰ ਸਿੰਘ ਨੂੰ ਜ਼ਿੰਮਾ ਦਿੱਤਾ ਸੀ, ਜਿਨ੍ਹਾਂ ਨੇ ਸਾਰੀਆਂ ਮੀਟਿੰਗਾਂ ਵਿਚ ਹਿੱਸਾ ਲਿਆ ਸੀ। ਕੈਪਟਨ ਦਾ ਕਹਿਣਾ ਹੈ ਕਿ ਗੋਬਿੰਦ ਸਿੰਘ ਲੌਂਗੋਵਾਲ ਨੇ ਆਪਣੇ ਰਾਜਸੀ ਹਿੱਤਾਂ ਲਈ ਇਸ ਮਸਲੇ ਬਾਰੇ ਜਾਣ-ਬੁੱਝ ਕੇ ਅਸਲ ਤੱਥ ਛੁਪਾਏ ਹਨ।


ਉਧਰ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਇਤਿਹਾਸ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਮਨਫੀ ਕਰਨ ਦਾ ਫੈਸਲਾ ਅਕਾਲੀ-ਭਾਜਪਾ ਕਾਰਜਕਾਲ ਦੌਰਾਨ ਲੈਣ ਦੇ ਮੁੱਦੇ 'ਤੇ ਕੈਪਟਨ ਅਮਰਿੰਦਰ ਸਿੰਘ ਝੂਠੇ ਦੋਸ਼ ਲਾ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਸਾਰੇ ਚੈਪਟਰ ਜਿਹੜੇ ਹੁਣ ਕੱਢ ਦਿੱਤੇ ਗਏ ਹਨ, ਅਕਾਲੀ-ਭਾਜਪਾ ਦੇ 2013 ਤੋਂ 2017 ਤੱਕ ਦੇ ਕਾਰਜਕਾਲ ਦੌਰਾਨ ਲਗਾਤਾਰ ਪੜ੍ਹਾਏ ਜਾਂਦੇ ਰਹੇ ਹਨ। ਜੇ ਅਕਾਲੀ 2013 ਵਿਚ ਸਿੱਖ ਇਤਿਹਾਸ ਨੂੰ 12ਵੀਂ ਕਲਾਸ ਦੀਆਂ ਕਿਤਾਬਾਂ ਵਿਚੋਂ ਕੱਢਣਾ ਚਾਹੁੰਦੇ ਸਨ ਤਾਂ ਫਿਰ ਇਹ ਚੈਪਟਰ 2017 ਤੱਕ ਕਿਉਂ ਪੜ੍ਹਾਏ ਜਾ ਰਹੇ ਸਨ। ਬਾਦਲ ਨੇ ਕੈਪਟਨ ਨੂੰ ਇਹ ਸਲਾਹ ਵੀ ਦੇ ਦਿੱਤੀ ਕਿ ਉਹ ਨਵੀਆਂ ਅਤੇ ਪੁਰਾਣੀਆਂ ਕਿਤਾਬਾਂ ਖੁਦ ਪੜ੍ਹਨ, ਉਨ੍ਹਾਂ ਨੂੰ ਪਤਾ ਚੱਲ ਜਾਵੇਗਾ ਕਿ ਕੀ-ਕੀ ਤਬਦੀਲੀਆਂ ਕਦੋਂ-ਕਦੋਂ ਕੀਤੀਆਂ ਗਈਆਂ ਹਨ।

ਦੱਸ ਦਈਏ ਕਿ ਪੰਜਾਬ ਸਕੂਲ ਸਿੱਖਿਆ ਬੋਰਡ 'ਤੇ ਦੋਸ਼ ਲੱਗ ਰਹੇ ਹਨ ਕਿ ਉਸ ਵੱਲੋਂ ਬਾਰ੍ਹਵੀਂ ਜਮਾਤ ਲਈ ਇਤਿਹਾਸ ਦੀ ਨਵੀਂ ਛਪਵਾਈ ਪਾਠ ਪੁਸਤਕ ਵਿਚੋਂ ਪੰਜਾਬ ਅਤੇ ਗੁਰ ਇਤਿਹਾਸ ਹੀ ਗਾਇਬ ਕਰ ਦਿੱਤਾ ਗਿਆ ਹੈ। 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ 'ਪੰਜਾਬ ਦਾ ਇਤਿਹਾਸ' ਸਿਰਲੇਖ ਵਾਲੀ ਪਾਠ ਪੁਸਤਕ ਪੜ੍ਹਾਈ ਜਾਂਦੀ ਹੈ। ਇਸ ਵਿਚ ਪਹਿਲੇ

(ਬਾਕੀ ਸਫਾ 6 ਉਤੇ)

## ਵਿਵਾਦ ਪਿੱਛੇ ਪ੍ਰਾਈਵੇਟ ਪ੍ਰਕਾਸ਼ਕਾਂ ਦਾ ਹੱਥ?

ਪੰਜਾਬ ਸਕੂਲ ਬੋਰਡ ਨੇ ਹੋਂਦ ਵਿਚ ਆਉਣ ਤੋਂ ਲੈ ਕੇ ਅੱਜ ਤੱਕ ਕਦੇ ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਇਤਿਹਾਸ ਦੀਆਂ ਕਿਤਾਬਾਂ ਨਹੀਂ ਛਾਪੀਆਂ। ਪ੍ਰਾਈਵੇਟ ਪ੍ਰਕਾਸ਼ਕ ਗਾਈਡਾਂ ਛਾਪ ਕੇ ਵਿਦਿਆਰਥੀਆਂ ਨੂੰ ਵੇਚ ਦਿੰਦੇ ਸਨ। ਪਹਿਲੀ ਵਾਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ 11ਵੀਂ ਅਤੇ 12ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਛਪਵਾਉਣ ਦਾ ਯਤਨ ਕੀਤਾ ਹੈ। ਸਕੂਲ ਬੋਰਡ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਦੀ ਕੀਮਤ ਸੌ ਰੁਪਏ ਪ੍ਰਤੀ ਕਿਤਾਬ ਹੈ, ਜਦੋਂਕਿ ਪ੍ਰਾਈਵੇਟ ਪ੍ਰਕਾਸ਼ਕਾਂ ਦੀ ਕਿਤਾਬ ਦੀ ਕੀਮਤ ਚਾਰ ਸੌ ਰੁਪਏ ਤੋਂ ਵੱਧ ਹੈ। ਇਸ ਲਈ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਕਿਤਾਬ ਕਾਰੋਬਾਰ ਨਾਲ ਜੁੜੇ ਲੋਕ ਇਸ ਵਿਵਾਦ ਦੀ ਜੜ੍ਹ ਹਨ।




## ਸ਼ਾਹਕੋਟ ਚੋਣ

## ਸਿਆਸੀ ਧਿਰਾਂ ਨੇ ਮੁੜ ਕੀਤੇ ਕਮਰਕੱਸੇ

**ਚੰਡੀਗੜ੍ਹ:** ਪੰਜਾਬ ਵਿਚ ਇਕ ਵਾਰ ਫਿਰ ਚੋਣ ਅਖਾੜਾ ਭਖ ਗਿਆ ਹੈ। ਸ਼ਾਹਕੋਟ ਹਲਕੇ ਦੀ 28 ਮਈ ਨੂੰ ਜ਼ਿਮਨੀ ਚੋਣ ਦੇ ਐਲਾਨ ਪਿੱਛੋਂ ਸੂਬੇ ਦੀਆਂ ਸਿਆਸੀ ਧਿਰਾਂ ਨੇ ਕਮਰਕੱਸੇ ਕਰ ਲਏ ਹਨ। ਇਸ ਹਲਕੇ ਦਾ ਚੋਣ ਨਤੀਜਾ ਕੈਪਟਨ ਸਰਕਾਰ ਦੀ ਹਰਮਨਪਿਆਰਤਾ ਅਤੇ ਨੀਤੀਆਂ ਨੂੰ ਪਰਖਣ ਦਾ ਪੈਮਾਨਾ ਹੋਵੇਗਾ। ਇਹ ਸੀਟ ਵਿਧਾਇਕ ਅਜੀਤ ਸਿੰਘ ਕੋਹਾੜ ਦੀ ਮੌਤ ਕਾਰਨ ਖਾਲੀ ਹੋਈ ਸੀ।

ਸ਼੍ਰੋਮਣੀ ਅਕਾਲੀ ਦਲ ਇਸ ਚੋਣ ਲਈ ਸਭ ਤੋਂ ਵੱਧ ਸਰਗਰਮ ਨਜ਼ਰ ਆ ਰਿਹਾ ਹੈ। ਇਸੇ ਕਾਰਨ ਅਕਾਲੀ ਦਲ ਨੇ ਚੋਣਾਂ ਬਾਰੇ ਤਰੀਕ ਦੇ ਐਲਾਨ ਤੋਂ ਡੇਢ ਮਹੀਨਾ ਪਹਿਲਾਂ ਹੀ ਸ. ਕੋਹਾੜ ਦੇ ਪੁੱਤਰ ਨੈਬ ਸਿੰਘ ਕੋਹਾੜ ਨੂੰ ਉਮੀਦਵਾਰ ਐਲਾਨ ਦਿੱਤੀ ਸੀ।

ਸ਼੍ਰੋਮਣੀ ਅਕਾਲੀ ਦਲ ਲਈ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਵਿਧਾਨ ਸਭਾ ਹਲਕੇ 'ਤੇ ਸਿਆਸੀ ਦਬਦਬਾ ਬਰਕਰਾਰ ਰੱਖਣਾ ਵੱਡੀ ਚੁਣੌਤੀ ਹੈ। ਸਾਲ ਪਹਿਲਾਂ ਵਿਧਾਨ ਸਭਾ ਚੋਣਾਂ ਵਿਚ ਲੱਗੇ ਝਟਕੇ ਤੋਂ ਬਾਅਦ ਪਾਰਟੀ ਨੂੰ ਭਾਵੇਂ ਕਈ ਫਰੰਟਾਂ ਉਤੇ ਹਾਰ ਦਾ ਸਾਹਮਣਾ ਕਰਨਾ ਪਿਆ ਪਰ ਹੁਣ ਸਾਲ ਦੇ ਵਕਫੇ ਬਾਅਦ ਵਿਧਾਨ ਸਭਾ ਹਲਕੇ ਦੀ

(ਬਾਕੀ ਸਫਾ 6 ਉਤੇ)

## ਦਿਆਲ ਸਿੰਘ ਕਾਲਜ ਦਾ ਨਾਂ ਚੁੱਪ-ਚੁਪੀਤੇ ਬਦਲਿਆ

**ਨਵੀਂ ਦਿੱਲੀ:** ਦਿਆਲ ਸਿੰਘ ਕਾਲਜ (ਈਵਨਿੰਗ) ਦੀ ਪ੍ਰਬੰਧਕ ਕਮੇਟੀ ਨੇ ਕਾਲਜ ਦਾ ਨਾਂ ਚੁੱਪ-ਚੁਪੀਤੇ ਬਦਲ ਕੇ 'ਵੰਦੇ ਮਾਤ੍ਰਮ ਦਿਆਲ ਸਿੰਘ ਕਾਲਜ, ਯੂਨੀਵਰਸਿਟੀ ਆਫ ਦਿੱਲੀ' ਰੱਖ ਦਿੱਤਾ ਹੈ। ਇਸ ਨਾਂ ਦਾ ਬੈਨਰ ਕਾਲਜ ਵਿਚ 25 ਅਪਰੈਲ ਨੂੰ ਹੋਏ ਸਾਲਾਨਾ ਇਨਾਮ ਵੰਡ ਸਮਾਰੋਹ ਵਿਚ ਲਾਇਆ ਗਿਆ ਸੀ।

ਪਿਛਲੇ ਸਾਲ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੀ ਤਜਵੀਜ਼ ਤੋਂ ਭਾਰੀ ਵਿਵਾਦ ਛਿੜ ਗਿਆ ਸੀ। ਸਰਦਾਰ ਦਿਆਲ ਸਿੰਘ ਮਜੀਠੀਆ ਨੇ 1881 ਵਿਚ 'ਦਿ ਟ੍ਰਿਬਿਊਨ', 1894 ਵਿਚ ਪੰਜਾਬ ਨੈਸ਼ਨਲ ਬੈਂਕ ਅਤੇ ਇਕ ਸਿੱਖਿਆ ਟਰੱਸਟ ਸ਼ੁਰੂ ਕੀਤਾ ਸੀ ਜਿਸ ਤਹਿਤ ਇਹ ਕਾਲਜ ਸਿੱਖਿਆ ਦਾ ਚਾਨਣ ਵੰਡਦਾ ਹੈ।


ਜੁਲਾਈ - ਅਗਸਤ 2018
High Season Sale
ਦਿੱਲੀ $855
ਟੈਕਸ ਸਮੇਤ
Harpreet Singh
WorldWide Travel
www.fly2world.com
734 838 9998
24 ਘੰਟੇ ਐਮਰਜੈਂਸੀ
866 66 INDIA
4 6 3 4 2
Fares shown are for July 10th to Dec 7th 2018 departure from Detroit and may change without notice. please call for more details. Other conditions apply.

ATLANTIC TAX SOLUTIONS INC.
Income Tax Preparation
By Certified Public Accountant
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।
Free Consultancy ❖ Best Services ❖ Best Prices
Rahul Singh, CPA

| Experience and Specialty | | Insurance |
|---|---|---|
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

# ਨਿਊ ਯਾਰਕ 'ਚ ਸਜਿਆ 31ਵਾਂ ਸਾਲਾਨਾ ਨਗਰ ਕੀਰਤਨ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਦੀਆਂ ਸੰਗਤਾਂ ਦੇ ਉਦਮ ਨਾਲ ਸਜਾਏ ਗਏ 31ਵੇਂ ਸਾਲਾਨਾ ਨਗਰ ਕੀਰਤਨ ਦਾ ਨਜ਼ਾਰਾ ਕੁਝ ਇਸ ਤਰ੍ਹਾਂ ਸੀ ਜਿਵੇਂ ਮੈਨਹਟਨ ਸਿਟੀ ਵਿਚ ਰੰਗ-ਬਰੰਗੀਆਂ ਦਸਤਾਰਾਂ ਦਾ ਹੜ੍ਹ ਆ ਗਿਆ ਹੋਵੇ। ਹਰ ਸਾਲ ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ







ਕਰਵਾਈ ਜਾਂਦੀ ਸਿੱਖ ਪਰੇਡ ਇਸ ਵਾਰ 28 ਅਪਰੈਲ ਨੂੰ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਮੂਲੀਅਤ ਕੀਤੀ।

ਨਗਰ ਕੀਰਤਨ ਦਾ ਅਰੰਭ 38 ਸਟਰੀਟ ਮੈਡੀਸਨ ਐਵੇਨਿਊ ਤੋਂ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਪਿਛੋਂ ਹੋਇਆ। ਨਗਰ ਕੀਰਤਨ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਖਾਲਸਾਈ ਬਾਣੇ ਵਿਚ ਸਜੇ ਪੰਜ ਪਿਆਰੇ ਕਰ ਰਹੇ ਸਨ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਨੇ ਸੱਚ ਮੁੱਚ ਸੰਗਤਾਂ ਨੂੰ ਨਿਹਾਲ ਕਰ ਦਿੱਤਾ। ਝਾੜੂਬਰਦਾਰ ਸੜਕਾਂ ਸਾਫ ਕਰ ਰਹੇ ਸਨ।

ਕੁਲ ਨੌਂ ਫਲੋਟ ਨਗਰ ਕੀਰਤਨ ਵਿਚ ਸ਼ਾਮਲ ਸਨ ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸਿੱਖ ਇਤਿਹਾਸ ਨੂੰ ਦਰਸਾਉਂਦੇ ਫਲੋਟ ਸ਼ਾਮਲ ਸਨ। ਹਰਿਮੰਦਰ ਸਾਹਿਬ ਦੀ ਝਾਕੀ ਵਾਲਾ ਫਲੋਟ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਸੀ। ਸੰਗਤ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਜਾ ਰਹੀ ਸੀ। ਸੰਗਤਾਂ ਵਿਚ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇਖਿਆਂ ਹੀ ਬਣਦਾ ਸੀ। ਦੂਜੇ ਭਾਈਚਾਰਿਆਂ ਦੇ ਕੁਝ ਲੋਕਾਂ ਨੇ ਵੀ ਦਸਤਾਰਾਂ ਸਜਾਈਆਂ ਹੋਈਆਂ ਸਨ। ਸਿੱਖ ਨੌਜਵਾਨ ਗਤਕੇ ਦੇ ਜੌਹਰ ਦਿਖਾ ਰਹੇ ਸਨ। ਮੈਡੀਸਨ ਐਵੇਨਿਊ 'ਤੇ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ ਜਿਥੋਂ ਸੰਗਤਾਂ ਨੇ ਭਾਂਤ-ਸੁਭਾਂਤੇ ਭੋਜਨ ਪਦਾਰਥ ਛਕੇ।

ਪਰੇਡ ਵਿਚ ਨਿਊ ਯਾਰਕ ਸਿਟੀ ਪੁਲਿਸ ਡਿਪਾਰਟਮੈਂਟ ਦਾ ਬੈਂਡ, ਨਿਊ ਯਾਰਕ ਪੁਲਿਸ ਡਿਪਾਰਟਮੈਂਟ ਸਿੱਖ ਆਫੀਸਰਜ਼ ਐਸੋਸੀਏਸ਼ਨ, ਨਿਊ ਯਾਰਕ ਪੁਲਿਸ ਡਿਪਾਰਟਮੈਂਟ, ਕਰੈਕਸ਼ਨ ਡਿਪਾਰਟਮੈਂਟ ਅਤੇ ਸਿੱਖ ਬਾਈਕਰਜ਼ ਆਫ ਅਮਰੀਕਾ ਵੀ ਸ਼ਾਮਲ ਸਨ।

ਨਗਰ ਕੀਰਤਨ ਦੀ ਸਮਾਪਤੀ ਉਪਰੰਤ ਸਜੀ ਪੰਥਕ ਸਟੇਜ ਤੋਂ ਪੰਥਕ ਵਿਚਾਰਾਂ ਹੋਈਆਂ। ਇਸ ਮੌਕੇ ਨਿਊ ਯਾਰਕ ਸਿਟੀ ਦੇ ਸਿਆਸੀ



ਆਗੂਆਂ ਤੇ ਵੱਖ ਵੱਖ ਵਿਭਾਗਾਂ ਦੇ ਪ੍ਰਤੀਨਿਧਾਂ ਨੇ ਸ਼ਮੂਲੀਅਤ ਕੀਤੀ ਅਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਵਿਸਾਖੀ ਦੀ ਵਧਾਈ ਦਿੰਦਿਆਂ ਸਿੱਖ ਭਾਈਚਾਰੇ ਦੇ ਉਸਾਰੂ ਸਹਿਯੋਗ ਲਈ ਧੰਨਵਾਦ ਕੀਤਾ। ਬੁਲਾਰਿਆਂ ਵਿਚ ਨਿਊ ਯਾਰਕ ਪੁਲਿਸ ਕਮਿਸ਼ਨਰ ਜੇਮਜ਼ ਮੀਓ ਨੀਲ, ਹਬੁਕਨ (ਨਿਊ ਜਰਸੀ) ਤੋਂ ਮੇਅਰ ਰਵਿੰਦਰ ਸਿੰਘ ਭੱਲਾ, ਅਟਾਰਨੀ ਜਨਰਲ ਨਿਊ ਜਰਸੀ ਗੁਰਵੀਰ ਸਿੰਘ ਗਰੇਵਾਲ, ਪੁਲਿਸ ਵਿਭਾਗ ਦੀ ਕਮਿਊਨਿਟੀ ਅਫੇਅਰਜ਼ ਦੇ ਚੀਫ ਨਿਲਦਾ ਹਾਫਮੈਨ, ਟੀ. ਐਲ. ਸੀ ਕਮਿਸ਼ਨਰ ਨਿਊ ਯਾਰਕ ਮੀਰਾ ਜੋਸ਼ੀ ਅਤੇ ਬਲਬੀਰ ਸਿੰਘ ਬਰਲਿੰਗਟਨ ਵਿਸ਼ੇਸ਼ ਸਨ।

ਵੱਖ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਵੀ ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕੀਤਾ। ਕਈ ਬੁਲਾਰਿਆਂ ਨੇ ਸਿੱਖ ਪੰਥ ਨੂੰ ਦਰਪੇਸ਼ ਮੁਸ਼ਕਿਲਾਂ ਅਤੇ ਸਿੱਖ ਖੁਦਮੁਖਤਾਰੀ ਦੀ ਵੀ ਗੱਲ ਕੀਤੀ। ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਹਿੰਮਤ ਸਿੰਘ, ਹਰਦੇਵ ਸਿੰਘ ਪੱਡਾ, ਬਖਸ਼ੀਸ਼ ਸਿੰਘ ਮੁਧਲ, ਸਤਨਾਮ ਸਿੰਘ ਵਿਰਕ, ਰਘਵੀਰ ਸਿੰਘ ਬੱਬੀ ਤੇ ਬਖਸ਼ੀਸ਼ ਸਿੰਘ ਸ਼ਾਮਲ ਸਨ। ਇਸ ਤੋਂ ਇਲਾਵਾ ਪੰਥਕ ਜਥੇਬੰਦੀਆਂ-ਸਿੱਖ ਕੌਂਸਲ ਆਫ ਖਾਲਿਸਤਾਨ ਤੋਂ ਡਾ. ਅਮਰਜੀਤ ਸਿੰਘ ਤੇ ਡਾ. ਬਖਸ਼ੀਸ਼ ਸਿੰਘ, ਸਿੱਖ ਕੋਆਰਡੀਨੇਟਰ ਕਮੇਟੀ ਈਸਟ ਕੋਸਟ ਤੋਂ











ਹਰਜਿੰਦਰ ਸਿੰਘ, ਯੂਥ ਆਫ ਅਮਰੀਕਾ ਤੋਂ ਬਲਾਕਾ ਸਿੰਘ ਤੇ ਗੁਰਮੀਤ ਸਿੰਘ ਰਾਣਾ, ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਤੋਂ ਸੁਰਜੀਤ ਸਿੰਘ ਕੁਲਾਰ ਤੇ ਬੂਟਾ ਸਿੰਘ ਖੜੌਦ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਮੌਕੇ ਉਘੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਵੀ ਕੀਤਾ ਗਿਆ। ਮੰਚ ਸੰਚਾਲਨ ਦੀ ਸੇਵਾ ਗੁਰੂ ਘਰ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਤੇ ਕੁਲਦੀਪ ਸਿੰਘ ਵੜੈਚ ਨੇ ਕੀਤੀ।

ਨਗਰ ਕੀਰਤਨ ਦਾ ਸੁਚੱਜਾ ਸੰਚਾਲਨ ਕਰਨ ਲਈ ਸਿੱਖ ਕਲਚਰਲ ਸੁਸਾਇਟੀ ਦੇ ਟਰਸਟੀ ਬੋਰਡ ਦੇ ਚੇਅਰਮੈਨ ਸੁਰਜੀਤ ਸਿੰਘ ਮੁਧਲ, ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੁਲਦੀਪ ਸਿੰਘ ਢਿੱਲੋਂ ਅਤੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਹੋਰ ਜਥੇਬੰਦੀਆਂ ਅਤੇ ਆਪਸ ਵਿਚ ਪੂਰਾ ਸਹਿਯੋਗ ਕੀਤਾ। ਉਨ੍ਹਾਂ ਨਾਰਥ-ਈਸਟ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਤੋਂ ਇਲਾਵਾ ਆਏ ਮਹਿਮਾਨਾਂ ਤੇ ਸੰਗਤਾਂ ਦਾ ਉਚੇਚਾ ਧੰਨਵਾਦ ਕੀਤਾ ਜਿਨ੍ਹਾਂ ਨੇ ਨਗਰ ਕੀਰਤਨ ਲਈ ਪੂਰਾ ਸਹਿਯੋਗ ਦਿਤਾ।

ਪ੍ਰਬੰਧਕਾਂ ਅਨੁਸਾਰ ਨਗਰ ਕੀਰਤਨ ਦੀ ਕਵਰੇਜ ਲਈ ਦੂਰੋਂ-ਨੇੜਿਓਂ ਵੱਖ ਵੱਖ ਟੀ. ਵੀ. ਚੈਨਲਾਂ ਤੇ ਅਖਬਾਰਾਂ ਵਾਲੇ ਪਹੁੰਚੇ ਹੋਏ ਸਨ। ਤਸਵੀਰਾਂ ਬੀ. ਜੇ. ਸਟੂਡੀਓ ਦੇ ਬਲਦੇਵ ਸਿੰਘ ਨੇ ਖਿੱਚੀਆਂ।



# ਮਿਆਣੀ ਵੈਲਫੇਅਰ ਸੁਸਾਇਟੀ ਦਾ ਵਿਸਥਾਰ

**ਨਿਊ ਯਾਰਕ (ਬਿਊਰੋ):** ਮਿਆਣੀ ਵੈਲਫੇਅਰ ਸੁਸਾਇਟੀ ਦਾ ਵਿਸਥਾਰ ਲਿਬਰਟੀ ਪੈਲੇਸ ਰਿਚਮੰਡ ਹਿਲ ਵਿਖੇ ਹੋਇਆ, ਜਿਸ ਵਿਚ ਸਾਰੇ ਹੀ ਮਿਆਣੀ ਅਤੇ ਹੋਰ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ। ਇਸ ਮੌਕੇ ਰਾਤਰੀ ਦੇ ਭੋਜਨ ਦਾ ਪ੍ਰਬੰਧ ਵੀ ਕੀਤਾ ਗਿਆ ਅਤੇ ਮਿਲ ਬੈਠੇ ਸੱਜਣਾਂ ਦੀ ਯਾਦਗਾਰੀ ਤਸਵੀਰ ਵੀ ਲਈ ਗਈ।



ਜਾਰੀ ਕੀਤੇ ਬਿਆਨ ਵਿਚ ਪ੍ਰਿਥਪਾਲ ਸਿੰਘ, ਬਲਬੀਰ ਸਿੰਘ ਬੀਰ ਅਤੇ ਬਲਵਿੰਦਰ ਸਿੰਘ ਬਿੱਟੂ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਪ੍ਰਿਥਪਾਲ ਸਿੰਘ ਬਾਵਾ, ਜਸਪਾਲ ਸਿੰਘ ਬਾਵਾ, ਸੁਰਜੀਤ ਸਿੰਘ ਸੀਤਾ, ਪਰਮਜੀਤ ਸਿੰਘ ਪੰਮਾ, ਸੂਰਤ ਸਿੰਘ ਨਿਊ ਜਰਸੀ, ਸੁਰਿੰਦਰ ਸਿੰਘ ਲੰਬੜ, ਬਲਵਿੰਦਰ ਸਿੰਘ ਬਿੱਟੂ, ਰਵੇਲ ਸਿੰਘ ਮਿਆਣੀ, ਬਲਬੀਰ ਸਿੰਘ ਬੀਰ, ਕਮਲੇਸ਼ ਸਿੰਘ ਮਿਆਣੀ, ਸੁਖਵਿੰਦਰ ਸਿੰਘ ਬੱਬੂ, ਲਖਵਿੰਦਰ ਸਿੰਘ ਲੱਖੀ, ਸੁਖਵਿੰਦਰ ਸਿੰਘ ਮੈਨੇਜਰ, ਜਸਵੰਤ ਸਿੰਘ ਸ਼ੀਸਾ, ਬਾਵਾ ਰਾਜਿੰਦਰ ਸਿੰਘ ਲਾਲੀ, ਮਾਸਟਰ ਮਨਮੋਹਣ ਸਿੰਘ, ਕਸ਼ਮੀਰ ਸਿੰਘ ਘੋਤੜਾ, ਸੁਰਿੰਦਰ ਸਿੰਘ ਬਿੱਲ, ਚਰਨ ਸਿੰਘ ਚੰਨ, ਨਿਹਾਲ ਸਿੰਘ, ਸਤਵਿੰਦਰ ਸਿੰਘ ਸੱਤਾ, ਹਰਬੰਸ ਸਿੰਘ ਘੋਤੜਾ, ਗੁਰਦੀਪ ਸਿੰਘ ਰਨਾ, ਜਤਿੰਦਰ ਸਿੰਘ ਸੋਨੂੰ, ਜਗਦੀਸ਼ ਸਿੰਘ ਮਿਆਣੀ, ਸੁਜਾਨ ਸਿੰਘ ਸ਼ਾਹ, ਜਸਵਿੰਦਰ ਸਿੰਘ ਟੱਲਾ, ਗੁਰਮੀਤ ਸਿੰਘ ਇੰਸਪੈਕਟਰ, ਕੁਲਦੀਪ ਸਿੰਘ ਘੋਸਲਾ, ਹਰਜਿੰਦਰ ਸਿੰਘ ਭੰਵਰਾ, ਬਲਦੇਵ ਸਿੰਘ ਮਿਆਣੀ, ਸੁਰਿੰਦਰ ਘੋਸਲਾ ਮਿਆਣੀ ਨੇ ਹਾਜ਼ਰੀ ਲਵਾਈ।

# 1971 ਦੀ ਜੰਗ ਲੜਨ ਵਾਲੇ ਕਰਨਲ ਮਹਿੰਦਰ ਸਿੰਘ ਸੋਹੀ ਨਹੀਂ ਰਹੇ

**ਵਾਸ਼ਿੰਗਟਨ, ਡੀ.ਸੀ. (ਬਿਊਰੋ):** ਪਾਕਿਸਤਾਨ ਨਾਲ 1971 ਦੀ ਜੰਗ ਵਿਚ ਵੈਸਟਰਨ ਕਮਾਂਡ ਦੀ ਅਗਵਾਈ ਕਰਨ ਵਾਲੇ ਕਰਨਲ ਮਹਿੰਦਰ ਸਿੰਘ ਸੋਹੀ 25 ਅਪਰੈਲ 2018 ਨੂੰ ਸਦੀਵੀ ਵਿਛੋੜਾ ਦੇ ਗਏ। ਕਰਨਲ ਸੋਹੀ ਦਾ ਜਨਮ ਪਹਿਲੀ ਸਤੰਬਰ 1932 ਵਿਚ ਪਿੰਡ ਧਨੌਰੀ, ਜ਼ਿਲਾ ਰੋਪੜ ਵਿਖੇ ਇਕ ਅਗਾਂਹਵਧੂ ਕਿਸਾਨ ਪਰਿਵਾਰ 'ਚ ਹੋਇਆ। ਉਨ੍ਹਾਂ ਨੇ ਖਾਲਸਾ ਹਾਈ ਸਕੂਲ, ਕੁਰਾਲੀ ਤੋਂ 770 ਨੰਬਰ ਲੈ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ।

ਕਰਨਲ ਸੋਹੀ ਨੇ ਅਜੇ ਲੁਧਿਆਣੇ ਖੇਤੀਬਾੜੀ ਕਾਲਜ ਵਿਚ ਦਾਖਲਾ ਲਿਆ ਹੀ ਸੀ ਕੇ ਭਾਰਤੀ ਫੌਜ ਵਲੋਂ ਨੌਕਰੀ ਦਾ ਸੱਦਾ ਆ ਗਿਆ। ਉਨ੍ਹਾਂ ਦੀ ਲਿਆਕਤ ਨੂੰ ਦੇਖਦਿਆਂ ਅਫਸਰਾਂ ਨੇ ਅੱਗੇ ਪੜ੍ਹਾਈ ਕਰਨ ਲਈ ਭੇਜ ਦਿਤਾ। ਸੰਨ 1959 ਤਕ ਇੰਡੀਅਨ ਮਿਲੀਟਰੀ ਅਕੈਡਮੀ ਦੇਹਰਾਦੂਨ ਤੋਂ ਪੜ੍ਹਾਈ ਪੂਰੀ ਕੀਤੀ। 8 ਅਪਰੈਲ 1962 ਨੂੰ ਉਨ੍ਹਾਂ ਦਾ ਵਿਆਹ ਪਿੰਡ ਜਗਦੇਵ ਖੁਰਦ, ਜਿਲ੍ਹਾ ਅੰਮ੍ਰਿਤਸਰ ਦੇ ਸ. ਇਕਬਾਲ ਸਿੰਘ ਗਿੱਲ ਦੀ ਸਪੁਤਰੀ ਗੁਰਬਰਿੰਦਰ ਕੌਰ ਨਾਲ ਹੋਇਆ।

ਪਾਕਿਸਤਾਨ ਨਾਲ 1971 ਦੀ ਲੜਾਈ ਵਿਚ ਕਰਨਲ ਸੋਹੀ ਨੂੰ ਵੈਸਟਰਨ ਕਮਾਂਡ ਦੀ ਅਗਵਾਈ ਦੀ ਜਿੰਮੇਵਾਰੀ ਦਿੱਤੀ ਗਈ ਜੋ ਉਨ੍ਹਾਂ ਨੇ ਜਲੰਧਰ ਨੇੜੇ ਸੁਰਾਨਸੀ ਤੋਂ ਦੁਸ਼ਮਣਾਂ ਨੂੰ ਲੋਹਾ ਮਨਵਾ ਕੇ ਪੂਰੀ ਕੀਤੀ। ਸ. ਸੋਹੀ 1984 ਵਿਚ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋਏ। ਇਸ ਤੋਂ ਬਾਅਦ ਉਹ ਵਾਸ਼ਿੰਗਟਨ, ਡੀ.ਸੀ. ਆ ਵਸੇ। ਉਨ੍ਹਾਂ ਦੀ ਧਰਮ ਪਤਨੀ ਗੁਰਬਰਿੰਦਰ ਕੌਰ ਸੋਹੀ ਨੂੰ ਆਪਣੇ ਵੀਰ ਡਾ. ਗੁਰਮੁਖ ਸਿੰਘ ਗਿਲ ਕੋਲ ਰਹਿਣ ਦਾ ਮੌਕਾ ਮਿਲਿਆ। ਦੋ ਸਾਲ ਪਹਿਲਾਂ 23 ਅਪਰੈਲ 2016 ਨੂੰ ਉਨ੍ਹਾਂ ਦੀ ਧਰਮ ਪਤਨੀ ਅਚਾਨਕ ਸਾਥ ਛੱਡ ਗਏ। ਜੀਵਨ ਸਾਥੀ ਦਾ ਵਿਛੋੜਾ ਕਰਨਲ ਸੋਹੀ 'ਤੇ ਭਾਰੂ ਹੋਣ ਲੱਗ ਪਿਆ ਅਤੇ



ਉਹ ਬੀਮਾਰ ਰਹਿਣ ਲੱਗ ਪਏ।

ਕਰਨਲ ਸੋਹੀ ਦਾ ਅੰਤਿਮ ਸੰਸਕਾਰ 6 ਮਈ ਨੂੰ 1 ਤੋਂ 3 ਵਜੇ ਤੱਕ ਫੇਅਰਫੈਕਸ ਮੈਮੋਰੀਅਲ ਫਿਊਨਰਲ ਹੋਮ (9902 ਬਰੈਡਡੌਕ ਰੋਡ, ਫੇਅਰਫੈਕਸ, ਵਰਜੀਨੀਆ 22032) ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਰਾਜ ਖਾਲਸਾ (22821 ਸਿਲਵਰ ਬਰੁਕ ਸੈਂਟਰ ਡਰਾਈਵ, ਸਟਰਲਿੰਗ, ਵਰਜੀਨੀਆ 20166) ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ: 703-314-3955 ਜਾਂ 703-314- 3632 ਰਾਹੀਂ ਕੀਤਾ ਜਾ ਸਕਦਾ ਹੈ।

## ਕਾਰਗਿਲ ਜੰਗ ਦੌਰਾਨ ਖਰੀਦੇ ਹਥਿਆਰਾਂ ਬਾਰੇ ਰਿਪੋਰਟ ਮੰਗੀ

**ਨਵੀਂ ਦਿੱਲੀ:** ਲੋਕ ਲੇਖਾ ਕਮੇਟੀ (ਪੀ.ਏ.ਸੀ.) ਦੀ ਉਪ ਕਮੇਟੀ ਨੇ ਰੱਖਿਆ ਮੰਤਰਾਲੇ ਨੂੰ ਕਾਰਗਿਲ ਜੰਗ ਦੌਰਾਨ ਖਰੀਦੇ ਗਏ ਹਥਿਆਰਾਂ ਬਾਰੇ ਕੇਂਦਰੀ ਵਿਜੀਲੈਂਸ ਕਮਿਸ਼ਨ ਵੱਲੋਂ ਦਿੱਤੀ ਗਈ ਗੁਪਤ ਰਿਪੋਰਟ ਪੇਸ਼ ਕਰਨ ਲਈ ਕਿਹਾ ਹੈ। ਪੀ.ਏ.ਸੀ. ਨੇ ਕਿਹਾ ਹੈ ਕਿ ਜਵਾਬਦੇਹੀ ਖਾਤਰ ਰਿਪੋਰਟ ਦੇ ਵੇਰਵੇ ਤੇ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਜਾਵੇ।

## Matrimonials

### ਵਰ ਦੀ ਲੋੜ ਹੈ

Looking for a suitable match for US citizen Punjabi Khatri girl, 31 years, 5' 2", well settled, divorced. The boy must be willing to stay in/near Cleveland, Ohio. Contact: Nsaw2018@gmail.com 14-17

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 16-19

### ਜੀਵਨ ਸਾਥਣ ਦੀ ਲੋੜ

Wanted suitable educated US citizen/green card holder Punjabi Sikh woman 30-38 yrs , for Jatt Sikh Gill clean shaven Divorced man 39 yrs, 5'-7" US citizen, belongs to educated family from Punjab. Email: Sukhkaran1978@outlook.com 14-17

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 17-20

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-830-1877 (USA) or email: Er.pawandeep23@gmail.com, Pannupetroleum@gmail.com 16-19

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4

# ਸਿੱਖ ਕਤਲੇਆਮ: ਫੌਜੀਆਂ ਦੀਆਂ ਵਿਧਵਾਵਾਂ ਨੂੰ 34 ਸਾਲ ਪਿੱਛੋਂ ਨਿਆਂ

**ਚੰਡੀਗੜ੍ਹ:** 1984 ਵਿਚ ਦਿੱਲੀ ਵਿਚ ਸਿੱਖ ਕਤਲੇਆਮ ਦੌਰਾਨ ਇਕ ਮੇਜਰ ਤੇ ਜਵਾਨ ਦੇ ਮਾਰੇ ਜਾਣ ਤੋਂ 34 ਸਾਲਾਂ ਮਗਰੋਂ ਹਥਿਆਰਬੰਦ ਬਲਾਂ ਬਾਰੇ ਟ੍ਰਿਬਿਊਨਲ (ਏ.ਐਫ.ਟੀ.) ਦੇ ਚੰਡੀਗੜ੍ਹ ਬੈਂਚ ਨੇ ਆਪਣੇ ਇਕ ਫੈਸਲੇ ਵਿਚ ਉਪਰੋਕਤ ਫੌਜੀ ਜਵਾਨਾਂ ਦੀਆਂ ਵਿਧਵਾਵਾਂ ਨੂੰ ਉਚ ਪੈਨਸ਼ਨ ਲਾਭ ਲੈਣ ਦੇ ਯੋਗ ਦੱਸਿਆ ਹੈ। ਅਦਾਲਤ ਨੇ ਹਾਲ ਹੀ ਵਿਚ ਦੋ ਕੇਸਾਂ ਦਾ ਨਿਬੇੜਾ ਕਰਦਿਆਂ ਕਿਹਾ ਕਿ ਵਿਧਵਾਵਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ ਸਾਧਾਰਨ ਜਾਂ ਵਿਸ਼ੇਸ਼ ਪਰਿਵਾਰਕ ਪੈਨਸ਼ਨ ਦੀ ਥਾਂ 'ਉਦਾਰ ਪਰਿਵਾਰਕ ਪੈਨਸ਼ਨ' ਦਿੱਤੀ ਜਾਵੇ। ਯਾਦ ਰਹੇ ਕਿ ਲਿਬਰਲਾਈਜ਼ਡ (ਉਦਾਰ) ਪਰਿਵਾਰਕ ਪੈਨਸ਼ਨ ਕਿਸੇ ਫੌਜੀ ਵੱਲੋਂ ਲਈ ਜਾਂਦੀ ਆਖਰੀ ਅਦਾਇਗੀ ਦਾ ਸੌ ਫੀਸਦੀ ਹੁੰਦੀ ਹੈ ਜਦੋਂਕਿ ਪਰਿਵਾਰਕ ਪੈਨਸ਼ਨ ਆਖਰੀ ਤਨਖਾਹ ਦਾ 30 ਫੀਸਦੀ ਹੁੰਦੀ ਹੈ।

ਹਰਭਜਨ ਕੌਰ ਦੇ ਪਤੀ ਮੇਜਰ ਐਸ.ਐਸ.ਤੂੜ ਦੀ ਦਿੱਲੀ ਵਿਚ ਭੀੜ ਨੇ ਉਦੋਂ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਤਬਾਦਲਾ ਛੁੱਟੀ 'ਤੇ ਸੀ। ਫੌਜੀ ਸਦਰ ਮੁਕਾਮ ਨੇ ਦਿੱਲੀ 'ਚ ਹਿੰਸਾ ਭੜਕਣ ਦੇ ਖਦਸ਼ਿਆਂ ਦੇ ਚਲਦਿਆਂ ਉਸ ਦੀ ਡਿਊਟੀ ਮੁੜ ਜੁਆਇਨ ਕਰਨ ਦੇ ਅਮਲ ਨੂੰ ਅੱਗੇ ਪਾ ਦਿੱਤਾ ਸੀ, ਪਰ ਮੇਜਰ ਦਿੱਲੀ ਵਿਚ ਹੋਰਨਾਂ ਨਾਗਰਿਕਾਂ ਨੂੰ ਦੰਗਾਈਆਂ ਦੀ ਭੀੜ ਤੋਂ ਬਚਾਉਂਦਿਆਂ ਫੌਤ ਹੋ ਗਿਆ ਸੀ। ਦੂਜੇ ਕੇਸ ਵਿਚ ਗੁਰਮੇਲ ਕੌਰ ਦੇ ਪਤੀ ਨੂੰ ਹਿੰਸਾ ਉਤੇ ਉਤਾਰੂ ਭੀੜ ਨੇ ਉਦੋਂ ਮਾਰ ਮੁਕਾਇਆ ਜਦੋਂ ਉਹ ਰੇਲ ਗੱਡੀ ਵਿਚ ਸਫਰ ਕਰ ਰਿਹਾ ਸੀ। ਪੰਜਵੇਂ ਤਨਖਾਹ ਕਮਿਸ਼ਨ ਨੇ ਭੀੜ ਵੱਲੋਂ ਕੀਤੀ ਹਿੰਸਾ ਦੌਰਾਨ ਫੌਤ ਹੋਣ ਵਾਲੇ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੀਆਂ ਵਿਧਵਾਵਾਂ ਨੂੰ ਲਿਬਰਲਾਈਜ਼ਡ ਪੈਨਸ਼ਨ ਦੇਣ ਦੀ ਸਿਫਾਰਸ਼ ਕੀਤੀ ਹੈ।

## ਜੀ.ਐਸ.ਟੀ. ਨੇ ਮਾਲੋ ਮਾਲ ਕੀਤੀ ਮੋਦੀ ਸਰਕਾਰ

**ਨਵੀਂ ਦਿੱਲੀ:** ਨਰੇਂਦਰ ਮੋਦੀ ਸਰਕਾਰ ਨੇ ਮਾਰਚ 2018 ਤੱਕ 7.41 ਲੱਖ ਕਰੋੜ ਰੁਪਏ ਜੀ.ਐਸ.ਟੀ. ਵਜੋਂ ਇਕੱਤਰ ਕੀਤੇ ਹਨ। ਇਹ ਜੀ.ਐਸ.ਟੀ. 8 ਮਹੀਨਿਆਂ ਦਾ ਬਣਦਾ ਹੈ ਕਿਉਂਕਿ ਜੀ.ਐਸ.ਟੀ. ਨੂੰ ਪਿਛਲੇ ਸਾਲ ਜੁਲਾਈ ਵਿਚ ਲਾਗੂ ਕੀਤਾ ਗਿਆ ਸੀ।

## ਦਿੱਲੀ ਤੋਂ ਆਦਮਪੁਰ ਹਵਾਈ ਸੇਵਾ ਸ਼ੁਰੂ

**ਆਦਮਪੁਰ ਦੋਆਬਾ:** ਦਿੱਲੀ-ਆਦਮਪੁਰ ਹਵਾਈ ਸੇਵਾ ਸ਼ੁਰੂ ਹੋ ਗਈ ਹੈ। ਦਿੱਲੀ ਤੋਂ ਆਦਮਪੁਰ ਪੁੱਜੀ ਪਲੇਠੀ ਹਵਾਈ ਉਡਾਣ ਦੇ ਯਾਤਰੀਆਂ ਦਾ ਸਨਅਤ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਪੰਜਾਬ ਸਰਕਾਰ ਵੱਲੋਂ ਸਵਾਗਤ ਕੀਤਾ।

ਇਸ ਦੌਰਾਨ ਸਪਾਈਸ ਜੈੱਟ ਦੀ ਉਡਾਣ ਦੇ ਆਦਮਪੁਰ ਪਹੁੰਚਦਿਆਂ ਹੀ ਜਿਥੇ ਖੁਸ਼ੀ ਦਾ ਆਲਮ ਸੀ, ਉਥੇ ਇਕ ਮਹਿਲਾ ਯਾਤਰੀ ਨੂੰ ਦਿੱਕਤਾਂ ਦਾ ਸਾਹਮਣਾ ਵੀ ਕਰਨਾ ਪਿਆ। ਇੰਦਰਜੀਤ ਕੌਰ ਵਾਸੀ ਹੁਸ਼ਿਆਰਪੁਰ ਜੋ ਨਿਊਜ਼ੀਲੈਂਡ ਤੋਂ ਦਿੱਲੀ ਪੁੱਜਣ ਮਗਰੋਂ ਆਦਮਪੁਰ ਪੁੱਜੇ ਸਨ, ਨੇ ਦੋਸ਼ ਲਾਇਆ ਕਿ ਸਪਾਈਸ ਜੈੱਟ ਵੱਲੋਂ ਉਨ੍ਹਾਂ ਕੋਲੋਂ ਸਾਮਾਨ ਦੇ ਪੈਸੇ ਲਏ ਗਏ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਤੋਂ ਸਵਾਲ ਕੀਤੇ ਗਏ ਕਿ ਉਨ੍ਹਾਂ ਟਿਕਟ ਕਿਥੋਂ ਕਾਰਵਾਈ, ਪੇਮੈਂਟ ਕਿਵੇਂ ਕੀਤੀ ਤੇ ਅਖੀਰ ਉਨ੍ਹਾਂ ਆਪਣੇ ਪੁੱਤ ਦੇ ਕਰੈਡਿਟ ਕਾਰਡ ਦੀ ਫੋਟੋ ਮੰਗਵਾ ਕੇ ਦਿਖਾਈ ਤੇ ਬਾਅਦ ਵਿਚ ਉਨ੍ਹਾਂ ਦੇ ਸਾਮਾਨ ਦੇ 6000 ਰੁਪਏ ਮੰਗੇ, ਜੋ ਉਨ੍ਹਾਂ ਨੂੰ ਦੇਣੇ ਪਏ।

*To Advertise with Punjab Times*
***Call: 847-359-0746***

ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
8-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email:
Homeomedicine@yahoo.com

# ਜੋਧਪੁਰ ਜੇਲ੍ਹ ਵਿਚ ਰਹੇਗਾ ਆਸਾ ਰਾਮ ਦਾ ਤਾਉਮਰ 'ਵਾਸ'

**ਜੋਧਪੁਰ:** ਆਸਾ ਰਾਮ ਦਾ ਨਾਂ ਵੀ ਬਲਾਤਕਾਰੀ ਬਾਬਿਆਂ ਦੀ ਸੂਚੀ ਵਿਚ ਸ਼ੁਮਾਰ ਹੋ ਗਿਆ ਹੈ। ਕੇਂਦਰੀ ਜੇਲ੍ਹ ਜੋਧਪੁਰ ਵਿਚ ਕਾਇਮ ਵਿਸ਼ੇਸ਼ ਅਦਾਲਤ ਨੇ ਅਖੌਤੀ ਸਾਧ ਆਸਾ ਰਾਮ ਨੂੰ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ ਵਿਚ ਤਾਉਮਰ ਕੈਦ ਦੀ ਸਜ਼ਾ ਸੁਣਾਈ ਹੈ।



ਆਸਾ ਰਾਮ ਨੂੰ ਪੰਜ ਸਾਲ ਪਹਿਲਾਂ ਆਪਣੇ ਆਸ਼ਰਮ ਵਿਚ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਮਾਮਲੇ ਦੇ ਦੋ ਹੋਰ ਦੋਸ਼ੀਆਂ ਸ਼ਰਦ ਤੇ ਸ਼ਿਲਪੀ ਨੂੰ ਵੀਹ ਵੀਹ ਸਾਲ ਦੀ ਸਜ਼ਾ ਦਿੱਤੀ ਗਈ ਹੈ ਅਤੇ ਦੋ ਮੁਲਜ਼ਮਾਂ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਆਸਾ ਰਾਮ ਵਿਰੁੱਧ ਕੇਸ ਦਾ ਫੈਸਲਾ ਆਉਣ ਤੋਂ ਪਹਿਲਾਂ ਗ੍ਰਹਿ ਵਿਭਾਗ ਨੇ ਰਾਜਸਥਾਨ, ਗੁਜਰਾਤ ਅਤੇ ਹਰਿਆਣਾ ਵਿਚ ਸਖਤ ਸੁਰੱਖਿਆ ਪ੍ਰਬੰਧ ਕੀਤੇ ਸਨ।

ਵਿਸ਼ੇਸ਼ ਜੱਜ ਮਧੁਸੂਦਨ ਸ਼ਰਮਾ ਦਾ ਆਸਾ ਰਾਮ (77) ਵਿਰੁੱਧ ਬਲਾਤਕਾਰ ਦੇ ਦੋਸ਼ ਵਿਚ ਫੈਸਲਾ ਉਦੋਂ ਆਇਆ ਜਦੋਂ ਦੇਸ਼ ਵਿਚ ਬਲਾਤਕਾਰ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ ਦੀ ਮੰਗ ਜ਼ੋਰ ਫੜ ਚੁੱਕੀ ਹੈ। ਮਾਮਲੇ ਦੀ ਨਜ਼ਾਕਤ ਨੂੰ ਦੇਖਦਿਆਂ ਜੋਧਪੁਰ ਜੇਲ੍ਹ ਵਿਚ ਵਿਸ਼ੇਸ਼ ਅਦਾਲਤ ਕਾਇਮ ਕੀਤੀ ਗਈ ਸੀ। ਆਸਾ ਰਾਮ ਕੁਦਰਤੀ ਮੌਤ ਤੱਕ ਜੇਲ੍ਹ ਵਿਚ ਹੀ ਰਹੇਗਾ। ਸਰਕਾਰੀ ਧਿਰ ਨੇ ਆਸਾ ਰਾਮ ਲਈ ਵੱਧ ਤੋਂ ਵੱਧ ਸਜ਼ਾ ਦੀ ਮੰਗ ਕੀਤੀ ਸੀ। ਅਦਾਲਤ ਵਿਚ ਇਸ ਕੇਸ ਉਤੇ ਅੰਤਿਮ ਬਹਿਸ ਸੱਤ ਅਪਰੈਲ ਨੂੰ ਮੁਕੰਮਲ ਹੋ ਗਈ ਸੀ ਅਤੇ ਅਦਾਲਤ ਨੇ 25 ਅਪਰੈਲ ਲਈ ਫੈਸਲਾ ਰਾਖਵਾਂ ਰੱਖ ਲਿਆ ਸੀ।

ਆਸਾ ਰਾਮ ਜਿਸ ਨੇ ਸਾਬਰਮਤੀ ਦਰਿਆ ਦੇ ਕੰਢਿਉਂ ਇਕ ਦੁਕਾਨ ਤੋਂ ਸ਼ੁਰੂਆਤ ਕੀਤੀ, ਨੇ ਦੇਸ਼ ਭਰ ਵਿਚ ਚਾਰ ਸੌ ਆਸ਼ਰਮ ਬਣਾ ਕੇ ਚਾਰ ਦਹਾਕਿਆਂ ਵਿਚ ਆਪਣੀ 10000 ਕਰੋੜ ਤੱਕ ਦੀ ਸਲਤਨਤ ਖੜ੍ਹੀ ਕਰ ਲਈ। ਆਸਾ ਰਾਮ ਅਤੇ ਹੋਰਨਾਂ ਵਿਰੁੱਧ ਪੁਲਿਸ ਨੇ 6 ਨਵੰਬਰ 2013 ਨੂੰ ਪੋਸਕੋ ਐਕਟ ਤਹਿਤ ਵੱਖ-ਵੱਖ ਧਰਾਵਾਂ ਤਹਿਤ ਅਤੇ ਨਾਬਾਲਗਾਂ ਨੂੰ ਨਿਆਂ ਕਾਨੂੰਨ ਅਤੇ ਭਾਰਤੀ ਦੰਡਾਵਲੀ ਤਹਿਤ ਕੇਸ ਦਰਜ ਕੀਤਾ ਸੀ। ਉਤਰ ਪ੍ਰਦੇਸ਼ ਦੇ ਸ਼ਾਹਜਹਾਨਪੁਰ ਸ਼ਹਿਰ ਦੀ ਲੜਕੀ ਆਸਾ ਰਾਮ ਦੇ ਛਿੰਦਵਾੜਾ (ਮੱਧ ਪ੍ਰਦੇਸ਼) ਸਥਿਤ ਵਿਚ ਪੜ੍ਹਦੀ ਸੀ ਅਤੇ ਪਰਿਵਾਰ ਬਾਬੇ ਦਾ ਸ਼ਰਧਾਲੂ ਸੀ।

ਲੜਕੀ ਵੱਲੋਂ ਕੀਤੀ ਸ਼ਿਕਾਇਤ ਅਨੁਸਾਰ ਆਸਾ ਰਾਮ ਨੇ ਉਸ ਨੂੰ ਜੋਧਪੁਰ ਨੇੜੇ ਮਨਾਈ ਇਲਾਕੇ ਵਿਚ ਸਥਿਤ ਆਸ਼ਰਮ ਵਿਚ ਬੁਲਾਇਆ ਅਤੇ 15 ਅਗਸਤ 2013 ਦੀ ਰਾਤ ਨੂੰ ਉਸ ਦੇ ਨਾਲ ਬਲਾਤਕਾਰ ਕੀਤਾ। ਆਸਾ ਰਾਮ ਨੂੰ ਇੰਦੌਰ ਤੋਂ ਗ੍ਰਿਫਤਾਰ ਕਰ ਕੇ ਜੋਧਪੁਰ ਲਿਆਂਦਾ ਸੀ। ਉਹ 2 ਸਤੰਬਰ 2013 ਤੋਂ ਅਦਾਲਤੀ ਹਿਰਾਸਤ ਵਿਚ ਹੈ। ਉਸ ਵਿਰੁੱਧ ਸੂਰਤ ਵਿਚ ਇਕ ਹੋਰ ਬਲਾਤਕਾਰ ਦਾ ਕੇਸ ਸੁਣਵਾਈ ਅਧੀਨ ਹੈ। ਆਸਾ ਰਾਮ ਨੇ ਆਪਣੀ ਜ਼ਮਾਨਤ ਲਈ ਛੇ ਅਰਜ਼ੀਆਂ ਮੁਕੱਦਮੇ ਦੀ ਸੁਣਵਾਈ ਕਰਨ ਵਾਲੀ ਅਦਾਲਤ ਵਿਚ ਦਿੱਤੀਆਂ। ਤਿੰਨ ਅਰਜ਼ੀਆਂ ਹਾਈ ਕੋਰਟ ਵਿਚ ਤੇ ਤਿੰਨ ਅਰਜ਼ੀਆਂ ਸੁਪਰੀਮ ਕੋਰਟ ਵਿਚ ਦਿੱਤੀਆਂ ਅਤੇ ਇਹ ਸਾਰੀਆਂ ਹੀ ਰੱਦ ਹੋ ਗਈਆਂ।

ਦੱਸ ਦਈਏ ਕਿ ਆਸਾ ਰਾਮ ਦਾ ਮਾਯਾਵੀ ਸਾਮਰਾਜ 10 ਹਜ਼ਾਰ ਕਰੋੜ ਰੁਪਏ ਦਾ ਸੀ। ਸਿਆਸਤਦਾਨ, ਉਚ ਅਫਸਰ, ਫੌਜੀ ਅਧਿਕਾਰੀ ਤੇ ਨਾਮਵਰ ਸਨਅਤਕਾਰ ਉਸ ਦੀ ਹਜ਼ੂਰੀ ਵਿਚ ਬੈਠਣ ਲਈ ਮਾਣ ਮਹਿਸੂਸ ਕਰਦੇ ਸਨ। ਹੁਣ ਉਹ ਇਕ ਨਾਬਾਲਗ ਬੱਚੀ ਨਾਲ ਕੁਕਰਮ ਦਾ ਗੁਨਾਹਗਾਰ ਹੈ। ਜੋਧਪੁਰ ਜ਼ਿਲ੍ਹਾ ਅਦਾਲਤ ਵੱਲੋਂ ਆਸਾ ਰਾਮ ਬਾਪੂ ਨੂੰ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਅਜਿਹੀ ਹੀ ਹੋਣੀ ਇਕ ਹੋਰ ਬਾਬੇ ਨਾਲ ਵਾਪਰ ਚੁੱਕੀ ਹੈ। ਗੁਰਮੀਤ ਰਾਮ ਰਹੀਮ ਨੂੰ ਉਸ ਦੇ ਮੁਰੀਦ ਭਾਵੇਂ ਕੁਝ ਵੀ ਮੰਨਣ, ਕਾਨੂੰਨ ਦੀ ਅਦਾਲਤ ਦੀਆਂ ਨਜ਼ਰਾਂ ਵਿਚ ਉਹ ਬਲਾਤਕਾਰੀ ਬਾਬਾ ਹੀ ਸੀ ਜਿਸ ਨੂੰ ਜੇਲ੍ਹ ਭੇਜਣ ਵਿਚ ਅਦਾਲਤ ਨੇ ਕੋਈ ਝਿਜਕ ਨਹੀਂ ਦਿਖਾਈ। ਆਸਾ ਰਾਮ ਨੂੰ ਬੇਪਰਦ ਕਰਨ ਤੇ ਸਜ਼ਾ ਦਿਵਾਉਣ ਲਈ 16 ਵਰ੍ਹਿਆਂ ਦੀ ਬੱਚੀ ਨੇ ਅਹਿਮ ਭੂਮਿਕਾ ਨਿਭਾਈ। ਜਿਸ ਨੇ ਮੁਕੱਦਮੇ ਦੌਰਾਨ 9 ਵਿਚੋਂ ਤਿੰਨ ਗਵਾਹਾਂ ਦੇ ਕਤਲ ਦੇਖੇ, ਰਾਜਨੇਤਾਵਾਂ ਤੇ ਅਖੌਤੀ ਸਮਾਜ ਸੇਵੀਆਂ ਦੇ ਦਬਾਅ ਝੱਲੇ ਅਤੇ ਅਕਹਿ ਤੇ ਅਸਹਿ ਜ਼ਿਹਨੀ ਤੇ ਜਿਸਮਾਨੀ ਦੁੱਖ ਬਰਦਾਸ਼ਤ ਕੀਤੇ, ਪਰ ਆਪਣੇ ਬਿਆਨਾਂ ਉਤੇ ਅੜਿੱਗ ਰਹੀ।

## ਆਸੂਮੱਲ ਤੋਂ ਆਸਾ ਰਾਮ ਬਾਪੂ ਬਣਨ ਦੀ ਕਹਾਣੀ...

**ਅਹਿਮਦਾਬਾਦ:** ਆਸਾ ਰਾਮ ਦੇ ਬਲਾਤਕਾਰ ਕੇਸ ਵਿਚ ਫਸਣ ਤੋਂ ਪਹਿਲਾਂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾਲੂ ਸਨ ਅਤੇ ਅਜੇ ਵੀ ਉਸ ਦੇ ਸ਼ਰਧਾਲੂ ਉਸ ਨੂੰ ਬੇਕਸੂਰ ਮੰਨਦੇ ਹਨ। ਬਲਾਤਕਾਰ ਦਾ ਕੇਸ ਦਰਜ ਹੋਣ ਬਾਅਦ ਉਸ ਦੇ ਵਿਰੁੱਧ ਜ਼ਮੀਨਾਂ ਹਥਿਆਉਣ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਮਾਮਲੇ ਸਾਹਮਣੇ ਆਏ। ਆਸਾ ਰਾਮ ਦੀ ਅਧਿਕਾਰਤ ਵੈਬਸਾਈਟ ਅਨੁਸਾਰ ਉਸ ਦਾ ਜਨਮ ਸੂਬਾ ਸਿੰਧ (ਪਾਕਿਸਤਾਨ) ਦੇ ਬੇਰਾਨੀ ਪਿੰਡ ਵਿਚ ਆਸੂਮੱਲ ਸਿਰੂਮਲਾਨੀ ਵਜੋਂ ਹੋਇਆ।


1947 ਵਿਚ ਪਰਿਵਾਰ ਅਹਿਮਦਾਬਾਦ ਆ ਗਿਆ। ਉਸ ਦੇ ਮਾਪੇ ਉਸ ਨੂੰ ਸਿਰਫ ਚੌਥੀ ਜਮਾਤ ਤੱਕ ਪੜ੍ਹਾਅ ਸਕੇ। ਆਸੂਮੱਲ ਉਦੋਂ ਦਸ ਸਾਲ ਦਾ ਸੀ ਜਦੋਂ ਉਸ ਦੇ ਪਿਤਾ ਥਾਊਮੱਲ ਦੀ ਮੌਤ ਹੋ ਗਈ। ਦਸਤਾਵੇਜ਼ੀ ਫਿਲਮ ਅਨੁਸਾਰ ਜਦੋਂ ਉਹ ਘਰੇਲੂ ਕਾਰੋਬਾਰਾਂ ਵਿਚ ਕਾਮਯਾਬ ਨਾ ਹੋਇਆ ਤਾਂ ਉਹ ਆਪਣੀ ਅਧਿਆਤਮਕ ਪਿਆਸ ਦੀ ਪੂਰਤੀ ਲਈ ਹਿਮਾਲਿਆ ਵੱਲ ਨਿਕਲ ਗਿਆ, ਜਿਥੇ ਉਸ ਦਾ ਮੇਲ ਆਪਣੇ ਧਾਰਮਿਕ ਗੁਰੂ ਲੀਲਾਸ਼ਾਹ ਬਾਪੂ ਦੇ ਨਾਲ ਹੋਇਆ। ਲੀਲਾਸ਼ਾਹ ਨੇ ਉਸ ਨੂੰ 1964 ਵਿਚ ਆਸਾ ਰਾਮ ਦਾ ਨਾਂ ਦਿੱਤਾ। ਹੌਲੀ ਹੌਲੀ ਉਹ ਸੰਤ ਆਸਾ ਰਾਮ ਬਾਪੂ ਵਜੋਂ ਪ੍ਰਸਿੱਧ ਹੋ ਗਿਆ।

# ਨਵੀਂ ਕਿਤਾਬ ਨੇ ਖੋਲ੍ਹੇ ਗੁਰਮੀਤ ਰਾਮ ਰਹੀਮ ਦੇ ਭੇਤ

**ਨਵੀਂ ਦਿੱਲੀ:** ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿਚ ਸਜ਼ਾ ਭੁਗਤ ਰਹੇ ਗੁਰਮੀਤ ਰਾਮ ਰਹੀਮ ਦੀ ਜ਼ਿੰਦਗੀ ਬਾਰੇ ਇਕ ਨਵੀਂ ਕਿਤਾਬ ਆਈ ਹੈ।

ਇਹ ਕਿਤਾਬ 'ਡੇਰਾ ਸੱਚਾ ਸੌਦਾ ਐਂਡ ਗੁਰਮੀਤ ਰਾਮ ਰਹੀਮ: ਏ ਡੈਕੇਡ ਲੌਂਗ ਇਨਵੈਸਟੀਗੇਸ਼ਨ' ਅਨੁਰਾਗ ਤ੍ਰਿਪਾਠੀ ਨੇ ਲਿਖੀ ਹੈ। ਇਸ ਦਾ ਬਿਰਤਾਂਤ 2007 ਵਿਚ ਡੇਰੇ ਵਿਚ ਚਲਦੀਆਂ ਅਪਰਾਧਿਕ ਸਰਗਰਮੀਆਂ ਦੀਆਂ ਰਿਪੋਰਟਾਂ ਤੋਂ ਸ਼ੁਰੂ ਹੁੰਦਾ ਹੈ।

ਪੈਂਗੁਇਨ ਵੱਲੋਂ ਪ੍ਰਕਾਸ਼ਿਤ ਇਸ ਕਿਤਾਬ ਅਨੁਸਾਰ ਗੁਰਮੀਤ ਰਾਮ ਰਹੀਮ ਦੀ ਚੜ੍ਹਤ ਦੀ ਕਹਾਣੀ ਹੱਤਿਆਵਾਂ, ਜਿਨਸੀ ਸ਼ੋਸ਼ਣ, ਜਬਰੀ ਨਿਪੁੰਸਕ ਬਣਾਉਣ, ਪ੍ਰਾਈਵੇਟ ਫੌਜ ਬਣਾਉਣ, ਹਥਿਆਰਾਂ ਤੇ ਅਫੀਮ ਦੀ ਤਸਕਰੀ ਤੇ ਵੱਡੇ ਪੱਧਰ ਉਤੇ ਜ਼ਮੀਨਾਂ ਉਤੇ ਕਬਜ਼ੇ ਕਰਨ ਦੇ ਬੇਹਿਸਾਬ ਕਿੱਸਿਆਂ ਨਾਲ ਭਰੀ ਪਈ ਹੈ।




ਤ੍ਰਿਪਾਠੀ ਦਾ ਕਹਿਣਾ ਹੈ ਕਿ ਪਹਿਲੇ ਦੋ ਡੇਰਾ ਮੁਖੀਆਂ ਤੋਂ ਉਲਟ ਗੁਰਮੀਤ ਰਾਮ ਰਹੀਮ ਦਾ ਰੰਗ ਢੰਗ ਬਹੁਤ ਜੁਦਾ ਸੀ ਤੇ ਉਹ ਸ਼ੁਰੂ ਤੋਂ ਹੀ ਅਧਿਆਤਮਵਾਦ ਦੀ ਬਜਾਏ ਜ਼ਮੀਨਾਂ ਹਥਿਆਉਣ ਤੇ ਸੱਤਾ ਦੇ ਗਲਿਆਰਿਆਂ ਤੱਕ ਰਸਾਈ ਕਰਨ ਵੱਲ ਰੁਚਿਤ ਸੀ। ਉਸ ਨੇ ਆਪਣਾ ਦਮਨਕਾਰੀ ਸਾਮਰਾਜ ਕਾਇਮ ਕਰਨ ਲਈ ਸ਼ਰਧਾਲੂਆਂ ਨੂੰ ਅੰਨ੍ਹੀ ਸ਼ਰਧਾ ਦਾ ਪਾਠ ਪੜ੍ਹਾਇਆ ਤੇ ਉਨ੍ਹਾਂ ਦੇ ਦਿਲ ਦਿਮਾਗ ਉਤੇ ਹਾਵੀ ਹੋ ਗਿਆ।

ਉਸ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਜੇ ਉਹ (ਸ਼ਰਧਾਲੂ) ਰੱਬ ਨਾਲ ਜੁੜਨਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਮਾਇਆ ਸਮੇਤ ਜ਼ਮੀਨ ਜਾਇਦਾਦ ਡੇਰੇ ਨੂੰ ਦਾਨ ਕਰਨੀ ਪਵੇਗੀ। ਅੰਨ੍ਹੀ ਸ਼ਰਧਾ ਕਰ ਕੇ ਹੀ ਬਹੁਤ ਸਾਰੇ ਲੋਕ ਅੱਧ-ਪਚੱਧੀਆਂ ਕੀਮਤਾਂ ਉਤੇ ਆਪਣੀਆਂ ਜ਼ਮੀਨਾਂ ਡੇਰੇ ਨੂੰ ਲੁਟਾ ਬੈਠੇ।

# 'ਆਪਣਾ ਘਰ' ਮਾਮਲਾ: ਜਸਵੰਤੀ ਤੇ ਜੈ ਭਗਵਾਨ ਨੂੰ ਉਮਰ ਕੈਦ

**ਪੰਚਕੂਲਾ:** ਹਰਿਆਣਾ ਦੇ ਰੋਹਤਕ ਵਿਚ 'ਆਪਣਾ ਘਰ' ਅਨਾਥ ਆਸ਼ਰਮ ਮਾਮਲੇ ਦੀ 6 ਸਾਲ ਚੱਲੀ ਅਦਾਲਤੀ ਕਾਰਵਾਈ ਬਾਅਦ ਪੰਚਕੂਲਾ ਸਥਿਤ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਮਾਮਲੇ ਦੀ ਮੁੱਖ ਦੋਸ਼ੀ ਜਸਵੰਤੀ ਦੇਵੀ ਸਣੇ 9 ਦੋਸ਼ੀਆਂ ਨੂੰ ਸਜ਼ਾ ਸੁਣਾਈ ਹੈ।



ਜਸਵੰਤੀ ਦੇਵੀ, ਜਸਵੰਤੀ ਦੇ ਦਮਾਦ ਜੈ ਭਗਵਾਨ ਅਤੇ ਡਰਾਈਵਰ ਸਤੀਸ਼ ਕੁਮਾਰ ਨੂੰ ਉਮਰ ਕੈਦ ਤੇ ਜਸਵੰਤੀ ਦੇ ਭਰਾ ਜਸਵੰਤ ਨੂੰ 7 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮਾਮਲੇ ਵਿਚ ਹੋਰ ਦੋਸ਼ੀਆਂ ਸ਼ੀਲਾ, ਸਿੰਮੀ, ਅਤੇ ਵੀਰਾਂ ਨੂੰ ਅਦਾਲਤ ਨੇ 'ਅੰਡਰਗੋਨ' (ਜਿੰਨੀ ਸਜ਼ਾ ਕੱਟ ਚੁੱਕੇ ਹਨ, ਉਨੀ ਹੀ ਸਜ਼ਾ ਦੇ ਹੱਕਦਾਰ) ਕਰਾਰ ਦਿੱਤਾ ਹੈ ਅਤੇ ਦੋਸ਼ੀ ਰੋਸ਼ਨੀ ਅਤੇ ਰਾਮ ਪ੍ਰਕਾਸ਼ ਪੁਲਿਸ ਦੀ ਨਿਗਰਾਨੀ ਵਿਚ ਰਹਿਣਗੇ।

ਜ਼ਿਕਰਯੋਗ ਹੈ ਕਿ 9 ਮਈ 2012 ਨੂੰ 'ਆਪਣਾ ਘਰ' ਨਾਂ ਹੇਠ ਚੱਲ ਰਹੇ ਅਨਾਥ ਆਸ਼ਰਮ ਵਿਚ ਰਾਸ਼ਟਰੀ ਬਾਲ ਸੁਰੱਖਿਆ ਕਮਿਸ਼ਨ ਦੀ ਟੀਮ ਨੇ ਛਾਪਾ ਮਾਰਿਆ ਸੀ। ਇਹ ਕਾਰਵਾਈ ਇਥੋਂ ਲਾਪਤਾ ਹੋਈਆਂ 3 ਲੜਕੀਆਂ ਦੇ ਦਿੱਲੀ ਤੋਂ ਫੜੇ ਜਾਣ ਬਾਅਦ ਹੋਈ ਸੀ। ਛਾਪੇ ਤੋਂ ਜਸਵੰਤੀ ਦੇਵੀ ਅਤੇ ਹੋਰ 9 ਲੋਕਾਂ ਖਿਲਾਫ ਦੇਹ ਵਪਾਰ, ਸ਼ੋਸ਼ਣ, ਕੁੱਟਮਾਰ ਅਤੇ ਮਨੁੱਖੀ ਤਸਕਰੀ ਆਦਿ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਗਏ ਸਨ।

ਜਸਵੰਤੀ, ਉਸ ਦੀ ਬੇਟੀ ਸਿੰਮੀ ਅਤੇ ਹੋਰ ਦੋਸ਼ੀਆਂ ਉਤੇ ਵੀ 120ਬੀ ਅਤੇ ਭਾਰਤੀ ਦੰਡਾਵਲੀ ਦੀ ਧਾਰਾ 376 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ। ਜੈ ਭਗਵਾਨ ਵੱਲੋਂ ਲੜਕੀਆਂ ਦੀ ਤਸਕਰੀ ਕਰ ਕੇ ਦਿੱਲੀ ਅਤੇ ਦੂਜੀਆਂ ਥਾਵਾਂ ਉਤੇ ਦੇਹ ਵਪਾਰ ਲਈ ਭੇਜਿਆ ਜਾਂਦਾ ਸੀ।

# ਸਾਂਝੀ ਰਾਮ ਨੇ ਬੇਟੇ ਨੂੰ ਬਚਾਉਣ ਲਈ ਮਾਰੀ ਸੀ ਅੱਠ ਸਾਲਾ ਬੱਚੀ

**ਜੰਮੂ:** ਕਠੂਆ ਵਿਚ ਅੱਠ ਸਾਲਾ ਬੱਚੀ ਨਾਲ ਸਮੂਹਿਕ ਜਬਰ ਜਨਾਹ ਤੇ ਹੱਤਿਆ ਦੇ ਮਾਮਲੇ ਵਿਚ ਮੁੱਖ ਦੋਸ਼ੀ ਸਾਂਝੀ ਰਾਮ ਨੇ ਖੁਲਾਸਾ ਕੀਤਾ ਹੈ ਕਿ ਉਸ ਨੂੰ ਬੱਚੀ ਦੇ ਅਗਵਾ ਹੋਣ ਤੋਂ ਚਾਰ ਦਿਨ ਬਾਅਦ ਜਬਰ ਜਨਾਹ ਬਾਰੇ ਪਤਾ ਲੱਗਾ ਸੀ। ਜਬਰ ਜਨਾਹ 'ਚ ਆਪਣੇ ਬੇਟੇ ਦੇ ਸ਼ਾਮਲ ਹੋਣ ਕਾਰਨ ਬੱਚੀ ਨੂੰ ਮਾਰਨ ਦਾ ਫੈਸਲਾ ਕੀਤਾ। ਲੜਕੀ ਨੂੰ 10 ਜਨਵਰੀ ਨੂੰ ਅਗਵਾ ਕੀਤਾ ਗਿਆ ਸੀ ਤੇ ਉਸੇ ਦਿਨ ਰਾਮ ਦੇ ਨਾਬਾਲਗ ਭਤੀਜੇ ਨੇ ਉਸ ਨਾਲ ਸਭ ਤੋਂ ਪਹਿਲਾਂ ਜਬਰ ਜਨਾਹ ਕੀਤਾ ਜਦਕਿ 14 ਜਨਵਰੀ ਨੂੰ ਉਸ ਦੀ ਹੱਤਿਆ ਕਰ ਦਿੱਤੀ ਗਈ। ਲੜਕੀ ਦੀ ਲਾਸ਼ 17 ਜਨਵਰੀ ਨੂੰ ਇਕ ਜੰਗਲ ਵਿਚੋਂ ਮਿਲੀ ਸੀ। ਨਾਬਾਲਗ ਦੇ ਨਾਲ-ਨਾਲ ਸਾਂਝੀ ਰਾਮ, ਉਸ ਦੇ ਬੇਟੇ ਤੇ ਪੰਜ ਹੋਰਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ।

ਬੱਚੀ ਨੂੰ ਇਕ ਛੋਟੇ ਮੰਦਰ 'ਦੇਵੀਸਥਾਨ' ਵਿਚ ਰੱਖਿਆ ਗਿਆ, ਜਿਥੇ ਸਾਂਝੀ ਰਾਮ ਪੁਜਾਰੀ ਸੀ। ਲੜਕੀ ਨੂੰ ਅਗਵਾ ਕਰਨ ਦਾ ਮੁੱਖ ਮਕਸਦ ਟੱਪਰੀਵਾਸ ਗੁੱਜਰਾਂ ਤੇ ਬਕਰਵਾਲ ਭਾਈਚਾਰੇ ਨੂੰ ਡਰਾਉਣਾ ਤੇ ਹਿੰਦੂ ਬਹੁ-ਗਿਣਤੀ ਖੇਤਰ ਤੋਂ ਦੂਰ ਭਜਾਉਣਾ ਸੀ। ਸਾਂਝੀ ਰਾਮ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ 13 ਜਨਵਰੀ ਨੂੰ ਭਤੀਜੇ ਵਲੋਂ ਦੱਸਣ ਤੋਂ ਬਾਅਦ ਇਸ ਜਬਰ ਜਨਾਹ ਬਾਰੇ ਪਤਾ ਲੱਗਾ। ਉਸ ਨੇ ਪ੍ਰਾਰਥਨਾ ਤੋਂ ਬਾਅਦ ਭਤੀਜੇ ਨੂੰ ਘਰ ਪ੍ਰਸਾਦ ਲਿਜਾਣ ਲਈ ਕਿਹਾ, ਪਰ ਭਤੀਜੇ ਨੇ ਇਸ ਵਿਚ ਦੇਰੀ ਕਰ ਦਿੱਤੀ, ਜਿਸ 'ਤੇ ਸਾਂਝੀ ਰਾਮ ਨੇ ਉਸ ਦੀ ਕੁੱਟਮਾਰ ਕਰ ਦਿੱਤੀ। ਨਾਬਾਲਗ ਭਤੀਜੇ ਨੇ ਸੋਚਿਆ ਕਿ ਉਸ ਦੇ ਚਾਚੇ ਨੂੰ ਜਬਰ ਜਨਾਹ ਬਾਰੇ ਪਤਾ ਲੱਗ ਗਿਆ ਹੈ, ਜਿਸ ਤੋਂ ਬਾਅਦ ਉਸ ਨੇ ਸਾਰਾ ਭੇਤ ਖੋਲ੍ਹ ਦਿੱਤਾ। ਰਾਮ ਨੇ ਦਾਅਵਾ ਕੀਤਾ ਕਿ ਨਾਬਾਲਗ ਨੇ ਉਸ ਦੇ ਬੇਟੇ ਨੂੰ ਵੀ ਇਸ 'ਚ ਫਸਾ ਦਿੱਤਾ ਤੇ ਦੋਵਾਂ ਨੇ ਮਿਲ ਕੇ ਲੜਕੀ ਨਾਲ ਜਬਰ ਜਨਾਹ ਕੀਤਾ।

13 ਤੇ 14 ਜਨਵਰੀ ਦੀ ਦਰਮਿਆਨੀ ਰਾਤ ਨੂੰ ਨਾਬਾਲਗ, ਵਿਸ਼ਾਲ ਤੇ ਉਸ ਦੇ ਦੋਸਤ, ਪ੍ਰਵੇਸ਼ ਕੁਮਾਰ ਉਰਫ ਮਨੂ ਲੜਕੀ ਨੂੰ 'ਦੇਵੀਸਥਾਨ' ਤੋਂ ਬਾਹਰ ਲੈ ਗਏ। ਬਾਅਦ ਵਿਚ ਇਨ੍ਹਾਂ ਨਾਲ ਐਸ.ਪੀ.ਓ. ਦੀਪਕ ਖਜੂਰੀਆ ਵੀ ਆ ਗਿਆ, ਜੋ ਚਾਹੁੰਦਾ ਸੀ ਕਿ ਬੱਚੀ ਨੂੰ ਮਾਰਨ ਤੋਂ ਪਹਿਲਾਂ ਉਹ ਇਕ ਫਿਰ ਉਸ ਨਾਲ ਜਬਰ ਜਨਾਹ ਕਰੇ। ਇਸ ਤੋਂ ਬਾਅਦ ਸਾਂਝੀ ਰਾਮ ਨੇ ਲੜਕੀ ਨੂੰ ਮਾਰਨ ਦਾ ਫੈਸਲਾ ਕੀਤਾ ਤੇ 14 ਜਨਵਰੀ ਨੂੰ ਉਸ ਦੀ ਹੱਤਿਆ ਕਰ ਦਿੱਤੀ ਗਈ ਕਿਉਂਕਿ ਸਾਂਝੀ ਰਾਮ ਆਪਣੇ ਬੇਟੇ ਤੱਕ ਪਹੁੰਚਣ ਵਾਲੇ ਹਰ ਸੁਰਾਗ ਨੂੰ ਮਿਟਾਉਣਾ ਚਾਹੁੰਦਾ ਸੀ। ਸਾਂਝੀ ਰਾਮ ਨੇ ਆਪਣੇ ਭਤੀਜੇ ਨੂੰ ਜੁਰਮ ਕਬੂਲਣ ਲਈ ਤਿਆਰ ਕਰ ਲਿਆ ਸੀ, ਪਰ ਆਪਣੇ ਬੇਟੇ ਨੂੰ ਇਸ ਸਭ ਤੋਂ ਦੂਰ ਰੱਖਿਆ ਤੇ ਭਤੀਜੇ ਨੂੰ ਇਹ ਵਿਸ਼ਵਾਸ ਦਿੱਤਾ ਕਿ ਉਹ ਉਸ ਨੂੰ ਰਿਮਾਂਡ ਹੋਣ ਤੋਂ ਜਲਦ ਬਾਹਰ ਕਢਵਾ ਲਵੇਗਾ।

**ਕਠੂਆ ਜਬਰ ਜਨਾਹ ਮਾਮਲਾ**



## ਪੱਛਮੀ ਬੰਗਾਲ 'ਚ ਬਿਜਲੀ ਡਿੱਗਣ ਨਾਲ 13 ਹਲਾਕ

**ਕੋਲਕਾਤਾ:** ਪੱਛਮੀ ਬੰਗਾਲ ਦੇ ਵੱਖ-ਵੱਖ ਹਿੱਸਿਆਂ 'ਚ ਬਿਜਲੀ ਡਿੱਗਣ ਕਰ ਕੇ 13 ਵਿਅਕਤੀ ਮਾਰੇ ਗਏ ਅਤੇ 25 ਹੋਰ ਜ਼ਖਮੀ ਹੋ ਗਏ। ਜਦੋਂ ਬਿਜਲੀ ਡਿੱਗੀ ਤਾਂ ਜ਼ਿਆਦਾਤਰ ਵਿਅਕਤੀ ਆਪਣੇ ਘਰਾਂ ਤੋਂ ਬਾਹਰ ਖੁੱਲ੍ਹੇ ਅਤੇ ਖੇਤਾਂ 'ਚ ਕੰਮ ਕਰ ਰਹੇ ਸਨ।

## ਰੇਲ-ਬੱਸ ਦੀ ਟੱਕਰ ਵਿਚ 13 ਬੱਚਿਆਂ ਦੀ ਮੌਤ

**ਗੋਰਖਪੁਰ:** ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਵਿਚ ਇਕ ਰੇਲਵੇ ਲਾਂਘੇ ਉਤੇ ਰੇਲ ਗੱਡੀ ਦੀ ਲਪੇਟ ਵਿਚ ਆ ਕੇ ਸਕੂਲ ਵੈਨ ਵਿਚ ਸਵਾਰ 13 ਬੱਚੇ ਮਾਰੇ ਗਏ। ਇਨ੍ਹਾਂ ਦੀ ਉਮਰ ਸੱਤ ਤੋਂ ਗਿਆਰਾਂ ਸਾਲ ਦੇ ਵਿਚਕਾਰ ਸੀ। ਹਾਦਸੇ ਵਿਚ ਅੱਠ ਬੱਚੇ ਗੰਭੀਰ ਜ਼ਖਮੀ ਹੋਏ ਹਨ। ਡਰਾਈਵਰ ਵੀ ਜ਼ਖਮੀਆਂ ਵਿਚ ਸ਼ਾਮਲ ਹੈ। ਹਾਦਸੇ ਵਾਲੀ ਥਾਂ ਉਤੇ ਬੱਚਿਆਂ ਦੇ ਬੈਗ, ਕਿਤਾਬਾਂ ਪਾਣੀ ਵਾਲੀਆਂ ਬੋਤਲਾਂ ਅਤੇ ਭੋਜਨ ਵਾਲੇ ਡੱਬੇ ਖਿਲਰੇ ਪਏ ਸਨ। ਇਸ ਤੋਂ ਅੱਗੇ ਵੈਨ ਦੇ ਪਰਖੱਚੇ ਉਡੇ ਪਏ ਸਨ।

ਬੇਹਪੁਰਵਾ ਵਿਚ ਰੇਲਵੇ ਲਾਂਘੇ ਉਤੇ ਥਾਵੇ- ਕਾਪਤਾਗੰਜ ਮੁਸਾਫਰ ਰੇਲ ਗੱਡੀ ਨਾਲ ਡਿਵਾਈਨ ਮਿਸ਼ਨ ਸਕੂਲ ਦੀ ਵੈਨ ਟਕਰਾ ਗਈ। ਲਾਂਘੇ ਉਤੇ ਵਲੰਟੀਅਰ ਤਾਇਨਾਤ ਸੀ ਅਤੇ ਉਸ ਨੇ ਸਕੂਲ ਵੈਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਨੇ ਵੈਨ ਨਾ ਰੋਕੀ। ਇਹ ਹਾਦਸਾ ਦੁਧੀ ਰੇਲਵੇ ਸਟੇਸ਼ਨ ਨੇੜੇ ਬਨਾਰਸ ਡਿਵੀਜ਼ਨ ਵਿਚ ਵਾਪਰਿਆ।


# ਮੋਦੀ ਸਰਕਾਰ ਨੇ ਨਿਆਂ ਪਾਲਿਕਾ ਨਾਲ ਲਾਇਆ ਆਢਾ

**ਨਵੀਂ ਦਿੱਲੀ:** ਮੋਦੀ ਸਰਕਾਰ ਤੇ ਨਿਆਂ ਪਾਲਿਕਾ 'ਚ ਟਕਰਾਅ ਵਧਦਾ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਜੱਜ ਚੋਣ ਮੰਡਲ ਵੱਲੋਂ ਉਤਰਾਖੰਡ ਹਾਈ ਕੋਰਟ ਦੇ ਚੀਫ ਜਸਟਿਸ ਕੇ. ਐਮ. ਜੋਸਫ ਨੂੰ ਸੁਪਰੀਮ ਕੋਰਟ ਦੇ ਜੱਜ ਵਜੋਂ ਤਰੱਕੀ ਦੇਣ ਦੀ ਸਿਫਾਰਸ਼ ਕੇਂਦਰ ਸਰਕਾਰ ਵੱਲੋਂ ਵਾਪਸ ਮੋੜਨ ਕਾਰਨ ਇਸ ਟਕਰਾ ਨੇ ਨਵਾਂ ਰੂਪ ਲੈ ਲਿਆ ਹੈ। ਚੇਤੇ ਰਹੇ, ਜਸਟਿਸ ਜੋਸਫ ਨੇ 2016 'ਚ ਆਪਣੇ ਇਕ ਫੈਸਲੇ ਰਾਹੀਂ ਉਤਰਾਖੰਡ ਵਿਚ ਰਾਸ਼ਟਰਪਤੀ ਰਾਜ ਲਾਉਣ ਦੇ ਕੇਂਦਰ ਦੇ ਹੁਕਮਾਂ ਨੂੰ ਰੱਦ ਕਰ ਕੇ ਉਥੇ ਕਾਂਗਰਸ ਦੀ ਹਰੀਸ਼ ਰਾਵਤ ਸਰਕਾਰ ਨੂੰ ਬਹਾਲ ਕਰ ਦਿੱਤਾ ਸੀ।

ਜਸਟਿਸ ਜੋਸਫ ਦੀ ਸਿਫਾਰਸ਼ ਸੁਪਰੀਮ ਕੋਰਟ ਦੇ ਸੀਨੀਅਰ ਜੱਜਾਂ ਉਤੇ ਆਧਾਰਤ ਚੋਣ ਮੰਡਲ (ਕੌਲਿਜੀਅਮ) ਨੇ ਕੀਤੀ ਸੀ। ਸਰਕਾਰ ਤਿੰਨ ਮਹੀਨੇ ਤੋਂ ਵੱਧ ਸਮਾਂ ਇਸ ਪ੍ਰਸਤਾਵ ਨੂੰ ਦੱਬ ਕੇ ਬੈਠੀ ਰਹੀ ਹੈ। ਹੁਣ ਉਸ ਨੇ ਇਹ ਪ੍ਰਸਤਾਵ ਇਸ ਆਧਾਰ 'ਤੇ ਕੌਲਿਜੀਅਮ ਨੂੰ ਪਰਤਾ ਦਿੱਤਾ ਹੈ ਕਿ ਜਸਟਿਸ ਜੋਸਫ ਦੇ ਨਾਮ ਦੀ ਸਿਫਾਰਸ਼ ਹਾਈ ਕੋਰਟਾਂ ਦੇ 45 ਹੋਰ ਜੱਜਾਂ ਦੀ ਸੀਨੀਅਰਤਾ ਨਜ਼ਰਅੰਦਾਜ਼ ਕਰ ਕੇ ਕੀਤੀ ਗਈ ਹੈ ਜੋ ਜਾਇਜ਼ ਨਹੀਂ। ਸਰਕਾਰ ਨੇ ਤਿੰਨ ਮਹੀਨਿਆਂ ਤੋਂ ਵੱਧ ਸਮੇਂ ਦੀ ਟਾਲ-ਮਟੋਲ ਮਗਰੋਂ ਅਚਾਨਕ ਇਤਰਾਜ਼ ਲਾ ਕੇ ਇਹ ਪ੍ਰਭਾਵ ਪਕੇਰਾ ਕੀਤਾ ਹੈ ਕਿ ਉਹ ਜਸਟਿਸ ਜੋਸਫ ਨੂੰ ਉਨ੍ਹਾਂ ਦੇ 2016 ਵਾਲੇ ਫੈਸਲੇ ਦੀ ਸਜ਼ਾ ਦੇ ਰਹੀ ਹੈ ਜਿਸ ਰਾਹੀਂ ਉਨ੍ਹਾਂ ਦੀ ਅਗਵਾਈ ਵਾਲੇ ਬੈਂਚ ਨੇ ਉਤਰਾਖੰਡ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਫਰਮਾਨ ਰੱਦ ਕਰ ਦਿੱਤਾ ਸੀ।

ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਐਸੋਸੀਏਸ਼ਨ ਦੇ ਪ੍ਰਧਾਨ ਤੇ ਸੀਨੀਅਰ ਵਕੀਲ ਵਿਕਾਸ ਸਿੰਘ ਦੇ ਹਵਾਲੇ ਨਾਲ ਕਿਹਾ ਕਿ 'ਕਾਰਜ ਪਾਲਿਕਾ ਦੀ ਅਜਿਹੀ ਦਖਲਅੰਦਾਜ਼ੀ ਯਕੀਨਨ ਗਲਤ' ਹੈ। ਦੱਸ ਦਈਏ ਕਿ ਨਿਆਂ ਪਾਲਿਕਾ ਤੇ ਸਰਕਾਰ ਵਿਚ ਪਿਛਲੇ ਕੁਝ ਮਹੀਨਿਆਂ ਤੋਂ ਇਹ ਟਕਰਾਅ ਚੱਲ ਰਿਹਾ ਹੈ। ਪਿਛਲੇ ਕੁਝ ਹਫਤਿਆਂ ਤੋਂ ਦੇਸ਼ ਦੀ ਉਚ ਅਦਾਲਤ ਸੁਪਰੀਮ ਕੋਰਟ ਇਸ ਲਈ ਸੁਰਖੀਆਂ ਵਿਚ ਸੀ, ਕਿਉਂਕਿ ਉਸ ਦੇ ਚਾਰ ਜੱਜਾਂ ਨੇ ਮੁੱਖ ਜੱਜ ਦੇ ਖਿਲਾਫ ਇਕ ਪ੍ਰੈੱਸ ਕਾਨਫਰੰਸ ਕਰ ਕੇ ਦੋਸ਼ ਲਾਇਆ ਸੀ ਕਿ ਉਹ ਅਦਾਲਤ ਦੇ ਕੰਮ ਸਮੇਂ ਪੱਖਪਾਤੀ ਰਵੱਈਆ ਅਖਤਿਆਰ ਕਰਦੇ ਹਨ ਅਤੇ ਮਨਮਰਜ਼ੀ ਨਾਲ ਕੁਝ ਮਹੱਤਵਪੂਰਨ ਕੇਸ ਕੁਝ ਖਾਸ ਜੱਜਾਂ ਨੂੰ ਦਿੰਦੇ ਹਨ। ਭਾਰਤ ਦੇ ਅਦਾਲਤੀ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਹੋਇਆ ਸੀ ਕਿ ਉਚ ਅਦਾਲਤ ਦੇ ਜੱਜ ਖੁੱਲ੍ਹ ਕੇ ਆਪਣੇ ਹੀ ਮੁੱਖ ਜੱਜ ਵਿਰੁੱਧ ਲੋਕਾਂ ਦੀ ਅਦਾਲਤ ਵਿਚ ਗਏ ਸਨ।

ਇਸ ਨੇ ਜਿਥੇ ਮੁੱਖ ਜੱਜ ਦੀ ਪ੍ਰਤਿਭਾ ਨੂੰ ਘਟਾਇਆ ਸੀ, ਉਥੇ ਕਈ ਤਰ੍ਹਾਂ ਦੇ ਵਿਵਾਦਾਂ ਨੂੰ ਵੀ ਜਨਮ ਦਿੱਤਾ ਸੀ। ਮੁੱਖ ਜੱਜ ਦੀਪਕ ਮਿਸ਼ਰਾ 'ਤੇ ਇਹ ਵੀ ਦੋਸ਼ ਲਗਾਏ ਜਾਂਦੇ ਹਨ ਕਿ ਉਹ ਕੁਝ ਧਿਰਾਂ ਪ੍ਰਤੀ ਨਰਮ ਰਵੱਈਆ ਅਖਤਿਆਰ ਕਰਦੇ ਹਨ ਅਤੇ ਆਪਣੇ ਪਹਿਲਾਂ ਹੀ ਸੋਚੇ ਹੋਏ ਵਿਚਾਰਾਂ ਅਨੁਸਾਰ ਕੰਮ ਕਰਨ ਦਾ ਢੰਗ ਅਪਨਾਉਂਦੇ ਹਨ। ਇਸ ਸੰਦਰਭ ਵਿਚ ਹੀ ਕਾਂਗਰਸ ਦੀ ਅਗਵਾਈ ਵਿਚ ਕੁਝ ਹੋਰ ਵਿਰੋਧੀ ਪਾਰਟੀਆਂ ਨੇ ਮੁੱਖ ਜੱਜ 'ਤੇ ਮਹਾਂਦੋਸ਼ ਲਾਉਣ ਲਈ ਖਰੜਾ ਤਿਆਰ ਕੀਤਾ ਅਤੇ ਰਾਜ ਸਭਾ ਵਿਚ ਮਹਾਂਦੋਸ਼ ਪੇਸ਼ ਕਰਨ ਲਈ ਨੋਟਿਸ ਦਿੱਤਾ ਪਰ ਰਾਜ ਸਭਾ ਦੇ ਸਭਾਪਤੀ ਵੈਂਕਈਆ ਨਾਇਡੂ ਨੇ ਇਸ ਨੋਟਿਸ ਨੂੰ ਖਾਰਜ ਕਰ ਦਿੱਤਾ। ਇਸ ਨਾਲ ਉੱਚ ਪੱਧਰ ਉਤੇ ਇਕ ਹੋਰ ਵੱਡਾ ਵਿਵਾਦ ਛਿੜ ਗਿਆ। ਕਾਂਗਰਸ ਨੇ ਇਸ ਉਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਇਸ ਫੈਸਲੇ ਨੂੰ ਸਰਬਉਚ ਅਦਾਲਤ ਵਿਚ ਲਿਜਾਣ ਦੀ ਧਮਕੀ ਦਿੱਤੀ।



### ਹਿੰਦੁਸਤਾਨ ਦੀ ਨਿਆਂ ਪ੍ਰਣਾਲੀ ਖਤਰੇ ਵਿਚ: ਕਾਂਗਰਸ

ਜੱਜਾਂ ਦੀ ਨਿਯੁਕਤੀ ਦੇ ਮਾਮਲੇ 'ਚ ਹਮਲਾਵਰ ਹੁੰਦਿਆਂ ਕਾਂਗਰਸ ਨੇ ਕਿਹਾ ਕਿ ਦੇਸ਼ ਦੀ ਨਿਆਂ ਵਿਵਸਥਾ ਖਤਰੇ ਵਿਚ ਹੈ। ਕਾਂਗਰਸ ਨੇਤਾ ਕਪਿਲ ਸਿੱਬਲ ਨੇ ਕਿਹਾ ਕਿ ਸਰਕਾਰ ਸਿਰਫ ਆਪਣੇ ਲੋਕਾਂ ਨੂੰ ਹੀ ਨਿਆਇਕ ਵਿਵਸਥਾ ਵਿਚ ਲਿਆਉਣਾ ਚਾਹੁੰਦੀ ਹੈ। ਸਿੱਬਲ ਨੇ ਜੋਸਫ ਦੀ ਨਿਯੁਕਤੀ ਤੋਂ ਬਾਅਦ ਸੁਪਰੀਮ ਕੋਰਟ ਦੀ ਵੈੱਬਸਾਈਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਵੇਲੇ ਵੈੱਬਸਾਈਟ 'ਚ ਲਿਖਿਆ ਸੀ ਕਿ ਜੋਸਫ ਸਭ ਤੋਂ ਕਾਬਿਲ ਜੱਜ ਹਨ, ਇਸ ਦੇ ਬਾਵਜੂਦ ਉਨ੍ਹਾਂ ਦੀ ਨਿਯੁਕਤੀ ਨਹੀਂ ਹੋਈ।

## ਨਫਰਤੀ ਭਾਸ਼ਣ ਦੇਣ ਵਿਚ ਭਾਜਪਾ ਆਗੂ ਸਭ ਤੋਂ ਅੱਗੇ

**ਨਵੀਂ ਦਿੱਲੀ:** ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ (ਏ.ਡੀ.ਆਰ) ਦੀ ਰਿਪੋਰਟ ਦੱਸਦੀ ਹੈ ਕਿ ਮੌਜੂਦਾ 58 ਸੰਸਦ ਮੈਂਬਰਾਂ ਅਤੇ ਵਿਧਾਇਕਾਂ ਖਿਲਾਫ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਦੇ ਮਾਮਲੇ ਦਰਜ ਹਨ ਅਤੇ ਇਨ੍ਹਾਂ




ਵਿਚੋਂ ਸਭ ਤੋਂ ਵੱਧ ਸੰਸਦ ਮੈਂਬਰ ਤੇ ਵਿਧਾਇਕ ਸੱਤਾਧਾਰੀ ਭਾਜਪਾ ਨਾਲ ਸਬੰਧਤ ਹਨ।

ਭਾਜਪਾ ਦੇ 27 ਸੰਸਦ ਮੈਂਬਰਾਂ ਤੇ ਵਿਧਾਇਕਾਂ, ਏ.ਆਈ.ਐਮ.ਆਈ. ਐਮ. ਤੇ ਟੀ. ਆਰ. ਐਸ. ਦੇ 6-6, ਟੀ.ਡੀ.ਪੀ. ਤੇ ਸ਼ਿਵ ਸੈਨਾ ਦੇ 3-3 ਵਿਧਾਇਕਾਂ ਖਿਲਾਫ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਦੇ ਮਾਮਲੇ ਦਰਜ ਹਨ, ਜਦ ਕਿ ਕਾਂਗਰਸ, ਰਾਸ਼ਟਰੀ ਲੋਕ ਦਲ, ਜਨਤਾ ਦਲ-ਯੂ, ਏ.ਆਈ.ਟੀ.ਸੀ. ਦੇ 2-2, ਬਸਪਾ, ਡੀ.ਐਮ.ਕੇ, ਪੀ.ਐਮ.ਕੇ, ਸਮਾਜਵਾਦੀ ਪਾਰਟੀ ਤੇ ਏ.ਆਈ.ਯੂ.ਡੀ.ਐਫ. ਦੇ 1-1 ਸੰਸਦ ਮੈਂਬਰ ਜਾਂ ਵਿਧਾਇਕ ਖਿਲਾਫ ਅਜਿਹੇ ਕੇਸ ਦਰਜ ਹਨ।

ਚੇਤੇ ਰਹੇ, ਮੌਜੂਦਾ 15 ਲੋਕ ਸਭਾ ਸੰਸਦ ਮੈਂਬਰਾਂ ਤੇ 43 ਵਿਧਾਇਕਾਂ ਨੇ ਨਫਰਤ ਭਰੇ ਭਾਸ਼ਣ ਦੇਣ ਦੀ ਗੱਲ ਕਬੂਲੀ ਹੈ, ਜਿਨ੍ਹਾਂ ਵਿਚੋਂ 10 ਸੰਸਦ ਮੈਂਬਰ ਤੇ 17 ਵਿਧਾਇਕ ਭਾਜਪਾ ਦੇ ਹਨ। ਏ.ਡੀ.ਆਰ. ਤੇ ਨੈਸ਼ਨਲ ਇਲੈਕਸ਼ਨ ਵਾਚ (ਐਨ. ਈ.ਡਬਲਿਊ) ਮੁਤਾਬਕ ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਪਣੇ ਹਲਫਨਾਮਿਆਂ 'ਚ ਨਫਰਤ ਫੈਲਾਉਣ ਵਾਲੇ ਭਾਸ਼ਣ ਦੇਣ ਦੀ ਗੱਲ ਕਬੂਲੀ ਹੈ। ਇਨ੍ਹਾਂ 15 ਸੰਸਦ ਮੈਂਬਰਾਂ ਵਿਚੋਂ 10 ਭਾਜਪਾ ਦੇ ਹਨ। ਰਾਜ ਸਭਾ ਦੇ ਕਿਸੇ ਵੀ ਸੰਸਦ ਮੈਂਬਰ ਖਿਲਾਫ ਅਜਿਹਾ ਮਾਮਲਾ ਦਰਜ ਨਹੀਂ ਹੈ।

### ਪ੍ਰੈੱਸ ਦੀ ਆਜ਼ਾਦੀ ਪੱਖੋਂ ਭਾਰਤ ਦੀ ਹਾਲਤ ਹੋਰ ਨਿੱਘਰੀ

**ਮੁੰਬਈ:** ਪ੍ਰੈਸ ਦੀ ਆਜ਼ਾਦੀ ਸਬੰਧੀ ਸੂਚਕ ਅੰਕ ਵਿਚ ਭਾਰਤ ਦੀ ਦਰਜਾਬੰਦੀ ਦੋ ਸਥਾਨ ਖਿਸਕ ਕੇ 138 ਉਤੇ ਆ ਗਈ ਹੈ। ਇਹ ਗੱਲ ਇਸ ਮਾਮਲੇ ਉਤੇ ਨਜ਼ਰ ਰੱਖਣ ਵਾਲੇ ਕੌਮਾਂਤਰੀ ਅਦਾਰੇ ਰਿਪੋਰਟਰਜ਼ ਵਿਦਾਊਟ ਬਾਰਡਰਜ਼ (ਆਰ.ਐਸ.ਐਫ.) ਨੇ ਆਪਣੀ ਤਾਜ਼ਾ ਸਾਲਾਨਾ ਰਿਪੋਰਟ ਵਿਚ ਕਹੀ ਹੈ। ਭਾਰਤ ਦੀ ਦਰਜਾਬੰਦੀ ਘਟਣ ਲਈ ਗੌਰੀ ਲੰਕੇਸ਼ ਵਰਗੇ ਪੱਤਰਕਾਰਾਂ ਖਿਲਾਫ 'ਜਿਸਮਾਨੀ ਹਿੰਸਾ' ਦੀਆਂ ਘਟਨਾਵਾਂ ਨੂੰ ਮੁੱਖ ਕਾਰਨ ਦੱਸਿਆ ਗਿਆ ਹੈ। ਇਸ ਸੂਚੀ ਵਿਚ ਪ੍ਰੈਸ ਦੀ ਆਜ਼ਾਦੀ ਪੱਖੋਂ ਲਗਾਤਾਰ ਦੂਜੀ ਵਾਰ ਨਾਰਵੇ ਨੂੰ ਬਿਹਤਰੀਨ ਮੁਲਕ ਕਰਾਰ ਦਿੱਤਾ ਗਿਆ ਹੈ, ਜਦੋਂਕਿ ਉਤਰੀ ਕੋਰੀਆ ਨੂੰ ਪ੍ਰੈਸ ਦੀ ਆਜ਼ਾਦੀ ਦਾ ਸਭ ਤੋਂ ਵੱਡਾ ਵੈਰੀ ਗਰਦਾਨਿਆ ਗਿਆ ਹੈ। ਪ੍ਰੈਸ ਦੀ ਸੰਘੀ ਨੱਪਣ ਦੇ ਮਾਮਲੇ ਵਿਚ ਉਤਰੀ ਕੋਰੀਆ ਤੋਂ ਬਾਅਦ ਇਰੀਟ੍ਰੀਆ, ਤੁਰਕਮੇਨਿਸਤਾਨ, ਸੀਰੀਆ ਅਤੇ ਫਿਰ ਚੀਨ ਦਾ ਨਾਂ ਆਉਂਦਾ ਹੈ।

## ਸੁਪਰੀਮ ਕੋਰਟ ਵੱਲੋਂ ਵੀ ਸ਼ਿਬੂ ਸੋਰੇਨ ਬਰੀ

**ਨਵੀਂ ਦਿੱਲੀ:** ਸ਼ਿਬੂ ਸੋਰੇਨ ਨੂੰ ਆਪਣੇ ਨਿੱਜੀ ਸਕੱਤਰ ਨੂੰ ਮਾਰਨ ਦੇ ਦੋਸ਼ ਵਿਚੋਂ ਹਾਈ ਕੋਰਟ ਵੱਲੋਂ ਬਰੀ ਕਰਨ ਦੇ ਫੈਸਲੇ ਨੂੰ ਸੁਪਰੀਮ ਕੋਰਟ ਨੇ ਬਰਕਰਾਰ ਰੱਖਿਆ ਹੈ। ਸੋਰੇਨ ਵਿਰੁੱਧ ਆਪਣੇ ਨਿੱਜੀ ਸਕੱਤਰ ਸ਼ਸ਼ੀਨਾਥ ਝਾਅ ਨੂੰ ਮਾਰਨ ਦਾ ਦੋਸ਼ ਲੱਗਿਆ ਸੀ, ਜਿਸ ਤੋਂ ਉਸ ਨੂੰ ਹਾਈ ਕੋਰਟ ਨੇ ਬਰੀ ਕਰ ਦਿੱਤਾ ਸੀ। ਅਦਾਲਤ ਨੇ ਹਾਈ ਕੋਰਟ ਦੇ 22 ਅਗਸਤ 2007 ਨੂੰ ਆਏ ਫੈਸਲੇ ਵਿਚ ਦਖਲ ਦੇਣ ਤੋਂ ਨਾਂਹ ਕਰ ਦਿੱਤੀ ਹੈ। ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਉਸ ਫੈਸਲੇ ਨੂੰ ਉਲਟਾ ਦਿੱਤਾ ਸੀ ਜਿਸ ਵਿਚ ਸ਼ਿਬੂ ਸੋਰੇਨ ਨੂੰ ਕਤਲ ਕੇਸ ਵਿਚ ਦੋਸ਼ੀ ਠਹਿਰਾਇਆ ਗਿਆ ਸੀ।



## ਜੇ.ਐਨ.ਯੂ. ਵਿਚ 'ਲਵ ਜਹਾਦ' ਬਾਰੇ ਫਿਲਮ ਦਿਖਾਉਣ 'ਤੇ ਹੰਗਾਮਾ

**ਨਵੀਂ ਦਿੱਲੀ:** ਵਿਵਾਦਗ੍ਰਸਤ ਮੁੱਦੇ 'ਲਵ ਜਹਾਦ' ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ 'ਚ ਫਿਲਮ ਦਿਖਾਉਣ ਉਤੇ ਕੁਝ ਵਿਦਿਆਰਥੀ ਗੁੱਟਾਂ ਨੇ ਅੜਿੱਕਾ ਡਾਹਿਆ। ਉਨ੍ਹਾਂ ਦਾ ਦੋਸ਼ ਹੈ ਕਿ ਫਿਲਮ ਦਿਖਾ ਕੇ ਨਫਰਤੀ ਪ੍ਰਚਾਰ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਮੁਤਾਬਕ ਸੁਦੀਪਤੋ ਸੇਨ ਦੀ ਨਿਰਦੇਸ਼ਨਾ ਹੇਠ ਬਣੀ ਫਿਲਮ 'ਲਵ ਜਹਾਦ' ਕੇਰਲਾ ਵਿਚ ਲੜਕੀਆਂ ਦੇ ਧਰਮ ਪਰਿਵਰਤਨ ਦੇ ਮੁੱਦੇ ਉਤੇ ਕੇਂਦਰਤ ਹੈ। ਜਵਾਹਰ ਲਾਲ ਨਹਿਰੂ ਸਟੂਡੈਂਟਸ ਯੂਨੀਅਨ ਅਤੇ ਜਿਨਸੀ ਸ਼ੋਸ਼ਣ ਖਿਲਾਫ ਬਣੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਫਿਲਮਾਂ ਦੀ ਆੜ ਹੇਠ ਨਫਰਤੀ ਮੁਹਿੰਮ ਚਲਾਈ ਜਾ ਰਹੀ ਹੈ।



ਪ੍ਰਦਰਸ਼ਨਕਾਰੀਆਂ ਅਤੇ ਏ.ਬੀ.ਵੀ.ਪੀ. ਮੈਂਬਰਾਂ ਦਰਮਿਆਨ ਮਾਮੂਲੀ ਝੜਪ ਵੀ ਹੋਈ। ਦਿੱਲੀ ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਦੋਵੇਂ ਧਿਰਾਂ ਕੋਲੋਂ ਸ਼ਿਕਾਇਤਾਂ ਮਿਲੀਆਂ ਹਨ ਅਤੇ ਉਹ ਘਟਨਾ ਦੀ ਜਾਣਕਾਰੀ ਹਾਸਲ ਕਰ ਰਹੇ ਹਨ। ਫਿਲਮ ਦਾ ਵਿਰੋਧ ਕਰ ਰਹੇ ਵਿਦਿਆਰਥੀ ਸਾਬਰਮਤੀ ਢਾਬੇ 'ਤੇ ਇਕੱਠੇ ਹੋਏ ਅਤੇ ਸੁਰੱਖਿਆ ਘੇਰੇ ਦੀ ਉਲੰਘਣਾ ਕਰਦਿਆਂ ਸਕਰੀਨ ਮੂਹਰੇ ਪੋਸਟਰ ਦਿਖਾ ਕੇ ਵਿਰੋਧ ਕਰਨ ਲੱਗ ਪਏ। ਇਸ ਦੌਰਾਨ ਆਰ.ਐਸ.ਐਸ. ਅਤੇ ਏ.ਬੀ.ਵੀ.ਪੀ. ਦਾ ਪੁਤਲਾ ਵੀ ਸਾੜਿਆ ਗਿਆ। ਹਫੜਾ-ਦਫੜੀ ਵਿਚ ਕੁਝ ਵਿਦਿਆਰਥੀ ਜ਼ਖਮੀ ਹੋ ਗਏ।

## ਜੰਮੂ-ਕਸ਼ਮੀਰ ਵਿਚ ਤਾਇਨਾਤ ਹੋਣਗੇ 'ਬਲੈਕ ਕੈਟ' ਕਮਾਂਡੋ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਵਿਚ ਦਹਿਸ਼ਤਗਰਦੀ ਤੇ ਬੰਦ ਵਰਗੇ ਹਾਲਾਤ ਨਾਲ ਨਜਿੱਠਣ ਲਈ ਸਰਕਾਰ ਜਲਦੀ ਹੀ ਕੌਮੀ ਸੁਰੱਖਿਆ ਗਾਰਡ ਯਾਨੀ ਬਲੈਕ ਕੈਟ ਕਮਾਂਡੋ ਤਾਇਨਾਤ ਕਰੇਗੀ। ਗ੍ਰਹਿ ਮੰਤਰਾਲੇ ਵੱਲੋਂ ਇਸ ਤਜਵੀਜ਼ 'ਤੇ ਜਾਂਚ ਕੀਤੀ ਜਾ ਰਹੀ ਹੈ। ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨੇ ਹਾਲ ਹੀ ਵਿਚ ਤੇਲੰਗਾਨਾ ਵਿਚ ਐਨ.ਐਸ.ਜੀ. ਦੇ ਇਜਲਾਸ ਦੌਰਾਨ ਕਿਹਾ ਕਿ ਸਰਕਾਰ ਯੋਜਨਾ ਬਣਾ ਰਹੀ ਹੈ ਕਿ ਦੇਸ਼ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਸੁਰੱਖਿਆ ਬਲਾਂ ਦੀ ਭੂਮਿਕਾ ਕਿਵੇਂ ਵਧਾਈ ਜਾ ਸਕੇ ਅਤੇ ਬਲੈਕ ਕੈਟ ਕਮਾਂਡੋ ਦਹਿਸ਼ਤਗਰਦਾਂ 'ਤੇ ਕਾਬੂ ਪਾਉਣ ਲਈ ਵੱਡੀ ਭੂਮਿਕਾ ਨਿਭਾ ਸਕਦੇ ਹਨ।

ਇਹ ਫੈਸਲਾ ਵਾਦੀ ਵਿਚ ਵਧ ਰਹੀਆਂ ਅਤਿਵਾਦ ਤੇ ਮੁਕਾਬਲੇ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਲਿਆ ਗਿਆ ਹੈ ਜਿਸ ਵਿਚ ਮੁਲਕ ਦੇ ਕਈ ਜਵਾਨ ਸ਼ਹੀਦ ਹੋ ਗਏ ਸਨ। 1984 ਵਿਚ ਉਪਰੇਸ਼ਨ ਬਲੂਸਟਾਰ ਤੋਂ ਬਾਅਦ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਚ ਲੁਕੇ ਖਾਲਿਸਤਾਨੀਆਂ ਨੂੰ ਬਾਹਰ ਕੱਢਣ ਲਈ ਐਨ.ਐਸ.ਜੀ. ਬਲ ਦੀ ਸ਼ੁਰੂਆਤ ਕੀਤੀ ਗਈ ਸੀ। ਇਸ ਵੇਲੇ ਐਨ.ਐਸ.ਜੀ. ਵਿਚ ਕਰੀਬ 7,500 ਜਵਾਨ ਸੇਵਾ ਨਿਭਾ ਰਹੇ ਹਨ।

## ਲਾਲ ਕਿਲ੍ਹੇ ਨੂੰ ਠੇਕੇ 'ਤੇ ਚਾੜ੍ਹ ਕੇ ਕਸੂਤੀ ਘਿਰੀ ਮੋਦੀ ਸਰਕਾਰ

**ਨਵੀਂ ਦਿੱਲੀ:** ਮੋਦੀ ਸਰਕਾਰ ਵੱਲੋਂ ਕੌਮੀ ਵਿਰਾਸਤ ਲਾਲ ਕਿਲ੍ਹੇ ਨੂੰ 'ਠੇਕੇ' ਉਤੇ ਚਾੜ੍ਹਨ ਦਾ ਮਾਮਲਾ ਭਖ ਗਿਆ ਹੈ। ਇਕ ਪਾਸੇ ਵਿਰੋਧੀ ਧਿਰਾਂ ਵਾਰ ਕਰ ਰਹੀਆਂ ਹਨ ਤੇ ਦੂਜੇ ਪਾਸੇ ਸੋਸ਼ਲ ਮੀਡੀਆ ਉਪਰ ਵੀ ਇਹ ਵੱਡਾ ਮੁੱਦਾ ਬਣਿਆ ਹੋਇਆ ਹੈ।

ਕਾਂਗਰਸ ਨੇ ਆਖਿਆ ਕਿ ਮੋਦੀ ਸਰਕਾਰ ਨੇ ਲਾਲ ਕਿਲ੍ਹਾ ਪੰਜ ਸਾਲ ਲਈ ਡਾਲਮੀਆ ਗਰੁੱਪ ਨੂੰ ਸੌਂਪ ਕੇ ਬੇਹੱਦ ਗਲਤ ਕੀਤਾ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪ੍ਰਾਈਵੇਟ ਇਕਾਈ ਨੂੰ ਲਾਲ ਕਿਲ੍ਹੇ ਦੇ ਰੱਖ ਰਖਾਅ ਦਾ ਜ਼ਿੰਮਾ ਕਿਵੇਂ ਦਿੱਤਾ ਜਾ ਸਕਦਾ ਹੈ। ਕਾਂਗਰਸੀ ਬੁਲਾਰੇ ਨੇ ਕਿਹਾ ਹੈ ਕਿ ਸਰਕਾਰ ਕੌਮੀ ਵਿਰਾਸਤ ਦੀ ਬੇਮਿਸਾਲ ਨਿਸ਼ਾਨੀ ਪ੍ਰਾਈਵੇਟ ਕਾਰੋਬਾਰੀਆਂ ਨੂੰ ਸੌਂਪ ਰਹੀ ਹੈ।



ਸੀ.ਪੀ.ਆਈ.-ਐਮ ਨੇ ਸਰਕਾਰ ਦੇ ਫੈਸਲੇ ਨੂੰ ਬਹੁਤ ਹੀ ਅਪਮਾਨਜਨਕ ਕਰਾਰ ਦਿੱਤਾ ਹੈ। ਪਾਰਟੀ ਨੇ ਕਿਹਾ ਹੈ ਕਿ ਇਹ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਲਾਲ ਕਿਲ੍ਹਾ ਦੇਸ਼ ਦੀਆਂ ਬਹੁਤ ਸਾਰੀਆਂ ਵਿਰਾਸਤੀ ਯਾਦਗਾਰਾਂ ਵਿਚ ਹੀ ਸ਼ੁਮਾਰ ਨਹੀਂ ਸਗੋਂ ਇਹ ਅਜਿਹੀ ਜਗ੍ਹਾ ਹੈ ਜਿਥੇ ਆਜ਼ਾਦੀ ਲਹਿਰ ਦੀ ਯਾਦ ਵਿਚ ਕੌਮੀ ਤਿਰੰਗਾ ਲਹਿਰਾਇਆ ਜਾਂਦਾ ਹੈ। ਬਰਤਾਨਵੀ ਸ਼ਾਸਨ ਤੋਂ ਭਾਰਤ ਦੀ ਆਜ਼ਾਦੀ ਦਾ ਪਹਿਲਾ ਫਰਮਾਨ 1857 ਵਿਚ ਲਾਲ ਕਿਲ੍ਹੇ ਦੀ ਫਸੀਲ ਤੋਂ ਬਹਾਦਰ ਸ਼ਾਹ ਜ਼ਫ਼ਰ ਵੱਲੋਂ ਪੜ੍ਹ ਕੇ ਸੁਣਾਇਆ ਗਿਆ ਸੀ। ਕੁਝ ਦਹਾਕੇ ਬਾਅਦ ਇਸ ਆਖਰੀ ਮੁਗ਼ਲ ਬਾਦਸ਼ਾਹ ਦਾ ਮੁਕੱਦਮਾ ਵੀ ਲਾਲ ਕਿਲ੍ਹੇ ਵਿਚ ਚਲਾਇਆ ਗਿਆ ਸੀ।

ਉਧਰ, ਸੈਰ ਸਪਾਟੇ ਬਾਰੇ ਰਾਜ ਮੰਤਰੀ ਕੇ.ਜੀ. ਅਲਫੌਂਸ ਨੇ ਸਫਾਈ ਦਿੰਦਿਆਂ ਕਿਹਾ ਕਿ ਇਹ ਸਕੀਮ ਪਿਛਲੇ ਸਾਲ ਸ਼ੁਰੂ ਕੀਤੀ ਗਈ ਸੀ ਤੇ ਸਰਕਾਰ ਵਿਰਾਸਤੀ ਯਾਦਗਾਰਾਂ ਦੇ ਵਿਕਾਸ ਵਿਚ ਜਨਤਕ ਭਿਆਲੀ ਚਾਹੁੰਦੀ ਹੈ। ਇਨ੍ਹਾਂ ਪ੍ਰੋਜੈਕਟਾਂ ਵਿਚ ਸ਼ਾਮਲ ਹੋਣ ਵਾਲੀਆਂ ਕੰਪਨੀਆਂ ਪੈਸਾ ਖਰਚ ਕਰਨਗੀਆਂ ਨਾ ਕਿ ਕਮਾਈ ਕਰਨਗੀਆਂ।

ਯਾਦ ਰਹੇ ਡਾਲਮੀਆ ਦੀ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਪੰਜ ਸਾਲ ਤੱਕ ਉਸ ਦੀ ਲਾਲ ਕਿਲ੍ਹੇ ਉਤੇ ਮਾਲਕੀ ਰਹੇਗੀ ਤੇ ਇਸ ਅਰਸੇ ਦੌਰਾਨ ਇਥੇ ਹੋਣ ਵਾਲੇ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਮੌਕੇ ਲਾਲ ਕਿਲ੍ਹੇ ਨੂੰ ਬ੍ਰਾਂਡ ਨਾਮ ਦੇ ਤੌਰ 'ਤੇ ਵਰਤਣ ਦਾ ਅਖਤਿਆਰ ਹੋਵੇਗਾ। ਇਸ ਤੋਂ ਇਲਾਵਾ ਕੰਪਨੀ ਨੂੰ ਪ੍ਰਮੁਖਤਾ ਨਾਲ ਇਹ ਦਰਸਾਉਣ ਦਾ ਵੀ ਅਧਿਕਾਰ ਹੋਵੇਗਾ ਕਿ ਉਸ ਨੇ ਲਾਲ ਕਿਲ੍ਹੇ ਨੂੰ ਗੋਦ ਲਿਆ ਹੈ। ਕੰਪਨੀ ਲਾਲ ਕਿਲ੍ਹੇ ਦੇ ਆਸ-ਪਾਸ ਬੁਨਿਆਦੀ ਢਾਂਚੇ ਦਾ ਵਿਕਾਸ ਕਰੇਗੀ ਤੇ ਇਸ ਮੰਤਵ ਲਈ ਅਗਲੇ ਪੰਜ ਸਾਲਾਂ ਦੌਰਾਨ 25 ਕਰੋੜ ਰੁਪਏ ਖਰਚਣ ਦੀ ਵਚਨਬੱਧਤਾ ਦਰਸਾਈ ਗਈ ਹੈ।

**Punjab Times**
**Established in 2000**
**19th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਿਮਾਚਲੀ ਟਰਾਂਸਪੋਰਟਰਾਂ ਨੇ ਨਾ ਗਲਣ ਦਿੱਤੀ ਬਾਦਲਾਂ ਦੀ ਦਾਲ

**ਚੰਡੀਗੜ੍ਹ:** ਪੰਜਾਬ ਦੇ ਸਰਮਾਏਦਾਰ ਟਰਾਂਸਪੋਰਟਰ ਬਾਦਲ ਪਰਿਵਾਰ ਨਾਲ ਹਿਮਾਚਲ ਪ੍ਰਦੇਸ਼ ਵਿਚ ਮਾੜੀ ਹੋਈ ਹੈ। ਹਿਮਾਚਲ ਪ੍ਰਦੇਸ਼ ਦੇ ਕੁਝ ਹੰਢੇ ਹੋਏ ਟਰਾਂਸਪੋਰਟਰਾਂ ਨੇ ਬਾਦਲ ਪਰਿਵਾਰ ਦੇ 'ਦੇਵ ਭੂਮੀ' ਦੇ ਮੁੱਖ ਰੂਟਾਂ ਉਤੇ ਕਬਜ਼ਾ ਕਰਨ ਦੇ ਸੁਪਨੇ ਨੂੰ ਚਕਨਾਚੂਰ ਕਰ ਦਿੱਤਾ ਹੈ। ਇੰਨਾ ਹੀ ਨਹੀਂ ਪੂਰਾ ਇਕ ਦਹਾਕਾ ਪੰਜਾਬ ਉਤੇ ਰਾਜ ਕਰਨ ਵਾਲੇ ਬਾਦਲਾਂ ਨੂੰ ਵਿੱਤੀ ਸੱਟ ਵੀ ਮਾਰੀ ਹੈ।

ਜਿਵੇਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਸਾਰੇ ਮੁੱਖ ਪਰਮਿਟਾਂ 'ਤੇ ਬਾਦਲ ਪਰਿਵਾਰ ਦੀਆਂ ਬੱਸਾਂ ਚੱਲਦੀਆਂ ਹਨ ਤਿਵੇਂ ਹੀ ਬਾਦਲਾਂ ਨੇ ਹਿਮਾਚਲ ਪ੍ਰਦੇਸ਼ ਦੇ ਟਰਾਂਸਪੋਰਟ ਖੇਤਰ ਵਿਚ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ ਸੀ, ਜੋ ਨਾਕਾਮ ਰਹੀ। ਦਰਅਸਲ, ਬਾਦਲਾਂ ਨੇ ਮਨਾਲੀ ਤੋਂ ਚੰਡੀਗੜ੍ਹ ਤੇ ਦਿੱਲੀ ਆਦਿ ਰੂਟਾਂ 'ਤੇ ਚੱਲਦੀਆਂ ਕੁਝ ਪ੍ਰਾਈਵੇਟ ਬੱਸਾਂ ਤੇ ਪਰਮਿਟਾਂ ਨੂੰ ਖਰੀਦ ਲਿਆ ਸੀ। ਉਨ੍ਹਾਂ ਟਰਾਂਸਪੋਰਟਰਾਂ ਨਾਲ ਇਕਰਾਰਨਾਮਾ ਵੀ ਕਰ ਲਿਆ ਸੀ ਕਿ ਉਹ ਜਾਂ ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਮੁੜ ਤੋਂ ਇਸ ਧੰਦੇ ਵਿਚ ਸ਼ਾਮਲ ਨਹੀਂ ਹੋਣਗੇ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਹਿਮਾਚਲ ਦੇ ਵੱਖ-ਵੱਖ ਟਰਾਂਸਪੋਰਟਰਾਂ ਨੂੰ ਬਾਦਲਾਂ ਨੇ ਤਕਰੀਬਨ 10 ਕਰੋੜ ਦੀ ਅਦਾਇਗੀ ਵੀ ਕਰ ਦਿੱਤੀ ਸੀ ਪਰ ਉਨ੍ਹਾਂ ਟਰਾਂਸਪੋਰਟਰਾਂ ਨੇ ਹੋਰ ਨਾਂ ਹੇਠ ਬਾਦਲ ਟਰਾਂਸਪੋਰਟ ਵਿਕਸਤ ਹੋਣ ਤੋਂ ਪਹਿਲਾਂ ਹੀ ਆਪਣੀਆਂ ਹੋਰ ਬੱਸਾਂ ਪਾ ਲਈਆਂ।

ਹਿਮਾਚਲੀ ਟਰਾਂਸਪੋਰਟਰਾਂ ਦੀ ਇਸ ਚਾਲ ਨੇ ਬਾਦਲਾਂ ਦੇ ਸੁਪਨਮਈ ਪ੍ਰੋਜੈਕਟ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸ ਤੋਂ ਬਾਅਦ ਉਹ ਵਾਪਸ ਪੰਜਾਬ ਹੀ ਪਰਤ ਆਏ। ਸਾਲ 2007 ਤੋਂ ਬਾਅਦ ਆਪਣੀ ਸਰਕਾਰ ਦੌਰਾਨ ਚੰਡੀਗੜ੍ਹ 'ਚ ਆਪਣੀਆਂ ਬੱਸਾਂ ਦੇ ਦਾਖਲੇ ਲਈ ਬਾਦਲਾਂ ਨੇ ਵਿਸ਼ੇਸ਼ ਅਨਟੈਗਰਲ ਕੋਚ ਨੀਤੀ ਲਾਗੂ ਕਰਵਾਈ ਸੀ ਜਿਸ ਤੋਂ ਬਾਅਦ ਧੜਾਧੜ ਲਗਜ਼ਰੀ ਬੱਸਾਂ ਪੂਰੇ ਪੰਜਾਬ 'ਚ ਦੌੜਨ ਲੱਗੀਆਂ ਜਿਨ੍ਹਾਂ ਵਿਚ ਜ਼ਿਆਦਾਤਰ ਬਾਦਲ ਪਰਿਵਾਰ ਦੀਆਂ ਹੀ ਹਨ। ਪੰਜਾਬ 'ਚ ਸੌਖਿਆਂ ਹੀ ਆਪਣਾ ਟਰਾਂਸਪੋਰਟ ਸਾਮਰਾਜ ਖੜ੍ਹਾ ਕਰ ਚੁੱਕੇ ਬਾਦਲਾਂ ਦੀ ਹਿਮਾਚਲ ਪ੍ਰਦੇਸ਼ 'ਚ ਦਾਲ ਨਹੀਂ ਗਲੀ।

## ਅਰਥ ਸ਼ਾਸਤਰੀ ਅਸ਼ੋਕ ਮਿੱਤਰਾ ਨਹੀਂ ਰਹੇ

**ਕੋਲਕਾਤਾ:** ਪ੍ਰਸਿੱਧ ਵਿਦਵਾਨ ਤੇ ਪੱਛਮੀ ਬੰਗਾਲ ਦੀ ਖੱਬੇਪੱਖੀ ਸਰਕਾਰ ਦੇ ਸਾਬਕਾ ਵਿੱਤ ਮੰਤਰੀ ਅਸ਼ੋਕ ਮਿੱਤਰਾ ਦਾ ਦੇਹਾਂਤ ਹੋ ਗਿਆ। ਉਹ 90 ਸਾਲਾਂ ਦੇ ਸਨ। ਸ੍ਰੀ ਮਿੱਤਰਾ ਨੂੰ ਹੈਜ਼ਾ ਹੋਣ ਕਾਰਨ ਮਹੀਨਾ ਮਹਿਲਾਂ ਇਥੋਂ ਦੇ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਸੀ।

# ਬੱਸ ਡਰਾਈਵਰ ਦਾ ਮੁੰਡਾ ਬਣਿਆ ਬਰਤਾਨੀਆ ਦਾ ਗ੍ਰਹਿ ਮੰਤਰੀ

**ਲੰਡਨ:** ਐਂਬਰ ਰੁੱਡ ਵੱਲੋਂ ਅਸਤੀਫਾ ਦਿੱਤੇ ਜਾਣ ਤੋਂ ਬਾਅਦ ਪਾਕਿਸਤਾਨੀ ਮੂਲ ਦੇ ਸੰਸਦ ਮੈਂਬਰ ਸਾਜਿਦ ਜਾਵਿਦ ਨੂੰ ਬਰਤਾਨੀਆ ਦਾ ਨਵਾਂ ਗ੍ਰਹਿ ਮੰਤਰੀ ਨਿਯੁਕਤ ਕੀਤਾ ਗਿਆ ਹੈ। ਐਂਬਰ ਰੁੱਡ ਨੇ ਪਰਵਾਸੀਆਂ ਨੂੰ ਵਾਪਸ ਭੇਜਣ ਦੇ ਟੀਚਿਆਂ ਦੀ ਸੱਚਾਈ ਨੂੰ ਲੈ ਕੇ ਸੰਸਦ ਨੂੰ ਅਨਜਾਣੇ 'ਚ ਗੁੰਮਰਾਹ ਕਰਨ ਦੀ ਗੱਲ ਮੰਨਦਿਆਂ ਅਸਤੀਫਾ ਦੇ ਦਿੱਤਾ ਹੈ। ਸਾਜਿਦ ਜਾਵਦ ਪਾਕਿਸਤਾਨੀ ਬੱਸ ਡਰਾਈਵਰ ਦਾ ਬੇਟਾ ਹੈ, ਜੋ 1960 'ਚ ਬਰਤਾਨੀਆ ਆਏ ਸੀ। ਜਾਵੇਦ ਨੂੰ ਭਾਈਚਾਰੇ, ਸਥਾਨਕ ਸਰਕਾਰਾਂ ਤੇ ਆਵਾਸ ਮਾਮਲਿਆਂ ਬਾਰੇ ਮੰਤਰੀ ਦੇ ਅਹੁਦੇ ਤੋਂ ਤਰੱਕੀ ਦਿੱਤੀ ਗਈ ਹੈ।

48 ਸਾਲਾ ਜਾਵੇਦ ਬਰਤਾਨੀਆ ਵਿਚ ਇਹ ਅਹੁਦਾ ਹਾਸਲ ਕਰਨ ਵਾਲਾ ਪਹਿਲਾ ਦੱਖਣੀ ਏਸ਼ੀਆ ਮੂਲ ਦਾ ਸੰਸਦ ਮੈਂਬਰ ਬਣ ਗਿਆ ਹੈ। ਡਾਊਨਿੰਗ ਸਟਰੀਟ ਨੇ ਇਕ ਬਿਆਨ ਵਿਚ ਦੱਸਿਆ, 'ਸੰਸਦ ਮੈਂਬਰ ਸਾਜਿਦ ਜਾਵੇਦ ਨੂੰ ਗ੍ਰਹਿ ਵਿਭਾਗ ਦੀ ਜ਼ਿੰਮੇਵਾਰੀ ਦੇ ਕੇ ਮਹਾਰਾਣੀ ਮਾਣ ਮਹਿਸੂਸ ਕਰ ਰਹੀ ਹੈ।' ਇਸ ਨਿਯੁਕਤੀ ਨੂੰ ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਵੱਲੋਂ ਕਥਿਤ ਵਿੰਡਰਸ਼ ਘਪਲੇ ਕਾਰਨ ਹੋਏ ਵਿਵਾਦ ਨੂੰ ਘਟਾਉਣ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ, ਜਿਸ 'ਚ ਜਮਾਇਕਾ ਤੋਂ ਰਾਸ਼ਟਰ ਮੰਡਲ ਮੁਲਕਾਂ ਦੇ ਨਾਗਰਿਕਾਂ ਨਾਲ ਗੈਰ ਬਰਾਬਰੀ ਵਾਲਾ ਵਿਹਾਰ ਕੀਤਾ ਗਿਆ ਸੀ। ਜਨਾਬ ਜਾਵੇਦ ਨੇ ਕਿਹਾ ਕਿ ਜਦੋਂ ਉਸ ਨੂੰ ਇਸ ਨਿਯੁਕਤੀ ਦਾ ਪਤਾ ਲੱਗਾ ਤਾਂ ਉਸ ਨੂੰ ਬਹੁਤ ਖੁਸ਼ੀ ਹੋਈ। ਉਹ ਇਥੇ ਪਰਵਾਸੀਆਂ ਦੀ ਦੂਜੀ ਪੀੜ੍ਹੀ ਹੈ।

# ਸੁਪਰੀਮ ਕੋਰਟ ਵੱਲੋਂ ਹਰਿਆਣਾ ਸਰਕਾਰ ਦੀ ਝਾੜ-ਝੰਬ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਹਰਿਆਣਾ ਸਰਕਾਰ ਦੀ ਖੂਬ ਝਾੜ-ਝੰਬ ਕਰਦਿਆਂ ਆਖਿਆ ਕਿ ਤੁਸੀਂ ਲੋਕਾਂ ਨੂੰ 'ਮੂਰਖ' ਨਹੀਂ ਬਣਾ ਸਕਦੇ ਅਤੇ ਜੇ ਤੁਸੀਂ ਸੱਤਾ ਵਿਚ ਹੋ ਤਾਂ ਸਭ ਕਾਸੇ ਲਈ ਉਨ੍ਹਾਂ ਸਿਰ ਹੀ ਦੋਸ਼ ਨਹੀਂ ਮੜ੍ਹ ਸਕਦੇ। ਸੁਪਰੀਮ ਕੋਰਟ ਨੇ ਇਹ ਟਿੱਪਣੀਆਂ ਹਰਿਆਣਾ ਸਰਕਾਰ ਵੱਲੋਂ ਮਾਈਨਿੰਗ ਲਈ ਮਹਿਜ਼ 141.76 ਹੈਕਟੇਅਰ ਜ਼ਮੀਨ ਹੋਣ ਦੇ ਬਾਵਜੂਦ 558.53 ਹੈਕਟੇਅਰ ਜ਼ਮੀਨ ਨੀਲਾਮ ਕੀਤੇ ਜਾਣ ਉਤੇ ਕੀਤੀਆਂ।

ਸੁਪਰੀਮ ਕੋਰਟ ਦੇ ਜਸਟਿਸ ਮਦਨ ਬੀ. ਲੋਕੁਰ ਤੇ ਜਸਟਿਸ ਦੀਪਕ ਗੁਪਤਾ ਨੇ ਇਸ਼ਤਿਹਾਰ ਵਿਚ ਦੱਸੇ ਗਏ ਤੇ ਅਸਲ ਰਕਬੇ ਵਿਚ ਭਾਰੀ ਫਰਕ ਹੋਣ ਕਾਰਨ ਸਖਤ ਨਾਖੁਸ਼ੀ ਜ਼ਾਹਰ ਕੀਤੀ। ਬੈਂਚ ਨੇ ਕਿਹਾ ਕਿ ਇਸ ਲਈ ਪਟੀਸ਼ਨਰ ਫਰਮ ਨੂੰ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਵਾਪਸ ਮੋੜੀ ਜਾਵੇ ਅਤੇ ਇਸ 'ਤੇ ਜਮ੍ਹਾਂ ਕਰਾਉਣ ਦੀ ਤਰੀਕ ਤੋਂ ਵਾਪਸੀ ਦੀ ਤਰੀਕ ਤੱਕ 9 ਫੀਸਦੀ ਸਾਲਾਨਾ ਵਿਆਜ ਅਦਾ ਕੀਤਾ ਜਾਵੇ। ਗੌਰਤਲਬ ਹੈ ਕਿ ਫਰਮ ਨੇ ਇਸ ਮਸਲੇ ਕਾਰਨ ਕਰਨਾਲ ਜ਼ਿਲ੍ਹੇ ਵਿਚਲੀ ਇਸ ਜ਼ਮੀਨ ਦਾ ਕਬਜ਼ਾ ਲੈਣ ਤੋਂ ਨਾਂਹ ਕਰ ਦਿੱਤੀ ਸੀ।

## ਜਹਾਜ਼ 'ਚ ਵਾਈ ਫਾਈ ਦੇ ਇਸਤੇਮਾਲ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਹਵਾਈ ਯਾਤਰੀ ਹੁਣ ਯਾਤਰਾ ਕਰਦੇ ਸਮੇਂ ਵਾਈ ਫਾਈ ਕੁਨੈਕਸ਼ਨਾਂ ਤੱਕ ਪਹੁੰਚ ਬਣਾ ਸਕਣਗੇ ਕਿਉਂਕਿ ਟੈਲੀਕਾਮ ਕਮਿਸ਼ਨ ਨੇ ਇਸ ਸਬੰਧੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਸੁਰੇਸ਼ ਪ੍ਰਭੂ ਨੇ ਟੈਲੀਕਾਮ ਕਮਿਸ਼ਨ ਦੇ ਫੈਸਲੇ ਦਾ ਐਲਾਨ ਕਰਦਿਆਂ ਕਿਹਾ ਕਿ ਭਵਿੱਖ ਵਿਚ ਹਵਾਈ ਯਾਤਰੀਆਂ ਲਈ ਉਤਸ਼ਾਹ ਵਾਲਾ ਸਮਾਂ ਆ ਰਿਹਾ ਹੈ ਕਿਉਂਕਿ ਟੈਲੀਕਾਮ ਕਮਿਸ਼ਨ ਨੇ ਭਾਰਤੀ ਪੁਲਾੜ ਉਪਰ ਡਾਟਾ ਅਤੇ ਮੋਬਾਈਲ (ਵਾਇਸ) ਸੇਵਾਵਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

# ਸਿਆਸੀ ਧਿਰਾਂ ਨੇ ਮੁੜ ਕੀਤੇ ਕਮਰਕੱਸੇ

*(ਸਫਾ ਇਕ ਦੀ ਬਾਕੀ)*

ਜ਼ਿਮਨੀ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਹਿਲੀ ਵਾਰੀ ਆਹਮੋ-ਸਾਹਮਣੇ ਹੋਣਗੇ। ਅਹਿਮ ਤੱਥ ਇਹ ਹੈ ਕਿ ਸ. ਕੋਹਾੜ ਦੀ ਮੌਜੂਦਗੀ ਕਾਰਨ ਅਕਾਲੀ ਦਲ ਹਮੇਸ਼ਾ ਇਸ ਖੇਤਰ ਵਿਚ ਆਪਣੇ ਆਪ ਨੂੰ ਪੱਕੇ ਪੈਰੀਂ ਸਮਝਦਾ ਆ ਰਿਹਾ ਸੀ ਪਰ ਹੁਣ ਪਾਰਟੀ ਲਈ ਕਈ ਚੁਣੌਤੀਆਂ ਖੜ੍ਹੀਆਂ ਹੋ ਗਈਆਂ ਹਨ। ਗੁਰਦਾਸਪੁਰ ਸੰਸਦੀ ਹਲਕੇ ਦੀ ਛੇ ਕੁ ਮਹੀਨੇ ਪਹਿਲਾਂ ਹੋਈ ਚੋਣ ਵਿਚ ਭਾਜਪਾ ਉਮੀਦਵਾਰ ਦੀ ਹਾਰ ਕਾਰਨ ਪਾਰਟੀ ਆਗੂਆਂ ਨੂੰ ਨਮੋਸ਼ੀ ਝੱਲਣੀ ਪਈ ਸੀ ਪਰ ਸਾਰਾ ਠੀਕਰਾ ਭਾਈਵਾਲ ਪਾਰਟੀ 'ਤੇ ਭੰਨ ਦਿੱਤਾ ਗਿਆ ਸੀ। ਸੂਬੇ ਵਿਚ ਕੈਪਟਨ ਸਰਕਾਰ ਪ੍ਰਤੀ ਲੋਕਾਂ ਦੀ ਨਿਰਾਸ਼ਾ ਤਾਂ ਦਿਖਾਈ ਦੇ ਰਹੀ ਹੈ ਪਰ ਹਾਲ ਦੀ ਘੜੀ ਉਨ੍ਹਾਂ ਨੂੰ ਕੋਈ ਸਿਆਸੀ ਚੁਣੌਤੀ ਨਜ਼ਰ ਨਹੀਂ ਆਉਂਦੀ। ਇਸ ਕਰ ਕੇ ਹਾਕਮ ਧਿਰ ਦਹਾਕਿਆਂ ਬਾਅਦ ਸ਼ਾਹਕੋਟ ਵਿਚ ਅਕਾਲੀਆਂ ਨੂੰ ਹਰਾਉਣ ਦਾ ਮੌਕਾ ਮੰਨ ਰਹੀ ਹੈ। ਉਧਰ, ਅਕਾਲੀ ਦਲ ਦਾ ਦਾਅਵਾ ਹੈ ਕਿ ਪਾਰਟੀ ਦਾ ਇਸ ਹਲਕੇ ਵਿਚ ਮਜ਼ਬੂਤ ਆਧਾਰ ਹੈ ਤੇ ਕਾਂਗਰਸ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ ਹੈ। ਦੱਸ ਦਈਏ ਕਿ ਇਸ ਵਿਧਾਨ ਸਭਾ ਹਲਕੇ ਦਾ ਪਹਿਲਾ ਨਾਮ ਲੋਹੀਆਂ ਸੀ ਤੇ ਹਲਕਿਆਂ ਦੀ ਨਵੀਂ ਬਣਤਰ (ਡੀਲੀਮਿਟੇਸ਼ਨ) ਤੋਂ ਬਾਅਦ 2012 ਦੀਆਂ ਚੋਣਾਂ ਦੌਰਾਨ ਸ਼ਾਹਕੋਟ ਹਲਕਾ ਹੋਂਦ ਵਿਚ ਆਇਆ ਸੀ। ਸ. ਕੋਹਾੜ ਨੇ ਸਾਲ 2007 ਅਤੇ 2012 ਦੀਆਂ ਚੋਣਾਂ ਦੌਰਾਨ ਵੀ ਇਸ ਹਲਕੇ ਤੋਂ ਜਿੱਤ ਕੇ ਦੁਆਬੇ ਵਿਚ ਅਕਾਲੀ ਦਲ ਦੀ ਲਾਜ ਰੱਖੀ ਸੀ।

# ਕਸ਼ਮੀਰੀ ਨੌਜਵਾਨਾਂ ਦਾ ਅਤਿਵਾਦੀ ਸੰਗਠਨਾਂ ਵੱਲ ਝੁਕਾਅ ਵਧਿਆ

**ਸ੍ਰੀਨਗਰ:** ਫੌਜ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਬੀਤੇ ਸਾਲ ਤੋਂ ਚਲਾਏ ਜਾ ਰਹੇ ਅਤਿਵਾਦ ਵਿਰੁੱਧ ਉਪਰੇਸ਼ਨ 'ਆਲ ਆਊਟ' ਕਾਰਨ ਜਿਥੇ 200 ਦੇ ਕਰੀਬ ਅਤਿਵਾਦੀ ਮਾਰੇ ਗਏ ਉਥੇ ਕਸ਼ਮੀਰ ਵਿਚ ਪੜ੍ਹੇ ਲਿਖੇ ਨੌਜਵਾਨਾਂ ਦਾ ਅਤਿਵਾਦ ਵੱਲ ਪ੍ਰੇਰਿਤ ਹੋਣ ਦਾ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਇਹ ਸੁਰੱਖਿਆ ਏਜੰਸੀਆਂ ਲਈ ਚੁਣੌਤੀ ਬਣਿਆ ਹੋਇਆ ਹੈ।

ਸੂਤਰਾਂ ਮੁਤਾਬਕ ਅਪਰੈਲ ਮਹੀਨੇ ਵਿਚ ਦੱਖਣੀ ਕਸ਼ਮੀਰ ਦੇ 28 ਹੋਰ ਨੌਜਵਾਨ ਅਤਿਵਾਦ ਦੇ ਰਾਹ ਪੈ ਗਏ। ਸੁਰੱਖਿਆ ਏਜੰਸੀਆਂ ਵੱਲੋਂ ਇਕੱਠੇ ਕੀਤੇ ਅੰਕੜਿਆਂ ਅਨੁਸਾਰ ਪੁਲਵਾਮਾ, ਸ਼ੋਪੀਆਂ ਅਤੇ ਕੁਲਗਾਮ ਜ਼ਿਲ੍ਹਿਆਂ ਦੇ 28 ਨੌਜਵਾਨਾਂ ਨੇ ਅਪਰੈਲ ਮਹੀਨੇ ਦੌਰਾਨ ਅਤਿਵਾਦੀ ਸੰਗਠਨਾਂ 'ਚ ਸ਼ਮੂਲੀਅਤ ਕਰ ਲਈ। ਇਨ੍ਹਾਂ ਵਿਚ ਸਭ ਤੋਂ ਵਧ ਨੌਜਵਾਨ ਪੁਲਵਾਮਾ ਜ਼ਿਲ੍ਹੇ ਨਾਲ ਸਬੰਧਤ ਹਨ। ਸਭ ਤੋਂ ਵਧ ਨੌਜਵਾਨ ਹਿਜ਼ਬੁਲ ਮੁਜਾਹਦੀਨ ਅਤੇ ਜੈਸ਼-ਏ-ਮੁਹੰਮਦ ਅਤਿਵਾਦੀ ਸੰਗਠਨਾਂ 'ਚ ਸ਼ਾਮਲ ਹੋਏ ਦੱਸੇ ਜਾਂਦੇ ਹਨ। ਕਸ਼ਮੀਰ ਵਿਚ ਅਤਿਵਾਦ ਦੇ ਚਲਦੇ ਪਿਛਲੇ 20 ਸਾਲਾਂ ਦੌਰਾਨ ਇਹ ਪਹਿਲੀ ਵਾਰ ਹੈ ਕਿ ਇਕ ਮਹੀਨੇ ਦੌਰਾਨ ਇੰਨੀ ਗਿਣਤੀ (28) 'ਚ ਨੌਜਵਾਨ ਅਤਿਵਾਦੀ ਬਣ ਗਏ।

## ਉਘੀ ਰੰਗਕਰਮੀ ਮਦੀਹਾ ਗੌਹਰ ਦਾ ਦੇਹਾਂਤ

**ਲਾਹੌਰ:** ਉਘੀ ਪਾਕਿਸਤਾਨੀ ਨਾਟਕਕਾਰ ਤੇ ਅਜੋਕਾ ਥੀਏਟਰ ਗਰੁੱਪ ਦੀ ਬਾਨੀ ਮਦੀਹਾ ਗੌਹਰ ਦਾ ਦੇਹਾਂਤ ਹੋ ਗਿਆ ਹੈ। ਬੀਬੀ ਗੌਹਰ ਤਿੰਨ ਸਾਲਾਂ ਤੋਂ ਕੈਂਸਰ ਨਾਲ ਜੂਝ ਰਹੀ ਸੀ। ਉਨ੍ਹਾਂ ਦੇ ਗਰੁੱਪ ਅਜੋਕਾ ਦੇ ਮਸ਼ਹੂਰ ਨਾਟਕਾਂ ਵਿਚ 'ਟੋਭਾ ਟੇਕ ਸਿੰਘ', 'ਏਕ ਥੀ ਨਾਨੀ', ਬੁੱਲ੍ਹਾ, ਮੇਰਾ ਰੰਗ ਦੇ ਬਸੰਤੀ ਚੋਲਾ, ਦਾਰਾ, ਕੌਨ ਹੈ ਯੇ ਗੁਸਤਾਖ ਅਤੇ ਲੋ ਫਿਰ ਬਸੰਤ ਆਈ' ਸ਼ਾਮਲ ਹਨ। 2006 ਵਿਚ ਗੌਹਰ ਨੂੰ ਵੱਕਾਰੀ ਪ੍ਰਿੰਸ ਕਲੌਜ਼ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।

# ਹੁਣ ਇਤਿਹਾਸ ਪੁਸਤਕ ਨੇ ਪਾਇਆ ਵਖਤ

*(ਸਫਾ ਇਕ ਦੀ ਬਾਕੀ)*

ਤਿੰਨ ਲੇਖਾਂ ਰਾਹੀਂ ਵਿਦਿਆਰਥੀਆਂ ਨੂੰ ਪੰਜਾਬ ਦੇ ਇਤਿਹਾਸ, ਭੂਗੋਲਿਕ, ਰਾਜਸੀ, ਸਮਾਜਿਕ ਤੇ ਆਰਥਿਕ ਵਿਕਾਸ ਬਾਰੇ ਜਾਣਕਾਰੀ ਮਿਲਦੀ ਸੀ। ਇਸ ਤੋਂ ਅਗਲੇ 7 ਚੈਪਟਰਾਂ ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖ ਪੰਥ ਦੀ ਸਾਜਨਾ ਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਸੀ। ਇਸ ਤੋਂ ਅਗਲੇ 13 ਚੈਪਟਰਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ, ਮੁਗਲ ਹੁਕਮਰਾਨਾਂ ਦੇ ਸਿੱਖਾਂ ਨਾਲ ਉਨ੍ਹਾਂ ਦੇ ਸਬੰਧ, ਦਲ ਖਾਲਸਾ, ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਤੇ ਸਿੱਖ ਰਾਜ ਅਤੇ ਪਹਿਲੇ ਤੇ ਦੂਜੇ ਸਿੱਖ ਯੁੱਧਾਂ ਦਾ ਵਰਨਣ ਦਿੱਤਾ ਗਿਆ ਸੀ, ਪਰ ਦੋਸ਼ ਹੈ ਕਿ ਬੋਰਡ ਵੱਲੋਂ 11ਵੀਂ ਤੇ 12ਵੀਂ ਜਮਾਤ ਦੀਆਂ ਪਾਠ ਪੁਸਤਕਾਂ ਦੀ ਨਵੀਂ ਵਿਉਂਤਬੰਦੀ ਕਰਦਿਆਂ 12ਵੀਂ ਜਮਾਤ ਦੀ 'ਪੰਜਾਬ ਦੇ ਇਤਿਹਾਸ' ਸਿਰਲੇਖ ਨੂੰ ਅਡੋਪਲੇ ਜਿਹੇ ਸਾਧਾਰਨ 'ਇਤਿਹਾਸ' ਵਿਚ ਬਦਲ ਦਿੱਤਾ ਗਿਆ ਹੈ। ਦੋਸ਼ ਹਨ ਕਿ ਸਿੱਖ ਗੁਰੂਆਂ, ਸਿੱਖ ਯੋਧਿਆਂ ਤੇ ਪੰਜਾਬ ਦੇ ਅਹਿਮ ਇਤਿਹਾਸਕ ਤੱਥਾਂ ਬਾਰੇ ਜਾਣਕਾਰੀ ਦੇਣ ਵਾਲੇ 23 ਚੈਪਟਰਾਂ ਨੂੰ 12ਵੀਂ ਜਮਾਤ ਦੀ ਇਤਿਹਾਸ ਦੀ ਕਿਤਾਬ ਵਿਚੋਂ ਗਾਇਬ ਕਰ ਦਿੱਤਾ ਗਿਆ ਅਤੇ ਇਸ ਦੀ ਥਾਂ ਸਿੱਖ ਇਤਿਹਾਸ ਬਾਰੇ ਅੱਧੇ ਪੰਨੇ ਉਤੇ ਜਾਣਕਾਰੀ ਦਿੱਤੀ ਗਈ ਹੈ।

## ਸ਼ਰਧਾਲੂਆਂ ਨਾਲ ਭਰੀ ਗੱਡੀ ਖੱਡ 'ਚ ਡਿੱਗੀ, ਛੇ ਮੌਤਾਂ

**ਊਨਾ:** ਪੰਜਾਬ ਤੋਂ ਸ਼ਰਧਾਲੂਆਂ ਦੀ ਭਰੀ ਗੱਡੀ ਬੇਕਾਬੂ ਹੋ ਕੇ ਡੂੰਘੀ ਖੱਡ ਵਿਚ ਡਿੱਗਣ ਕਾਰਨ ਚਾਰ ਮਹਿਲਾਵਾਂ ਸਣੇ ਛੇ ਲੋਕਾਂ ਦੀ ਮੌਤ ਹੋ ਗਈ ਜਦਕਿ ਦੋ ਬੱਚਿਆਂ ਤੇ ਚਾਰ ਮਹਿਲਾਵਾਂ ਸਮੇਤ ਕੁੱਲ ਦਸ ਵਿਅਕਤੀ ਜ਼ਖਮੀ ਹੋ ਗਏ। ਕੁਆਲਿਸ ਗੱਡੀ 'ਚ ਡਰਾਈਵਰ ਸਮੇਤ 16 ਜਣੇ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਪਿੰਡਾਂ ਤੋਂ ਡੇਰਾ ਬਾਬਾ ਬੜਭਾਗ ਸਿੰਘ ਮੱਥਾ ਟੇਕਣ ਲਈ ਪਹੁੰਚੇ ਸਨ। ਮੱਥਾ ਟੇਕਣ ਮਗਰੋਂ ਇਹ ਜਥਾ ਵਾਪਸ ਆ ਰਿਹਾ ਸੀ ਕਿ ਗੱਡੀ ਨਹਿਰੀਆਂ ਨੇੜੇ ਬੇਕਾਬੂ ਹੋ ਕੇ ਡੂੰਘੀ ਖੱਡ ਵਿਚ ਜਾ ਡਿੱਗੀ। ਸਥਾਨਕ ਲੋਕਾਂ ਤੇ ਰਾਹਤ ਕਰਮੀਆਂ ਦੀ ਟੀਮ ਨੇ ਗੱਡੀ ਵਿਚੋਂ ਜ਼ਖਮੀਆਂ ਅਤੇ ਲਾਸ਼ਾਂ ਨੂੰ ਬਾਹਰ ਕੱਢਿਆ। ਹਾਦਸੇ 'ਚ ਕਸ਼ਮੀਰ ਕੌਰ, ਸਵਿੰਦਰ ਸਿੰਘ, ਹਰਦੀਪ ਸਿੰਘ, ਹਰਜਿੰਦਰ ਕੌਰ ਤੇ ਦੋ ਹੋਰ ਔਰਤਾਂ ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ, ਦੀ ਮੌਤ ਹੋ ਗਈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੰਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬਾਦਲ ਦੀਆਂ ਹਦਾਇਤਾਂ ‘ਤੇ ਹੋਇਆ ਸੀ ਬਹਿਬਲ ਕਲਾਂ ਕਾਂਡ

## ਜਸਟਿਸ ਰਣਜੀਤ ਸਿੰਘ ਕਮਿਸ਼ਨ ਵੱਲੋਂ ਦਾਅਵਾ



**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਵਾਪਰੀਆਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਤੇ ਪੁਲਿਸ ਕਾਰਵਾਈ ‘ਚ ਹੋਈਆਂ ਮੌਤਾਂ ਦੇ ਕੇਸਾਂ ਦੀ ਜਾਂਚ ਕਰ ਰਹੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕੋਟਕਪੂਰਾ ਨੇੜਲੇ ਪਿੰਡ ਬਹਿਬਲ ਕਲਾਂ ਵਿਚ ਰੋਸ ਪ੍ਰਗਟਾਅ ਰਹੇ ਸਿੱਖਾਂ ਉਤੇ ਪੁਲਿਸ ਫਾਇਰਿੰਗ ਦੀ ਘਟਨਾ ਤੋਂ ਪਹਿਲਾਂ ਦੇ ਹਾਲਾਤ ਦੀ ਪੂਰੀ ਜਾਣਕਾਰੀ ਸੀ ਤੇ ਉਨ੍ਹਾਂ ਸਥਿਤੀ ਨਾਲ ਨਜਿੱਠਣ ਲਈ ‘ਕੁਝ ਹਦਾਇਤਾਂ‘ ਦਿੱਤੀਆਂ ਸਨ। ਕਮਿਸ਼ਨ ਨੇ ਇਹ ਦਰਜ ਕੀਤਾ ਹੈ ਕਿ ਇਹ ਹਦਾਇਤਾਂ ਡੀ.ਜੀ.ਪੀ. ਰਾਹੀਂ ਦਿੱਤੀਆਂ ਗਈਆਂ ਸਨ।

ਇਸ ਅਨੁਸਾਰ 14 ਅਕਤੂਬਰ 2015 ਨੂੰ ਸਵੇਰ 6 ਵਜੇ ਤੋਂ ਸਵੇਰੇ 7 ਵਜੇ ਦਰਮਿਆਨ ਫਾਇਰਿੰਗ ਹੋਈ ਸੀ।

ਕਮਿਸ਼ਨ ਕੋਲ ਪੇਸ਼ ਕੀਤੇ ਗਏ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਦੇ ਦਫਤਰ ਨਾਲ ਪੁਲਿਸ ਕਾਰਵਾਈ ਤੋਂ ਪਹਿਲਾਂ ਅੱਧੀ ਰਾਤ ਦੇ ਵਕਤ ਰਾਬਤਾ ਕੀਤਾ ਗਿਆ ਸੀ। ਕਮਿਸ਼ਨ ਸਾਹਮਣੇ ਇਹ ਸਬੂਤ ਵੀ ਪੇਸ਼ ਕੀਤੇ ਗਏ ਹਨ ਕਿ ਸਬੰਧਤ ਹਲਕੇ ਦੇ ਤਤਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੇ ਆਪ ਜਾਂ ਆਪਣੇ ਸਕੱਤਰ ਗਗਨਦੀਪ ਬਰਾੜ ਰਾਹੀਂ ਸ੍ਰੀ ਬਾਦਲ ਨਾਲ ਸੰਪਰਕ ਕੀਤਾ ਸੀ। ਉਸ ਨੇ ਡਿਪਟੀ ਕਮਿਸ਼ਨਰ ਫਰੀਦਕੋਟ ਨਾਲ 14 ਅਕਤੂਬਰ 2015 ਨੂੰ ਰਾਤੀਂ 1.51 ਮਿੰਟ ਤੋਂ ਲੈ ਕੇ ਕੁੱਲ 21 ਐਸ.ਐਮ.ਐਸ. ਦਾ ਤਬਾਦਲਾ ਕੀਤਾ ਸੀ। ਇਸ ਦੌਰਾਨ ਗਗਨਦੀਪ ਬਰਾੜ ਦੀ ਵੀ ਡਿਪਟੀ ਕਮਿਸ਼ਨਰ ਨਾਲ ਗੱਲ ਹੋਈ ਸੀ ਤੇ ਮਨਤਾਰ ਬਰਾੜ ਤੇ ਗਗਨਦੀਪ ਬਰਾੜ ਵਿਚਾਲੇ ਵੀ ਸਵੇਰੇ 2.28 ਵਜੇ ਤੋਂ ਲੈ ਕੇ 3.11 ਵਜੇ ਤੱਕ ਚਾਰ ਵਾਰ ਗੱਲ ਹੋਈ ਸੀ। ਪ੍ਰਤੀਤ ਹੁੰਦਾ ਹੈ ਕਿ ਕਮਿਸ਼ਨ ਨੂੰ ਉਪਲਬਧ ਹੋਏ ਰਿਕਾਰਡ ਪਹਿਲਾਂ ਹੀ ਉਸ ਵੇਲੇ ਦੇ ਮੁੱਖ ਮੰਤਰੀ ਦੇ ਧਿਆਨ ਵਿਚ ਲਿਆ ਦਿੱਤਾ ਗਿਆ ਸੀ ਤਾਂ ਕਿ ਉਹ ਇਸ ਦਾ ਜਵਾਬ ਦੇ ਸਕਣ।

ਨੋਟਿਸ ਵਿਚ ਮੁੱਖ ਮੰਤਰੀ ਦੇ ਸਟਾਫ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਰਮਿਆਨ ਹੋਈਆਂ ਕਾਲਾਂ ਦੇ ਵੇਰਵੇ ਵੀ ਮੁਹੱਈਆ ਕਰਵਾਏ ਗਏ ਸਨ। ਸ੍ਰੀ ਬਾਦਲ ਨੇ ਨੋਟਿਸ ਵਿਚ ਮੰਗੀ ਜਾਣਕਾਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਹੈ ਤੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਕਮਿਸ਼ਨ ਨੂੰ ਰੱਦ ਕਰਦੀ ਹੈ।

ਕਮਿਸ਼ਨ ਨੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਉਨ੍ਹਾਂ ਦਾਅਵਿਆਂ ਦਾ ਵੀ ਨੋਟਿਸ ਲਿਆ ਸੀ ਜਿਨ੍ਹਾਂ ਵਿਚ ਉਨ੍ਹਾਂ ਕਿਹਾ ਸੀ ਕਿ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੋਈ ਅੰਤਰਰਾਸ਼ਟਰੀ ਸਾਜਿਸ਼ ਕੰਮ ਕਰਦੀ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਜਾਂ ਤਾਂ ਝੂਠ ਬੋਲ ਰਹੇ ਸਨ ਜਾਂ ਫਿਰ ਜਾਣਕਾਰੀ ਛੁਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਇਸ ਕਰ ਕੇ ਉਨ੍ਹਾਂ ਖਿਲਾਫ਼ ਆਈ.ਪੀ.ਸੀ. ਦੀ ਧਾਰਾ 176 ਤੇ 177 ਤਹਿਤ ਕਾਰਵਾਈ ਹੋ ਸਕਦੀ ਹੈ।

### ਬਾਦਲ ਵੱਲੋਂ ਬਦਲਾਖੋਰੀ ਦੀ ਸਿਆਸਤ ਦਾ ਰਾਗ

**ਚੰਡੀਗੜ੍ਹ:** ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਬਣਾਏ ਕਮਿਸ਼ਨ ਦੇ ਕੁਝ ਖੁਲਾਸਿਆਂ ਦੇ ਮਾਮਲੇ ‘ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬਦਲਾਖੋਰੀ ਦੀ ਸਿਆਸਤ ਦਾ ਰਾਗ ਅਲਾਪਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਅਤੇ ਉਨ੍ਹਾਂ (ਬਾਦਲਾਂ) ਖਿਲਾਫ ਆਪਣੀ ਪੁਰਾਣੀ ਸਿਆਸੀ ਅਤੇ ਨਿੱਜੀ ਬਦਲਾਖੋਰੀ ਵਾਲੀ ਨੀਤੀ ਉਤੇ ਚੱਲ ਰਹੇ ਹਨ।

# ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਨੇੜੇ ਲੱਗੀ

**ਮਲੇਰਕੋਟਲਾ:** ਤਕਰੀਬਨ ਦੋ ਵਰ੍ਹੇ ਪਹਿਲਾਂ 24 ਜੂਨ 2016 ਨੂੰ ਮਲੇਰਕੋਟਲਾ ਵਿਚ ਵਾਪਰੀ ਪਵਿੱਤਰ ਕੁਰਾਨ ਦੀ ਬੇਅਦਬੀ ਤੇ 18 ਜਨਵਰੀ 2015 ਨੂੰ ਡੇਰਾ ਸਿਰਸਾ ਮੁਖੀ ਦੀ ਫਿਲਮ ਐਮ.ਐਸ.ਜੀ. ਦੇ ਪੋਸਟਰ ਪਾੜਨ ਦੀ ਘਟਨਾ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਂਚ ਕਰਨ ਲਈ ਪੰਜਾਬ ਸਰਕਾਰ ਵੱਲੋਂ ਗਠਿਤ ਤਿੰਨ ਮੈਂਬਰੀ ਜਾਂਚ ਕਮਿਸ਼ਨ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ ਦੀ ਅਗਵਾਈ ਹੇਠ ਇਥੇ ਪਹੁੰਚਿਆ।

ਇਸ ਮੌਕੇ ਜਸਟਿਸ ਰਣਜੀਤ ਸਿੰਘ ਨੇ ਦਾਅਵਾ ਕੀਤਾ ਕਿ ਪੰਜਾਬ ਅੰਦਰ ਵਾਪਰੀਆਂ ਧਾਰਮਿਕ ਬੇਅਦਬੀ ਦੀਆਂ 122 ਘਟਨਾਵਾਂ ਦੀ 80 ਫੀਸਦੀ ਜਾਂਚ ਮੁਕੰਮਲ ਕਰ ਲਈ ਗਈ ਹੈ ਅਤੇ ਬਾਕੀ ਰਹਿੰਦੀ ਜਾਂਚ ਵੀ ਛੇਤੀ ਪੂਰੀ ਕਰ ਕੇ ਰਿਪੋਰਟ ਪੰਜਾਬ ਸਰਕਾਰ ਨੂੰ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਸਪਸ਼ਟ ਕਿਹਾ ਕਿ ਜਿਹੜੇ ਮਾਮਲਿਆਂ ਵਿਚ ਜਾਂਚ ਸਹੀਂ ਨਹੀਂ ਕੀਤੀ ਗਈ ਅਤੇ ਜਾਂਚ ਵਿਚ ਅਧਿਕਾਰੀਆਂ ਵੱਲੋਂ ਕੁਤਾਹੀ ਵਰਤੀ ਗਈ ਹੈ, ਉਸ ਸਬੰਧੀ ਵੀ ਰਿਪੋਰਟ ਤਿਆਰ ਕੀਤੀ ਜਾਵੇਗੀ। ਤਹਿਸੀਲ ਮਲੇਰਕੋਟਲਾ ਦੇ ਵੱਖ-ਵੱਖ ਪਿੰਡਾਂ ‘ਚ ਤਕਰੀਬਨ ਪੈਂਤੀ ਥਾਵਾਂ ਉਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਪੋਥੀਆਂ ਦੀ ਹੋਈ ਬੇਅਦਬੀ ਦੀਆਂ ਘਟਨਾਵਾਂ ਅਤੇ ਇਸ ਸਬੰਧੀ ਥਾਣਾ ਅਮਰਗੜ੍ਹ ਵਿਚ ਦਰਜ ਦੋ ਮਾਮਲੇ ਬਾਅਦ ‘ਚ ਰੱਦ ਕਰਨ ਸਬੰਧੀ ਰਣਜੀਤ ਸਿੰਘ ਨੇ ਸਪੱਸ਼ਟ ਕੀਤਾ ਕਿ ਜੇਕਰ ਇਹ ਮਾਮਲੇ ਅਪਰੈਲ 2017 ਤੋਂ ਪਹਿਲਾਂ ਦੇ ਹਨ, ਤਾਂ ਉਨ੍ਹਾਂ ਦੀ ਵੀ ਜਾਂਚ ਕੀਤੀ ਜਾਵੇਗੀ। ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਉਨ੍ਹਾਂ ਦੀ ਪਾਰਟੀ ਦੇ ਦਿੱਲੀ ਤੋਂ ਵਿਧਾਇਕ ਨਰੇਸ਼ ਯਾਦਵ ਨੂੰ ਨਾ ਬੁਲਾਉਣ ਬਾਰੇ ਉਨ੍ਹਾਂ ਦੱਸਿਆ ਕਿ ਕਿਸੇ ਕੇਸ ‘ਚ ਮੁਲਜ਼ਮ ਨੂੰ ਨਹੀਂ ਬੁਲਾਇਆ ਜਾਂਦਾ ਪਰ ਫਿਰ ਵੀ ਜੇਕਰ ‘ਆਪ‘ ਵਿਧਾਇਕ ਪੱਖ ਕਮਿਸ਼ਨ ਸਾਹਮਣੇ ਰੱਖਣਾ ਚਾਹੇ ਤਾਂ ਆਪਣੇ ਬਿਆਨ ਕਲਮਬੰਦ ਕਰਵਾ ਸਕਦਾ ਹੈ।

ਇਸ ਤੋਂ ਪਹਿਲਾਂ ਜਾਂਚ ਕਮਿਸ਼ਨ ਨੇ ਐਸ.ਪੀ. ਮਲੇਰਕੋਟਲਾ ਰਾਜ ਕੁਮਾਰ ਜਲਹੋਤਰਾ ਤੇ ਹੋਰ ਅਧਿਕਾਰੀਆਂ ਸਮੇਤ ਸਥਾਨਕ ਜਰਗ ਚੌਕ ਨੇੜੇ ਸਥਿਤ ਕਬਰਸਤਾਨ ਬਾਬਾ ਬਾਦਲੇ ਸ਼ਾਹ ਦਾ ਦੌਰਾ ਕੀਤਾ।

ਕੁਰਾਨ ਦੀ ਬੇਅਦਬੀ ਸਬੰਧੀ ਪੁਲਿਸ ਵੱਲੋਂ 25 ਜੂਨ 2016 ਨੂੰ ਮੁਹੰਮਦ ਅਸ਼ਰਫ਼ ਪੁੱਤਰ ਫਤਿਹਦੀਨ ਦੀ ਸ਼ਿਕਾਇਤ ਉਤੇ ਐਫ.ਆਈ.ਆਰ. ਦਰਜ ਕੀਤੀ ਗਈ ਸੀ। ਮਿਉਂਸਪਲ ਕਲੱਬ ਮਲੇਰਕੋਟਲਾ ਵਿਚ ਜਸਟਿਸ ਰਿਟਾ. ਰਣਜੀਤ ਸਿੰਘ ਨੇ ਕੁਰਾਨ ਦੀ ਬੇਅਦਬੀ ਸਬੰਧੀ ਤੱਥਾਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਵੱਖ-ਵੱਖ ਵਿਅਕਤੀਆਂ ਨੂੰ ਮਿਲ ਕੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਡੇਰਾ ਸਿਰਸਾ ਮੁਖੀ ਦੀ ਫਿਲਮ ਦੇ ਪੋਸਟਰ ਪਾੜਨ ਦੀ ਘਟਨਾ ਬਾਰੇ ਆਪਣੇ ਬਿਆਨ ਦਰਜ ਕਰਵਾਉਂਦਿਆਂ ਭੰਗੀਦਾਸ ਬਲਵਿੰਦਰ ਸਿੰਘ ਨੇ ਮਲੇਰਕੋਟਲਾ ਪੁਲਿਸ ਵੱਲੋਂ ਇਸ ਘਟਨਾ ਸਬੰਧੀ ਕੀਤੀ ਕਾਰਵਾਈ ਉਪਰ ਤਸੱਲੀ ਦਾ ਪ੍ਰਗਟਾਵਾ ਕੀਤਾ।

# ਦਸਤਾਰ ਬਾਰੇ ਸੁਪਰੀਮ ਕੋਰਟ ਦੇ ਜੱਜਾਂ ਦੇ ਭੁਲੇਖੇ ਕੀਤੇ ਦੂਰ

**ਨਡਾਲਾ:** ਦਸਤਾਰ ਬਾਰੇ ਤਿੰਨ ਪੁਸਤਕਾਂ ਲਿਖ ਚੁੱਕੇ ਡਾ. ਆਸਾ ਸਿੰਘ ਘੁੰਮਣ ਨੇ ਸੁਪਰੀਮ ਕੋਰਟ ਦੇ ਜੱਜ ਐਲ.ਐਨ. ਸੂਰੀ ਅਤੇ ਐਸ.ਏ. ਬੋਡਬੇ ਨੂੰ ਦਸਤਾਰ ਸਬੰਧੀ ਪੱਤਰ ਭੇਜਿਆ ਹੈ। ਇਸ ਵਿਚ ਉਨ੍ਹਾਂ ਨੇ 1976 ਵਿਚ ਬ੍ਰਿਟਿਸ਼ ਪਾਰਲੀਮੈਂਟ ਵਿਚ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਦੇਣ ਸਬੰਧੀ ਹੋਈ ਬਹਿਸ ਦੇ ਰਿਕਾਰਡ ਦੀਆਂ ਫੋਟੋ ਕਾਪੀਆਂ ਭੇਜੀਆਂ ਹਨ। ਇਸ ਵਿਚ ਇੰਗਲੈਂਡ ਦੇ ਕਈ ਐਮ.ਪੀਜ਼ ਨੇ ਸਿੱਖਾਂ ਨੂੰ ਹੈਲਮੇਟ ਤੋਂ ਛੋਟ ਸਬੰਧੀ ਬਹਿਸ ਵਿਚ ਸਿੱਖਾਂ ਦੇ ਹੱਕ ਵਿਚ ਡਟਵੀਆਂ ਦਲੀਲਾਂ ਦੇ ਕੇ ਐਕਟ ਸਿੱਖਾਂ ਦੇ ਹੱਕ ਵਿਚ ਪਾਸ ਕਰਵਾ ਦਿੱਤਾ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਨਿਊਜ਼ੀਲੈਂਡ ਦੇ ਸਿੱਖ ਸਕਾਲਰ ਡਾ. ਡਬਲਿਊ. ਐਚ. ਮੈਕਲਾਉਡ ਦਾ ਦਸਤਾਰ ਉਤੇ ਦਸ ਸਫਿਆਂ ਦਾ ਲਿਖਿਆ ਲੇਖ ਵੀ ਭੇਜਿਆ ਹੈ। ਡਾ. ਮੈਕਲਾਉਡ ਕੈਨੇਡਾ ਵਿਚ ਦਸਤਾਰ ਸਬੰਧੀ ਚੱਲਦੇ ਕਈ ਕੇਸਾਂ ਵਿਚ ਸਿੱਖਾਂ ਅਤੇ ਦਸਤਾਰ ਦੇ ਅਟੁੱਟ ਸਬੰਧਾਂ ਬਾਰੇ ਗਵਾਹੀਆਂ ਦਿੰਦੇ ਰਹੇ ਹਨ।

ਇਸ ਮੌਕੇ ਡਾ. ਘੁੰਮਣ ਨੇ ਕਿਹਾ ਕਿ ਦੁਨੀਆਂ ਦੀ ਹਰ ਅਦਾਲਤ ਵਿਚੋਂ ਸਿੱਖਾਂ ਨੇ ਦਸਤਾਰ ਸਬੰਧੀ ਕੇਸ ਜਿੱਤੇ ਹਨ। ਉਨ੍ਹਾਂ ਜੱਜਾਂ ਦੀ ਇਸ ਦਲੀਲ ਕਿ ਜੇਕਰ ਮਿਲਖਾ ਸਿੰਘ ਅਤੇ ਬਿਸ਼ਨ ਸਿੰਘ ਬੇਦੀ ਦਸਤਾਰ ਤੋਂ ਬਿਨਾਂ ਖੇਡਦੇ ਰਹੇ ਹਨ ਤਾਂ ਬਾਕੀ ਸਾਰੇ ਵੀ ਅਜਿਹਾ ਹੀ ਕਰਿਆ ਕਰਨ, ਨੂੰ ਗਲਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਧਰਮ ਦੇ ਮਾਮਲੇ ਵਿਚ ਸਾਰੀ ਦੁਨੀਆਂ ਵਿਚ ਇਕ ਅਸੂਲ ਬਰਕਰਾਰ ਰੱਖਿਆ ਜਾਂਦਾ ਹੈ ਕਿ ਜੋ ਆਪਣਾ ਧਾਰਮਿਕ ਅਕੀਦਾ ਨਿਭਾਉਣਾ ਚਾਹੁੰਦਾ ਹੈ, ਉਸ ਨੂੰ ਕੋਈ ਮੁਸ਼ਕਿਲ ਨਹੀਂ ਆਉਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਦੇਸ਼ ਦੀ ਸਰਵ-ਉਚ ਅਦਾਲਤ ਦੇ ਜੱਜ ਸਿੱਖੀ ਅਸੂਲਾਂ ਤੋਂ ਵਾਕਫ ਨਹੀਂ ਹਨ। ਕੋਈ ਇਹੋ ਜਿਹਾ ਫੈਸਲਾ ਲੈਣ ਤੋਂ ਪਹਿਲਾਂ ਇਸ ਦੀ ਪੂਰੀ ਘੋਖ ਕਰਨੀ ਚਾਹੀਦੀ ਹੈ।

# ਗੁਰੂ ਕੀ ਨਗਰੀ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨ ਦੇ ਰਾਹ ਵਿਚ ਅੜਿੱਕਾ

**ਅੰਮ੍ਰਿਤਸਰ:** ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ ਸਮਾਰਟ ਸਿਟੀ ਵਜੋਂ ਤਿਆਰ ਕਰਨ ਲਈ ਸ਼ਹਿਰ ਦੇ ਗੰਦੇ ਪਾਣੀ ਨੂੰ ਸਾਫ ਕਰਨ ਆਈ ਇਕ ਸੰਸਥਾ ਦੀ ਟੀਮ ਪਾਣੀ ਦੇ ਪ੍ਰਦੂਸ਼ਣ ਤੋਂ ਡਰਦੀ ਭੱਜ ਗਈ ਹੈ। ਇਸ ਸੰਸਥਾ ਨੂੰ ਕੇਂਦਰ ਸਰਕਾਰ ਦੀ ਸਮਾਰਟ ਸਿਟੀ ਪ੍ਰੋਜੈਕਟ ਟੀਮ ਨੇ ਇਹ ਜਿੰਮਾ ਸੌਂਪਿਆ ਸੀ ਤੇ ਪੰਜਾਬ ਸਰਕਾਰ ਤਰਫੋਂ ਨਵਜੋਤ ਸਿੱਧੂ ਨੇ ਵੀ ਇਕਰਾਰਨਾਮਾ ਕੀਤਾ ਸੀ, ਪਰ ਹੁਣ ਇਹ ਸੰਸਥਾ ਸ਼ਹਿਰ ਦਾ ਬਦ ਤੋਂ ਬਦਤਰ ਹੋਇਆ ਪਾਣੀ ਵੇਖ ਕੇ ਕੰਮ ਕਰਨ ਤੋਂ ਹੱਥ ਖੜ੍ਹੇ ਕਰ ਗਈ ਹੈ। ਸੰਸਥਾ ਨੇ ਪੱਤਰ ਭੇਜ ਕੇ ਗੁਰੂ ਨਗਰੀ ਦੇ ਗੰਧਲੇ ਪਾਣੀ ਨੂੰ ਸਾਫ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਵੱਲੋਂ ਮੁਹੱਈਆ ਕਰਵਾਏ ਅੰਕੜਿਆਂ ਤੇ ਅਸਲ ਅੰਕੜਿਆਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਦੱਸਿਆ।

ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ (ਆਈ.ਆਈ.ਟੀ.) ਦਿੱਲੀ ਦੀ ਸੰਸਥਾ ਨੀਰੀ (ਨੈਸ਼ਨਲ ਇਨਵਾਇਰਮੈਂਟ ਇੰਜੀਨੀਅਰਿੰਗ ਰੀਸਰਚ ਇੰਸਟੀਚਿਊਟ) ਨੇ ਇਹ ਕੰਮ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਾਣੀ ਵਿਚ ਗੰਦਗੀ ਦੀ ਮਾਤਰਾ ਸਬੰਧੀ ਦਿੱਤੇ ਹੋਏ ਅੰਕੜੇ ਵੇਖ ਕੇ ਸ਼ੁਰੂ ਕਰਨ ਦਾ ਫੈਸਲਾ ਲਿਆ ਸੀ, ਪਰ ਜਿਉਂ ਹੀ ਉਨ੍ਹਾਂ ਖੁਦ ਇਸ ਗੰਦੇ ਪਾਣੀ ਦੀ ਜਾਂਚ ਕੀਤੀ ਤਾਂ ਇਸ ਦੀ ਗੰਦਗੀ ਦਾ ਪੱਧਰ ਵੇਖ ਕੇ ਉਨ੍ਹਾਂ ਹੱਥ ਖੜ੍ਹੇ ਕਰ ਦਿੱਤੇ।



ਸਿੱਧੂ ਨੇ ਨੀਰੀ ਵੱਲੋਂ ਆਏ ਪੱਤਰ ਦਾ ਹਵਾਲਾ ਦਿੰਦੇ ਕਿਹਾ ਕਿ ਸੰਸਥਾ ਅਨੁਸਾਰ ਉਹ ਕਿਸੇ ਵੀ ਸ਼ਹਿਰ ਦਾ ਪਾਣੀ 60 ਤੋਂ 70 ਫੀਸਦੀ ਜੈਵਿਕ ਢੰਗ ਯਾਨੀ ਪਾਣੀ ਵਿਚ ਬੂਟੇ ਲਗਾ ਕੇ ਸਾਫ ਕਰ ਸਕਦੇ ਹਨ, ਪਰ ਅੰਮ੍ਰਿਤਸਰ ਸ਼ਹਿਰ ਦੇ ਗੰਦੇ ਪਾਣੀ ਦੇ ਆਏ ਅੰਕੜੇ ਇਸ ਤਕਨੀਕ ਨਾਲ ਸਾਫ ਨਹੀਂ ਹੋ ਸਕਦੇ।

ਸੰਸਥਾ ਨੇ ਦੱਸਿਆ ਕਿ ਜੇਕਰ ਇਸ ਨੂੰ 70 ਫੀਸਦੀ ਤੱਕ ਸਾਫ ਵੀ ਕਰ ਦਿੱਤਾ ਜਾਵੇ ਤਾਂ ਵੀ ਜ਼ਹਿਰੀਲਾ ਮਾਦਾ ਮਨੁੱਖ ਲਈ ਬਰਦਾਸ਼ਤ ਸਮਰੱਥਾ ਤੋਂ ਵੱਧ ਹੀ ਰਹੇਗਾ।ਸਿੱਧੂ ਨੇ ਦੱਸਿਆ ਕਿ ਗੰਦੇ ਪਾਣੀ ਵਿਚ ਸੀ.ਓ.ਡੀ. (ਕੈਮੀਕਲ ਆਕਸੀਜਨ ਡਿਮਾਂਡ) 250 ਤੱਕ ਚਾਹੀਦਾ ਹੈ, ਪਰ ਅੰਮ੍ਰਿਤਸਰ ਦੇ ਗੰਦੇ ਪਾਣੀ ਵਿਚ ਇਹ 1346 ਤੋਂ ਵੀ ਵੱਧ ਹੈ। ਇਸੇ ਤਰ੍ਹਾਂ ਟੋਟਲ ਸਸਪੈਂਡਿਡ ਸਾਲਿਡ (ਟੀ.ਐਸ.ਐਸ.) ਦੀ ਮਾਤਰਾ 100 ਤੋਂ ਹੇਠਾਂ ਚਾਹੀਦੀ ਹੈ, ਪਰ ਇਥੋਂ ਦੇ ਪਾਣੀ ਵਿਚ 1455 ਹੈ। ਬੀ.ਓ.ਡੀ. (ਬਾਇਓ ਕੈਮੀਕਲ ਆਕਸੀਜਨ ਡਿਮਾਂਡ) 30 ਤੋਂ ਹੇਠਾਂ ਹੋਣਾ ਚਾਹੀਦਾ ਹੈ, ਜੋ ਕਿ ਅੰਮ੍ਰਿਤਸਰ ਦੇ ਗੰਦੇ ਪਾਣੀ ਵਿਚ 180 ਤੋਂ ਵੀ ਵੱਧ ਹੈ।

ਪਾਣੀ ਵਿਚ ਇੰਨੀ ਜ਼ਿਆਦਾ ਗੰਦਗੀ ਨੀਰੀ ਆਪਣੀ ਤਕਨੀਕ ਨਾਲ ਸਾਫ ਨਹੀਂ ਕਰ ਸਕਦੀ। ਨੀਰੀ ਨਾਲ ਇਕਰਾਰ ਕਰਨ ਤੋਂ ਬਾਅਦ ਇਹ ਮੁੱਦਾ ਕੈਬਨਿਟ ਦੀ ਪ੍ਰਵਾਨਗੀ ਲਈ ਤਿਆਰ ਸੀ, ਪਰ ਹੁਣ ਨੀਰੀ ਦੇ ਹੱਥ ਖੜ੍ਹੇ ਕਰਨ ਨਾਲ ਫਿਰ ਰੁਕ ਗਿਆ ਹੈ। ਹੁਣ ਇਥੇ ਸਵਾਲ ਇਹ ਉਠਦਾ ਹੈ ਕਿ ਪਾਣੀ ਵਿਚ ਇੰਨਾ ਪ੍ਰਦੂਸ਼ਣ ਆਖਰ ਕਿਵੇਂ ਆਇਆ ਤੇ ਜੇਕਰ ਆਇਆ ਤਾਂ ਪੰਜਾਬ ਪ੍ਰਦੂਸ਼ਣ ਕੰਟ੍ਰੋਲ ਬੋਰਡ ਦੇ ਅੰਕੜੇ ਗਲਤ ਬਿਆਨੀ ਕਿਉਂ ਕਰ ਰਹੇ ਹਨ। ਸਿੱਧੂ ਨੇ ਕਿਹਾ ਕਿ ਉਹ ਗੁਰੂ ਨਗਰੀ ਨੂੰ ਪ੍ਰਦੂਸ਼ਤ ਕਰਨ ਲਈ ਜ਼ਿੰਮੇਵਾਰ ਸਨਅਤਾਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਵੀ ਕਰਨਗੇ। ਉਨ੍ਹਾਂ ਕਿਹਾ ਕਿ ਮਨੁੱਖੀ ਸਿਹਤ ਨਾਲ ਕਿਸੇ ਨੂੰ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਅਜਿਹੇ ਦੋਸ਼ੀਆਂ ਨੂੰ ਹਰ ਹਾਲਤ ਰੋਕਿਆ ਜਾਵੇਗਾ।

# ਮੁੜ ਭਖਿਆ ਚੀਫ ਖਾਲਸਾ ਦੀਵਾਨ ਦੀ ਚੋਣ ਦਾ ਮਾਮਲਾ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੇ ਕੁਝ ਮੈਂਬਰਾਂ ਨੇ ਦੀਵਾਨ ਦੀ ਉਪ ਚੋਣ ਵੇਲੇ ਅਯੋਗ ਮੈਂਬਰਾਂ ਦੀਆਂ ਵੋਟਾਂ ਭੁਗਤਾਉਣ ਦਾ ਮਾਮਲਾ ਮੁੜ ਉਭਾਰਿਆ ਹੈ ਅਤੇ ਇਸ ਮਾਮਲੇ ਨੂੰ ਵਿਚਾਰਨ ਲਈ ਆਨਰੇਰੀ ਸਕੱਤਰ ਨੂੰ ਪੱਤਰ ਦੇ ਕੇ ਸੰਸਥਾ ਦੇ ਸੰਵਿਧਾਨ ਦੀ ਧਾਰਾ 23 (ਅ) ਹੇਠ ਜਨਰਲ ਹਾਊਸ ਦੀ ਮੀਟਿੰਗ ਸੱਦਣ ਦੀ ਅਪੀਲ ਕੀਤੀ।

ਲਗਭਗ 14 ਮੈਂਬਰਾਂ ਵੱਲੋਂ ਦਿੱਤੇ ਗਏ ਇਸ ਮੰਗ ਪੱਤਰ ਵਿਚ ਆਖਿਆ ਗਿਆ ਹੈ ਕਿ ਚੀਫ ਖਾਲਸਾ ਦੀਵਾਨ ਦੇ ਨਿਯਮ 9 ਹੇਠ ਅਜਿਹੇ ਮੈਂਬਰ ਜਿਨ੍ਹਾਂ ਨੇ 12 ਮੀਟਿੰਗਾਂ ਵਿਚ ਹਾਜ਼ਰੀ ਨਹੀਂ ਭਰੀ, ਦੀ ਮੈਂਬਰਸ਼ਿਪ ਖਤਮ ਹੋ ਜਾਂਦੀ ਹੈ, ਪਰ ਹਾਲ ਹੀ ਵਿਚ ਹੋਈ ਉਪ ਚੋਣ ਸਮੇਂ 72 ਅਜਿਹੇ ਮੈਂਬਰਾਂ ਨੇ ਵੋਟ ਪਾਈ ਹੈ, ਜਿਨ੍ਹਾਂ ਨੂੰ ਇਸ ਨਿਯਮ ਹੇਠ ਵੋਟ ਪਾਉਣ ਦਾ ਹੱਕ ਨਹੀਂ ਸੀ। ਉਨ੍ਹਾਂ ਆਖਿਆ ਕਿ 26 ਫਰਵਰੀ ਨੂੰ ਕਾਰਜਸਾਧਕ ਕਮੇਟੀ ਦੀ ਹੋਈ ਮੀਟਿੰਗ ਵਿਚ ਵੋਟਰ ਸੂਚੀਆਂ ਦੀ ਸੁਧਾਈ ਕਰ ਕੇ 25 ਮਾਰਚ ਨੂੰ ਚੋਣ ਕਰਾਉਣ ਦਾ ਫੈਸਲਾ ਕੀਤਾ ਗਿਆ ਸੀ ਪਰ ਉਪ ਚੋਣ ਵੇਲੇ ਵੋਟਰ ਸੂਚੀ ਬਿਨਾਂ ਸੁਧਾਈ ਦੇ ਹੀ ਜਾਰੀ ਕਰ ਦਿੱਤੀ ਗਈ। ਇਸ ਵਿਚ ਦੀਵਾਨ ਦੇ ਨਿਯਮ 9 -1 ਤਹਿਤ 161 ਵਿਅਕਤੀ ਅਜਿਹੇ ਸਨ, ਜਿਨ੍ਹਾਂ ਦੀ ਮੈਂਬਰਸ਼ਿਪ ਅਯੋਗ ਹੋ ਚੁੱਕੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਕੋਲ 72 ਮੈਂਬਰਾਂ ਦੀ ਸੂਚੀ ਮੌਜੂਦ ਹੈ, ਜੋ ਅਯੋਗ ਸਨ ਪਰ ਉਨ੍ਹਾਂ ਨੇ ਵੋਟ ਪਾਈ ਹੈ। ਉਨ੍ਹਾਂ ਨੇ ਇਸ ਉਪ ਚੋਣ ਨੂੰ ਗੈਰ ਕਾਨੂੰਨੀ ਤੇ ਅਸੰਵਿਧਾਨਕ ਕਰਾਰ ਦਿੱਤਾ ਹੈ। ਇਸੇ ਸਬੰਧੀ ਨਿਰਣਾ ਲੈਣ ਲਈ ਜਨਰਲ ਹਾਊਸ ਦੀ ਮੀਟਿੰਗ ਸੱਦਣ ਦੀ ਅਪੀਲ ਕੀਤੀ ਹੈ।

ਮੰਗ ਪੱਤਰ ਦੇਣ ਵਾਲਿਆਂ ’ਚ ਦੀਵਾਨ ਦੇ ਸਥਾਨਕ ਪ੍ਰਧਾਨ ਨਿਰਮਲ ਸਿੰਘ, ਰਾਜ ਮਹਿੰਦਰ ਸਿੰਘ ਮਜੀਠਾ, ਜਸਵਿੰਦਰ ਸਿੰਘ, ਮਨਮੋਹਨ ਸਿੰਘ, ਅਮਰਜੀਤ ਸਿੰਘ, ਵਰਿਆਮ ਸਿੰਘ ਤੇ ਹੋਰ ਸ਼ਾਮਲ ਹਨ। ਚੇਤੇ ਰਹੇ, ਦੀਵਾਨ ਦੀ ਉਪ ਚੋਣ ’ਚ ਅਯੋਗ ਮੈਂਬਰਾਂ ਦੀਆਂ ਵੋਟਾਂ ਭੁਗਤਾਉਣ ਦਾ ਮੁੱਦਾ ਅਕਾਲ ਤਖਤ ਦੇ ਵਿਚਾਰ ਅਧੀਨ ਹੈ।

# ਸਿਰਫ ਕੇਸਾਧਾਰੀ ਸਿੱਖ ਹੀ ਜਾ ਸਕਣਗੇ ਪਾਕਿਸਤਾਨ

**ਅੰਮ੍ਰਿਤਸਰ:** ਵਿਸਾਖੀ ਮੌਕੇ ਪਾਕਿਸਤਾਨ ਗਏ ਸ਼੍ਰੋਮਣੀ ਕਮੇਟੀ ਦੇ ਜਥੇ ਦੇ ਵਿਵਾਦਾਂ ਵਿਚ ਘਿਰਨ ਮਗਰੋਂ ਹੁਣ ਸਖਤੀ ਸ਼ੁਰੂ ਹੋ ਗਈ ਹੈ। ਪਤਾ ਲੱਗਾ ਹੈ ਕਿ ਪਾਕਿਸਤਾਨ ’ਚ ਗੁਰਧਾਮਾਂ ਦੇ ਦਰਸ਼ਨ ਲਈ ਜਾਣ ਵਾਲੇ ਜਥੇ ਵਿਚ ਸਿਰਫ ਕੇਸਾਧਾਰੀ ਸਿੱਖਾਂ ਨੂੰ ਹੀ ਪਾਕਿਸਤਾਨ ਸਰਕਾਰ ਵੱਲੋਂ ਇਜਾਜ਼ਤ ਦਿੱਤੀ ਜਾਵੇਗੀ। ਇਸ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਦਰਅਸਲ, ਵਿਸਾਖੀ ਮੌਕੇ ਪਾਕਿਸਤਾਨ ਵਿਚ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਜਥੇ ਵਿਚੋਂ ਇਕ ਔਰਤ ਤੇ ਇਕ ਨੌਜਵਾਨ ਗਾਇਬ ਹੋ ਗਏ ਸਨ। ਇਸ ਮਗਰੋਂ ਪਾਕਿਸਤਾਨ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਸਖਤ ਰੁਖ ਅਪਨਾ ਲਿਆ ਹੈ। ਪਾਕਿਸਤਾਨ ਨੇ ਹੁਣ ਸਿੱਖ ਜਥੇ ਵਿਚ ਕੇਸਾਧਾਰੀ ਸਿੱਖਾਂ ਨੂੰ ਹੀ ਆਉਣ ਦੀ ਆਗਿਆ ਦੇਣ ਦਾ ਫੈਸਲਾ ਲਿਆ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਵਾਗਤ ਕੀਤਾ ਹੈ। ਦਮਦਮਾ ਸਾਹਿਬ ਪਹੁੰਚੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਜਥੇ ਦੌਰਾਨ ਵਾਪਰੀ ਘਟਨਾ ਤੇ ਜਥੇ ਭੇਜਣ ਸਬੰਧੀ ਸਬ ਕਮੇਟੀ ਬਣਾਈ ਗਈ ਹੈ ਜੋ ਸਾਰੇ ਮਾਮਲੇ ਦੀ ਜਾਂਚ ਕਰੇਗੀ।

# ਪੰਜਾਬ ਦੇ ਧਨਾਢ ਡਿਫਾਲਟਰਾਂ ਅੱਗੇ ਬੈਂਕ ਵੀ ਬੇਵੱਸ

**ਬਠਿੰਡਾ:** ਰਸੂਖਵਾਨ ਡਿਫਾਲਟਰਾਂ ਨੇ ਪੰਜਾਬ ਦੇ ਤਕਰੀਬਨ 32 ਖੇਤੀ ਵਿਕਾਸ ਬੈਂਕਾਂ ਨੂੰ ਡੋਬ ਕੇ ਰੱਖ ਦਿੱਤਾ ਹੈ। ਨਾਬਾਰਡ ਨੇ ਇਨ੍ਹਾਂ 'ਡੀ' ਕੈਟਾਗਰੀ ਦੇ ਸਹਿਕਾਰੀ ਬੈਂਕਾਂ ਨੂੰ ਮਾਲੀ ਮਦਦ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਵਰ੍ਹਿਆਂ ਤੋਂ ਰਸੂਖਵਾਨ ਡਿਫਾਲਟਰ ਕਰਜ਼ਾ ਨਹੀਂ ਮੋੜ ਰਹੇ ਹਨ ਜਿਨ੍ਹਾਂ ਦਾ ਅਸਰ ਆਮ ਵਸੂਲੀ ਉਤੇ ਵੀ ਪਿਆ ਹੈ। ਸੂਬੇ ਦੇ 30 ਖੇਤੀ ਵਿਕਾਸ ਬੈਂਕਾਂ ਨੇ 2017-18 ਦੌਰਾਨ ਕਿਸੇ ਕਿਸਾਨ ਨੂੰ ਕੋਈ ਕਰਜ਼ ਨਹੀਂ ਦਿੱਤਾ ਹੈ ਜਦੋਂ ਕਿ ਆਨੰਦਪੁਰ ਸਾਹਿਬ ਅਤੇ ਸੁਨਾਮ ਦੇ ਖੇਤੀ ਵਿਕਾਸ ਬੈਂਕ ਖਤਰੇ ਵਿਚ ਆ ਗਏ ਹਨ।

ਵੇਰਵਿਆਂ ਅਨੁਸਾਰ ਸੂਬੇ ਵਿਚ 89 ਖੇਤੀ ਵਿਕਾਸ ਬੈਂਕ ਹਨ ਜਿਨ੍ਹਾਂ ਵੱਲੋਂ ਪਿਛਲੇ ਤਿੰਨ-ਚਾਰ ਵਰ੍ਹਿਆਂ ਤੋਂ ਹਰ ਵਰ੍ਹੇ ਤਕਰੀਬਨ 500 ਕਰੋੜ ਰੁਪਏ ਦਾ ਨਵਾਂ ਕਰਜ਼ਾ ਕਿਸਾਨਾਂ ਨੂੰ ਦਿੱਤਾ ਜਾਂਦਾ ਸੀ। ਵਸੂਲੀ ਦਰ ਲਗਾਤਾਰ ਹੇਠਾਂ ਜਾਣ ਲੱਗੀ ਤਾਂ ਕਰੀਬ 30 ਖੇਤੀ ਵਿਕਾਸ ਬੈਂਕਾਂ ਨੂੰ 'ਡੀ' ਕੈਟਾਗਰੀ ਵਿਚ ਪਾ ਦਿੱਤਾ ਗਿਆ ਅਤੇ 2017-18 ਦੌਰਾਨ ਸਿਰਫ 290 ਕਰੋੜ ਦਾ ਨਵਾਂ ਕਰਜ਼ਾ ਵੰਡਿਆ ਗਿਆ। ਚਾਲੂ ਮਾਲੀ ਵਰ੍ਹੇ ਵਿਚ ਹੋਰ ਕੱਟ ਲੱਗਣ ਦੀ ਸੰਭਾਵਨਾ ਬਣ ਗਈ ਹੈ। ਸਾਰੇ ਖੇਤੀ ਵਿਕਾਸ ਬੈਂਕਾਂ ਨੇ ਐਤਕੀਂ 1.01 ਲੱਖ ਕਿਸਾਨਾਂ ਤੋਂ 1837 ਕਰੋੜ ਰੁਪਏ ਵਸੂਲਣੇ




ਹਨ ਜਦੋਂ ਕਿ ਹੁਣ ਤੱਕ ਸਿਰਫ 88 ਕਰੋੜ ਦੀ ਵਸੂਲੀ ਹੋਈ ਹੈ। ਮਲੋਟ, ਲੰਬੀ, ਮੁਕਤਸਰ, ਫਿਰੋਜ਼ਪੁਰ, ਫਾਜ਼ਿਲਕਾ, ਅਬੋਹਰ, ਜਲਾਲਾਬਾਦ, ਬਠਿੰਡਾ, ਤਲਵੰਡੀ ਸਾਬੋ, ਮਾਨਸਾ, ਸਰਦੂਲਗੜ੍ਹ, ਬੁਢਲਾਡਾ, ਦੇਵੀਗੜ੍ਹ, ਸੁਨਾਮ, ਲਹਿਰਾਗਾਗਾ, ਪਠਾਨਕੋਟ, ਹੁਸ਼ਿਆਰਪੁਰ, ਕਪੂਰਥਲਾ ਅਤੇ ਗੁਰਦਾਸਪੁਰ ਆਦਿ ਦੇ ਖੇਤੀ ਵਿਕਾਸ ਬੈਂਕਾਂ ਨੂੰ ਝਟਕਾ ਲੱਗਿਆ ਹੈ। ਬੈਂਕਾਂ ਨੇ ਵਸੂਲੀ ਮੁਹਿੰਮ ਸ਼ੁਰੂ ਕਰ ਲਈ ਹੈ ਪਰ ਹੁਣ ਤੱਕ ਸਿਰਫ 4.8 ਫੀਸਦੀ ਵਸੂਲੀ ਹੋਈ ਹੈ। ਸੂਬੇ ਵਿਚ 71 ਹਜ਼ਾਰ ਡਿਫਾਲਟਰ ਹਨ ਜਿਨ੍ਹਾਂ ਵੱਲ 1363 ਕਰੋੜ ਰੁਪਏ ਫਸੇ ਹੋਏ ਹਨ। ਫਿਰੋਜ਼ਪੁਰ ਡਵੀਜ਼ਨ ਨੇ ਐਤਕੀਂ 45 ਹਜ਼ਾਰ ਕਿਸਾਨਾਂ ਤੋਂ 875 ਕਰੋੜ ਵਸੂਲ ਕਰਨੇ ਹਨ ਜਿਨ੍ਹਾਂ ਵਿਚ 33 ਹਜ਼ਾਰ ਡਿਫਾਲਟਰਾਂ ਦੀ 706 ਕਰੋੜ ਦੀ ਰਾਸ਼ੀ ਵੀ ਸ਼ਾਮਲ ਹੈ। ਖੇਤੀ ਵਿਕਾਸ ਬੈਂਕਾਂ ਨੇ ਹਰ ਬੈਂਕ ਦੇ ਟਾਪ-50 ਡਿਫਾਲਟਰਾਂ ਦੀ ਸ਼ਨਾਖਤ ਵੀ ਕੀਤੀ ਹੈ।

### ਕੈਪਟਨ ਸਰਕਾਰ ਵੱਲੋਂ ਹੱਥ ਪਾਉਣ ਦੀ ਤਿਆਰੀ

ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਖਤ ਲਫ਼ਜ਼ਾਂ ਵਿਚ ਆਖਿਆ ਕਿ ਬੈਂਕ ਕਿਸਾਨਾਂ ਲਈ ਬਣੇ ਹਨ ਨਾ ਕਿ 'ਡਾਕੂਆਂ' ਲਈ ਹਨ। ਉਨ੍ਹਾਂ ਕਿਹਾ ਕਿ ਉਹ ਸਭ ਤੋਂ ਪਹਿਲਾਂ ਵੱਡੇ ਡਿਫਾਲਟਰਾਂ ਨੂੰ ਹੱਥ ਪਾਉਣਗੇ ਜੋ ਸਰਦੇ-ਪੁੱਜਦੇ ਹੋਣ ਦੇ ਬਾਵਜੂਦ ਜਾਣ-ਬੁੱਝ ਕੇ ਕਰਜ਼ੇ ਨਹੀਂ ਮੋੜ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਵੱਡਿਆਂ ਦਾ ਡਾਕੂਪੁਣਾ ਕੱਢਣਗੇ ਜਿਨ੍ਹਾਂ ਬੈਂਕਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਮਹਿਕਮੇ ਤੋਂ ਧਨਾਢ ਡਿਫਾਲਟਰਾਂ ਦੀ ਸੂਚੀ ਵੀ ਮੰਗ ਲਈ ਹੈ।

# ਪੰਜਾਬ 'ਚੋਂ ਦੋ ਸ਼ੱਕੀ ਕਸ਼ਮੀਰੀ ਹੈਕਰ ਕਾਬੂ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੇ ਪੰਜਾਬ ਨਾਲ ਸਬੰਧਤ ਵਿਸ਼ੇਸ਼ ਸੈੱਲ ਨੇ ਪਾਕਿਸਤਾਨ ਪੱਖੀ ਦੋ ਸ਼ੱਕੀ ਕਸ਼ਮੀਰੀ ਹੈਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਦੀ ਪਛਾਣ ਸ਼ਾਹਿਦ ਮੱਲਾ (28) ਅਤੇ ਆਦਿਲ ਹੁਸੈਨ ਤੇਲੀ (20) ਵਜੋਂ ਹੋਈ ਹੈ। ਇਨ੍ਹਾਂ ਉਤੇ ਭਾਰਤ ਦੀਆਂ 500 ਵੈੱਬਸਾਈਟਾਂ ਹੈਕ ਕਰਨ ਦਾ ਦੋਸ਼



ਹੈ। ਸ਼ਹਿਦ ਮੱਲਾ ਰਾਜਪੁਰਾ ਦੇ ਇਕ ਕਾਲਜ ਵਿਚ ਕੰਪਿਊਟਰ ਇੰਜੀਨੀਅਰਿੰਗ ਦੇ ਚੌਥੇ ਸਮੈਸਟਰ ਦਾ ਵਿਦਿਆਰਥੀ ਸੀ। ਸ਼ਾਹਿਦ ਮੱਲਾ ਦਾ ਸਬੰਧ ਜੰਮੂ ਕਸ਼ਮੀਰ ਨਾਲ ਹੈ। ਇਸੇ ਤਰ੍ਹਾਂ ਬੀ.ਸੀ.ਏ. ਦੇ ਆਖਰੀ ਸਾਲ ਵਿਚ ਪੜ੍ਹਦੇ ਅਦਲ ਮੁਹੰਮਦ ਤੀਲੀ ਨੂੰ ਉਦੋਂ ਸਾਦੇ ਕੱਪੜਿਆਂ ਵਿਚ ਆਏ ਪੰਜ-ਛੇ ਬੰਦਿਆਂ ਨੇ ਚੁੱਕ ਲਿਆ ਜਦੋਂ ਉਹ ਤਿਆਰ ਹੋ ਰਿਹਾ ਸੀ।

ਦਿੱਲੀ ਸਾਈਬਰ ਸੈੱਲ ਕੋਲ ਇਹ ਜਾਣਕਾਰੀ ਸੀ ਕਿ ਆਦਿਲ ਮੁਹੰਮਦ ਉਸ ਗਰੁੱਪ ਵਿਚ ਕੰਮ ਕਰ ਰਿਹਾ ਹੈ ਜਿਹੜੇ ਵੈਬਸਾਈਟਾਂ ਨੂੰ ਹੈਕ ਕਰਦੇ ਹਨ ਤੇ ਵੈਬਸਾਈਟ ਦਾ ਹੁਲੀਆ ਵਿਗਾੜ ਕੇ ਪੇਸ਼ ਕਰਦੇ ਹਨ। ਫੜਿਆ ਗਿਆ ਨੌਜਵਾਨ ਕਸ਼ਮੀਰ ਦੇ ਕੁਲਗਾਮ ਇਲਾਕੇ ਦਾ ਰਹਿਣ ਵਾਲਾ ਹੈ।

# ਮਹਾਰਾਣੀ ਜਿੰਦ ਕੌਰ ਦੇ ਝੁਮਕੇ ਪੌਣੇ ਦੋ ਲੱਖ ਪੌਂਡ ਦੇ ਵਿਕੇ

**ਲੰਡਨ:** ਪੰਜਾਬ ਦੀ ਆਖਰੀ ਮਹਾਰਾਣੀ ਜਿੰਦ ਕੌਰ ਦੇ ਸੋਨੇ ਦੇ ਝੁਮਕਿਆਂ ਦੀ ਜੋੜੀ ਪੌਣੇ





ਦੋ ਲੱਖ ਪੌਂਡ ਵਿਚ ਵਿਕੀ ਹੈ ਜੋ ਇਨ੍ਹਾਂ ਦੀ ਸ਼ੁਰੂਆਤੀ ਕੀਮਤ ਤੋਂ ਤਕਰੀਬਨ ਛੇ ਗੁਣਾ ਜ਼ਿਆਦਾ ਹਨ। ਇਥੇ ਬੋਨਹੈਮਜ਼ ਨਿਲਾਮੀ ਦੌਰਾਨ ਇਸਲਾਮੀ ਤੇ ਭਾਰਤੀ ਵਸਤਾਂ ਚਾਅ ਨਾਲ ਪੇਸ਼ ਕੀਤੀਆਂ ਗਈਆਂ ਸਨ। ਸ਼ੁਰੂ ਵਿਚ ਮਹਾਰਾਣੀ ਦੇ ਝੁਮਕਿਆਂ ਦੀ ਨਿਲਾਮੀ 20 ਤੋਂ 30 ਹਜ਼ਾਰ ਪੌਂਡ 'ਚ ਹੋਣ ਦਾ ਅਨੁਮਾਨ ਸੀ।

ਇਹ ਝੁਮਕੇ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਪਤਨੀ ਜਿੰਦ ਕੌਰ ਦੇ ਸਨ ਤੇ ਉਹ ਇਕਲੌਤੀ ਪਤਨੀ ਸੀ ਜੋ 1839 ਵਿਚ ਇਸ ਸਿੱਖ ਸ਼ਾਸਕ ਦੀ ਮੌਤ ਹੋਣ 'ਤੇ ਸਤੀ ਨਹੀਂ ਹੋਈ ਸੀ। ਮਗਰੋਂ ਉਸ ਨੇ ਪੰਜਾਬ ਦੇ ਸ਼ਾਸਨ ਦੀ ਵਾਗਡੋਰ ਆਪਣੇ ਹੱਥਾਂ ਵਿਚ ਲੈ ਲਈ ਸੀ ਤੇ ਫਿਰ ਅੰਗਰੇਜ਼ਾਂ ਨੇ ਉਸ ਨੂੰ ਬੰਦੀ ਬਣਾ ਲਿਆ ਸੀ।

# ਉਜ਼ਬੇਕਿਸਤਾਨ ਤੇ ਪੰਜਾਬ ਦੇ ਵਪਾਰ ਨੂੰ ਮਿਲੇਗਾ ਹੁਲਾਰਾ

**ਚੰਡੀਗੜ੍ਹ:** ਉਜ਼ਬੇਕਿਸਤਾਨ ਨੇ ਪੰਜਾਬ ਨਾਲ ਖੇਤੀਬਾੜੀ, ਸਿੱਖਿਆ ਤੇ ਸੈਰ-ਸਪਾਟੇ ਦੇ ਖੇਤਰ ਵਿਚ ਸਬੰਧਾਂ ਨੂੰ ਅੱਗੇ ਵਧਾਉਣ ਦੀ ਇੱਛਾ ਜਤਾਈ ਹੈ। ਉਜ਼ਬੇਕਿਸਤਾਨ ਦੇ ਭਾਰਤ ਵਿਚ ਰਾਜਦੂਤ ਫਰਹੋਦ ਅਰਜ਼ੀਵ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਦੁਪਹਿਰ ਦੇ ਭੋਜ ਮੌਕੇ ਮੁਲਾਕਾਤ ਕੀਤੀ, ਜਿਥੇ ਦੋਵਾਂ ਹਸਤੀਆਂ ਨੇ ਭਾਰਤ ਅਤੇ ਕੇਂਦਰੀ ਏਸ਼ੀਅਨ ਮੁਲਕ ਦੇ ਹਿੱਤਾਂ ਲਈ ਦੁਵੱਲੇ ਸਹਿਯੋਗ ਉਤੇ ਵਿਚਾਰ-ਚਰਚਾ ਕੀਤੀ।



ਮੁੱਖ ਮੰਤਰੀ ਨੇ ਕਣਕ ਅਤੇ ਚੌਲਾਂ ਸਮੇਤ ਵੱਖ-ਵੱਖ ਵਸਤਾਂ ਉਜ਼ਬੇਕਿਸਤਾਨ ਨੂੰ ਬਰਾਮਦ ਕਰਨ ਦਾ ਸੁਝਾਅ ਦਿੰਦਿਆਂ ਕਿਹਾ ਕਿ ਉਜ਼ਬੇਕਿਸਤਾਨ ਤੇ ਅੰਮ੍ਰਿਤਸਰ (ਪੰਜਾਬ) ਦਰਮਿਆਨ ਸਿੱਧੇ ਹਵਾਈ ਸੰਪਰਕ ਨਾਲ ਕਾਰੋਬਾਰ ਵਧਾਉਣ ਦੀ ਅਥਾਹ ਸਮਰੱਥਾ ਹੈ। ਫਰਹੋਦ ਅਰਜ਼ੀਵ ਨੇ ਕਿਹਾ ਕਿ ਉਜ਼ਬੇਕਿਸਤਾਨ ਵੀ ਹਵਾਈ ਸੰਪਰਕ ਦੀ ਵਰਤੋਂ ਰਾਹੀਂ ਸ਼ਹਿਤੂਤ, ਖੁਰਮਾਨੀ ਤੇ ਆੜੂਆਂ ਵਰਗੇ ਤਾਜ਼ੇ ਫਲਾਂ ਦੇ ਨਾਲ ਉਨ੍ਹਾਂ ਦੇ ਮੁਲਕ ਵਿਚ ਜੈਵਿਕ ਢੰਗ ਨਾਲ ਪੈਦਾ ਹੁੰਦੇ ਸੁੱਕੇ ਮੇਵਿਆਂ ਦਾ ਕਾਰੋਬਾਰ ਵਧਾਉਣ ਦਾ ਇੱਛੁਕ ਹੈ। ਉਨ੍ਹਾਂ ਨੇ ਪੰਜਾਬ ਨੂੰ ਉਨ੍ਹਾਂ ਦੇ ਮੁਲਕ ਵਿਚ ਕਪਾਹ ਦੀ ਖੇਤੀ ਦੇਖਣ ਦੀ ਪੇਸ਼ਕਸ਼ ਕੀਤੀ। ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਵਿਦਿਆਰਥੀਆਂ ਲਈ ਅਦਾਨ-ਪ੍ਰਦਾਨ ਪ੍ਰੋਗਰਾਮ ਦੀ ਮੇਜ਼ਬਾਨੀ ਦਾ ਸੁਝਾਅ ਦਿੱਤਾ, ਜਿਸ ਨਾਲ ਮੁੱਖ ਮੰਤਰੀ ਨੇ ਸਹਿਮਤੀ ਜਤਾਈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਅਧਿਕਾਰੀਆਂ ਨੂੰ ਉਜ਼ਬੇਕਿਸਤਾਨ ਦੇ ਦੂਤਘਰ ਨਾਲ ਤਾਲਮੇਲ ਕਰ ਕੇ ਦੋਵੇਂ ਪਾਸੇ ਖੇਤੀਬਾੜੀ ਤਕਨਾਲੋਜੀ ਦੇ ਆਦਾਨ-ਪ੍ਰਦਾਨ ਦੀ ਸੰਭਾਵਨਾ ਤਲਾਸ਼ਣ ਲਈ ਆਖਿਆ।

ਉਜ਼ਬੇਕਿਸਤਾਨ ਦੇ ਸਫੀਰ ਨੇ ਧਾਰਮਿਕ ਤੇ ਵਿਰਾਸਤੀ ਸੈਰ-ਸਪਾਟੇ ਨੂੰ ਹੁਲਾਰਾ ਦੇਣ ਲਈ ਸਾਂਝੇ ਯਤਨ ਵਿੱਢਣ ਦਾ ਸੱਦਾ ਦਿੱਤਾ। ਪੰਜਾਬ ਨੂੰ ਖਾਦ ਸਪਲਾਈ ਵਿਚ ਡੂੰਘੀ ਦਿਲਚਸਪੀ ਜ਼ਾਹਰ ਕਰਦਿਆਂ ਸਫੀਰ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਚਾਬਹਾਰ ਬੰਦਰਗਾਹ ਖੁੱਲ੍ਹਣ ਨਾਲ ਈਰਾਨ ਰੂਟ ਰਾਹੀਂ ਉਨ੍ਹਾਂ ਦੇ ਮੁਲਕ ਦੇ ਭਾਰਤ ਨਾਲ ਕਾਰੋਬਾਰੀ ਗਤੀਵਿਧੀਆਂ ਦੇ ਹੋਰ ਮੌਕੇ ਖੁੱਲ੍ਹਣਗੇ। ਮੀਟਿੰਗ ਤੋਂ ਬਾਅਦ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਰਾਜਦੂਤ ਨੇ ਪ੍ਰਾਈਵੇਟ ਸੈਕਟਰ ਦੇ ਉਦਮ ਤਹਿਤ ਤਾਸ਼ਕੰਦ ਵਿਚ ਇਕ ਸਾਂਝਾ ਹਸਪਤਾਲ ਬਣਾਉਣ ਦਾ ਸੁਝਾਅ ਦਿੱਤਾ। ਮੁੱਖ ਮੰਤਰੀ ਨੇ ਇਸ ਸੁਝਾਅ ਉਤੇ ਗੌਰ ਕਰਨ ਦਾ ਭਰੋਸਾ ਦਿੱਤਾ।

# ਹੁਣ ਸਿੱਖ ਬੀਬੀਆਂ ਨੂੰ ਵੀ ਪਾਉਣਾ ਪਵੇਗਾ ਹੈਲਮਟ

**ਚੰਡੀਗੜ੍ਹ:** ਹੁਣ ਚੰਡੀਗੜ੍ਹ ਵਿਚ ਸਿੱਖ ਬੀਬੀਆਂ ਨੂੰ ਵੀ ਹੈਲਮਟ ਪਾਉਣਾ ਪਵੇਗਾ। ਸਿੱਖ ਜਥੇਬੰਦੀਆਂ ਵੱਲੋਂ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਸੰਘਰਸ਼ ਛੇੜਨ ਲਈ ਕਮਰ ਕੱਸ ਲਈ ਹੈ। ਸਿੱਖ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਜਿਸ ਔਰਤ ਦੇ ਡਰਾਈਵਿੰਗ ਲਾਈਸੈਂਸ ਉਪਰ ਨਾਮ ਪਿਛੇ 'ਕੌਰ' ਲਿਖਿਆ ਹੋਵੇਗਾ, ਉਸ ਨੂੰ ਹੈਲਮਟ ਤੋਂ ਛੋਟ ਦਿਵਾਉਣ ਲਈ ਸੰਘਰਸ਼ ਛੇੜਿਆ ਜਾਵੇਗਾ।

ਪਤਾ ਲੱਗਾ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਦੋ ਪਹੀਆ ਵਾਹਨ ਚਲਾਉਣ ਵਾਲੀਆਂ ਔਰਤਾਂ ਲਈ ਹੈਲਮਟ ਲਾਜ਼ਮੀ ਕਰਨ ਦਾ ਨੋਟੀਫਿਕੇਸ਼ਨ ਲਾਗੂ ਕਰਨ ਦੀ ਤਿਆਰੀ ਕਰ ਲਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਅਨੁਸਾਰ ਯੂਟੀ ਪ੍ਰਸ਼ਾਸਨ ਨੇ ਚੰਡੀਗੜ੍ਹ ਮੋਟਰ ਵਹੀਕਲ ਰੂਲਜ਼-1990 ਵਿਚ ਸੋਧ ਕਰਨ ਲਈ ਡਰਾਫਟ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਪ੍ਰਸ਼ਾਸਨ ਨੇ ਲੋਕਾਂ ਕੋਲੋਂ 30 ਦਿਨਾਂ ਵਿਚ ਇਸ ਸਬੰਧੀ ਇਤਰਾਜ਼ ਮੰਗੇ ਹਨ ਤੇ ਅਗਲੇ ਮਹੀਨੇ ਨੋਟੀਫਿਕੇਸ਼ਨ ਲਾਗੂ ਕਰਨ ਦੇ ਸੰਕੇਤ ਮਿਲੇ ਹਨ।

ਇਸ ਸੋਧ ਤਹਿਤ ਦੋ ਪਹੀਆ ਵਾਹਨ ਚਲਾਉਣ ਮੌਕੇ ਕੇਸਕੀ ਸਜਾਉਣ ਵਾਲੀਆਂ ਸਿੱਖ ਮਹਿਲਾਵਾਂ ਨੂੰ ਹੀ ਹੈਲਮਟ ਤੋਂ ਛੋਟ ਮਿਲੇਗੀ। ਇਸ ਨਵੇਂ ਕਾਨੂੰਨ ਤਹਿਤ ਬਿਨਾਂ ਹੈਲਮਟ ਤੋਂ ਦੋ ਪਹੀਆ ਵਾਹਨ ਚਲਾਉਣ ਵਾਲੀਆਂ ਔਰਤਾਂ ਨੂੰ ਪਹਿਲੀ ਵਾਰ ਚਲਾਨ ਕੱਟਣ 'ਤੇ 300 ਰੁਪਏ ਤੇ ਦੂਸਰੀ ਵਾਰ 600 ਰੁਪਏ ਜੁਰਮਾਨਾ ਭੁਗਤਣਾ ਪਵੇਗਾ। ਕਾਬਲੇਗੌਰ ਹੈ ਕਿ ਪ੍ਰਸ਼ਾਸਨ ਨੇ ਇਹੋ ਕਾਨੂੰਨ ਸਾਲ 2001 ਵਿਚ ਵੀ ਲਾਗੂ ਕਰਨ ਦਾ ਯਤਨ ਕੀਤਾ ਸੀ ਜਿਸ ਦਾ ਸਿੱਖ ਸੰਗਤ ਨੇ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਪ੍ਰਸ਼ਾਸਨ ਨੂੰ ਪੈਰ ਪਿੱਛੇ ਖਿਸਕਾਉਣੇ ਪਏ ਸਨ।

# ਮਿਸ ਪੂਜਾ 'ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਦਰਜ

**ਨੰਗਲ:** ਪੰਜਾਬੀ ਗਾਇਕਾ ਮਿਸ ਪੂਜਾ ਖਿਲਾਫ ਥਾਣਾ ਨੰਗਲ ਵਿਚ ਧਾਰਮਿਕ ਭਾਵਨਾਵਾਂ



ਭੜਕਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ। ਗਾਇਕਾ ਵੱਲੋਂ ਗਾਏ ਗਏ ਇਕ ਗੀਤ-'ਪੁੱਛਣ ਸਹੇਲੀਆਂ ਜੀਜੂ ਕੀ ਕਰਦਾ' ਦੇ ਵੀਡੀਓ ਖਿਲਾਫ ਐਡਵੋਕੇਟ ਸੰਦੀਪ ਕੌਸ਼ਲ ਵੱਲੋਂ ਦਿੱਤੀ ਦਰਖਾਸਤ ਅਤੇ ਅਦਾਲਤ ਦੇ ਆਦੇਸ਼ਾਂ ਉਤੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵਕੀਲ ਸੰਦੀਪ ਕੌਸ਼ਲ ਵੱਲੋਂ ਨੰਗਲ ਦੀ ਅਦਾਲਤ ਵਿਚ ਅਰਜ਼ੀ ਦਿੱਤੀ ਗਈ ਸੀ, ਜਿਸ ਵਿਚ ਉਨ੍ਹਾਂ ਮਿਸ ਪੂਜਾ ਉਰਫ ਗੁਰਿੰਦਰ ਕੌਰ ਵਿਰੁੱਧ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਦੋਸ਼ ਲਾਇਆ ਸੀ।

ਸ਼ਿਕਾਇਤਕਰਤਾ ਵੱਲੋਂ ਇਸ ਸ਼ਿਕਾਇਤ ਵਿਚ ਮਿਸ ਪੂਜਾ ਸਮੇਤ ਪੰਜਾਬੀ ਕਲਾਕਾਰ ਹਰੀਸ਼ ਵਰਮਾ, ਪ੍ਰੇਮ ਸਿੰਘ, ਸਪੀਡ ਰਿਕਾਰਡਿੰਗ ਕੰਪਨੀ ਸਮੇਤ ਸੈਂਟਰਲ (ਸੈਂਸਰ ਬੋਰਡ) ਬੋਰਡ ਆਫ ਫਿਲਮ ਸਰਟੀਫਿਕੇਸ਼ਨ (ਸੀ.ਬੀ.ਐਫ.ਸੀ) ਨੂੰ ਵੀ ਧਿਰ ਬਣਾਇਆ ਗਿਆ ਹੈ। ਐਡਵੋਕੇਟ ਕੌਸ਼ਲ ਨੇ ਦੱਸਿਆ ਕਿ ਮਿਸ ਪੂਜਾ ਵੱਲੋਂ ਗੀਤ ਦੇ ਵੀਡੀਓ ਵਿਚ ਹਿੰਦੂ ਦੇਵਤਾ ਯਮਰਾਜ ਨੂੰ ਇਤਰਾਜ਼ਯੋਗ ਹਾਲਤ ਵਿਚ ਦਰਸਾਇਆ ਗਿਆ ਹੈ, ਜਿਸ ਨਾਲ ਹਿੰਦੂ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।

# ਗੁਰਦੁਆਰਾ ਪਤਾਲਪੁਰੀ ਦੇ ਅਸਥਘਾਟ ਦਾ ਪਾਣੀ ਹੋਵੇਗਾ ਪ੍ਰਦੂਸ਼ਣ ਮੁਕਤ

**ਸ੍ਰੀ ਆਨੰਦਪੁਰ ਸਾਹਿਬ:** ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਅਸਥਘਾਟ ਦੇ ਪਾਣੀ ਨੂੰ ਪ੍ਰਦੂਸ਼ਣ-ਮੁਕਤ ਕੀਤਾ ਜਾਏਗਾ। ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਐਲਾਨ ਤੋਂ ਬਾਅਦ ਵਿਭਾਗ ਨੇ ਇਸ ਪਾਣੀ ਨੂੰ ਸਾਫ ਕਰਵਾਉਣ ਲਈ 7.73 ਕਰੋੜ ਰੁਪਏ ਦੇ ਟੈਂਡਰ ਲਗਾ ਕੇ ਮਈ ਮਹੀਨੇ ਵਿਚ ਕੰਮ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਕੀਰਤਪੁਰ ਸਾਹਿਬ ਵਿਖੇ ਸਥਿਤ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਚ ਸਿੱਖ ਪਰਿਵਾਰਾਂ ਦੇ ਮ੍ਰਿਤਕ ਜੀਆਂ ਦੀਆਂ ਅਸਥੀਆਂ ਜਲ ਪ੍ਰਵਾਹ ਕੀਤੀਆਂ ਜਾਂਦੀਆਂ ਹਨ। ਇਸੇ ਦੌਰਾਨ ਪਰਿਵਾਰਕ ਮੈਂਬਰ ਸਤਲੁਜ ਦਰਿਆ ਦੇ ਪਾਣੀ ਨੂੰ ਪਵਿੱਤਰ ਸਮਝ ਕੇ ਇਸ਼ਨਾਨ ਵੀ ਕਰਦੇ ਹਨ। ਇਸ ਪਾਣੀ ਵਿਚ ਸ੍ਰੀ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਸੀਵਰੇਜ ਦਾ ਗੰਦਾ ਪਾਣੀ ਰਲਦਾ ਹੈ ਅਤੇ ਪਾਣੀ ਪਲੀਤ ਹੋ ਜਾਂਦਾ ਹੈ।

ਕੁਝ ਸਮਾਂ ਪਹਿਲਾਂ ਸੰਤ ਬਲਵੀਰ ਸਿੰਘ ਸੀਚੇਵਾਲ ਨਾਲ ਇਸ ਸਥਾਨ ਉਤੇ ਪਹੁੰਚੇ ਸ੍ਰੀ ਨਵਜੋਤ ਸਿੱਧੂ ਨੇ ਪ੍ਰਣ ਕੀਤਾ ਸੀ ਕਿ ਸ਼ਰਧਾਲੂਆਂ ਦੀ ਇਸ ਸਮੱਸਿਆ ਨੂੰ ਜਲਦੀ ਹੱਲ ਕੀਤਾ ਜਾਏਗਾ। ਅਧਿਕਾਰੀਆਂ ਨੇ ਹੁਣ 7.73 ਕਰੋੜ ਰੁਪਏ ਦੇ ਟੈਂਡਰ ਲਗਾ ਦਿੱਤੇ ਹਨ ਅਤੇ ਦੋ ਕੰਮ ਵੀ ਅਲਾਟ ਕਰ ਦਿੱਤੇ ਗਏ ਹਨ। ਮਈ ਮਹੀਨੇ 'ਚ ਕੰਮ ਜੰਗੀ ਪੱਧਰ ਉਤੇ ਸ਼ੁਰੂ ਹੋ ਜਾਵੇਗਾ।

# ਜੀ.ਐਸ.ਟੀ: ਮੋਦੀ ਸਰਕਾਰ ਤੋਂ ਸ਼੍ਰੋਮਣੀ ਕਮੇਟੀ ਖਫਾ

**ਅੰਮ੍ਰਿਤਸਰ:** ਧਾਰਮਿਕ ਅਸਥਾਨਾਂ ਦੇ ਲੰਗਰਾਂ ਦੀ ਰਸਦ ਨੂੰ ਜੀ.ਐਸ.ਟੀ. ਤੋਂ ਰਾਹਤ ਨਾ ਦੇਣ ਸਬੰਧੀ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਦੀ ਸ਼੍ਰੋਮਣੀ ਕਮੇਟੀ ਨੇ ਸਖਤ ਨਿੰਦਾ ਕਰਦਿਆਂ ਆਖਿਆ ਕਿ ਕੇਂਦਰ ਸਰਕਾਰ ਨੂੰ ਇਹ ਮਾਮਲਾ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਮੁੜ ਵਿੱਤ ਮੰਤਰਾਲੇ ਨੂੰ ਪੱਤਰ ਭੇਜਣ ਦਾ ਫੈਸਲਾ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਕੇਂਦਰੀ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਇਕ ਬਿਆਨ ਰਾਹੀਂ ਸੰਕੇਤ ਦਿੱਤਾ ਗਿਆ ਹੈ ਕਿ ਧਰਮ ਅਸਥਾਨਾਂ ਦੇ ਲੰਗਰ ਦੀਆਂ ਰਸਦਾਂ ਨੂੰ ਜੀ.ਐਸ.ਟੀ. ਤੋਂ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਇਸ ਬਿਆਨ ਦੀ ਸਖਤ ਨਿੰਦਾ ਕਰਦਿਆਂ ਆਖਿਆ ਕਿ ਇਹ ਫੈਸਲਾ ਸਿੱਖ ਸੰਗਤ ਦੀਆਂ ਧਾਰਮਿਕ ਭਾਵਨਾਵਾਂ ਨਾਲ ਧੱਕਾ ਹੈ। ਉਨ੍ਹਾਂ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਦਾ ਇਹ ਤਰਕ ਕਿ ਲੰਗਰ ਦੀਆਂ ਰਸਦਾਂ ਨੂੰ ਜੀ.ਐਸ.ਟੀ. ਮੁਕਤ ਕਰਨ ਨਾਲ ਟੈਕਸ ਚੋਰੀ ਹੋਵੇਗੀ, ਨੂੰ ਗਲਤ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਵਿਚ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਦਾ ਅੜੀਅਲ ਵਤੀਰਾ ਜਾਇਜ਼ ਨਹੀਂ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਇਸ ਮਸਲੇ ਉਤੇ ਗੰਭੀਰਤਾ ਨਾਲ ਵਿਚਾਰ ਕਰੇ। ਸ਼੍ਰੋਮਣੀ ਕਮੇਟੀ ਇਸ ਸਬੰਧੀ ਮੁੜ ਵਿੱਤ ਮੰਤਰਾਲੇ ਨੂੰ ਪੱਤਰ ਭੇਜ ਕੇ ਜੀ.ਐਸ.ਟੀ. ਤੋਂ ਛੋਟ ਲਈ ਅਪੀਲ ਕਰੇਗੀ।

# ਵਿਵਾਦਤ ਫੈਸਲਿਆਂ ਕਾਰਨ ਕਸੂਤੀ ਫਸੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਵਾਰ ਮੁੜ ਵਿਵਾਦਾਂ ਦੇ ਘੇਰੇ ਵਿਚ ਆ ਗਈ ਹੈ। ਫਿਲਮ 'ਨਾਨਕ ਸ਼ਾਹ ਫਕੀਰ' ਨੂੰ ਕਲੀਨ ਚਿੱਟ ਦੇਣ ਦਾ ਮੁੱਦਾ ਅਜੇ ਪੂਰੀ ਤਰ੍ਹਾਂ ਠੰਢਾ ਨਹੀਂ ਸੀ ਹੋਇਆ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਇਤਿਹਾਸਕ ਸਿੱਖ ਰੈਫਰੈਂਸ ਲਾਇਬਰੇਰੀ ਨੂੰ ਸਮੂਹ ਤੋਂ ਦੂਰ ਲਿਜਾ ਕੇ ਟਾਊਨ ਹਾਲ ਨਜ਼ਦੀਕ ਸਥਿਤ ਭਾਈ ਗੁਰਦਾਸ ਹਾਲ ਤਬਦੀਲ ਕਰਨ ਦੇ ਫੈਸਲੇ ਕਰ ਕੇ ਵਿਵਾਦ ਖੜ੍ਹਾ ਹੋ ਗਿਆ ਹੈ।



ਭਾਵੇਂ ਸ਼੍ਰੋਮਣੀ ਕਮੇਟੀ ਨੇ ਇਹ ਐਲਾਨ 20 ਅਪਰੈਲ ਨੂੰ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ 'ਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕੀਤਾ ਹੈ ਪਰ ਇਸ ਸਬੰਧੀ ਮਤਾ ਲਗਭਗ ਇਕ ਸਾਲ ਪਹਿਲਾਂ 30 ਮਾਰਚ ਨੂੰ ਤਤਕਾਲੀਨ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਵੇਲੇ ਬਜਟ ਇਜਲਾਸ ਦੌਰਾਨ ਪਾਸ ਕੀਤਾ ਗਿਆ ਸੀ, ਹਾਲਾਂਕਿ ਉਦੋਂ ਇਸ ਮਸਲੇ ਨੂੰ ਇੰਨੀ ਜ਼ਿਆਦਾ ਹਵਾ ਨਹੀਂ ਮਿਲੀ ਸੀ, ਜਿੰਨਾ ਕਿ ਹੁਣ ਮਿਲ ਰਹੀ ਹੈ। ਸ੍ਰੀ ਦਰਬਾਰ ਸਾਹਿਬ ਦੇ ਆਟਾ ਮੰਡੀ ਵਾਲੀ ਬਾਹੀ ਵਾਲੇ ਪਾਸੇ ਸਥਿਤ ਇਸ ਲਾਇਬਰੇਰੀ ਨੂੰ ਕੰਪਲੈਕਸ ਵਿਚੋਂ ਬਾਹਰ ਲਿਜਾਣ ਦੇ ਵਿਰੋਧ 'ਸਿੱਖ ਰੈਫਰੈਂਸ ਲਾਇਬਰੇਰੀ ਬਚਾਉ' ਮੁਹਿੰਮ ਵੀ ਕਾਫੀ ਦਿਨਾਂ ਤੋਂ ਚੱਲ ਰਹੀ ਹੈ ਅਤੇ ਆਉਂਦੇ ਦਿਨਾਂ 'ਚ ਇਸ ਮੁਹਿੰਮ ਦੇ ਹੋਰ ਜ਼ਿਆਦਾ ਭਖਣ ਦੇ ਆਸਾਰ ਹਨ। ਜ਼ਿਕਰਯੋਗ ਹੈ ਕਿ 1984 ਵਿਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹੋਏ ਫੌਜੀ ਹਮਲੇ ਦੌਰਾਨ ਭਾਰਤੀ ਫੌਜ ਵੱਲੋਂ ਜਿਥੇ ਖਾੜਕੂਆਂ ਅਤੇ ਆਮ ਸ਼ਰਧਾਲੂਆਂ ਨੂੰ ਨਿਸ਼ਾਨਾ ਬਣਾਇਆ ਗਿਆ, ਉਥੇ ਸਿੱਖ ਲਾਇਬ੍ਰੇਰੀ ਨੂੰ ਵੀ ਤਬਾਹ ਕਰਨ ਦੀ ਨੀਤੀ ਤਹਿਤ ਇਥੇ ਸਾਂਭੀਆਂ ਗਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ ਲਿਖਤ ਪੁਰਾਤਨ ਤੇ ਪਾਵਨ ਬੀੜਾਂ ਸਮੇਤ ਹੋਰ ਦੁਰਲਭ ਸਾਹਿਤ ਤੇ ਬੇਸ਼ਕੀਮਤੀ ਦਸਤਾਵੇਜ਼ਾਂ ਨੂੰ ਜਾਂ ਤਾਂ ਅੱਗ ਲਾ ਕੇ ਨਸ਼ਟ ਕਰ ਦਿੱਤਾ ਗਿਆ ਜਾਂ ਫੌਜ ਇਸ ਨੂੰ ਆਪਣੇ ਨਾਲ ਲੈ ਗਈ।

ਸਿੱਖ ਕੌਮ ਵੱਲੋਂ ਵਾਰ-ਵਾਰ ਮੰਗ ਉਠਾਉਣ ਦੇ ਬਾਵਜੂਦ ਕੇਂਦਰ ਵੱਲੋਂ ਇਹ ਦਸਤਾਵੇਜ਼ ਵਾਪਸ ਨਹੀਂ ਦਿੱਤੇ ਗਏ। ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਸੁਪਰੀਮ ਕੋਰਟ ਵਿਚ ਸਾਕਾ ਨੀਲਾ ਤਾਰਾ ਦੌਰਾਨ ਹੋਏ ਨੁਕਸਾਨ ਬਦਲੇ ਹਰਜਾਨੇ ਦਾ ਕੇਸ ਚੱਲ ਰਿਹਾ ਹੈ, ਉਥੇ ਇਹ ਹਰ ਮੌਕੇ ਇਸ ਲਾਇਬ੍ਰੇਰੀ ਦੇ ਇਤਿਹਾਸਕ ਦਸਤਾਵੇਜ਼ ਵਾਪਸ ਕਰਨ ਦੀ ਮੰਗ ਉਠਾਉਂਦੀ ਰਹੀ ਹੈ। ਲਾਇਬ੍ਰੇਰੀ ਤਬਦੀਲ ਕਰਨ ਦੇ ਫੈਸਲੇ ਪਿੱਛੇ ਸ਼੍ਰੋਮਣੀ ਕਮੇਟੀ ਦਾ ਪ੍ਰਮੁੱਖ ਤਰਕ ਇਹ ਹੈ ਕਿ ਸਿੱਖ ਰੈਫਰੈਂਸ ਲਾਇਬਰੇਰੀ ਦੇ ਵਿਸਥਾਰ ਅਤੇ ਆਧੁਨਿਕੀਕਰਨ ਲਈ ਵਧੇਰੇ ਜਗ੍ਹਾ ਚਾਹੀਦੀ ਹੈ ਅਤੇ ਸ੍ਰੀ ਦਰਬਾਰ ਸਾਹਿਬ ਵਿਖੇ ਜਗ੍ਹਾ ਸੀਮਤ ਹੋਣ ਕਾਰਨ ਅਜਿਹਾ ਕਰਨਾ ਮੁਸ਼ਕਲ ਹੈ। ਪਰ ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਇਸ ਨੂੰ ਆਪਣੀ ਮੌਲਿਕ ਥਾਂ ਤੋਂ ਤਬਦੀਲ ਕਰਨ ਨਾਲ ਇਸ ਦਾ ਲਾਇਬਰੇਰੀ ਸਬੰਧੀ ਕੇਸ ਕਾਨੂੰਨੀ ਨੁਕਤੇ ਤੋਂ ਕਮਜ਼ੋਰ ਪੈਂਦਾ ਹੈ।

ਦੂਜੇ ਪਾਸੇ ਪੰਥਕ ਜਥੇਬੰਦੀਆਂ ਇਸ ਦਾ ਵਿਰੋਧ ਇਸ ਕਰ ਕੇ ਵੀ ਕਰ ਰਹੀਆਂ ਹਨ ਕਿ ਇਹ ਸਿੱਖ ਕੌਮ ਉਤੇ ਹੋਏ ਜ਼ੁਲਮੋ-ਸਿਤਮ ਦੀ ਗਵਾਹ ਹੈ ਅਤੇ ਸਿੱਖ ਕੌਮ ਦੀ ਬੇਸ਼ਕੀਮਤੀ ਵਿਰਾਸਤ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ 1984 ਦਾ ਘਟਨਾ-ਚੱਕਰ ਸਿੱਖ ਇਤਿਹਾਸ ਦਾ ਬੇਹੱਦ ਅਹਿਮ ਅਧਿਆਇ ਹੈ ਅਤੇ ਇਹ ਹਕੂਮਤੀ ਜ਼ੁਲਮ ਦਾ ਸਿਖਰ ਹੀ ਸੀ ਕਿ ਉਸ ਨੇ ਘੱਟ ਗਿਣਤੀ ਭਾਈਚਾਰੇ ਦੇ ਸਾਹਿਤ ਨੂੰ ਵੀ ਨਹੀਂ ਬਖਸ਼ਿਆ। ਉਹ ਇਸ ਨੂੰ ਨਸਲਕੁਸ਼ੀ ਦੇ ਤੌਰ-ਤਰੀਕੇ ਵਜੋਂ ਵੀ ਦੇਖਦੇ ਹਨ। ਉਨ੍ਹਾਂ ਦਾ ਤਰਕ ਹੈ ਕਿ ਸਿੱਖ ਵਿਰਾਸਤ ਪਹਿਲਾਂ ਹੀ ਬਹੁਤ ਤਬਾਹ ਹੋ ਚੁੱਕੀ ਹੈ ਅਤੇ ਸ਼੍ਰੋਮਣੀ ਕਮੇਟੀ ਇਸ ਰੀਤ ਨੂੰ ਅੱਗੇ ਤੋਰਨ ਤੋਂ ਗੁਰੇਜ਼ ਕਰੇ।

## ਹਾਈ ਕੋਰਟ ਨੇ ਮੁਲਾਜ਼ਮਾਂ ਦੀ ਬਰਖ਼ਾਸਤਗੀ ਰੋਕੀ

**ਅੰਮ੍ਰਿਤਸਰ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖਿਆ ਸੰਸਥਾਵਾਂ ਵਿਚੋਂ ਕੱਢੇ ਮੁਲਾਜ਼ਮਾਂ ਦੀ ਬਰਖਾਸਤਗੀ 'ਤੇ ਰੋਕ ਲਗਾ ਦਿੱਤੀ ਹੈ। ਇਹ ਰੋਕ ਜਸਟਿਸ ਜਤਿੰਦਰ ਚੌਹਾਨ ਨੇ ਮੇਜਰ ਸਿੰਘ ਪਟੀਸ਼ਨ 'ਤੇ ਆਦੇਸ਼ ਜਾਰੀ ਕਰਦਿਆਂ ਲਾਈ। ਇਸ ਦੌਰਾਨ ਮੇਜਰ ਸਿੰਘ ਦੀ ਨੌਕਰੀ ਨੂੰ ਬਹਾਲ ਕਰ ਦਿੱਤਾ ਗਿਆ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 20 ਅਗਸਤ ਪੈ ਗਈ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਕਾਰਜਕਾਲ ਸਮੇਂ ਭਰਤੀ ਕੀਤੇ ਗਏ ਮੁਲਾਜ਼ਮਾਂ ਦੀ ਪੜਤਾਲ ਸਬੰਧੀ ਮੌਜੂਦਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸਬ-ਕਮੇਟੀ ਬਣਾਈ ਗਈ ਜਿਸ ਦੀ ਰਿਪੋਰਟ ਤੋਂ ਬਾਅਦ 523 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ।

## ਅਕਾਲ ਤਖਤ ਵੱਲੋਂ ਬੀਬੀ ਕੌਲਾਂ ਜੀ ਟਰਸੱਟ ਦਾ ਮੁਖੀ ਤਲਬ

**ਅੰਮ੍ਰਿਤਸਰ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੀਬੀ ਕੌਲਾਂ ਜੀ ਭਲਾਈ ਟਰਸਟ ਦੇ ਮੁਖੀ ਭਾਈ ਗੁਰਇਕਬਾਲ ਸਿੰਘ ਦੇ ਜਨਮ ਦਿਨ ਸਬੰਧੀ ਛਪੇ ਇਸ਼ਤਿਹਾਰ ਵਿਚ ਜਨਮ ਦਿਨ ਨੂੰ ਆਗਮਨ ਦਿਵਸ ਲਿਖੇ ਜਾਣ ਅਤੇ ਹੋਰ ਸ਼ਬਦਾਵਲੀ ਉਤੇ ਸਖਤ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਨੂੰ ਅਕਾਲ ਤਖਤ ਵਿਖੇ ਸਪੱਸ਼ਟੀਕਰਨ ਦੇਣ ਲਈ ਤਲਬ ਕੀਤਾ ਹੈ।

ਅਕਾਲ ਤਖਤ ਦੇ ਸਕੱਤਰੇਤ ਤੋਂ ਜਾਰੀ ਪੱਤਰ ਵਿਚ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰਇਕਬਾਲ ਸਿੰਘ ਵੱਲੋਂ ਆਪਣੀ ਸ਼ੋਹਰਤ ਲਈ ਛਪਵਾਏ ਗਏ ਇਸ਼ਤਿਹਾਰਾਂ ਵਿਚ ਵਰਤੀ ਸ਼ਬਦਾਵਲੀ ਨਿੰਦਣਯੋਗ ਹੈ। ਇਸ ਸ਼ਬਦਾਵਲੀ ਉਤੇ ਸਿੱਖ ਸੰਗਤ ਵੱਲੋਂ ਸਖਤ ਇਤਰਾਜ਼ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਗੁਰਇਕਬਾਲ ਸਿੰਘ ਅਕਾਲ ਤਖਤ ਵਿਖੇ ਪੇਸ਼ ਹੋ ਕੇ ਲਿਖਤੀ ਰੂਪ ਵਿਚ ਸਪੱਸ਼ਟੀਕਰਨ ਦੇਣ ਕਿ ਉਨ੍ਹਾਂ ਕੋਲ ਸਿੱਖ ਸਿਧਾਂਤਾਂ ਸਬੰਧੀ ਭੁੱਲ ਕਿਉਂ ਹੋਈ ਹੈ?

ਗੁਰਇਕਬਾਲ ਸਿੰਘ ਨੇ ਆਪਣਾ ਪੱਖ ਰੱਖਦਿਆਂ ਆਖਿਆ ਕਿ ਉਨ੍ਹਾਂ ਦੇ ਜਨਮ ਦਿਨ ਉਤੇ ਵਧਾਈ ਦੇਣ ਦੇ ਮੰਤਵ ਨਾਲ ਕਿਸੇ ਵੱਲੋਂ ਸੋਸ਼ਲ ਮੀਡੀਆ ਉਤੇ ਇਸ਼ਤਿਹਾਰ ਪਾਇਆ ਗਿਆ ਸੀ। ਇਹ ਇਸ਼ਤਿਹਾਰ ਉਨ੍ਹਾਂ ਖੁਦ ਨਹੀਂ ਛਪਵਾਇਆ ਹੈ ਅਤੇ ਨਾ ਹੀ ਸੋਸ਼ਲ ਮੀਡੀਆ ਉਤੇ ਪਾਇਆ। ਅਜਿਹਾ ਇਸ਼ਤਿਹਾਰ ਸੋਸ਼ਲ ਮੀਡੀਆ ਉਤੇ ਭੇਜ ਕੇ ਉਨ੍ਹਾਂ ਨੂੰ ਅਤੇ ਟਰਸਟ ਨੂੰ ਬਦਨਾਮ ਕੀਤਾ ਗਿਆ ਹੈ। ਇਸ਼ਤਿਹਾਰ ਪੜ੍ਹਨ ਮਗਰੋਂ ਉਨ੍ਹਾਂ ਨੂੰ ਖੁਦ ਵੀ ਦੁੱਖ ਹੋਇਆ ਹੈ।

## ਸਿੱਖ ਸੰਗਠਨ ਪ੍ਰੋ. ਸਾਈਬਾਬਾ ਦੇ ਹੱਕ 'ਚ ਨਿਤਰੇ

**ਸਰੀ:** ਕੈਨੇਡਾ ਦੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਿਯੂ.ਐਸ.ਓ.) ਵੱਲੋਂ ਦਿੱਲੀ ਯੂਨੀਵਰਸਿਟੀ ਦੇ ਅਪਾਹਜ ਪ੍ਰੋਫੈਸਰ ਜੀ.ਐਨ. ਸਾਈਬਾਬਾ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਲੱਕ ਤੋਂ ਹੇਠਾਂ 90 ਫੀਸਦੀ ਤੱਕ ਅਪਾਹਜ ਇਹ ਪ੍ਰੋਫੈਸਰ ਮਾਓਵਾਦੀਆਂ ਦਾ ਸਮਰਥਕ ਹੋਣ ਦੇ ਦੋਸ਼ਾਂ ਹੇਠ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਕੈਨੇਡਾ ਵਿਚ ਲਗਭਗ ਇਕ ਹਜ਼ਾਰ ਲੋਕਾਂ ਨੇ ਪਟੀਸ਼ਨ 'ਤੇ ਦਸਤਖਤ ਕਰ ਕੇ ਪ੍ਰੋਫੈਸਰ ਦੀ ਰਿਹਾਈ ਲਈ ਕੌਮਾਂਤਰੀ ਦਖਲ ਦੀ ਮੰਗ ਕੀਤੀ ਹੈ। ਡਬਲਿਯੂ.ਐਸ.ਓ.ਦੇ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਕਿ ਸਾਈਬਾਬਾ ਨੂੰ ਜੇਲ੍ਹ ਵਿਚ ਬੰਦੀ ਬਣਾ ਕੇ ਰੱਖਣਾ ਅਤੇ ਉਸ ਨਾਲ ਕੀਤਾ ਜਾ ਰਿਹਾ ਸਲੂਕ ਮੰਦਭਾਗਾ ਹੈ।

## ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ 'ਚ ਸਿੱਖੀ 'ਚ ਪਰਪੱਕ ਹੋਣਾ ਲਾਜ਼ਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਵਿਦਿਅਕ ਅਦਾਰਿਆਂ ਵਿਚ ਅਮਲੇ ਦਾ ਸਿੱਖੀ ਵਿਚ ਪ੍ਰਪੱਕ ਹੋਣਾ ਲਾਜ਼ਮੀ ਕਰ ਦਿੱਤਾ ਗਿਆ ਹੈ ਅਤੇ ਹਰ ਵਰ੍ਹੇ ਖਾਲਸਾ ਸਾਜਨਾ ਦਿਵਸ ਮੌਕੇ ਸਿੱਖੀ ਵਿਚ ਪ੍ਰਪੱਕ ਤੇ ਚੰਗਾ ਯੋਗਦਾਨ ਪਾਉਣ ਵਾਲੇ ਤਿੰਨ ਅਧਿਆਪਕਾਂ ਨੂੰ ਨਗਦ ਰਾਸ਼ੀ ਨਾਲ ਸਨਮਾਨਤ ਕਰਨ ਦਾ ਐਲਾਨ ਕੀਤਾ ਗਿਆ ਹੈ।

ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਧਾਰਮਿਕ ਅਧਿਆਪਕਾਂ ਦੀ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਵਿਦਿਅਕ ਅਦਾਰਿਆਂ ਦੇ ਅਮਲੇ ਦਾ ਗੁਰਸਿੱਖੀ ਜੀਵਨ ਵਿਚ ਪ੍ਰਪੱਕ ਹੋਣਾ ਲਾਜ਼ਮੀ ਹੈ ਅਤੇ ਇਸ ਵਿਚ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਪ੍ਰਿੰਸੀਪਲਾਂ ਨੂੰ ਸਖ਼ਤ ਕਿਹਾ ਕਿ ਉਹ ਵਿਦਿਆਰਥੀਆਂ ਵਿਚ ਸਿੱਖੀ ਜਜ਼ਬਾ ਪੈਦਾ ਕਰਨ ਲਈ ਕਾਰਗਰ ਯਤਨ ਕਰਨ। ਸਕੂਲ ਮੁਖੀ ਅਤੇ ਅਧਿਆਪਕ ਵਿਦਿਆਰਥੀਆਂ ਲਈ ਰੋਲ ਮਾਡਲ ਹੁੰਦੇ ਹਨ ਅਤੇ ਜੇਕਰ ਅਮਲਾ ਹੀ ਸਿੱਖੀ ਤੋਂ ਦੂਰ ਹੋਵੇਗਾ ਤਾਂ ਇਸ ਦਾ ਵਿਦਿਆਰਥੀਆਂ ਉਤੇ ਵੀ ਮਾੜਾ ਅਸਰ ਪਵੇਗਾ।

ਉਨ੍ਹਾਂ ਐਲਾਨ ਕੀਤਾ ਕਿ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਇਤਿਹਾਸ ਅਤੇ ਗੁਰਮਤਿ ਰਹਿਣੀ ਨਾਲ ਜੋੜਨ ਦੇ ਨਾਲ-ਨਾਲ ਚੰਗਾ ਅਨੁਸ਼ਾਸਨ ਪੈਦਾ ਕਰਨ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦਾ ਸਨਮਾਨ ਕੀਤਾ ਜਾਇਆ ਕਰੇਗਾ। ਇਸ ਤਹਿਤ ਹਰ ਸਾਲ ਖਾਲਸਾ ਸਾਜਨਾ ਦਿਵਸ ਸਮੇਂ ਤਿੰਨ ਅਧਿਆਪਕਾਂ ਨੂੰ 51 ਹਜ਼ਾਰ, 31 ਹਜ਼ਾਰ, 21 ਹਜ਼ਾਰ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

## ਗੁਲਾਬਗੜ੍ਹ ਮੁਕਾਬਲੇ ਵਿਚ ਪੁਲਿਸ ਨੂੰ ਕਲੀਨ ਚਿੱਟ

**ਬਠਿੰਡਾ:** ਬਠਿੰਡਾ ਪ੍ਰਸ਼ਾਸਨ ਦੀ ਮੈਜਿਸਟ੍ਰੇਟੀ ਜਾਂਚ ਨੇ ਗੁਲਾਬਗੜ੍ਹ ਪੁਲਿਸ ਮੁਕਾਬਲੇ ਵਿਚ ਬਠਿੰਡਾ ਪੁਲਿਸ ਨੂੰ ਕਲੀਨ ਚਿੱਟ ਦਿੱਤੀ ਹੈ ਅਤੇ ਮੁਕਾਬਲੇ ਦੇ ਫਰਜ਼ੀ ਹੋਣ ਨੂੰ ਰੱਦ ਕੀਤਾ ਹੈ। ਐਸ. ਡੀ. ਐਮ ਬਠਿੰਡਾ ਵੱਲੋਂ ਮੈਜਿਸਟ੍ਰੇਟੀ ਜਾਂਚ ਦੀ ਰਿਪੋਰਟ ਜ਼ਿਲ੍ਹਾ ਮੈਜਿਸਟਰੇਟ ਨੂੰ ਸੌਂਪ



ਦਿੱਤੀ ਗਈ ਹੈ। ਦੱਸਣਯੋਗ ਹੈ ਕਿ ਵਿੱਕੀ ਗੌਂਡਰ ਗਰੋਹ ਦੇ ਗੈਂਗਸਟਰਾਂ ਦਾ 15 ਦਸੰਬਰ 2017 ਨੂੰ ਗੁਲਾਬਗੜ੍ਹ ਵਿਚ ਪੁਲਿਸ ਮੁਕਾਬਲਾ ਹੋਇਆ ਸੀ, ਜਿਸ ਵਿਚ ਗੈਂਗਸਟਰ ਪ੍ਰਭਦੀਪ ਸਿੰਘ ਵਾਸੀ ਮਾਮੂਖੇੜਾ (ਫਾਜ਼ਿਲਕਾ) ਅਤੇ ਮਨਪ੍ਰੀਤ ਸਿੰਘ ਵਾਸੀ ਅਬੋਹਰ ਮਾਰੇ ਗਏ ਸਨ। ਮੈਜਿਸਟ੍ਰੇਟੀ ਜਾਂਚ ਦੌਰਾਨ ਜਨਵਰੀ ਵਿਚ ਮ੍ਰਿਤਕ ਗੈਂਗਸਟਰਾਂ ਦੇ ਮਾਪਿਆਂ ਤੇ ਰਿਸ਼ਤੇਦਾਰਾਂ ਨੇ ਆਪੋ-ਆਪਣੇ ਬਿਆਨ ਦਰਜ ਕਰਵਾਏ ਸਨ ਅਤੇ ਇਸ ਪੁਲਿਸ ਮੁਕਾਬਲੇ ਨੂੰ ਝੂਠਾ ਦੱਸਿਆ ਸੀ।

ਮੈਜਿਸਟ੍ਰੇਟੀ ਜਾਂਚ ਰਿਪੋਰਟ ਅਨੁਸਾਰ ਪੁਲਿਸ ਵੱਲੋਂ ਪਿੰਡ ਗੁਲਾਬਗੜ੍ਹ ਵਿਚ ਗੈਂਗਸਟਰਾਂ ਦੀ ਫਾਰਚੂਨਰ ਗੱਡੀ ਨੂੰ ਰੋਕਿਆ ਗਿਆ ਪਰ ਅੱਗਿਉਂ ਗੈਂਗਸਟਰਾਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ। ਘਟਨਾ ਵਾਲੀ ਥਾਂ ਤੋਂ ਗੈਂਗਸਟਰਾਂ ਨੇ ਸਕੂਲ ਵੱਲ ਭੱਜਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਪੁਲਿਸ ਨੂੰ ਖਦਸ਼ਾ ਹੋਇਆ ਕਿ ਗੈਂਗਸਟਰ ਕਿਧਰੇ ਸਕੂਲ ਦੇ ਵਿਦਿਆਰਥੀਆਂ ਦਾ ਨੁਕਸਾਨ ਨਾ ਕਰ ਦੇਣ। ਪੁਲਿਸ ਨੇ ਬਚਾਅ ਹਿਤ ਫਾਇਰਿੰਗ ਕੀਤੀ। ਗੈਂਗਸਟਰਾਂ ਦੇ ਗੋਲੀਆਂ ਦੂਰ ਤੋਂ ਵੱਜੀਆਂ ਹਨ, ਨਾ ਕਿ ਨੇੜੇ ਤੋਂ। ਮੈਜਿਸਟ੍ਰੇਟੀ ਜਾਂਚ ਅਨੁਸਾਰ ਪੁਲਿਸ ਨੇ ਗੈਂਗਸਟਰਾਂ ਨੂੰ ਆਤਮ ਸਮਰਪਣ ਕਰਨ ਦਾ ਢੁਕਵਾਂ ਮੌਕਾ ਦਿੱਤਾ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦਾ ਹਵਾਲਾ ਵੀ ਰਿਪੋਰਟ ਵਿਚ ਦਿੱਤਾ ਗਿਆ ਹੈ ਅਤੇ ਚਸ਼ਮਦੀਦਾਂ ਦੇ ਬਿਆਨ ਵੀ ਜਾਂਚ ਦੌਰਾਨ ਲਏ ਗਏ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਸਿੱਕਮ ਵਿਚ ਸਿੱਖ ਵਫਦ ਭੇਜਣ ਦਾ ਫੈਸਲਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਪਿੰਡ ਫਤਿਹਗੜ੍ਹ ਚਟੌਲੀ ਵਿਚ ਗੁਰਦੁਆਰੇ ਵਿਚ ਅੱਗ ਲੱਗਣ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਨੁਕਸਾਨੇ ਜਾਣ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਗੁਰਦੁਆਰਾ ਡਾਂਗਮਾਰ ਮਾਮਲੇ ਵਿਚ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਉਥੇ ਵਫਦ ਭੇਜਣ ਦਾ ਫੈਸਲਾ ਕੀਤਾ ਹੈ।

ਗੁਰਦੁਆਰਿਆਂ ਵਿਚ ਅਜਿਹੀਆਂ ਘਟਨਾਵਾਂ ਨਾ ਵਾਪਰਨ, ਇਸ ਲਈ ਗੁਰਦੁਆਰਾ ਕਮੇਟੀਆਂ ਅਤੇ ਸੰਗਤ ਨੂੰ ਸੁਚੇਤ ਹੋਣਾ ਪਵੇਗਾ। ਉਨ੍ਹਾਂ ਸਿੱਕਮ ਦੇ ਗੁਰਦੁਆਰੇ ਦੇ ਦਰਸ਼ਨਾਂ ਲਈ ਸਿੱਖ ਸੰਗਤ ਨੂੰ ਸਿੱਕਮ ਸਰਕਾਰ ਵੱਲੋਂ ਰੋਕਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਗੁਰੂ ਡਾਂਗਮਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਸਿੱਖ ਸੰਗਤ ਨੂੰ ਰੋਕਣਾ ਸੰਗਤ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਗਿਆ ਸੀ ਅਤੇ ਕਮੇਟੀ ਦਾ ਇਕ ਵਫਦ ਵੀ ਉਥੇ ਭੇਜਿਆ ਗਿਆ ਸੀ। ਉਨ੍ਹਾਂ ਕਿਹਾ ਕਿ ਤਾਜ਼ਾ ਹਾਲਾਤ ਕਾਰਨ ਸ਼੍ਰੋਮਣੀ ਕਮੇਟੀ ਵੱਲੋਂ ਹੁਣ ਫਿਰ ਛੇਤੀ ਹੀ ਵਫਦ ਸਿੱਕਮ ਭੇਜਿਆ ਜਾਵੇਗਾ, ਜੋ ਉਥੋਂ ਦੀ ਸਰਕਾਰ ਨਾਲ ਗੱਲ ਕਰੇਗਾ ਤੇ ਇਸ ਸਬੰਧ ਵਿਚ ਮੁਕੰਮਲ ਜਾਣਕਾਰੀ ਵੀ ਪ੍ਰਾਪਤ ਕਰੇਗਾ।

## ਜ਼ਮੀਨ ਖਾਤਰ ਪਿਉ ਦਾ ਕਤਲ

ਬਟਾਲਾ: ਪਿੰਡ ਰਹੀਮਾਬਾਦ ਵਿਚ ਇਕ ਵਿਅਕਤੀ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਆਪਣੇ ਪਿਤਾ ਦੀ ਜਾਨ ਲੈ ਲਈ ਤੇ ਛੋਟੇ ਭਰਾ ਨੂੰ ਜ਼ਖਮੀ ਕਰ ਦਿੱਤਾ। ਮੁਲਜ਼ਮ ਲਖਬੀਰ ਸਿੰਘ ਜੋ ਸੇਵਾ ਮੁਕਤ ਫੌਜੀ ਹੈ, ਨੇ ਪਿਤਾ ਜਗੀਰ ਸਿੰਘ ਅਤੇ ਭਰਾ ਹਰਜੀਤ ਸਿੰਘ 'ਤੇ ਗੋਲੀਆਂ ਉਸ ਸਮੇਂ ਚਲਾਈਆਂ, ਜਦੋਂ ਦੋਵੇਂ ਪਿਉ-ਪੁੱਤਰ ਟਰੈਕਟਰ ਟਰਾਲੀ ਲੈ ਕੇ ਜਾ ਰਹੇ ਸਨ।

ਇਸੇ ਦੌਰਾਨ ਟਰੈਕਟਰ ਦਾ ਟਾਇਰ ਲਖਬੀਰ ਸਿੰਘ ਦੀ ਪੈਲੀ ਵਿਚ ਧਸ ਗਿਆ ਸੀ। ਪਿਤਾ ਦੀ ਮੌਕੇ 'ਤੇ ਮੌਤ ਹੋ ਗਈ।

## ਬਿਆਸ ਵਿਚ ਨਹਾਉਂਦਿਆਂ ਤਿੰਨ ਨੌਜਵਾਨ ਡੁੱਬੇ

**ਕਾਹਨੂੰਵਾਨ:** ਪਿੰਡਾਂ ਰਾਜੂ ਬੇਲਾ ਅਤੇ ਬਲਵੰਡਾ ਦੇ 5 ਨੌਜਵਾਨ ਨਹਾਉਂਦੇ ਸਮੇਂ ਦਰਿਆ ਬਿਆਸ ਦੇ ਤੇਜ਼ ਵਹਿਣ ਵਿਚ ਰੁੜ੍ਹ ਗਏ। ਇਨ੍ਹਾਂ ਵਿਚੋਂ ਦੋ ਨੌਜਵਾਨਾਂ ਨੂੰ ਬਚਾ ਲਿਆ ਗਿਆ ਹੈ ਅਤੇ ਤਿੰਨ ਪਾਣੀ ਦੇ ਤੇਜ਼ ਵਹਿਣ ਵਿਚ ਰੁੜ੍ਹ ਗਏ। ਲਵਦੀਪ ਸਿੰਘ, ਸੁਖਜਿੰਦਰ ਸਿੰਘ, ਜੋਬਨਜੀਤ ਸਿੰਘ, ਸਿਮਰਨਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਦਰਿਆ ਬਿਆਸ ਵਿਚ ਦੁਪਹਿਰ ਸਮੇਂ ਨਹਾਉਣ ਗਏ ਸਨ। ਨਹਾਉਂਦੇ ਸਮੇਂ ਪੰਜੇ ਨੌਜਵਾਨ ਪਾਣੀ ਦੇ ਤੇਜ਼ ਵਹਾਅ ਵਿਚ ਰੁੜ੍ਹ ਗਏ। ਇਨ੍ਹਾਂ ਵਿਚੋਂ ਸੁਖਜਿੰਦਰ ਸਿੰਘ ਅਤੇ ਜੋਬਨਜੀਤ ਸਿੰਘ ਨੂੰ ਬਚਾ ਲਿਆ ਗਿਆ। ਬਾਕੀ ਨੌਜਵਾਨਾਂ ਵਿਚੋਂ ਸਿਮਰਨਜੀਤ ਸਿੰਘ, ਗੁਰਵਿੰਦਰ ਸਿੰਘ ਅਤੇ ਲਵਦੀਪ ਸਿੰਘ ਪਾਣੀ ਦੇ ਡੂੰਘੇ ਵਹਿਣ ਵਿਚ ਲਾਪਤਾ ਹੋ ਗਏ।

## ਝਗੜੇ ਦੌਰਾਨ ਸਿੱਖ ਕਾਰੋਬਾਰੀ ਭਰਾਵਾਂ ਦੀ ਮੌਤ

**ਨਵੀਂ ਦਿੱਲੀ:** ਰਾਜਧਾਨੀ ਦਿੱਲੀ ਦੇ ਅਮੀਰ ਰਿਹਾਇਸ਼ੀ ਇਲਾਕੇ ਮਾਡਲ ਟਾਊਨ ਵਿਚ ਜਾਇਦਾਦ ਦੇ ਝਗੜੇ ਕਾਰਨ ਇਕ ਸਿੱਖ ਪਰਿਵਾਰ ਦੇ ਤਿੰਨ ਜੀਅ ਮਾਰੇ ਗਏ ਤੇ ਇਕ ਨੌਜਵਾਨ ਜ਼ਖ਼ਮੀ ਹੋ ਗਿਆ। ਗੱਡੀਆਂ ਖੜ੍ਹੀਆਂ ਕਰਨ ਤੋਂ ਸ਼ੁਰੂ ਹੋਇਆ ਮਾਮੂਲੀ ਵਿਵਾਦ ਤਿੰਨ ਕਤਲਾਂ ਵਿਚ ਬਦਲ ਗਿਆ। ਦੋਵੇਂ ਸਕੇ ਭਰਾਵਾਂ ਵਿਚ ਪਹਿਲਾਂ ਵੀ ਜਾਇਦਾਦ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ।

ਮਾਡਲ ਟਾਊਨ ਦੇ ਮਕਾਨ ਡੀ-13ਏ-19 ਵਿਚ ਇਹ ਵਾਰਦਾਤ ਰਾਤ ਦੇ ਕਰੀਬ ਡੇਢ ਵਜੇ ਉਦੋਂ ਵਾਪਰੀ ਜਦੋਂ ਦੋਵਾਂ ਭਰਾਵਾਂ ਵਿਚਕਾਰ ਗੱਡੀਆਂ ਖੜ੍ਹੀਆਂ ਕਰਨ ਨੂੰ ਲੈ ਕੇ ਤਕਰਾਰ ਹੋ ਗਿਆ। ਇਸ ਮਕਾਨ ਵਿਚ ਦੋ ਸਕੇ ਭਰਾ ਗੁਰਜੀਤ ਸਿੰਘ (50 ਸਾਲ) ਤੇ ਜਸਪਾਲ ਸਿੰਘ (52 ਸਾਲ) ਰਹਿੰਦੇ ਸਨ। ਦੋਵੇਂ ਹੀ ਵੱਡੇ ਕਾਰੋਬਾਰੀ ਸਨ। ਉਨ੍ਹਾਂ ਦੇ ਪਿਤਾ ਹਰਨਾਮ ਸਿੰਘ ਦੀ ਛੇ ਸਾਲ ਪਹਿਲਾਂ ਮੌਤ ਹੋਣ ਮਗਰੋਂ ਦੋਵਾਂ ਭਰਾਵਾਂ ਦਰਮਿਆਨ ਜਾਇਦਾਦ ਨੂੰ ਲੈ ਕੇ ਝਗੜਾ ਸ਼ੁਰੂ ਹੋ ਗਿਆ। ਪਾਰਕਿੰਗ ਨੂੰ ਲੈ ਕੇ ਦੋਵਾਂ ਦਰਮਿਆਨ ਤੂੰ-ਤੂੰ, ਮੈਂ-ਮੈਂ ਸ਼ੁਰੂ ਹੋ ਗਈ। ਇਸੇ ਦੌਰਾਨ ਜਸਪਾਲ ਨੇ ਗੁਰਜੀਤ ਉਤੇ ਤੇਜ਼ਧਾਰ ਹਥਿਆਰ ਨਾਲ ਵਾਰ ਕਰ ਕੇ ਉਸ ਨੂੰ ਜ਼ਮੀਨ ਉਤੇ ਡੇਗ ਦਿੱਤਾ। ਗੁਰਜੀਤ ਨੂੰ ਬਚਾਉਣ ਆਇਆ ਉਸ ਦਾ ਪੁੱਤਰ ਵੀ ਜ਼ਖ਼ਮੀ ਹੋ ਗਿਆ। ਗੁਆਂਢੀਆਂ ਦੀ ਇਤਲਾਹ ਮਗਰੋਂ ਪੁਲਿਸ ਪੁੱਜ ਗਈ।

ਪੁਲਿਸ ਮੁਤਾਬਕ ਗੁਰਜੀਤ ਕੋਲ ਦੋ ਨਿਜੀ ਸੁਰੱਖਿਆ ਗਾਰਡ ਵੀ ਸਨ ਜਿਨ੍ਹਾਂ ਨੇ ਜਸਪਾਲ ਤੇ ਉਸ ਦੀ ਪਤਨੀ ਪ੍ਰਭਜੋਤ ਕੌਰ ਉਤੇ ਗੋਲੀਆਂ ਚਲਾ ਦਿੱਤੀਆਂ। ਜਸਪਾਲ ਆਪਣੀ ਜਾਨ ਬਚਾਉਣ ਲਈ ਉਥੋਂ ਭੱਜਿਆ ਵੀ ਪਰ ਗੋਲੀਆਂ ਤੋਂ ਬਚ ਨਾ ਸਕਿਆ। ਤਿੰਨਾਂ ਨੂੰ ਹਸਪਤਾਲ ਭੇਜਿਆ ਗਿਆ, ਜਿਥੇ ਡਾਕਟਰਾਂ ਨੇ ਇਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਸਿੱਖ ਇਤਿਹਾਸ ਵਿਚ ਤਬਦੀਲੀਆਂ ਕਾਰਨ ਵਿਦਵਾਨਾਂ ਦਾ ਗੁੱਸਾ ਸਿਖਰ 'ਤੇ

## ਸਿਲੇਬਸ ਘੜਨ ਵਾਲਿਆਂ ਵਿਚ ਇੱਕ ਵੀ ਸਿੱਖ ਇਤਿਹਾਸਕਾਰ ਸ਼ਾਮਿਲ ਨਹੀਂ ਸੀ
## ਸੁਖਬੀਰ ਬਾਦਲ ਤੇ ਕੈਪਟਨ ਦੋਵਾਂ ਦੀ ਹੀ ਸਿਆਸੀ ਤੇ ਗੁਮਰਾਹਕੁੰਨ ਬਿਆਨਬਾਜ਼ੀ

**ਚੰਡੀਗੜ੍ਹ, 1 ਮਈ:** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਨਾਲ ਸਬੰਧਤ ਇਤਿਹਾਸ ਦੇ ਸਿਲੇਬਸ ਵਿਚ ਕੀਤੀਆਂ ਗਈਆਂ ਵੱਡੀਆਂ ਤਬਦੀਲੀਆਂ ਨੂੰ ਲੈ ਕੇ ਜਿਥੇ ਵਿਰੋਧੀ ਧਿਰ ਨੇ ਸਿੱਖਿਆ ਬੋਰਡ ਅਤੇ ਪੰਜਾਬ ਸਰਕਾਰ ਨੂੰ ਬੁਰੀ ਤਰ੍ਹਾਂ ਘੇਰ ਰੱਖਿਆ ਹੈ, ਉਥੇ ਇਹ ਭਖਦਾ ਵਿਸ਼ਾ ਹੁਣ ਰਾਜਨੀਤਿਕ ਵਿਦਵਾਨਾਂ ਦੇ ਵਿਹੜੇ ਵਿਚ ਆ ਗਿਆ ਹੈ।

ਅੱਜ ਇਥੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਕੈਂਪਸ ਵਿਚ ਸਿੱਖ ਵਿਚਾਰ ਮੰਚ ਵੱਲੋਂ ਸੱਦੀ ਇੱਕ ਹੰਗਾਮੀ ਮੀਟਿੰਗ ਵਿਚ ਵਿਦਵਾਨ ਇਸ ਹੱਦ ਤੱਕ ਗੁੱਸੇ ਵਿਚ ਭਰੇ ਪੀਤੇ ਸਨ ਕਿ ਉਨ੍ਹਾਂ ਨੂੰ ਇਸ ਸਾਰੇ ਸਿਲਸਿਲੇ ਵਿਚ ਇੱਕ ਵੱਡੀ ਸਾਜ਼ਿਸ਼

ਕਰਮਜੀਤ ਸਿੰਘ
ਫੋਨ: 91-99150-91063

ਨਜ਼ਰ ਆਉਂਦੀ ਸੀ ਅਤੇ ਇਸ ਸਾਜ਼ਿਸ਼ ਵਿਚ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਆਰ. ਐਸ. ਐਸ. ਦਾ ਵੱਡਾ ਰੋਲ ਨਜ਼ਰ ਆਉਂਦਾ ਸੀ। ਲਗਭਗ ਢਾਈ ਘੰਟੇ ਚੱਲੀ ਇਸ ਮੀਟਿੰਗ ਵਿਚ ਸਿੱਖ ਇਤਿਹਾਸ ਦੇ ਦੋ ਵੱਡੇ ਵਿਦਵਾਨ ਡਾ. ਗੁਰਦਰਸ਼ਨ ਸਿੰਘ ਢਿੱਲੋਂ ਅਤੇ ਸ. ਗੁਰਤੇਜ ਸਿੰਘ ਆਈ ਏ ਐਸ, ਸਿੱਖ ਮਾਮਲਿਆਂ ਬਾਰੇ ਉਘੇ ਜਾਣਕਾਰ ਅਤੇ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ, ਸਾਬਕਾ ਆਈ ਏ ਐਸ ਕੁਲਬੀਰ ਸਿੰਘ, ਯੂ ਐਨ ਆਈ ਦੇ ਸਾਬਕਾ ਵਿਸ਼ੇਸ਼ ਪ੍ਰਤੀਨਿਧ ਅਤੇ ਸੀਨੀਅਰ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ, ਪੰਜਾਬ ਯੂਨੀਵਰਸਿਟੀ ਵਿਚ ਜਰਮਨ ਵਿਸ਼ੇ 'ਤੇ ਪੀਐਚ.ਡੀ. ਕਰ ਰਹੇ ਸ. ਗਿਆਨ ਸਿੰਘ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਚੋਟੀ ਦੇ ਆਗੂ ਸ. ਗੁਰਪ੍ਰੀਤ ਸਿੰਘ ਤੇ ਪ੍ਰਿੰਸੀਪਲ ਖੁਸ਼ਹਾਲ ਸਿੰਘ ਅਤੇ ਖਾਲਸਾ ਪੰਚਾਇਤ ਦੇ ਸ. ਰਜਿੰਦਰ ਸਿੰਘ ਸ਼ਾਮਿਲ ਸਨ।

ਇਸ ਤੋਂ ਇਲਾਵਾ ਯੂਨਾਇਟਿਡ ਸਿੱਖ ਪਾਰਟੀ ਦੇ ਆਗੂ ਭਾਈ ਜਸਵਿੰਦਰ ਸਿੰਘ ਆਪਣੇ ਸਾਥੀਆਂ ਸਮੇਤ ਵਿਸ਼ੇਸ਼ ਦਸਤਾਵੇਜ਼ ਲੈ ਕੇ ਪਹੁੰਚੇ ਹੋਏ ਸਨ, ਜਿਨ੍ਹਾਂ ਤੋਂ ਇਹ ਸਾਫ ਪਤਾ ਲੱਗਦਾ ਹੈ ਕਿ ਇਤਿਹਾਸ ਦੇ ਸਿਲੇਬਸ ਵਿਚ ਸਚਮੁੱਚ ਹੀ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ ਅਤੇ ਪੰਜਾਬ ਸਰਕਾਰ ਅਤੇ ਸਿੱਖਿਆ ਬੋਰਡ ਦਾ ਇਹ ਦਾਅਵਾ ਬੇਬੁਨਿਆਦ ਹੈ ਕਿ ਸਿਲੇਬਸ ਵਿਚ ਇੱਕ ਅੱਖਰ ਵੀ ਨਹੀਂ ਤਬਦੀਲ ਕੀਤਾ ਗਿਆ।

ਸ. ਗੁਰਤੇਜ ਸਿੰਘ ਨੇ ਦੱਸਿਆ ਕਿ ਸਿੱਖ ਇਤਿਹਾਸ ਨੂੰ ਬਦਲਣ ਅਤੇ ਇਸ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦਾ ਸਿਲਸਿਲਾ ਲਗਭਗ ਉਸ ਸਮੇਂ ਹੀ ਸ਼ੁਰੂ ਹੋ ਗਿਆ ਸੀ ਜਦੋਂ ਉਹ ਇਤਿਹਾਸ ਦੇ ਵਿਸ਼ੇ ਵਿਚ ਐਮ.ਏ. ਦੀ ਪੜ੍ਹਾਈ ਕਰ ਰਹੇ ਸਨ। ਉਸ ਸਮੇਂ ਸਿੱਖ ਇਤਿਹਾਸ ਨੂੰ ਬਦਲਣ ਲਈ ਇੱਕ ਵਿਸ਼ੇਸ਼ ਟਰਮ ਇਜਾਦ ਕੀਤੀ ਗਈ, ਜਿਸ ਦਾ ਨਾਂ 'ਕਮਿਊਨਲ ਹਿਸਟਰੀ' ਰੱਖਿਆ ਗਿਆ ਸੀ। ਦੂਜੇ ਸ਼ਬਦਾਂ ਵਿਚ ਸਿੱਖ ਇਤਿਹਾਸ ਨੂੰ 'ਕਮਿਊਨਲ ਹਿਸਟਰੀ' ਕਹਿ ਕੇ ਪੇਸ਼ ਕੀਤਾ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਇਸ ਇਤਿਹਾਸ ਦੀ ਥਾਂ 'ਤੇ ਹੁਣ ਸਮਾਜਕ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਦਾ ਇੱਕ ਮਤਲਬ ਸਾਫ ਤੌਰ 'ਤੇ ਸਪੱਸ਼ਟ ਸੀ ਕਿ ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਗਦਰ ਪਾਰਟੀ ਲਹਿਰ ਵਰਗੀਆਂ ਲਹਿਰਾਂ ਨੂੰ ਇਤਿਹਾਸ ਵਿਚੋਂ ਕੱਢ ਦਿੱਤਾ ਜਾਵੇ। ਇਸ ਸਾਰੇ ਸਿਲਸਿਲੇ ਪਿੱਛੇ ਆਰ. ਐਸ. ਐਸ. ਦੀ ਵਿਚਾਰਧਾਰਾ ਕੰਮ ਕਰਦੀ ਹੈ। ਉਨ੍ਹਾਂ ਨੇ ਇੱਕ ਵੱਡੀ ਕਨਵੈਨਸ਼ਨ ਸੱਦੇ ਜਾਣ ਦਾ ਸੁਝਾਅ ਦਿੱਤਾ ਤਾਂ ਜੋ ਸਿੱਖ ਇਤਿਹਾਸ ਅਤੇ ਹੋਰ ਸਬੰਧਤ ਸਿੱਖ ਮਸਲਿਆਂ ਬਾਰੇ ਅਹਿਮ ਫੈਸਲੇ ਕੌਮ ਅੱਗੇ ਪੇਸ਼ ਕੀਤੇ ਜਾਣ ਅਤੇ ਸਿੱਖ ਕੌਮ ਵਿਰੁੱਧ ਰਚੀਆਂ ਜਾ ਰਹੀਆਂ ਸਾਜ਼ਿਸ਼ਾਂ ਦਾ ਪਰਦਾ ਫਾਸ਼ ਕੀਤਾ ਜਾਵੇ।

ਯੂਨਾਇਟਿਡ ਸਿੱਖਸ ਪਾਰਟੀ ਦੇ ਭਾਈ ਜਸਵਿੰਦਰ ਸਿੰਘ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਦੇ ਸਿਲੇਬਸ ਵਿਚ ਕੇਵਲ 20 ਪੰਨੇ ਹੀ ਸਿੱਖ ਇਤਿਹਾਸ ਨੂੰ ਦਿੱਤੇ ਗਏ ਹਨ ਅਤੇ ਉਸ ਵਿਚ ਵੀ ਅਧੂਰੀ ਜਾਣਕਾਰੀ ਪੇਸ਼ ਕੀਤੀ ਗਈ ਹੈ। ਉਨ੍ਹਾਂ ਨੇ ਗਿਆਰ੍ਹਵੀਂ ਜਮਾਤ ਦੇ ਸਿਲੇਬਸ ਦਾ ਵੀ ਜ਼ਿਕਰ ਕੀਤਾ ਅਤੇ ਉਦਾਹਰਣਾਂ ਦੇ ਕੇ ਦੱਸਿਆ ਕਿ ਨਾ ਕੇਵਲ ਪੰਨੇ ਹੀ ਘਟਾਏ ਗਏ ਹਨ ਸਗੋਂ ਇਤਿਹਾਸਕ ਤੱਥਾਂ ਨਾਲ ਵੀ ਵੱਡੀ ਛੇੜਛਾੜ ਕੀਤੀ ਗਈ ਹੈ। ਇੱਕ ਹੋਰ ਵਿਦਵਾਨ ਨੇ ਦੱਸਿਆ ਕਿ ਗਨੀ ਖਾਂ ਅਤੇ ਨਬੀ ਖਾਂ ਦੇ ਇਤਿਹਾਸਕ ਅਤੇ ਹਾਂ ਪੱਖੀ ਰੋਲ ਨੂੰ ਵੀ ਉਲਟਾ ਕਰ ਕੇ ਪੇਸ਼ ਕੀਤਾ ਗਿਆ ਹੈ।

ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿਲੇਬਸ ਵਿਚ ਤਬਦੀਲੀ ਤਾਂ ਅਸਲ ਵਿਚ ਇੱਕ ਵੱਡੀ ਸਾਜ਼ਿਸ਼ ਦਾ ਹਿੱਸਾ ਹੈ ਜੋ ਆਰ. ਐਸ. ਐਸ. ਨੇ ਅੰਤਰਰਾਸ਼ਟਰੀ ਪੱਧਰ 'ਤੇ ਸ਼ੁਰੂ ਕੀਤੀ ਹੈ। ਉਨ੍ਹਾਂ ਨੇ ਮਿਸਾਲਾਂ ਦੇ ਕੇ ਸਪੱਸ਼ਟ ਕੀਤਾ ਕਿ ਬਾਹਰਲੇ ਦੇਸ਼ਾਂ ਦੀਆਂ ਕਈ ਯੂਨੀਵਰਸਿਟੀਆਂ ਅਤੇ ਵਿਸ਼ੇਸ਼ ਕਰ ਕੇ ਆਕਸਫੋਰਡ ਯੂਨੀਵਰਸਿਟੀ ਵਿਚ ਮੈਕਲਾਉਡ ਦੀ ਵਿਚਾਰਧਾਰਾ ਨਾਲ ਜੁੜੇ ਦਰਜਨਾਂ ਕਥਿਤ ਵਿਦਵਾਨ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ। ਉਨ੍ਹਾਂ ਨੇ ਬਾਕਾਇਦਾ ਅਜਿਹੇ ਵਿਦਵਾਨਾਂ ਦੇ ਨਾਂ ਵੀ ਲਏ, ਜਿਨ੍ਹਾਂ ਵਿਚ ਗੁਰਿੰਦਰ ਮਾਨ, ਉਬਰਾਏ, ਪਿਸ਼ੌਰਾ ਸਿੰਘ ਅਤੇ ਮੰਡੇਰ ਸ਼ਾਮਿਲ ਹਨ।

ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਹਿੰਦੂਤਵ ਤਾਕਤਾਂ ਉਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਅਸਲ ਗੱਲ ਤਾਂ ਇਹ ਹੈ ਕਿ ਦਰਬਾਰ ਸਾਹਿਬ ਉਤੇ ਹੋਏ ਹਮਲੇ ਪਿੱਛੋਂ ਇਨ੍ਹਾਂ ਤਾਕਤਾਂ ਨੂੰ ਇਹ ਚਿੰਤਾ ਖਾ ਰਹੀ ਹੈ ਕਿ ਸਿੱਖ ਅਜੇ ਵੀ ਆਪਣੀ ਪਛਾਣ ਨਾਲ ਕਿਉਂ ਜੁੜੇ ਹੋਏ ਹਨ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਹੁਣ ਕਿਸੇ ਵੀ ਹਾਲਤ ਵਿਚ ਉਹ ਬਦਲ ਨਹੀਂ ਸਕਦੇ ਪਰ ਉਹ ਇਸ ਦਾ ਗਲਤ ਤਰਜਮਾ ਕਰ ਕੇ ਗੁੰਮਰਾਹ ਜ਼ਰੂਰ ਕਰ ਰਹੇ ਹਨ। ਕਈ ਸਾਲ ਪਹਿਲਾਂ ਮੈਕਲਾਉਡ ਨੇ ਕਿਹਾ ਸੀ ਕਿ ਗੁਰੂ ਨਾਨਕ ਸਾਹਿਬ ਨੇ ਕੋਈ ਨਵੀਂ ਵਿਚਾਰਧਾਰਾ ਨਹੀਂ ਸੀ ਦਿੱਤੀ। ਜੋ ਵਿਚਾਰਧਾਰਾ ਉਨ੍ਹਾਂ ਦਿੱਤੀ ਸੀ, ਉਹ ਤਾਂ ਸਨਾਤਨ ਧਰਮ ਦਾ ਹੀ ਇੱਕ ਹਿੱਸਾ ਸੀ ਜਾਂ ਭਗਤੀ ਲਹਿਰ ਦਾ ਹਿੱਸਾ ਸੀ।

ਡਾ. ਢਿੱਲੋਂ ਨੇ ਕਿਹਾ ਕਿ ਮੈਕਲਾਉਡ ਦੇ ਸਮਰਥਕ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖਾਂ ਦੀ ਆਪਣੀ ਵੱਖਰੀ, ਵਿਸ਼ੇਸ਼ ਅਤੇ ਨਿਵੇਕਲੀ ਪਛਾਣ ਨਹੀਂ ਹੈ। ਇਸ ਧਰਮ ਵਿਚ ਕਈ ਪਛਾਣਾਂ (ਮਲਟੀ-ਅਟੈਂਡਿਟੀਜ਼) ਕੰਮ ਕਰ ਰਹੀਆਂ ਹਨ। ਇੱਕ ਕਥਿਤ ਵਿਦਵਾਨ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਸਿੱਖਾਂ ਵਿਚ ਸ਼ਹਾਦਤ ਦੇ ਸੰਕਲਪ ਦੀ ਕੋਈ ਪਰੰਪਰਾ ਹੀ ਨਹੀਂ ਹੈ। ਇਹ ਤਾਂ ਬਣਾਈ (ਕੰਸਟ੍ਰੱਕਟ) ਗਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਤਿੱਖਾ ਹਮਲਾ ਕਰਦਿਆਂ ਡਾ. ਢਿੱਲੋਂ ਨੇ ਕਿਹਾ ਕਿ ਇਸ ਸਾਜ਼ਿਸ਼ ਵਿਚ ਆਪਣੇ ਆਪਣੇ ਹਿਸਾਬ ਨਾਲ ਦੋਵੇਂ ਪੂਰੀ ਤਰ੍ਹਾਂ ਭਾਈਵਾਲ ਹਨ। ਕੈਪਟਨ ਅਮਰਿੰਦਰ ਸਿੰਘ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਉਸ, ਉਸ ਦੇ ਜਵਾਈ ਤੇ ਮੁੰਡੇ ਵਿਰੁੱਧ ਕਈ ਕੇਸ ਹਨ ਜਦਕਿ ਜਵਾਈ ਅੰਡਰਗਰਾਊਂਡ ਹੈ। ਉਹ ਕਿਸੇ ਵੀ ਤਰ੍ਹਾਂ ਹੁਣ ਸਿੱਖ ਪੰਥ ਦੇ ਹੱਕ ਵਿਚ ਕੋਈ ਦ੍ਰਿੜ ਸਟੈਂਡ ਨਹੀਂ ਲਏਗਾ ਜਦਕਿ ਸ. ਪ੍ਰਕਾਸ਼ ਸਿੰਘ ਬਾਦਲ ਸਪੱਸ਼ਟ ਤੌਰ 'ਤੇ ਹਿੰਦੂਤਵ ਵਿਚਾਰਧਾਰਾ ਦੇ ਸਮਰਥਕ ਹਨ।

ਇੱਕ ਹੋਰ ਵਿਦਵਾਨ ਨੇ ਕਿਹਾ ਕਿ ਜੇ ਪ੍ਰਕਾਸ਼ ਸਿੰਘ ਬਾਦਲ ਹਿੰਦੂਤਵ ਵਿਚਾਰਧਾਰਾ ਦਾ ਸਮਰਥਕ ਹੈ ਤਾਂ ਦੂਜੇ ਪਾਸ ਕੈਪਟਨ ਅਮਰਿੰਦਰ ਸਿੰਘ ਰਾਸ਼ਟਰਵਾਦ ਦੇ ਨਾਂ ਹੇਠ ਸਿੱਖ ਕੌਮ ਦਾ ਵਿਰੋਧ ਕਰ ਰਿਹਾ ਹੈ।

ਸਿੱਖ ਵਿਦਵਾਨਾਂ ਨੇ ਮੰਗ ਕੀਤੀ ਕਿ ਸਿੱਖਿਆ ਬੋਰਡ ਤੁਰੰਤ ਸਿੱਖ ਇਤਿਹਾਸਕਾਰਾਂ ਨੂੰ ਸ਼ਾਮਿਲ ਕਰ ਕੇ ਇੱਕ ਨਵੀਂ ਕਮੇਟੀ ਦਾ ਗਠਨ ਕਰੇ ਜਿਸ ਵਿਚ ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਵਾਲੇ ਸਿਲੇਬਸ ਨੂੰ ਅੰਤਿਮ ਰੂਪ ਦਿੱਤਾ ਜਾਵੇ। ਮੀਟਿੰਗ ਦੌਰਾਨ ਪਾਸ ਕੀਤੇ ਇੱਕ ਮਤੇ ਵਿਚ ਅਕਾਲੀ ਭਾਜਪਾ ਸਰਕਾਰ ਦੀ ਵੀ ਆਲੋਚਨਾ ਕੀਤੀ ਗਈ ਅਤੇ ਕਿਹਾ ਗਿਆ ਕਿ ਇਸ ਸਰਕਾਰ ਨੇ 2014 ਵਿਚ ਇਤਿਹਾਸ ਦੀਆਂ ਪਾਠ ਪੁਸਤਕਾਂ ਨੂੰ ਐਨ ਸੀ ਈ ਆਰ ਟੀ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਕੂਲ ਬਣਾਉਣ ਦੇ ਬਹਾਨੇ ਸਿੱਖ ਇਤਿਹਾਸ ਨੂੰ ਘਟਾਉਣ, ਰਾਸ਼ਟਰਵਾਦੀ ਬਣਾਉਣ ਤੇ ਭਗਵਾਂਕਰਨ ਦੀ ਪ੍ਰਕ੍ਰਿਆ ਅਰੰਭ ਕਰ ਦਿੱਤੀ ਸੀ। ਇਸ ਸਿਲਸਿਲੇ ਵਿਚ ਸਿੱਖ ਇਤਿਹਾਸ ਦਾ ਵੱਡਾ ਹਿੱਸਾ ਹੀ ਉਡਾ ਦਿੱਤਾ ਗਿਆ ਜਦਕਿ ਬਾਕੀ ਹਿੱਸੇ ਦਾ ਭਗਵਾਂਕਰਨ ਕਰ ਦਿੱਤਾ ਗਿਆ।

ਬਿਆਨ ਵਿਚ ਇਹ ਵੀ ਕਿਹਾ ਗਿਆ ਕਿ ਸਿੱਖਿਆ ਬੋਰਡ ਨੇ ਕਰਮਕਾਂਡੀ, ਪੁਜਾਰੀਵਾਦ ਅਤੇ ਹਿੰਦੂਵਾਦੀ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਪੇਸ਼ ਕੀਤਾ ਅਤੇ ਇਸ ਨੂੰ ਸਿੱਖ ਯੋਧਿਆਂ ਦੇ ਕਾਰਨਾਮਿਆਂ ਅਤੇ ਇਤਿਹਾਸਕ ਤੱਥਾਂ ਦੇ ਬਰਾਬਰ ਪੇਸ਼ ਕੀਤਾ। ਸਕੂਲ ਦੀਆਂ ਨਵੀਆਂ ਪਾਠ ਪੁਸਤਕਾਂ ਅਸਲ ਵਿਚ ਸਿੱਖ ਪਛਾਣ ਨੂੰ ਪੇਤਲਾ ਅਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਵਿਚੋਂ ਹੀ ਤਿਆਰ ਕੀਤੀਆਂ ਗਈਆਂ ਹਨ। ਇਸੇ ਕਰ ਕੇ ਸਿਲੇਬਸ ਤਿਆਰ ਕਰਨ ਲਈ ਕਿਸੇ ਸਿੱਖ ਇਤਿਹਾਸਕਾਰ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦੇ, ਪੰਜਾਬੀ ਯੂਨੀਵਰਸਿਟੀ ਦੇ ਧਰਮ ਵਿਭਾਗ ਦੇ ਪ੍ਰੋਫੈਸਰ ਨੂੰ ਇਸ ਪ੍ਰਕ੍ਰਿਆ ਨਾਲ ਜੋੜਨਾ ਮਹਿਜ਼ ਪਰਦਾਪੋਸ਼ੀ ਸੀ।

ਮਤੇ ਮੁਤਾਬਕ ਪੰਜਾਬ ਦੀ ਨਵੀਂ ਕਾਂਗਰਸ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਉਹ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਸਿੱਖ ਇਤਿਹਾਸ ਦਾ ਹਿੰਦੂਕਰਨ ਕਰਨ ਦੇ ਪ੍ਰਾਜੈਕਟ ਨੂੰ ਰੱਦ ਕਰਦੀ ਪਰ ਇਸ ਦੇ ਉਲਟ ਇਸ ਨੇ ਨਵੀਆਂ ਪਾਠ-ਪੁਸਤਕਾਂ ਦੇ ਹੱਕ ਵਿਚ ਤਣ ਕੇ ਇਤਿਹਾਸ ਦੇ ਭਗਵਾਂਕਰਨ ਦੀ ਮੁਹਿੰਮ ਨੂੰ ਜਾਇਜ਼ ਠਹਿਰਾ ਦਿੱਤਾ। ਸਿੱਖ ਬੁੱਧੀਜੀਵੀਆਂ ਨੇ ਕਿਹਾ ਕਿ ਸਿੱਖ ਇਤਿਹਾਸ ਤੇ ਕਲਚਰ ਦੀ ਵਿਲੱਖਣਤਾ ਨੂੰ ਖਤਮ ਕਰਕੇ ਰਾਸ਼ਟਰਵਾਦੀ ਢਾਂਚੇ ਵਿਚ ਫਿੱਟ ਕਰਨ ਵਿਚ ਅਕਾਲੀ-ਭਾਜਪਾ ਤੇ ਕਾਂਗਰਸ ਦੀਆਂ ਸਰਕਾਰਾਂ ਦਾ ਬਰਾਬਰ ਦਾ ਘਿਨਾਉਣਾ ਰੋਲ ਹੈ। ਇਸ ਕਰਕੇ ਸੁਖਬੀਰ ਸਿੰਘ ਬਾਦਲ ਦੇ ਕੈਪਟਨ ਸਰਕਾਰ ਉਤੇ ਸਿੱਖ ਇਤਿਹਾਸ ਨੂੰ ਛੁਟਿਆਉਣ ਦੇ ਦੋਸ਼ ਮਹਿਜ਼ ਸਿਆਸੀ ਤੇ ਗੁਮਰਾਹਕੁਨ ਬਿਆਨਬਾਜ਼ੀ ਹੈ।

ਅੰਤ ਵਿਚ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਗਈ ਕਿ ਉਹ ਘੱਟ-ਗਿਣਤੀ ਫਿਰਕਾ ਹੋਣ ਕਾਰਨ ਉਤਪੰਨ ਹੋਣ ਵਾਲੀਆਂ ਦੁਸ਼ਵਾਰੀਆਂ ਤੋਂ ਚੇਤੰਨ ਰਹਿੰਦਿਆਂ ਆਪਣੇ ਇਤਿਹਾਸ ਤੇ ਸਭਿਆਚਾਰ ਨੂੰ ਬਚਾਉਣ ਲਈ ਜਾਗਰੂਕਤਾ ਮੁਹਿੰਮ ਖੜ੍ਹੀ ਕਰਨ।

ਜਦੋਂ ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਆਂਧਰਾ ਪ੍ਰਦੇਸ਼ ਦੇ ਸਿੱਖਿਆ ਬੋਰਡਾਂ ਦੇ ਇਤਿਹਾਸ ਦੇ ਸਿਲੇਬਸਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਤਾਂ ਇੱਕ ਦਿਲਚਸਪ ਹਕੀਕਤ ਸਾਹਮਣੇ ਆਈ ਕਿ ਹਿਮਾਚਲ ਅਤੇ ਹਰਿਆਣਾ ਵਰਗੇ ਗੁਆਂਢੀ ਸੂਬਿਆਂ ਵਿਚ ਸਿੱਖ ਇਤਿਹਾਸ ਬਾਰੇ ਇੱਕ ਅੱਖਰ ਵੀ ਸ਼ਾਮਿਲ ਨਹੀਂ ਕੀਤਾ ਗਿਆ ਜਦਕਿ ਇਨ੍ਹਾਂ ਦੋਵਾਂ ਸੂਬਿਆਂ ਵਿਚ ਸਿੱਖ ਇਤਿਹਾਸ ਦਾ ਵੱਡਾ ਰੋਲ ਰਿਹਾ ਹੈ। ਇੱਕ ਹੋਰ ਦਿਲਚਸਪ ਹਕੀਕਤ ਸਾਹਮਣੇ ਆਈ ਕਿ ਮਹਾਂਭਾਰਤ ਨੂੰ ਇਤਿਹਾਸ ਦਰਸਾ ਕੇ ਪੇਸ਼ ਕੀਤਾ ਗਿਆ। ਜਦਕਿ ਸ਼ਾਇਦ ਹੀ ਕੋਈ ਇਤਿਹਾਸਕਾਰ ਹੋਵੇਗਾ ਜਿਸ ਨੇ ਮਹਾਂਭਾਰਤ ਨੂੰ ਇਤਿਹਾਸ ਦਾ ਹਿੱਸਾ ਕਿਹਾ ਹੋਵੇ।

ਇਹ ਵੀ ਤੱਥ ਸਾਹਮਣੇ ਆਇਆ ਕਿ ਸਿੱਖਿਆ ਬੋਰਡਾਂ ਨੇ ਐਨ ਸੀ ਈ ਆਰ ਟੀ ਦੀਆਂ ਹਦਾਇਤਾਂ ਦਾ ਕੋਈ ਖਾਸ ਪਾਲਣ ਨਹੀਂ ਕੀਤਾ ਜਦਕਿ ਉਨ੍ਹਾਂ ਨੇ ਆਪਣੇ ਆਪਣੇ ਇਲਾਕਿਆਂ ਦੇ ਇਤਿਹਾਸ ਨੂੰ ਹੀ ਤਰਜੀਹ ਦਿੱਤੀ ਪਰ ਪਤਾ ਨਹੀਂ ਲੱਗਦਾ ਕਿ ਸਿੱਖਿਆ ਬੋਰਡ ਦੇ ਅਧਿਕਾਰੀਆਂ ਉਤੇ ਕਿਸ ਨੇ ਤਲਵਾਰ ਰੱਖੀ ਹੋਈ ਸੀ ਕਿ ਉਨ੍ਹਾਂ ਨੇ ਐਨ ਸੀ ਈ ਆਰ ਟੀ ਨਾਲ ਪੂਰੀ ਵਫਾ ਜਤਲਾਈ ਜਦਕਿ ਆਪਣੇ ਇਤਿਹਾਸ ਨੂੰ ਜਾਣ ਬੁੱਝ ਕੇ ਨਜ਼ਰਅੰਦਾਜ਼ ਕਰ ਦਿੱਤਾ। ਇੱਕ ਹੋਰ ਵਿਚਾਰ ਸੀ ਕਿ ਵਿੱਦਿਆ ਦਾ ਖੇਤਰ ਰਾਜਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਤਾਂ ਫਿਰ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਿੱਖ ਇਤਿਹਾਸ ਨੂੰ ਬਾਰ੍ਹਵੀਂ ਜਮਾਤ ਦਾ ਵੱਡਾ ਹਿੱਸਾ ਬਣਾਉਣ ਤੋਂ ਕਿਨ੍ਹਾਂ ਕਾਰਨਾਂ ਕਰਕੇ ਗੁਰੇਜ਼ ਕੀਤਾ।

# ਝੰਡੀ ਵਾਲੀ ਕਾਰ ਨਾ ਮਿਲਣ ਤੋਂ ਨਿਰਾਸ਼ ਵਿਧਾਇਕ ਬਣੇ ਸਿਰਦਰਦੀ

**ਲੁਧਿਆਣਾ:** ਪੰਜਾਬ ਵਜ਼ਾਰਤ ਵਿਚ ਵਾਧੇ ਦੌਰਾਨ ਝੰਡੀ ਵਾਲੀ ਕਾਰ ਨਾ ਮਿਲਣ ਕਾਰਨ ਸੂਬੇ ਦੇ ਕਈ ਸੀਨੀਅਰ ਕਾਂਗਰਸੀ ਵਿਧਾਇਕ ਕੈਪਟਨ ਅਮਰਿੰਦਰ ਸਿੰਘ ਤੋਂ ਖਫਾ ਹਨ, ਜਿਸ ਦਾ 2019 ਦੀਆਂ ਆਮ ਚੋਣਾਂ 'ਤੇ ਅਸਰ ਪੈ ਸਕਦਾ ਹੈ। ਇਨ੍ਹਾਂ 'ਚੋਂ ਦੋ ਵਿਧਾਇਕ ਲੁਧਿਆਣਾ ਤੋਂ ਵੀ ਹਨ। ਇਨ੍ਹਾਂ ਵਿਚ ਇਥੋਂ ਛੇ ਵਾਰ ਵਿਧਾਇਕ ਤੇ ਸ਼ਹੀਦ ਪਰਿਵਾਰ ਨਾਲ ਸਬੰਧਤ ਰਾਕੇਸ਼ ਪਾਂਡੇ ਤੇ ਚਾਰ ਵਾਰ ਦੇ ਵਿਧਾਇਕ ਸੁਰਿੰਦਰ ਡਾਬਰ ਸ਼ਾਮਲ ਹਨ। ਹਾਲਾਂਕਿ, ਦੋਵੇਂ ਵਿਧਾਇਕ ਆਪਣੀ ਨਾਰਾਜ਼ਗੀ ਸਭ ਦੇ ਸਾਹਮਣੇ ਨਹੀਂ ਜਤਾ ਰਹੇ ਪਰ ਅੰਦਰਖਾਤੇ ਕਾਂਗਰਸੀ ਵਿਧਾਇਕ ਪਾਰਟੀ ਹਾਈਕਮਾਂਡ ਤੇ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਤੋਂ ਖਫਾ ਹਨ।

ਸ਼ਹਿਰ ਵਿਚ ਵਿਧਾਇਕਾਂ ਦੀ ਸੀਨੀਅਰਤਾ ਦੇ ਹਿਸਾਬ ਤੋਂ ਸ਼ਹੀਦ ਜੋਗਿੰਦਰ ਪਾਲ ਪਾਂਡੇ ਤੋਂ ਬਾਅਦ ਉਨ੍ਹਾਂ ਦੇ ਪੁੱਤ ਰਾਕੇਸ਼ ਪਾਂਡੇ ਲੁਧਿਆਣਾ ਦੇ (ਉਤਰੀ) ਹਲਕੇ ਤੋਂ ਲਗਾਤਾਰ ਵਿਧਾਇਕ ਚੁਣੇ ਜਾਂਦੇ ਰਹੇ ਹਨ। ਪਿਛਲੀ ਕੈਪਟਨ ਸਰਕਾਰ ਵੇਲੇ ਵੀ ਉਹ ਮੰਤਰੀ ਬਣੇ ਸਨ। ਵਿਧਾਇਕ ਸੁਰਿੰਦਰ ਡਾਬਰ ਨੂੰ ਵੀ ਝੰਡੀ ਵਾਲੀ ਕਾਰ ਮਿਲਣ ਦੀ ਉਮੀਦ ਸੀ। ਉਸ ਦੇ ਇਲਾਕੇ ਤੋਂ ਵਿਧਾਇਕ ਪਾਂਡੇ ਦੇ ਇਲਾਕੇ ਵਿਚੋਂ ਹੀ ਰਵਨੀਤ ਬਿੱਟੂ ਨੂੰ ਵੱਡੀ ਲੀਡ ਮਿਲੀ ਸੀ। ਮੰਨਿਆ ਜਾ ਰਿਹਾ ਹੈ ਕਿ ਦੋਵਾਂ ਵਿਧਾਇਕਾਂ ਦੀ ਨਰਾਜ਼ਗੀ ਨਾਲ ਕਾਂਗਰਸ ਦਾ ਮਿਸ਼ਨ-2019 ਪ੍ਰਭਾਵਿਤ ਹੋ ਸਕਦਾ ਹੈ।

ਦਲਿਤ ਵਿਧਾਇਕਾਂ ਨੂੰ ਸਰਕਾਰ ਵਿਚ ਲੋੜੀਂਦੀ ਨੁਮਾਇੰਦਗੀ ਨਾ ਦੇਣ ਵਿਰੁੱਧ ਇਕਜੁਟਤਾ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਮੁੱਦਾ ਆਉਂਦੇ ਦਿਨਾਂ ਦੌਰਾਨ ਹੋਰ ਵੀ ਭਖੇਗਾ ਅਤੇ ਸਰਕਾਰ ਲਈ ਸਿਰਦਰਦੀ ਬਣ ਸਕਦਾ ਹੈ। ਕੈਬਨਿਟ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਵਿਚ ਦਿੱਲੀ ਵਿਚ ਦਲਿਤਾਂ ਦੇ 3 ਮੈਂਬਰੀ ਵਫਦ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨਾਲ ਜੋ ਇਕ ਘੰਟਾ ਬੈਠਕ ਕੀਤੀ, ਉਸ ਦੌਰਾਨ ਉਨ੍ਹਾਂ ਦੱਸਿਆ ਕਿ 18 ਮੈਂਬਰੀ ਪੰਜਾਬ ਮੰਤਰੀ ਮੰਡਲ ਵਿਚ ਸਿਰਫ 3 ਦਲਿਤ ਮੰਤਰੀ ਹਨ, ਜੋ ਕਿ 17% ਨੁਮਾਇੰਦਗੀ ਬਣਦੀ ਹੈ। ਰਾਜ ਵਿਚ ਅਨੁਸੂਚਿਤ ਜਾਤਾਂ ਦੀ ਵਸੋਂ ਜੋ 31.4 ਫੀਸਦੀ ਸੀ, ਰਾਏ ਸਿੱਖਾਂ ਨੂੰ ਅਨੁਸੂਚਿਤ ਜਾਤਾਂ ਦਾ ਦਰਜਾ ਮਿਲਣ ਨਾਲ ਵਧ ਕੇ 33.4 ਫੀਸਦੀ ਹੋ ਗਈ ਹੈ, ਜਦੋਂਕਿ ਰਾਜ ਵਿਚ ਪਛੜੀਆਂ ਸ਼੍ਰੇਣੀਆਂ ਦੀ 22 ਫੀਸਦੀ ਵਸੋਂ ਹੈ।

ਵਫਦ ਨੇ ਰਾਹੁਲ ਗਾਂਧੀ ਨੂੰ ਕਿਹਾ ਕਿ ਲਾਲ ਸਿੰਘ ਨੂੰ ਦਿੱਤੇ ਕੈਬਨਿਟ ਰੈਂਕ ਦਾ ਦਰਜਾ ਵੀ ਦਲਿਤਾਂ ਦੇ ਕੋਟੇ ਵਿਚੋਂ ਗਿਣਿਆ ਜਾ ਰਿਹਾ ਹੈ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਜੋੜਿਆ ਜਾ ਰਿਹਾ ਹੈ, ਪਰ ਜਿਨ੍ਹਾਂ ਹੋਰ 16 ਲੋਕਾਂ ਨੂੰ ਮੰਤਰੀਆਂ ਦਾ ਦਰਜ ਦਿੱਤਾ ਹੋਇਆ ਹੈ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਜਾ ਰਿਹਾ। ਵਫਦ ਨੇ ਦੋਸ਼ ਲਾਇਆ ਕਿ ਰਾਜ ਸਰਕਾਰ ਨੇ ਛੇਤੀ ਹੀ ਚੇਅਰਮੈਨਾਂ ਦੀਆਂ ਵੀ ਨਿਯੁਕਤੀਆਂ ਕਰਨੀਆਂ ਹਨ ਅਤੇ ਉਨ੍ਹਾਂ ਵਿਚ ਵੀ ਦਲਿਤਾਂ ਨਾਲ ਇਸੇ ਤਰ੍ਹਾਂ ਧੱਕਾ ਹੋਵੇਗਾ ਅਤੇ ਵਿਧਾਨ ਸਭਾ ਦੇ ਸਪੀਕਰ ਵੱਲੋਂ ਵੀ ਬੀਤੇ ਦਿਨਾਂ ਵਿਚ ਵਿਧਾਨ ਸਭਾ ਦੀਆਂ ਬਣਾਈਆਂ ਗਈਆਂ ਕਮੇਟੀਆਂ 'ਚ ਦਲਿਤਾਂ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕੀਤਾ ਗਿਆ। ਰਾਜਸੀ ਹਲਕਿਆਂ ਦਾ ਮੰਨਣਾ ਹੈ ਕਿ ਰਾਜ ਮੰਤਰੀ ਮੰਡਲ ਦੇ ਗਠਨ ਦਾ ਕੰਮ ਪੂਰਾ ਹੋਣ ਤੋਂ ਬਾਅਦ ਬਾਕੀ ਦੇ ਵਿਧਾਇਕਾਂ 'ਚ ਜੋ ਨਿਰਾਸ਼ਾ ਅਤੇ ਮਾਯੂਸੀ ਪਾਈ ਜਾ ਰਹੀ ਹੈ, ਉਸ ਨੂੰ ਲੈ ਕੇ ਦਲਿਤਾਂ ਅਤੇ ਗੈਰ ਦਲਿਤਾਂ ਦਰਮਿਆਨ ਇਹ ਵਿਵਾਦ ਹੋਰ ਵੀ ਭੱਖ ਸਕਦਾ ਹੈ ਤੇ ਸਰਕਾਰ ਲਈ ਵੱਡੀ ਸਿਰਦਰਦੀ ਬਣ ਸਕਦਾ ਹੈ।

# ਮਾਲੀ ਸੰਕਟ ਵਿਚ ਵੀ ਕੈਪਟਨ ਸਰਕਾਰ ਸ਼ੌਕੀਨੀਆਂ ਦੇ ਰਾਹ

**ਚੰਡੀਗੜ੍ਹ:** ਪੰਜਾਬ ਦਾ ਮਾਲੀ ਸੰਕਟ ਕਿਸੇ ਤੋਂ ਲੁਕਿਆ ਹੋਇਆ ਨਹੀਂ। ਤਨਖਾਹਾਂ ਦੇਣ ਲਈ ਪੈਸੇ ਨਹੀਂ ਅਤੇ ਮੁਲਾਜ਼ਮਾਂ ਦੀਆਂ ਤਨਖਾਹਾਂ ਉਤੇ ਕੱਟ ਲਾਏ ਜਾ ਰਹੇ ਹਨ। ਸਰਕਾਰ ਆਖਦੀ ਹੈ ਕਿ ਉਹ ਖਰਚੇ ਘੱਟ ਕਰਨ ਦੇ ਰਾਹ ਪਈ ਹੈ, ਇਸ ਦੇ ਬਾਵਜੂਦ ਕੈਪਟਨ ਸਰਕਾਰ ਨੇ ਮੁੱਖ ਮੰਤਰੀ ਤੇ ਬਾਕੀ ਮੰਤਰੀਆਂ ਲਈ ਨਵੀਆਂ ਲਗਜ਼ਰੀ ਗੱਡੀਆਂ ਖਰੀਦਣ ਦੀ ਤਿਆਰੀ ਵਿੱਢੀ ਹੈ, ਜਿਨ੍ਹਾਂ ਦਾ ਮਾਲੀ ਬੋਝ ਖਜ਼ਾਨੇ ਦੀਆਂ ਚੂਲਾਂ ਪੱਟੇਗਾ। ਮੁੱਖ ਮੰਤਰੀ, ਵਜ਼ੀਰਾਂ, ਸਲਾਹਕਾਰਾਂ, ਓ.ਐਸ.ਡੀਜ਼. ਅਤੇ ਅਫਸਰਾਂ ਲਈ ਨਵੇਂ ਮਹਿੰਗੇ ਵਾਹਨ ਖਰੀਦਣ ਲਈ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਵਾਹਨਾਂ ਲਈ ਬਜਟ ਦਾ ਇੰਤਜ਼ਾਮ ਕਰਨ ਲਈ ਹੁਣ ਉਪਰਾਲੇ ਹੋ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਇਸ ਰਾਹ ਉਦੋਂ ਪਈ ਹੈ ਜਦੋਂ ਖਾਲੀ ਖਜ਼ਾਨੇ ਨੇ ਸੂਬੇ ਦੀ ਹਾਲਤ ਖਰਾਬ ਕੀਤੀ ਹੋਈ ਹੈ। ਮੁੱਖ ਮੰਤਰੀ ਦਫਤਰ ਲਈ 6.51 ਕਰੋੜ ਰੁਪਏ 'ਚ 24 ਲਗਜ਼ਰੀ ਗੱਡੀਆਂ ਖਰੀਦਣ ਦੀ ਤਜਵੀਜ਼ ਹੈ। ਮੁੱਖ ਮੰਤਰੀ ਲਈ 3.40 ਕਰੋੜ ਰੁਪਏ 'ਚ ਦੋ ਬੁਲੇਟ ਪਰੂਫ ਲੈਂਡ ਕਰੂਜ਼ਰ ਕਾਰਾਂ ਤੇ ਮੁੱਖ ਮੰਤਰੀ ਦਫਤਰ ਲਈ 1.40 ਕਰੋੜ 'ਚ 7



ਇਨੋਵਾ, 1.31 ਕਰੋੜ 'ਚ 13 ਮਹਿੰਦਰਾ ਗੱਡੀਆਂ ਤੇ 40 ਲੱਖ ਰੁਪਏ 'ਚ ਦੋ ਹੋਰ ਇਨੋਵਾ ਖਰੀਦੀਆਂ ਜਾਣੀਆਂ ਹਨ। ਮੁੱਖ ਮੰਤਰੀ ਕੋਲ ਇਸ ਵੇਲੇ ਸੁਰੱਖਿਆ ਵਾਹਨਾਂ ਤੋਂ ਬਿਨਾ 36 ਗੱਡੀਆਂ ਹਨ।


ਕੈਬਨਿਟ ਮੰਤਰੀਆਂ ਲਈ 18 ਨਵੀਆਂ ਟੋਇਟਾ ਫਾਰਚੂਨਰ ਜਾਂ ਟੋਇਟਾ ਕੈਮਰੀ ਕਾਰਾਂ ਖਰੀਦਣ ਦੀ ਤਿਆਰੀ ਹੈ, ਜਿਨ੍ਹਾਂ ਉਤੇ 4.68 ਤੋਂ 5.36 ਕਰੋੜ ਰੁਪਏ ਤੱਕ ਖਰਚ ਆਉਣਗੇ। ਮੁੱਖ ਮੰਤਰੀ ਦੇ ਓ.ਐਸ.ਡੀਜ਼. ਲਈ 1.64 ਕਰੋੜ ਰੁਪਏ ਵਿਚ 14 ਸਿਆਜ਼ ਤੇ ਸਲਾਹਕਾਰਾਂ ਲਈ ਇਨੋਵਾ ਜਾਂ ਕੈਮਰੀ ਖਰੀਦਣ ਦੀ ਤਜਵੀਜ਼ ਹੈ ਜਿਨ੍ਹਾਂ ਉਤੇ 40 ਤੋਂ 60 ਲੱਖ ਰੁਪਏ ਖਰਚ ਆਉਣਗੇ। ਐਮ.ਐਲ.ਏ./ਐਮ.ਪੀਜ਼. ਲਈ 1.59 ਕਰੋੜ ਵਿਚ 12 ਇਨੋਵਾ ਗੱਡੀਆਂ ਖਰੀਦਣ ਦੀ ਤਜਵੀਜ਼ ਹੈ। ਪੰਜਾਬ ਰਾਜ ਭਵਨ ਲਈ ਛੇ ਗੱਡੀਆਂ ਖਰੀਦਣ ਵਾਸਤੇ 79.32 ਲੱਖ ਰੁਪਏ ਦੇ ਬਜਟ ਦੀ ਜ਼ਰੂਰਤ ਹੈ।

ਮੋਟਰ ਵਹੀਕਲ ਬੋਰਡ ਦੀ ਮੀਟਿੰਗ ਕਾਫੀ ਲੰਮੇ ਸਮੇਂ ਮਗਰੋਂ ਹੋਈ ਹੈ, ਜਿਸ ਵਿਚ ਟਰਾਂਸਪੋਰਟ ਵਿਭਾਗ ਅਤੇ ਵਿੱਤ ਵਿਭਾਗ ਦੇ ਪ੍ਰਮੁੱਖ ਸਕੱਤਰ ਵੀ ਮੌਜੂਦ ਸਨ। ਸੂਤਰ ਦੱਸਦੇ ਹਨ ਕਿ ਮੁੱਖ ਸਕੱਤਰ ਨੇ ਟਰਾਂਸਪੋਰਟ ਮਹਿਕਮੇ ਨੂੰ ਪੰਜ ਗੁਆਂਢੀ ਸੂਬਿਆਂ ਵਿਚ ਦਿੱਤੀਆਂ ਗੱਡੀਆਂ ਦੀ ਰੈਂਕਵਾਰ ਰਿਪੋਰਟ ਵੀ ਬਣਾਉਣ ਲਈ ਕਿਹਾ ਹੈ। ਬੋਰਡ ਮੀਟਿੰਗ ਵਿਚ ਤਜਵੀਜ਼ਾਂ ਅਤੇ ਫੌਰੀ ਲੋੜਾਂ ਉਤੇ ਚਰਚਾ ਹੋ ਚੁੱਕੀ ਹੈ ਅਤੇ ਆਖਰੀ ਫੈਸਲਾ ਉਡੀਕਿਆ ਜਾ ਰਿਹਾ ਹੈ। ਵਿੱਤ ਵਿਭਾਗ ਮਾਲੀ ਸਰੋਤ ਜੁਟਾਉਣ ਲੱਗਾ ਹੈ।

ਪੰਜਾਬ ਭਰ ਦੇ ਅਫਸਰਾਂ ਲਈ ਵੀ ਵੱਡੀ ਪੱਧਰ ਉਤੇ ਵਾਹਨ ਖਰੀਦੇ ਜਾਣੇ ਹਨ। ਤਹਿਸੀਲਦਾਰਾਂ/ਨਾਇਬ ਤਹਿਸੀਲਦਾਰਾਂ ਲਈ 8.96 ਕਰੋੜ ਰੁਪਏ 'ਚ 147 ਮਹਿੰਦਰਾ ਬਲੈਰੋ ਗੱਡੀਆਂ, ਜ਼ਿਲ੍ਹਾ ਮਾਲ ਅਫਸਰਾਂ ਲਈ 1.41 ਕਰੋੜ 'ਚ 22 ਡੀਜ਼ਾਇਰ ਅਤੇ ਵਿਭਾਗੀ ਮੁਖੀਆਂ ਲਈ 77 ਸਿਆਜ਼ ਜਾਂ ਹੌਂਡਾ ਸਿਟੀ ਕਾਰਾਂ ਖਰੀਦਣੀਆਂ ਹਨ। ਵਧੀਕ ਡਿਪਟੀ ਕਮਿਸ਼ਨਰਾਂ ਲਈ ਸਿਆਜ਼, ਵਿੱਤ ਤੇ ਪ੍ਰਮੁੱਖ ਸਕੱਤਰਾਂ ਅਤੇ ਡਵੀਜ਼ਨਲ ਕਮਿਸ਼ਨਰਾਂ ਆਦਿ ਲਈ ਇਨੋਵਾ ਖਰੀਦਣ ਦੀ ਤਜਵੀਜ਼ ਹੈ। ਪਿਛਲੀ ਵਾਰ ਕੈਪਟਨ ਸਰਕਾਰ ਨੇ 2002-2007 ਦੌਰਾਨ 13.70 ਕਰੋੜ 'ਚ ਕੁੱਲ 266 ਗੱਡੀਆਂ ਖਰੀਦੀਆਂ ਸਨ, ਜਿਨ੍ਹਾਂ 'ਚ ਵਜ਼ੀਰਾਂ ਲਈ 18 ਕੈਮਰੀ ਗੱਡੀਆਂ ਵੀ ਸ਼ਾਮਲ ਸਨ।

# ਪਰਖ ਦਾ ਮੁੱਦਾ ਬਣੇਗੀ ਸ਼ਾਹਕੋਟ ਹਲਕੇ ਦੀ ਉਪ ਚੋਣ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਦੀ ਸਾਢੇ ਤੇਰਾਂ ਮਹੀਨੇ ਪੁਰਾਣੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਇੱਕ ਹੋਰ ਪਰਖ ਦਾ ਸਾਹਮਣਾ ਕਰਨ ਵਾਲੀ ਹੈ। ਉਸ ਦੇ ਅੱਜ ਤੱਕ ਦੇ ਕੀਤੇ-ਕੱਤਰੇ ਦੀ ਅਸਲੀ ਪਰਖ ਹੀ ਇਥੇ ਹੋਣੀ ਹੈ। ਜਲੰਧਰ ਜਿਲ੍ਹੇ ਦੇ ਸ਼ਾਹਕੋਟ ਹਲਕੇ ਤੋਂ ਪੰਜ ਵਾਰ ਦੇ ਅਕਾਲੀ ਵਿਧਾਇਕ ਤੇ ਤਿੰਨ ਵਾਰੀ ਪੰਜਾਬ ਦਾ ਮੰਤਰੀ ਰਹਿ ਚੁਕੇ ਅਜੀਤ ਸਿੰਘ



*ਨਾਇਬ ਸਿੰਘ ਕੋਹਾੜ*

ਕੋਹਾੜ ਦੀ ਮੌਤ ਨਾਲ ਖਾਲੀ ਹੋਈ ਇਸ ਸੀਟ ਦੀ ਉਪ ਚੋਣ ਵਾਸਤੇ ਤਰੀਕ ਦਾ ਐਲਾਨ ਹੋ ਚੁਕਾ ਹੈ। ਅਕਾਲੀ ਦਲ ਨੇ ਮਰਹੂਮ ਅਜੀਤ ਸਿੰਘ ਕੋਹਾੜ ਦੇ ਪੁੱਤਰ ਨਾਇਬ ਸਿੰਘ ਨੂੰ ਟਿਕਟ ਦਿੱਤੀ ਹੈ। ਆਮ ਆਦਮੀ ਪਾਰਟੀ ਇਸ ਵੇਲੇ ਜੱਕੋ-ਤੱਕੀ ਵਿਚ ਹੈ। ਪਿਛਲੇ ਸਾਲ ਆਮ ਚੋਣਾਂ ਮੌਕੇ ਉਸ ਦੇ ਜਿਸ ਉਮੀਦਵਾਰ ਨੇ ਜ਼ੋਰਦਾਰ ਲੜਾਈ ਦਿੱਤੀ ਸੀ, ਉਹ ਪਿਛਲੇ ਮਹੀਨੇ ਦਲ-ਬਦਲੀ ਕਰ ਕੇ ਅਕਾਲੀ ਦਲ 'ਚ ਸ਼ਾਮਲ ਹੋ ਚੁਕਾ ਹੈ। ਕਾਂਗਰਸ ਨੇ ਹਾਲੇ ਤੱਕ ਆਪਣੇ ਉਮੀਦਵਾਰ ਦੇ ਨਾਂ ਦਾ ਐਲਾਨ ਨਹੀਂ ਕੀਤਾ ਤੇ ਲੱਗਦਾ ਹੈ ਕਿ ਇਸ ਕੰਮ ਵਿਚ ਅਜੇ ਕੁਝ ਦਿਨ ਲੱਗ ਸਕਦੇ ਹਨ, ਕਿਉਂਕਿ ਉਥੇ ਖਿੱਚੋਤਾਣ ਕਾਫੀ ਹੈ।

ਪਿਛਲੇ ਹਫਤੇ ਕੈਪਟਨ ਅਮਰਿੰਦਰ ਸਿੰਘ ਨੇ ਮੰਤਰੀ ਮੰਡਲ ਵਿਚ ਕੁਝ ਮੰਤਰੀ ਹੋਰ ਲਏ ਸਨ ਅਤੇ ਦੋ ਬੀਬੀਆਂ ਨੂੰ ਰਾਜ ਮੰਤਰੀ ਤੋਂ ਕੈਬਨਿਟ ਮੰਤਰੀ ਬਣਾ ਦਿੱਤਾ ਹੈ। ਇਹ ਕੰਮ ਕੁਵੇਲੇ ਹੋਇਆ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਇਹੋ ਕੰਮ ਕਰਨਾ ਹੁੰਦਾ ਤਾਂ ਸ਼ਾਹਕੋਟ ਦੀ ਚੋਣ ਤੱਕ ਰੋਕ ਲੈਣਾ ਸੀ ਤੇ ਸਾਰੇ ਖਾਹਿਸ਼ਮੰਦਾਂ ਦੇ ਕੰਨ ਵਿਚ ਫੂਕ ਮਾਰ ਦੇਣੀ ਸੀ ਕਿ ਚੋਣ ਲੰਘ ਲੈਣ ਦੇਹ, ਤੇਰੇ ਲਈ ਮੰਤਰੀ ਦੀ ਕੁਰਸੀ ਪੱਕੀ ਹੈ। ਲੋੜਵੰਦਾਂ ਨੇ ਇਸ ਝਾਕ ਵਿਚ ਸਾਰਾ ਤਾਣ ਲਾਈ ਜਾਣਾ ਸੀ। ਕਾਂਗਰਸ ਵਿਚ ਕੰਮ ਉਲਟਾ ਹੋ ਗਿਆ ਹੈ। ਜਿਨ੍ਹਾਂ ਨੂੰ ਕੁਰਸੀ ਤੋਂ ਨਾਂਹ ਕਰ ਦਿੱਤੀ ਗਈ, ਉਨ੍ਹਾਂ ਦੇ ਮੂੰਹ ਵਿੰਗੇ ਹੋ ਗਏ ਹਨ ਤੇ ਜੋ ਮੰਤਰੀ ਬਣਾ ਦਿੱਤੇ ਗਏ ਹਨ, ਉਨ੍ਹਾਂ ਨੂੰ ਪਤਾ ਹੈ ਕਿ ਜੋ ਮਿਲਣਾ ਸੀ, ਮਿਲ ਗਿਆ, ਅੱਗੋਂ ਹੋਰ ਕੋਈ ਝਾਕ ਨਾ ਹੋਣ ਕਾਰਨ ਉਨ੍ਹਾਂ ਨੇ ਖਾਸ ਚਿੰਤਾ ਨਹੀਂ ਕਰਨੀ। ਇਹੋ ਕੰਮ ਮਹੀਨਾ ਕੁ ਲੇਟ ਕਰ ਲਿਆ ਹੁੰਦਾ ਤਾਂ ਕਾਂਗਰਸ ਲਈ ਲਾਹੇਵੰਦ ਰਹਿਣਾ ਸੀ, ਪਰ ਇਸ ਵੇਲੇ ਕਿਉਂ ਕੀਤਾ ਗਿਆ, ਇਹ ਸਿਰਫ ਮੁੱਖ ਮੰਤਰੀ ਨੂੰ ਪਤਾ ਹੋਵੇਗਾ।



ਅਕਾਲੀ ਆਗੂ ਇਸ ਗੱਲ ਬਾਰੇ ਭਰੋਸੇ ਵਿਚ ਹਨ ਕਿ ਉਨ੍ਹਾਂ ਦਾ ਇਸ ਹਲਕੇ ਵਿਚਲਾ ਆਧਾਰ ਖੁਰਿਆ ਨਹੀਂ, ਸਗੋਂ ਪਿਛਲੇ ਮਹੀਨੇ ਆਮ ਆਦਮੀ ਪਾਰਟੀ ਦਾ ਉਮੀਦਵਾਰ ਉਨ੍ਹਾਂ ਵੱਲ ਆ ਜਾਣ ਨਾਲ ਵਧ ਗਿਆ ਹੈ। ਵਹਿਮ ਦਾ ਇਲਾਜ ਨਹੀਂ ਹੁੰਦਾ। ਉਹ ਇਹ ਵੀ ਗਿਣਤੀਆਂ ਗਿਣਦੇ ਹਨ ਕਿ ਅਜੀਤ ਸਿੰਘ ਕੋਹਾੜ ਦੀਆਂ ਸੰਤਾਲੀ ਹਜ਼ਾਰ ਵੋਟਾਂ ਸਨ ਤੇ ਕਾਂਗਰਸ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਵਾਲੀਆਂ ਬਤਾਲੀ ਹਜ਼ਾਰ ਤੋਂ ਮਸਾਂ ਇੱਕ ਹਜ਼ਾਰ ਘੱਟ ਇਕਤਾਲੀ ਹਜ਼ਾਰ ਵੋਟਾਂ ਲੈ ਚੁਕਾ ਅਮਰਜੀਤ ਸਿੰਘ ਸਾਡੇ ਨਾਲ ਰਲ ਚੁਕਾ ਹੈ। ਅਮਰਜੀਤ ਸਿੰਘ ਉਦੋਂ ਵਾਲੀਆਂ ਇਕਤਾਲੀ ਹਜ਼ਾਰ ਵੋਟਾਂ ਵਿਚੋਂ ਇਕਤਾਲੀ ਸੌ ਵੋਟਾਂ ਵੀ ਓਧਰ ਲੈ ਜਾਵੇ ਤਾਂ ਉਸ ਹਲਕੇ ਦੇ ਲੋਕ ਹੈਰਾਨ ਹੋਣਗੇ। ਗੁਰਦਾਸਪੁਰ ਦੀ ਪਿਛਲੇ ਸਾਲ ਹੋਈ ਲੋਕ ਸਭਾ ਉਪ ਚੋਣ ਮੌਕੇ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਚੋਣ ਲੜ ਚੁਕੇ ਨੌਂ ਉਮੀਦਵਾਰਾਂ ਵਿਚੋਂ ਪੰਜ ਅਕਾਲੀ ਦਲ ਨਾਲ ਆ ਜੁੜੇ ਸਨ ਤੇ ਉਨ੍ਹਾਂ ਦੀਆਂ ਕੁੱਲ ਮਿਲਾ ਕੇ ਸੱਠ ਹਜ਼ਾਰ ਤੋਂ ਵੱਧ ਵੋਟਾਂ ਬਣਦੀਆਂ ਸਨ। ਨਤੀਜੇ ਵਿਚ ਵਿਨੋਦ ਖੰਨੇ ਵਾਲੀਆਂ ਚਾਰ ਲੱਖ ਬਿਆਸੀ ਹਜ਼ਾਰ ਤੋਂ ਕੁੱਲ ਵੋਟਾਂ ਵਧਣ ਦੀ ਥਾਂ ਮਸਾਂ ਤਿੰਨ ਲੱਖ ਰਹਿ ਗਈਆਂ ਸਨ। ਸ਼ਾਹਕੋਟ ਉਪ ਚੋਣ ਦੌਰਾਨ ਵੀ ਇਹੋ ਜਿਹੀਆਂ ਗਿਣਤੀਆਂ ਬਦਲੇ ਹੋਏ ਹਾਲਾਤ ਵਿਚ ਅਕਾਲੀ ਦਲ ਦਾ ਫਾਇਦਾ ਨਹੀਂ ਕਰਨ ਲੱਗੀਆਂ।

ਦੂਜੇ ਪਾਸੇ ਕਾਂਗਰਸ ਪਾਰਟੀ ਦੇ ਆਗੂ ਇਸ ਵਹਿਮ ਦਾ ਸ਼ਿਕਾਰ ਹਨ ਕਿ ਰਾਜ ਕਰਦੀ ਪਾਰਟੀ ਦਾ ਹੱਥ ਸਦਾ ਹੀ ਉਤੇ ਹੁੰਦਾ ਹੈ। ਉਨ੍ਹਾਂ ਨੂੰ ਭੁੱਲ ਗਿਆ ਕਿ ਆਦਮਪੁਰੋਂ ਅਕਾਲੀ ਦਲ ਦੇ ਮੰਤਰੀ ਸਰੂਪ ਸਿੰਘ ਦੀ ਮੌਤ ਪਿੱਛੋਂ ਹੋਈ ਉਪ ਚੋਣ ਵਿਚ ਬਾਦਲ ਸਰਕਾਰ ਦੇ ਹੁੰਦਿਆਂ ਕਾਂਗਰਸ ਪਾਰਟੀ ਦਾ ਕੰਵਲਜੀਤ ਸਿੰਘ ਲਾਲੀ ਛੇ ਵੋਟਾਂ ਨਾਲ ਜਿੱਤ ਗਿਆ ਸੀ। ਇਸ ਦੇ ਨਾਲ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਅਕਾਲੀ ਦਲ ਵਿਚੋਂ ਕਾਂਗਰਸ ਵਿਚ ਨਵੇਂ ਆਏ ਅਤੇ ਪੰਜਾਬ ਦਾ ਪ੍ਰਧਾਨ ਬਣਾਏ ਗਏ ਕੈਪਟਨ ਅਮਰਿੰਦਰ ਸਿੰਘ ਦਾ ਅੰਦਰੋਂ ਕਈ ਕਾਂਗਰਸੀ ਲੀਡਰਾਂ ਨੇ ਵਿਰੋਧ ਵੀ ਚੋਖਾ ਕੀਤਾ ਸੀ, ਅਕਾਲੀ ਉਮੀਦਵਾਰ ਫਿਰ ਵੀ ਹਾਰ ਗਿਆ ਤੇ ਕਾਂਗਰਸ ਜਿੱਤ ਗਈ ਸੀ। ਉਸ ਤੋਂ ਪਹਿਲਾਂ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਮੇਂ ਅਜਨਾਲਾ ਉਪ ਚੋਣ ਵਿਚ ਉਥੋਂ ਅਕਾਲੀ ਦਲ ਦਾ ਰਤਨ ਸਿੰਘ ਅਜਨਾਲਾ ਜਿੱਤ ਗਿਆ ਸੀ ਤੇ ਗਿੱਦੜਬਾਹੇ ਦੀ ਉਪ ਚੋਣ ਵਿਚ ਉਹ ਸੀਟ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਅਤੇ ਅਕਾਲੀ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਨੇ ਜਿੱਤ ਲਈ ਸੀ।

ਸਾਡੇ ਸਾਹਮਣੇ ਕੁਝ ਹੋਰਨਾਂ ਰਾਜਾਂ ਦਾ ਤਜਰਬਾ ਵੀ ਹੈ। ਪਾਰਲੀਮੈਂਟ ਚੋਣਾਂ ਵਿਚ ਉਤਰ ਪ੍ਰਦੇਸ਼ ਵਿਚ ਭਾਜਪਾ 80 ਵਿਚੋਂ 72 ਸੀਟਾਂ ਜਿੱਤ ਕੇ 90% ਸਫਲ ਰਹੀ ਤੇ ਵਿਧਾਨ ਸਭਾ ਚੋਣਾਂ ਮੌਕੇ 403 ਸੀਟਾਂ ਵਿਚੋਂ 312 ਸੀਟਾਂ ਨਾਲ 80% ਦੇ ਕਰੀਬ ਕਾਮਯਾਬ ਰਹੀ ਸੀ। ਸਿਰਫ ਛੇ ਮਹੀਨੇ ਬਾਅਦ ਜਦੋਂ ਦੋ ਪਾਰਲੀਮੈਂਟ ਸੀਟਾਂ ਦੀ ਉਪ ਚੋਣ ਕਰਵਾਈ ਸੀ ਤਾਂ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵਾਲੀ ਸੀਟ ਵੀ ਭਾਜਪਾ ਕੋਲੋਂ ਖੁੱਸ ਗਈ ਅਤੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਵਾਲੀ ਸੀਟ ਵੀ ਬਚੀ ਨਹੀਂ ਸੀ। ਰਾਜ ਕਰਦੀ ਪਾਰਟੀ ਲਈ ਉਪ ਚੋਣ ਜਿੱਤ ਸਕਣਾ ਏਡਾ ਸੌਖਾ ਕੰਮ ਹੁੰਦਾ ਤਾਂ ਰਾਜਸਥਾਨ ਵਿਚਲੀਆਂ ਦੋਵੇਂ ਪਾਰਲੀਮੈਂਟ ਸੀਟਾਂ ਅਤੇ ਇੱਕੋ ਇੱਕ ਵਿਧਾਨ ਸਭਾ ਸੀਟ ਭਾਜਪਾ ਸਰਕਾਰ ਦੇ ਹੁੰਦਿਆਂ ਪਿਛਲੇ ਸਾਲ ਇਹ ਪਾਰਟੀ ਹਾਰ ਨਹੀਂ ਸੀ ਸਕਦੀ। ਲਾਲੂ ਪ੍ਰਸਾਦ ਯਾਦਵ ਜੇਲ੍ਹ ਵਿਚ ਹੈ। ਉਥੇ ਇੱਕ ਲੋਕ ਸਭਾ ਸੀਟ ਅਤੇ ਦੋ ਵਿਧਾਨ ਸਭਾ ਸੀਟਾਂ ਦੀ ਉਪ ਚੋਣ ਕੀਤੀ ਗਈ ਤਾਂ ਭਾਜਪਾ ਅਤੇ ਨਿਤੀਸ਼ ਕੁਮਾਰ ਦੇ ਗਠਜੋੜ ਦੇ ਬਾਵਜੂਦ ਲਾਲੂ ਪ੍ਰਸਾਦ ਦੇ ਮੁੰਡੇ ਦੀ ਅਗਵਾਈ ਹੇਠ ਉਸ ਦੀ ਪਾਰਟੀ ਨੇ ਲੋਕ ਸਭਾ ਵਾਲੀ ਸੀਟ ਵੀ ਤੇ ਇੱਕ ਵਿਧਾਨ ਸਭਾ ਸੀਟ ਵੀ ਰਾਜ ਕਰਦੇ ਗਠਜੋੜ ਨੂੰ ਹਰਾ ਕੇ ਜਿੱਤ ਲਈਆਂ ਸਨ। ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਹਨ।

ਇਹ ਸਾਰੀ ਕਹਾਣੀ ਪਾਉਣ ਦਾ ਸਾਡਾ ਭਾਵ ਇਹ ਨਹੀਂ ਕਿ ਅਸੀਂ ਕਿਸੇ ਇੱਕ ਧਿਰ ਦੀ ਜਿੱਤ ਜਾਂ ਕਿਸੇ ਹੋਰ ਧਿਰ ਲਈ ਹਾਰ ਦਾ ਮਾਹੌਲ ਬਣਿਆ ਸਮਝਦੇ ਹਾਂ, ਸਗੋਂ ਇਹ ਹੈ ਕਿ ਇਹ ਚੋਣ ਪੰਜਾਬ ਵਿਚ ਅਜਿਹਾ ਘੋਲ ਹੈ, ਜਿਸ ਵਿਚ ਦੋਵੇਂ ਮੁੱਖ ਧਿਰਾਂ ਬੜੇ ਵਹਿਮ ਵਿਚ ਹਨ। ਅਕਾਲੀ ਹਾਰ ਗਏ ਤਾਂ ਗੜ੍ਹ ਟੁੱਟਣ ਵਾਲੀ ਗੱਲ ਹੋ ਕੇ ਸੁਖਬੀਰ ਸਿੰਘ ਬਾਦਲ ਨੂੰ ਨਮੋਸ਼ੀ ਝੱਲਣੀ ਪੈ ਜਾਣੀ ਹੈ ਤੇ ਜੇ ਕਾਂਗਰਸ ਹਾਰ ਗਈ ਤਾਂ ਅਕਾਲੀ ਗੜ੍ਹ ਕਾਇਮ ਰਹਿਣ ਨਾਲੋਂ ਵੱਧ ਇਹ ਗੱਲ ਚਰਚਾ ਦਾ ਵਿਸ਼ਾ ਬਣੇਗੀ ਕਿ ਅਮਰਿੰਦਰ ਸਿੰਘ ਦੀ ਸਰਕਾਰ ਇਸ ਰਾਜ ਦੇ ਲੋਕਾਂ ਦੇ ਦਿਲ ਨਹੀਂ ਜਿੱਤ ਸਕੀ। ਇਸ ਲਈ ਦੋਵਾਂ ਧਿਰਾਂ ਨੂੰ ਆਪੋ ਆਪਣੀ ਥਾਂ ਜ਼ੋਰ ਪੂਰਾ ਲਾਉਣਾ ਪੈਣਾ ਹੈ ਤੇ ਜਿਹੜਾ ਖਰਗੋਸ਼ ਵਾਂਗ ਇਹ ਸਮਝ ਕੇ ਆਰਾਮ ਕਰਨ ਲੱਗ ਪਿਆ ਕਿ ਦੌੜ ਅਸੀਂ ਜਿੱਤੀ ਪਈ ਹੈ, ਉਹ ਕੱਛੂਕੁੰਮੇ ਤੋਂ ਖਰਗੋਸ਼ ਦੀ ਹਾਰ ਦੇ ਸਬਕ ਭੁਲਾ ਕੇ ਬਾਅਦ ਵਿਚ ਇਹ ਪਛਤਾਵਾ ਕਰਦਾ ਫਿਰੇਗਾ ਕਿ ਜਿਹੜੀ ਕਹਾਣੀ ਬੱਚਿਆਂ ਨੇ ਵੀ ਪੜ੍ਹੀ ਹੁੰਦੀ ਹੈ, ਉਹ ਸਾਨੂੰ ਚੇਤੇ ਕਿਉਂ ਨਹੀਂ ਸੀ ਰਹੀ!

# ਕਿਧਰੇ ਵਿਗਿਆਨ ਨਾ ਬਣ ਜਾਵੇ ਇਤਿਹਾਸ!

ਅਜੀਬ ਦੌਰ ਹੈ। ਵਿਗਿਆਨ ਦੀ ਕਿਸੇ ਨਵੀਂ ਲੱਭਤ ਪ੍ਰਤੀ ਚਾਅ ਦੀ ਥਾਂ ਸ਼ੱਕ ਦੀ ਲਹਿਰ ਦੌੜ ਜਾਂਦੀ ਹੈ। ਆਈ. ਆਈ. ਟੀ., ਖੜਗਪੁਰ ਦੇ ਭੂ-ਭੌਤਿਕ ਅਤੇ ਭੂ-ਵਿਗਿਆਨ ਵਿਭਾਗ ਦੀ ਟੀਮ ਨੇ ਉਤਰ ਪੱਛਮੀ ਹਿਮਾਲਿਆ ਖੇਤਰ 'ਚ ਪਿਛਲੇ 5,000 ਸਾਲ ਦੀ ਮੌਨਸੂਨ 'ਚ ਸਮੇਂ ਸਮੇਂ ਆਈ ਤਬਦੀਲੀ ਦਾ ਅਧਿਐਨ ਕੀਤਾ ਹੈ, ਜਿਸ ਲਈ ਉਨ੍ਹਾਂ ਲੇਹ ਵਿਖੇ ਤਸੋ-ਮੋਰੀਰੀ ਝੀਲ ਦੇ ਤਲ ਵਿਚ ਪੰਜ ਮੀਟਰ ਡੂੰਘੀ ਤਹਿ ਦਾ ਰਸਾਇਣਕ ਵਿਸ਼ਲੇਸ਼ਣ ਕੀਤਾ ਹੈ। ਤਹਿਆਂ ਅੰਦਰ ਮੌਜੂਦ ਐਲੂਮੀਨੀਅਮ-ਕੈਲਸ਼ੀਅਮ ਅਤੇ ਸਟ੍ਰੌਂਸ਼ੀਅਮ-

**ਕੰਵਲਜੀਤ ਸਿੰਘ**
ਫੋਨ: 91-98781-34728

ਕੈਲਸ਼ੀਅਮ ਦੇ ਅਨੁਪਾਤ ਤੋਂ ਉਸ ਤਹਿ ਦੇ ਸਬੰਧਿਤ ਸਮੇਂ ਦੌਰਾਨ ਮੌਨਸੂਨ ਦੀ ਸਥਿਤੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਅਨੁਪਾਤ ਵਿਚ ਵਾਧਾ ਘਟਦੀ ਮੌਨਸੂਨ ਤੇ ਅਨੁਪਾਤ ਦਾ ਘਟਣਾ ਵਧਦੀ ਮੌਨਸੂਨ ਵੱਲ ਇਸ਼ਾਰਾ ਕਰਦਾ ਹੈ।

ਝੀਲ ਦੇ ਤਲ ਤੋਂ ਹਰੇਕ ਪੰਜ ਮਿਲੀਮੀਟਰ ਦੀ ਤਹਿ ਵਿਚ 8 ਤੋਂ 10 ਸਾਲ ਦੇ ਕਾਲ-ਅੰਤਰ ਬਾਰੇ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਉਂ ਉਨ੍ਹਾਂ 520 ਨਮੂਨੇ ਲੈ ਕੇ ਕਰੀਬ ਪੰਜ ਹਜ਼ਾਰ ਸਾਲਾਂ ਦੇ ਸਮੇਂ ਦੌਰਾਨ ਮੌਨਸੂਨ ਦੇ ਰੁਝਾਨ ਬਾਰੇ ਜਾਣਕਾਰੀ ਹਾਸਲ ਕੀਤੀ ਹੈ।

ਵਿਗਿਆਨ ਦੀ ਇਸ ਰੋਮਾਂਚਕ ਵਿਧੀ ਰਾਹੀਂ ਅਸੀਂ ਜਾਣ ਸਕਦੇ ਹਾਂ ਕਿ ਪੰਜ ਹਜ਼ਾਰ ਸਾਲ ਪਹਿਲਾਂ ਜਾਂ ਉਸ ਤੋਂ ਵੀ ਪਹਿਲਾਂ ਕਿਸੇ ਦਹਾਕੇ ਦੌਰਾਨ ਮੌਨਸੂਨ ਕਿਹੋ ਜਿਹੀ ਰਹੀ ਸੀ। ਇਸ ਵਿਧੀ ਨਾਲ ਹਾਸਲ ਹੋਏ ਅੰਕੜੇ ਸਾਨੂੰ ਆਪਣੇ ਪੁਰਾਤਨ ਇਤਿਹਾਸ ਬਾਰੇ, ਉਸ ਸਮੇਂ ਤੋਂ ਵਾਤਾਵਰਨ ਵਿਚ ਆਈਆਂ ਤਬਦੀਲੀਆਂ, ਪੈਦਾ ਹੋਏ ਤੇ ਖਤਮ ਹੋਏ ਜੀਵ ਜੰਤੂਆਂ, ਬਨਸਪਤੀ ਦੀਆਂ ਕਿਸਮਾਂ ਅਤੇ ਮਾਨਵ ਇਤਿਹਾਸ ਬਾਰੇ ਵਡਮੁੱਲੀ ਜਾਣਕਾਰੀ ਦੇ ਸਕਦੇ ਹਨ।

ਹਾਲਾਂਕਿ ਅਜਿਹਾ ਪਹਿਲੀ ਵਾਰ ਨਹੀਂ ਕੀਤਾ ਗਿਆ। ਇਸ ਟੀਮ ਦੇ ਮੈਂਬਰ ਪਹਿਲਾਂ ਵੀ ਕਈ ਅਜਿਹੇ ਖੋਜੀ ਦਲਾਂ ਦਾ ਹਿੱਸਾ ਰਹੇ ਹਨ, ਜਿਨ੍ਹਾਂ ਨੇ ਉਤਰ ਪੂਰਬ ਮੇਘਾਲਿਆ ਦੀਆਂ ਮਾਮਲੂਹ ਗੁਫਾਵਾਂ ਵਿਚ ਆਕਸੀਜਨ ਆਈਸੋਟੋਪ ਦੇ ਵਿਸ਼ਲੇਸ਼ਣ ਰਾਹੀਂ ਪੁਰਾਤਨ ਵਾਤਾਵਰਣ ਸਗੋਂ ਕਰੀਬ 33,000 ਸਾਲ ਤੋਂ ਲੈ ਕੇ 5,000 ਸਾਲ ਪਹਿਲਾਂ ਤਕ ਦੇ ਮੌਨਸੂਨ ਰੁਝਾਨ ਸਬੰਧੀ ਕਾਫੀ ਜਾਣਕਾਰੀ ਇਕੱਤਰ ਕੀਤੀ ਸੀ। ਇਨ੍ਹਾਂ ਤੋਂ ਇਲਾਵਾ ਕਈ ਵਿਦਵਾਨਾਂ ਨੇ ਮਗਰਲੇ ਹੋਲੋਸੀਨਿਕ ਦੌਰ ਵਿਚ ਮੌਨਸੂਨ ਵਿਚ ਤਿੱਖੀ ਗਿਰਾਵਟ ਤੇ ਉਸ ਦੇ ਸਿੱਟੇ ਵਜੋਂ ਮੈਸੋਪੋਟੇਮੀਆ ਦੀ ਸੱਭਿਅਤਾ ਦੇ ਅੰਤ ਬਾਰੇ ਅੰਦਾਜ਼ੇ ਪੇਸ਼ ਕੀਤੇ ਹਨ। ਬਹੁਤੇ ਵਿਦਵਾਨਾਂ ਨੇ ਇਨ੍ਹਾਂ ਮੌਸਮੀ ਕਾਰਕਾਂ ਨੂੰ ਨਿਰਣਾਇਕ ਨਹੀਂ ਮੰਨਿਆ ਸਗੋਂ ਬਹੁਤ ਸਾਰੇ ਵਰਤਾਰਿਆਂ 'ਚੋਂ ਇੱਕ ਵਰਤਾਰੇ ਵਜੋਂ ਹੀ ਵੇਖਿਆ ਹੈ।

ਮੌਜੂਦਾ ਖੋਜ ਦੀ ਅਗਵਾਈ ਕਰਨ ਵਾਲੇ ਪ੍ਰੋ. ਅਨਿਲ ਕੁਮਾਰ 2006 ਵਿਚ ਛਪੇ ਆਪਣੇ ਇੱਕ ਖੋਜ ਪੱਤਰ ਵਿਚ ਹੜੱਪਾ ਸੱਭਿਅਤਾ ਦੇ ਅੰਤ ਬਾਰੇ ਵੀ ਅਜਿਹੇ ਕਾਰਨਾਂ ਬਾਰੇ ਆਖ ਚੁਕੇ ਹਨ। ਮਤਲਬ ਖੋਜ ਦਾ ਇਹ ਸਿਲਸਿਲਾ ਕਾਫੀ ਚਿਰ ਤੋਂ ਚੱਲ ਰਿਹਾ ਹੈ। ਔੜ ਦਾ ਸਮਾਂ ਪਹਿਲਾਂ 200 ਸਾਲ ਮਿਥਿਆ ਗਿਆ ਸੀ, ਪਰ ਮੌਜੂਦਾ ਖੋਜ ਇਹ ਸਮਾਂ 900 ਸਾਲ ਤਕ ਦੱਸ ਰਹੀ ਹੈ।

ਵਿਗਿਆਨ ਦੇ ਕਿਸੇ ਇੱਕ ਖੇਤਰ ਵਿਚਲੀ ਖੋਜ ਨੂੰ ਵੱਖ ਵੱਖ ਖੇਤਰਾਂ ਦੇ ਹੋਰ ਖੋਜੀ ਤੇ ਵਿਗਿਆਨੀ ਆਪੋ ਆਪਣੇ ਖੇਤਰ ਵਿਚ ਵਰਤ ਲੈਂਦੇ ਹਨ। ਆਈ. ਆਈ. ਟੀ., ਖੜਗਪੁਰ ਵਾਲੇ ਭੂ-ਵਿਗਿਆਨਕ ਅਧਿਐਨ ਨੂੰ ਵੀ ਇਤਿਹਾਸ ਦੇ ਖੇਤਰ ਵਿਚ ਵਰਤਿਆ ਕੀਤਾ ਜਾ ਸਕਦਾ ਹੈ, ਉਸ ਅਧਿਐਨ ਬਾਰੇ ਕੁਝ ਨੁਕਤੇ ਧਿਆਨ ਮੰਗਦੇ ਹਨ। ਇਸ ਭੂ-ਵਿਗਿਆਨਕ ਖੋਜ ਕਾਰਜ ਦਾ ਸਿਰਲੇਖ ਹੈ: 'ਮੌਜੂਦਾ ਸਮੇਂ ਤੋਂ 4350 ਤੋਂ 3450 ਸਾਲ ਪਹਿਲਾਂ ਸਿੰਧੂ ਘਾਟੀ ਦੀ ਸੱਭਿਅਤਾ ਦੇ ਵਿਸਥਾਪਨ ਦੇ ਸਮਕਾਲੀ, ਭਾਰਤੀ ਗਰਮੀਆਂ ਦੀ ਮੌਨਸੂਨ ਵਿਚ ਇੱਕ ਲੰਬਾ ਸੋਕੇ ਮਾਰਿਆ ਵਕਫਾ।' ਖੋਜੀਆਂ ਦੀ ਮੁਹਾਰਤ ਵੱਖ ਵੱਖ ਸੋਮਿਆਂ ਤੋਂ ਪੁਰਾਤਨ ਵਾਤਾਵਰਨ ਦੀ ਪੁਨਰਰਚਨਾ ਅਤੇ ਤਬਦੀਲੀਆਂ ਦੀ ਜਾਂਚ ਕਰਨਾ ਹੈ, ਪਰ ਉਨ੍ਹਾਂ ਨੇ ਆਪਣਾ ਮੁੱਖ ਨਿਸ਼ਾਨਾ ਉਸ ਵਾਤਾਵਰਣ ਤਬਦੀਲੀ ਦੇ ਮਨੁੱਖੀ ਸੱਭਿਅਤਾ 'ਤੇ ਅਸਰ ਦੀ ਜਾਂਚ ਨੂੰ ਬਣਾਇਆ। ਉਨ੍ਹਾਂ ਬਹੁਤ ਵਿਸਥਾਰ ਨਾਲ ਉਸ ਵਿਧੀ ਦਾ ਵਰਣਨ ਕੀਤਾ ਹੈ ਜਿਸ ਰਾਹੀਂ ਉਨ੍ਹਾਂ ਤਸੋ-ਮੋਰੀਰੀ ਝੀਲ ਦੇ ਤਲ ਹੇਠੋਂ ਪਰਤਾਂ ਦੇ ਰਸਾਇਣਕ ਵਿਸ਼ਲੇਸ਼ਣ ਰਾਹੀਂ ਪੁਰਾਤਨ ਵਾਤਾਵਰਣ ਵਿਚ ਦਹਾਕਾ ਦਰ ਦਹਾਕਾ ਹੋਈਆਂ ਮੌਨਸੂਨੀ ਬਾਰਿਸ਼ਾਂ ਦੀ ਮਿਕਦਾਰ ਦਾ ਅੰਦਾਜ਼ਾ ਲਾਇਆ। ਇਸ ਪੂਰੀ ਖੋਜ ਵਿਚ ਖੋਜੀਆਂ ਨੇ ਉਸ ਵਿਧੀ ਦਾ ਖੁਲਾਸਾ ਨਹੀਂ ਕੀਤਾ ਜਿਸ ਰਾਹੀਂ ਉਨ੍ਹਾਂ ਨੇ ਇਸ ਦੇ ਮਨੁੱਖੀ ਸੱਭਿਅਤਾ 'ਤੇ ਹੋਣ ਵਾਲੇ ਅਸਰ ਦੀ ਜਾਂਚ ਕੀਤੀ।

ਇਹ ਖੋਜ ਤਾਂ ਸਿਰਫ ਇੰਨਾ ਹੀ ਪੱਕ ਨਾਲ ਕਹਿ ਰਹੀ ਹੈ ਕਿ ਮੌਜੂਦਾ ਸਮੇਂ ਤੋਂ 4,350 ਸਾਲਾਂ ਤੋਂ ਲੈ ਕੇ 3,450 ਸਾਲਾਂ ਦੌਰਾਨ ਬਾਰਿਸ਼ਾਂ ਘੱਟ ਹੋਈਆਂ ਅਤੇ ਲੰਬੀ ਔੜ ਵਾਲੇ ਹਾਲਾਤ ਬਣੇ, ਪਰ ਇਸ ਦੇ ਨਤੀਜੇ ਵਜੋਂ ਸਿੰਧ ਅਤੇ ਘੱਗਰ-ਹਾਕੜਾ ਨਦੀਆਂ ਵਿਚ ਪਏ ਸੋਕੇ ਨਾਲ ਸਿੰਧੂ ਘਾਟੀ ਦੇ ਬਾਸ਼ਿੰਦਿਆਂ ਨੇ ਕਿਵੇਂ ਨਜਿੱਠਿਆ? ਇਨ੍ਹਾਂ ਹਾਲਤਾਂ ਵਿਚ ਸਿੰਧੂ ਘਾਟੀ ਸੱਭਿਅਤਾ ਦੇ ਵਸਨੀਕਾਂ ਨੇ ਹਿਜਰਤ ਕੀਤੀ ਜਾਂ ਨਵੀਆਂ ਖੋਜਾਂ ਕੀਤੀਆਂ ਜਾਂ ਉਨ੍ਹਾਂ ਨਾਲ ਉਕਾ ਹੀ ਕੁਝ ਹੋਰ ਘਟਨਾਵਾਂ ਵੀ ਵਾਪਰੀਆਂ, ਇਸ ਬਾਰੇ ਕੋਈ ਜਾਂਚ ਪੈਮਾਨਾ ਇਸ ਖੋਜ ਵਿਚ ਨਿਰਧਾਰਤ ਨਹੀਂ ਕੀਤਾ ਗਿਆ। ਲੱਗਦਾ ਹੈ, ਖੋਜੀਆਂ ਨੇ ਅਗਾਊਂ ਕਿਆਸ ਲਿਆ ਕਿ ਜੇ ਔੜ ਪਈ ਤਾਂ ਸੱਭਿਅਤਾ ਪਲਾਇਨ ਕਰ ਗਈ ਹੋਵੇਗੀ। ਇਹ ਮੰਨਣ ਦਾ ਆਧਾਰ ਘੱਟੋ-ਘੱਟ ਵਿਚਾਰ ਅਧੀਨ ਖੋਜ ਪੱਤਰ ਵਿਚ ਤਾਂ ਨਹੀਂ ਹੈ। ਇਹ ਮੰਨਣ ਤੋਂ ਬਾਅਦ ਖੋਜ ਦੀ ਇਹ ਗੱਲ ਬਹੁਤ ਸਿਧ-ਪੱਧਰੀ ਹੈ: "900 ਸਾਲ ਔੜ ਪਈ, ਇਸ ਲਈ ਸਿੰਧੂ ਘਾਟੀ ਦੀ ਸੱਭਿਅਤਾ ਜ਼ਰੂਰ ਪਲਾਇਨ ਕਰ ਗਈ ਹੋਵੇਗੀ।" ਜਦੋਂਕਿ ਸਾਰੀ ਖੋਜ ਸਿਰਫ ਇਹ ਸਾਬਿਤ ਕਰ ਰਹੀ ਹੈ ਕਿ ਔੜ ਪਈ, ਇਹ 900 ਸਾਲ ਜਾਰੀ ਰਹੀ।

ਸਿੰਧੂ ਘਾਟੀ ਦੇ ਵਸਨੀਕਾਂ ਦੇ ਪਲਾਇਨ ਬਾਰੇ ਕੋਈ ਹੋਰ ਸਬੂਤ ਇਸ ਵਿਚ ਦਰਜ ਨਹੀਂ ਕੀਤੇ ਗਏ। ਨਾ ਹੀ ਇਸ ਵਿਚ ਸਿੰਧੂ ਘਾਟੀ ਦੀ ਸੱਭਿਅਤਾ ਦੇ ਵਿਸਥਾਪਨ ਸਬੰਧੀ ਪਹਿਲਾਂ ਤੋਂ ਚੱਲੀਆਂ ਆ ਰਹੀਆਂ ਰਾਵਾਂ ਦੇ ਖੰਡਨ ਲਈ ਕੋਈ ਤਰਕ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੁੱਲ ਮਿਲਾ ਕੇ ਇਸ ਅਧਿਐਨ ਵਿਚੋਂ 900 ਸਾਲਾਂ ਦੀ ਔੜ ਨੂੰ ਸਿੰਧੂ ਘਾਟੀ ਦੀ ਸੱਭਿਅਤਾ ਦੇ ਪਤਨ ਦਾ ਸਮਕਾਲੀ ਹੋਣ ਬਾਰੇ ਅਤੇ ਇਸ ਕਰਕੇ ਇੱਕ ਸੰਭਾਵਿਤ ਕਾਰਕ ਵਜੋਂ ਹੀ ਵੇਖਿਆ ਜਾ ਸਕਦਾ ਹੈ। ਲਿਖਤ ਵਿਚ ਵੀ ਇੰਨਾ ਹੀ ਕਿਹਾ ਗਿਆ ਹੈ, ਪਰ ਇਸ ਦੀਆਂ ਮੀਡੀਆ ਨੂੰ ਦਿੱਤੀਆਂ ਰਿਪੋਰਟਾਂ ਅਤੇ ਪ੍ਰੋ. ਅਨਿਲ ਕੁਮਾਰ ਗੁਪਤਾ ਦੇ ਬਿਆਨਾਂ ਵਿਚ ਸਿੰਧੂ ਘਾਟੀ ਹੀ ਛਾਈ ਹੋਈ ਹੈ।

ਜਿੱਥੋਂ ਤਕ ਸਿੰਧੂ ਘਾਟੀ ਦੀ ਸੱਭਿਅਤਾ ਦਾ ਸਬੰਧ ਹੈ, ਉਸ ਵਿਚ ਸੱਚਮੁੱਚ ਕਾਫੀ ਕੁਝ ਅਜਿਹਾ ਹੈ ਜੋ ਹਾਲੇ ਨਿਰਣਾਇਕ ਤੌਰ 'ਤੇ ਹੱਲ ਨਹੀਂ ਹੋਇਆ। ਜਿਵੇਂ ਉਸ ਸੱਭਿਅਤਾ ਦੇ ਪਤਨ ਬਾਰੇ ਵਿਦਵਾਨ ਇਕਮਤ ਨਹੀਂ ਹਨ। ਉਨ੍ਹਾਂ ਦੀ ਬੋਲੀ ਅਤੇ ਲਿਪੀ ਬਾਰੇ ਸਾਡੀ ਜਾਣਕਾਰੀ ਨਾਂ-ਮਾਤਰ ਹੈ। ਕਾਫੀ ਕੁਝ ਅਜਿਹਾ ਵੀ ਹੈ ਜਿਸ ਬਾਰੇ ਸਾਡੇ ਕੋਲ ਪੁਰਾਤੱਤਵ ਖੋਜ ਅਤੇ ਅਨੇਕਾਂ ਵਿਗਿਆਨਕ ਵਿਧੀਆਂ ਸਦਕਾ ਪੁਖਤਾ ਸਬੂਤ ਹਨ। ਸਿੰਧੂ ਘਾਟੀ ਵਿਚ ਵਸਦੇ ਲੋਕ ਖੇਤੀ ਅਤੇ ਵਪਾਰ ਆਧਾਰਿਤ ਆਰਥਿਕਤਾ 'ਤੇ ਨਿਰਭਰ ਸਨ ਅਤੇ ਉਨ੍ਹਾਂ ਨੇ ਵਧੀਆ ਯੋਜਨਾਬੰਦੀ ਵਾਲੇ ਸ਼ਹਿਰ ਵੀ ਵਿਕਸਿਤ ਕੀਤੇ ਸਨ। ਉਨ੍ਹਾਂ ਨੂੰ ਪੱਕੀਆਂ ਇੱਟਾਂ ਅਤੇ ਉਨ੍ਹਾਂ ਤੋਂ ਇਮਾਰਤਾਂ ਬਣਾਉਣੀਆਂ ਆਉਂਦੀਆਂ ਸਨ। ਅਜਿਹਾ ਕਰਨ ਲਈ ਰੇਖਾ ਗਣਿਤ ਦਾ ਗਿਆਨ ਜ਼ਰੂਰੀ ਸੀ। ਉਹ ਦਸਤਕਾਰੀ ਅਤੇ ਬੁੱਤਤਰਾਸ਼ੀ ਕਰਦੇ ਸਨ। ਖੇਤੀ ਦੀ ਵਿਕਾਸ ਪ੍ਰਕਿਰਿਆ ਦੌਰਾਨ ਉਨ੍ਹਾਂ ਨੂੰ ਮੌਸਮਾਂ ਅਤੇ ਕੈਲੰਡਰ ਬਾਰੇ ਚੋਖੀ ਜਾਣਕਾਰੀ ਸੀ। ਦੰਦਸਾਜ਼ੀ ਦੇ ਮੁੱਢਲੇ ਨਮੂਨੇ ਵੀ ਮੋਹੰਜੋਦੜੋ ਤੋਂ ਲੈ ਕੇ ਲੋਥਲ ਤਕ ਵਿਚ ਮਿਲੇ ਮਨੁੱਖੀ ਪਿੰਜਰਾਂ ਵਿਚ ਮਿਲੇ ਹਨ।

ਬੇਸ਼ਕ, ਇਹ ਇੱਕ ਵਿਕਸਿਤ ਸਭਿਅਤਾ ਸੀ। ਦੂਜੇ ਪਾਸੇ ਇਹ ਵੀ ਸਥਾਪਤ ਹੈ ਕਿ ਇਸ ਸੱਭਿਅਤਾ ਦੇ ਪਤਨ ਤੋਂ ਬਾਅਦ ਸਥਾਪਤ ਹੋਏ ਲੋਕ ਡੰਗਰ ਚਾਰਦੇ ਸਨ, ਘੁਮੰਤੂ ਸਨ, ਕੱਚੀ ਮਿੱਟੀ ਦੇ ਘਰ ਬਣਾਉਂਦੇ ਸਨ, ਘੋੜਸਵਾਰੀ ਕਰਦੇ ਸਨ, ਧਾਤਾਂ ਦੀ ਢਲਾਈ ਦਾ ਕੰਮ ਜਾਣਦੇ ਸਨ, ਕੈਲੰਡਰ, ਖੇਤੀ, ਇਮਾਰਤਸਾਜ਼ੀ, ਰੇਖਾ ਗਣਿਤ ਦੇ ਗਿਆਨ ਤੋਂ ਕੋਰੇ ਸਨ ਜਾਂ ਕਹਿ ਲਓ ਉਨ੍ਹਾਂ ਦੇ ਜੀਵਨ ਵਿਚ ਇਸ ਸਭ ਦੀ ਹਾਲੇ ਲੋੜ ਹੀ ਨਹੀਂ ਸੀ ਪਈ। ਇਨ੍ਹਾਂ ਤੱਥਾਂ ਕਾਰਨ ਅਸੀਂ ਮੰਨਦੇ ਹਾਂ ਕਿ ਸਿੰਧੂ ਘਾਟੀ ਅਤੇ ਆਰੀਆ-ਦੋ ਵੱਖ ਵੱਖ ਨਸਲਾਂ ਹਨ ਜਿਨ੍ਹਾਂ ਦੀ ਸਭਿਅਤਾ ਵੱਖੋ ਵੱਖਰੇ ਖਿੱਤਿਆਂ ਅਤੇ ਹਾਲਾਤ ਵਿਚ ਹੋਂਦ ਵਿਚ ਆਈ। ਆਰੀਆ ਲੋਕਾਂ ਦੀ ਸਪਤਸਿੰਧੂ ਖੇਤਰ ਵੱਲ ਆਮਦ ਅਤੇ ਸਿੰਧੂ ਘਾਟੀ ਦੀ ਸੱਭਿਅਤਾ ਦਾ ਪਤਨ ਸਮਕਾਲੀ ਪ੍ਰਕਿਰਿਆਵਾਂ ਹਨ। ਇਨ੍ਹਾਂ ਵਿਚਾਲੇ ਯੁੱਧ ਹੋਇਆ ਜਾਂ ਨਹੀਂ, ਜੇ ਹੋਇਆ ਤਾਂ ਕਿਹੋ ਜਿਹਾ ਅਤੇ ਕਿਸ ਰੂਪ ਵਿਚ? ਇਸ ਦੌਰਾਨ ਮੌਸਮਾਂ ਦੀ ਕੀ ਭੂਮਿਕਾ ਰਹੀ? ਇਹ ਸਭ ਸਵਾਲ ਤਰਕ, ਚਿੰਤਨ ਅਤੇ ਵਿਗਿਆਨਕ ਖੋਜ ਦੀ ਮੰਗ ਕਰਦੇ ਹਨ। ਪਰ ਆਰੀਅਨ ਉਚਤਾ ਦੇ ਵਿਚਾਰ 'ਤੇ ਟਿਕੀ ਹੋਈ ਫਿਰਕੂ ਸਿਆਸਤ ਵਿਗਿਆਨਕ ਖੋਜ ਅਤੇ ਚਿੰਤਨ 'ਤੇ ਵਾਰ ਵਾਰ ਹਾਵੀ ਹੋਣ ਦੀ ਕੋਸ਼ਿਸ਼ ਕਰਦੀ ਹੈ। ਸੱਤਾ ਦੀ ਪੁਸ਼ਤਪਨਾਹੀ ਨੇ ਇਸ ਨੂੰ ਹੋਰ ਮਜ਼ਬੂਤੀ ਦਿੱਤੀ ਹੈ। ਦੂਜੇ ਪਾਸੇ, ਮੂਲਵਾਦੀ ਨਜ਼ਰੀਏ ਤੋਂ ਜਵਾਬੀ ਹਮਲੇ ਦੀ ਕੋਸ਼ਿਸ਼ ਵੀ ਓਨੀ ਹੀ ਨੁਕਸਦਾਰ ਹੈ।

ਕਾਰਬਨ ਡੇਟਿੰਗ, ਆਈਸੋਟੋਪ ਅਤੇ ਪ੍ਰੋਟੋਜ਼ੋਆ ਟੈਸਟਿੰਗ ਆਦਿ ਵਿਗਿਆਨਕ ਵਿਧੀਆਂ ਸਦਕਾ ਕਿਸੇ ਪਰਿਕਲਪਨਾ ਨੂੰ ਵਧੇਰੇ ਠੋਸ ਅੰਕੜਿਆਂ ਦੀ ਕਸੌਟੀ 'ਤੇ ਜਾਂਚਿਆ ਜਾ ਸਕਦਾ ਹੈ। ਇਸ ਤੋਂ ਉਲਟ ਇਸ ਦੌਰ ਵਿਚ ਰਸਾਇਣਕ ਅਤੇ ਭੌਤਿਕ ਵਿਗਿਆਨ ਦੇ ਤਜਰਬਿਆਂ ਵਿਚੋਂ ਹੀ ਪਰਿਕਲਪਨਾ ਉਸਾਰ ਲੈਣ ਦੀ ਕੋਸ਼ਿਸ਼ ਵਿਗਿਆਨ ਦੀ ਭਾਵਨਾ ਦੇ ਅਨੁਕੂਲ ਨਹੀਂ। ਦਹਾਕਿਆਂ ਵਿਚ ਉਸਰੀ ਵਿਗਿਆਨ ਅਤੇ ਖੋਜ ਸੰਸਥਾਵਾਂ ਦੀ ਭਰੋਸੇਯੋਗਤਾ ਬਾਰੇ ਜ਼ਬਰਦਸਤ ਭੰਬਲਭੂਸਾ ਪੈਦਾ ਹੋ ਚੁਕਾ ਹੈ। ਸਾਵਧਾਨ ਰਹਿਣ ਦਾ ਵੇਲਾ ਹੈ, ਮਤੇ ਇਤਿਹਾਸ ਨੂੰ ਵਧੇਰੇ 'ਵਿਗਿਆਨਕ' ਬਣਾਉਣ ਦੀ ਕੋਸ਼ਿਸ਼ ਵਿਚ ਕੁਝ ਤਾਕਤਾਂ ਵਿਗਿਆਨ ਨੂੰ ਹੀ ਇਤਿਹਾਸ ਨਾ ਬਣਾ ਦੇਣ।

ਪੰਜਾਬ ਟਾਈਮਜ਼

ਸਨਿਚਰਵਾਰ, 5 ਮਈ 2018

# ਪਾਠ ਪੁਸਤਕਾਂ ਦੀ ਸਿਆਸਤ

ਪੰਜਾਬ ਵਿਚ ਪਾਠ ਪੁਸਤਕਾਂ ਦਾ ਮਾਮਲਾ ਇਕ ਵਾਰ ਫਿਰ ਵਿਵਾਦਾਂ ਵਿਚ ਘਿਰ ਗਿਆ ਹੈ। ਇਸ ਬਾਰੇ ਇਤਰਾਜ਼ ਸਭ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਉਠਾਏ ਅਤੇ ਇਸ ਤੋਂ ਬਾਅਦ ਜਿਸ ਤਰ੍ਹਾਂ ਦੇ ਬਿਆਨ ਇਸ ਪਾਰਟੀ ਅਤੇ ਸੱਤਾਧਿਰ ਵੱਲੋਂ ਆ ਰਹੇ ਹਨ, ਉਸ ਤੋਂ ਇਨ੍ਹਾਂ ਪਾਰਟੀਆਂ ਦੀ ਸਿਆਸੀ ਗੈਰ-ਦਿਆਨਤਦਾਰੀ ਤਾਂ ਸਾਹਮਣੇ ਆਈ ਹੀ ਹੈ, ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਵੱਖ ਵੱਖ ਲੀਡਰ ਕਿਸ ਤਰ੍ਹਾਂ, ਕਿਸੇ ਮਸਲੇ ਬਾਰੇ ਪੂਰੀ ਜਾਣਕਾਰੀ ਹਾਸਲ ਕੀਤੇ ਬਗੈਰ ਬਿਆਨ-ਦਰ-ਬਿਆਨ ਦਾਗੀ ਜਾਂਦੇ ਹਨ। ਮਸਲਾ ਸਿਰਫ ਇੰਨਾ ਸੀ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਿੱਖ/ਪੰਜਾਬ ਇਤਿਹਾਸ ਬਾਰੇ ਐਤਕੀਂ ਪਹਿਲੀ ਵਾਰ ਕਿਤਾਬ ਛਾਪੀ ਹੈ। ਇਸ ਦਾ ਇਕ ਹਿੱਸਾ ਜਿਹੜਾ ਬਾਰਵੀਂ ਜਮਾਤ ਨੂੰ ਪੜ੍ਹਾਇਆ ਜਾਣਾ ਹੈ, ਉਹ ਛਪ ਗਿਆ ਹੈ ਅਤੇ ਗਿਆਰਵੀਂ ਵਾਲਾ ਹਿੱਸਾ ਅਜੇ ਛਪਣਾ ਹੈ। ਸਾਲ 1969 ਵਿਚ ਆਪਣੀ ਕਾਇਮੀ ਤੋਂ ਲੈ ਕੇ ਹੁਣ ਤੱਕ ਬੋਰਡ ਨੇ ਇਸ ਵਿਸ਼ੇ ਬਾਰੇ ਆਪਣੀ ਕੋਈ ਪੁਸਤਕ ਨਹੀਂ ਛਾਪੀ ਹੈ। ਬੋਰਡ ਇਨ੍ਹਾਂ ਜਮਾਤਾਂ ਲਈ ਸਿਰਫ ਸਿਲੇਬਸ ਤਿਆਰ ਕਰਦਾ ਰਿਹਾ ਹੈ ਅਤੇ ਪ੍ਰਾਈਵੇਟ ਪ੍ਰਕਾਸ਼ਕ ਆਪਣੀ ਸਹੂਲਤ ਮੁਤਾਬਕ ਪੁਸਤਕਾਂ, ਗਾਈਡਾਂ ਦੇ ਰੂਪ ਵਿਚ ਛਾਪ ਲੈਂਦੇ ਰਹੇ ਹਨ। ਇਨ੍ਹਾਂ ਗਾਈਡਾਂ ਵਿਚ ਚੈਪਟਰ ਵੰਡ ਵੀ ਇਨ੍ਹਾਂ ਪ੍ਰਕਾਸ਼ਕਾਂ ਨੇ ਖੁਦ ਹੀ ਤੈਅ ਕੀਤੀ ਹੋਈ ਸੀ। ਧਿਆਨ ਦੇਣ ਵਾਲਾ ਮੁੱਦਾ ਇਹ ਵੀ ਹੈ ਕਿ ਬੋਰਡ ਵੱਲੋਂ ਛਾਪੀ ਇਕ ਕਿਤਾਬ ਦੀ ਕੀਮਤ ਸੌ ਰੁਪਏ ਹੈ ਅਤੇ ਪ੍ਰਾਈਵੇਟ ਪ੍ਰਕਾਸ਼ਕਾਂ ਵਾਲੀ ਕਿਤਾਬ ਦੀ ਕੀਮਤ ਚਾਰ ਸੌ ਰੁਪਏ ਤੋਂ ਵੱਧ ਹੈ। ਗਿਆਰਵੀਂ ਅਤੇ ਬਾਰਵੀਂ ਵਿਚ ਪੜ੍ਹਦੇ ਬੱਚਿਆਂ ਦੀ ਗਿਣਤੀ ਦੋ ਲੱਖ ਤੋਂ ਵਧੇਰੇ ਹੁੰਦੀ ਹੈ। ਜਾਹਰ ਹੈ ਕਿ ਅਸਲ ਮਸਲਾ ਕਾਰੋਬਾਰ ਦਾ ਹੈ, ਇਤਿਹਾਸ ਦਾ ਨਹੀਂ ਜਿਸ ਤਰ੍ਹਾਂ ਕੁਝ ਸਿਆਸੀ ਪਾਰਟੀਆਂ ਵੱਲੋਂ ਪ੍ਰਚਾਰਿਆ ਜਾ ਰਿਹਾ ਹੈ ਅਤੇ ਪ੍ਰਾਈਵੇਟ ਪ੍ਰਕਾਸ਼ਕ ਨੂੰ ਕਮਾਈ ਖੁੱਸਣ ਦਾ ਖਦਸ਼ਾ ਪੈਦਾ ਹੋ ਗਿਆ ਹੈ। ਕਿਆਸਆਰਾਈਆਂ ਇਹ ਵੀ ਹਨ ਕਿ ਸਿਆਸੀ ਬਿਆਨਬਾਜ਼ੀ ਪਿਛੇ ਵੀ ਇਨ੍ਹਾਂ ਪ੍ਰਾਈਵੇਟ ਪ੍ਰਕਾਸ਼ਕਾਂ ਦਾ ਹੱਥ ਹੀ ਜਾਪਦਾ ਹੈ। ਚੇਤੇ ਰਹੇ, ਬੋਰਡ ਵੱਲੋਂ ਇਤਿਹਾਸ ਦੀਆਂ ਕਿਤਾਬਾਂ ਛਾਪਣ ਲਈ 2014 ਵਿਚ 13 ਮਾਹਿਰਾਂ ਦਾ ਪੈਨਲ ਬਣਾਇਆ ਸੀ। ਉਸ ਵਕਤ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਸੀ। ਇਸ ਪੈਨਲ ਵਿਚ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਸਕੂਲ ਬੋਰਡ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਫਾਰਸ਼ 'ਤੇ ਸਿੱਖ ਇਤਿਹਾਸ ਖੋਜ ਬੋਰਡ ਦੇ ਮੈਂਬਰ ਨੂੰ ਸ਼ਾਮਲ ਕੀਤਾ ਗਿਆ ਸੀ। ਹੁਣ ਸ਼੍ਰੋਮਣੀ ਕਮੇਟੀ ਨੇ ਵੀ ਇਸ ਮਸਲੇ ਦੀ ਘੋਖ ਬਾਰੇ ਆਪਣੀ ਕਮੇਟੀ ਕਾਇਮ ਕਰ ਕੇ ਇਸ ਤੋਂ ਰਿਪੋਰਟ ਤਲਬ ਕਰ ਲਈ ਹੈ। ਉਧਰ, ਪੈਨਲ ਨਾਲ ਜੁੜੇ ਮਾਹਿਰਾਂ ਦਾ ਦਾਅਵਾ ਹੈ ਕਿ ਕਿਤਾਬਾਂ ਵਿਚ ਸਿੱਖ ਇਤਿਹਾਸ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ ਅਤੇ ਨਾ ਹੀ ਸਿਲੇਬਸ ਘਟਾਇਆ ਗਿਆ ਹੈ, ਕੁਝ ਸੰਖੇਪ ਜ਼ਰੂਰ ਕੀਤਾ ਗਿਆ ਹੈ। ਜਿਹੜਾ ਇਤਿਹਾਸ ਪਹਿਲਾਂ ਬਾਰ੍ਹਵੀਂ ਜਮਾਤ ਨੂੰ ਪੜ੍ਹਾਇਆ ਜਾਂਦਾ ਸੀ, ਉਸ ਨੂੰ ਹੇਠਲੀਆਂ ਕਲਾਸਾਂ ਦੇ ਸਿਲੇਬਸ ਵਿਚ ਤਬਦੀਲ ਕਰ ਦਿੱਤਾ ਹੈ।

ਸਿਲੇਬਸ ਕਾਰਨ ਪਏ ਰੱਫੜ ਦਾ ਇਹ ਪਹਿਲਾ ਅਤੇ ਆਖਰੀ ਮਸਲਾ ਨਹੀਂ ਹੈ। ਪਹਿਲਾਂ ਵੀ ਗਾਹੇ-ਬਗਾਹੇ ਅਜਿਹੇ ਮਸਲੇ ਸਾਹਮਣੇ ਆਉਂਦੇ ਰਹੇ ਹਨ। ਅਜਿਹੇ ਮਸਲਿਆਂ ਵਿਚ ਕੋਤਾਹੀ ਵੀ ਅਕਸਰ ਨਾਲ ਜੁੜਦੀ ਰਹੀ ਹੈ ਪਰ ਇਸ ਵਾਰ ਇਹ ਮਸਲਾ ਸ਼ਾਇਦ ਪਹਿਲੀ ਵਾਰ ਵਪਾਰ ਨਾਲ ਜੁੜ ਕੇ ਸਾਹਮਣੇ ਆਇਆ ਹੈ। ਹੁਣ ਤੱਕ ਜਿਸ ਤਰ੍ਹਾਂ ਦੀਆਂ ਰਿਪੋਰਟਾਂ ਮੀਡੀਆ ਵਿਚ ਨਸ਼ਰ ਹੋਈਆਂ ਹਨ, ਉਨ੍ਹਾਂ ਤੋਂ ਜਾਹਰ ਹੋ ਰਿਹਾ ਹੈ ਕਿ ਇਹ ਪ੍ਰਕ੍ਰਿਆ ਪਿਛਲੇ ਸਮੇਂ ਤੋਂ ਚੱਲ ਰਹੀ ਸੀ ਅਤੇ ਇਸ ਪ੍ਰਕ੍ਰਿਆ ਸਿੱਖ ਇਤਿਹਾਸ ਨਾਲ ਜੁੜੇ ਮਾਹਿਰਾਂ ਅਤੇ ਸੰਸਥਾਵਾਂ ਨੂੰ ਵੀ ਨਾਲ ਲਿਆ ਗਿਆ ਸੀ। ਫਿਰ ਵੀ ਜੇ ਕਿਤੇ ਕੋਈ ਕੋਤਾਹੀ ਹੋਈ ਹੈ ਤਾਂ ਸਬੰਧਤ ਸ਼ਖਸ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਣਾ ਬਣਦਾ ਹੈ। ਤ੍ਰਾਸਦੀ ਇਹ ਹੈ ਕਿ ਆਮ ਕਰ ਕੇ ਅਜਿਹੀ ਜ਼ਿੰਮੇਵਾਰੀ ਕਦੀ ਆਇਦ ਨਹੀਂ ਕੀਤੀ ਜਾਂਦੀ ਸਗੋਂ ਅਜਿਹੇ ਅਧਿਕਾਰੀ ਜਾਂ ਮੁਲਾਜ਼ਮ ਸਿਆਸੀ ਸਰਪ੍ਰਸਤੀ ਕਾਰਨ ਸਾਫ ਬਚ ਨਿਕਲਦੇ ਹਨ। ਇਸ ਲਈ ਸਾਰਾ ਮਸਲਾ ਸਿਆਸਤ ਦਾ ਹੈ। ਆਪਣੇ ਸਮਿਆਂ ਦਾ ਵੱਡਾ ਦੁਖਾਂਤ ਇਹੀ ਹੈ ਕਿ ਹਰ ਮਸਲੇ ਦਾ ਤੁਰੰਤ ਸਿਆਸੀਕਰਨ ਕਰ ਦਿੱਤਾ ਜਾਂਦਾ ਹੈ। ਸਬੰਧਤ ਮਸਲੇ ਦੇ ਮਾਹਿਰਾਂ ਉਤੇ ਨਿਰਭਰ ਕਰਨ ਦੀ ਥਾਂ ਸਿਆਸੀ ਆਗੂ ਆਪੋ-ਆਪਣੀ ਡਫਲੀ ਵਜਾਉਣੀ ਅਰੰਭ ਕਰ ਦਿੰਦੇ ਹਨ। ਜਦੋਂ ਦਾ ਇਹ ਮਸਲਾ ਸਾਹਮਣੇ ਆਇਆ ਹੈ, ਇਸ ਦਾ ਵਿਰੋਧ ਕਰਨ ਵਾਲੇ ਪਾਸਿਓਂ ਅਤੇ ਇਸੇ ਤਰ੍ਹਾਂ ਸਰਕਾਰ ਵਾਲੇ ਪਾਸਿਓਂ ਨਿੱਤ ਦਿਨ ਨਵੇਂ ਬਿਆਨ ਆ ਰਹੇ ਹਨ। ਅਸਲ ਮਸਲਾ ਹੈ ਕੀ, ਕਿਸੇ ਨੂੰ ਸਮਝਾਇਆ ਨਹੀਂ ਜਾ ਰਿਹਾ। ਦਰਅਸਲ, ਸਭ ਸਿਆਸੀ ਪਾਰਟੀਆਂ ਅਤੇ ਇਸ ਦੇ ਆਗੂ ਕਦੀ ਇਹ ਚਾਹੁੰਦੇ ਵੀ ਨਹੀਂ ਕਿ ਲੋਕਾਂ ਤੱਕ ਅਸਲ ਮਸਲਾ ਪਹੁੰਚੇ। ਇਹ ਲੋਕ ਆਪਣੀ ਛਾਣਨੀ ਲਾ ਕੇ ਤੱਥ ਲੋਕਾਂ ਤੱਕ ਪੁੱਜਣ ਦਿੰਦੇ ਹਨ। ਸਿਤਮਜ਼ਰੀਫੀ ਇਹ ਵੀ ਹੈ ਕਿ ਮੀਡੀਆ ਦਾ ਇਕ ਹਿੱਸਾ ਵੀ ਇਨ੍ਹਾਂ ਆਗੂਆਂ ਵਾਲੀ ਬੋਲੀ ਬੋਲ ਰਿਹਾ ਹੈ, ਸਗੋਂ ਕੁਝ ਮੀਡੀਆ ਅਦਾਰਿਆਂ ਦਾ ਜ਼ੋਰ ਇਨ੍ਹਾਂ ਆਗੂਆਂ ਤੋਂ ਵੀ ਵਧੇਰੇ ਲੱਗਾ ਹੋਇਆ ਹੈ ਅਤੇ ਸਬੰਧਤ ਖਬਰਾਂ ਨੂੰ ਮੁਹਿੰਮ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਅਰਾਜਕਤਾ ਦਾ ਇਹ ਮਾਹੌਲ ਪੰਜਾਬ ਅਤੇ ਪੰਜਾਬੀਆਂ ਦੇ ਹੱਕ ਵਿਚ ਨਹੀਂ। ਇਸ ਮਸਲੇ ਦਾ ਇਕ ਪੱਖ ਅਕਾਲੀ ਦਲ ਦੀ ਸਿਆਸੀ ਸਪੇਸ ਨਾਲ ਵੀ ਜੁੜਿਆ ਹੋਇਆ ਹੈ। ਵਿਧਾਨ ਸਭਾ ਚੋਣਾਂ ਤੋਂ ਬਾਅਦ ਜਿਸ ਤਰ੍ਹਾਂ ਲੋਕਾਂ ਨੇ ਇਸ ਪਾਰਟੀ ਤੋਂ ਮੂੰਹ ਮੋੜਿਆ ਹੈ, ਉਸ ਦੀ ਭਰਪਾਈ ਕਰਨ ਲਈ ਇਸ ਪਾਰਟੀ ਦੇ ਚੋਟੀ ਦੇ ਆਗੂ ਸਿੱਧੇ-ਅਸਿੱਧੇ ਢੰਗਾਂ ਨਾਲ ਲਗਾਤਾਰ ਯਤਨ ਕਰ ਰਹੇ ਹਨ। ਅਜਿਹੀ ਸੂਰਤ ਵਿਚ ਲੋਕ ਪੱਖ ਪਛੜ ਜਾਂਦਾ ਹੈ ਅਤੇ ਸਿਆਸਤ ਮੁੱਖ ਸਥਾਨ ਹਾਸਲ ਕਰ ਲੈਂਦੀ ਹੈ। ਇਹ ਪ੍ਰਕ੍ਰਿਆ ਸਦਾ ਆਮ ਲੋਕਾਂ ਦਾ ਨੁਕਸਾਨ ਕਰਦੀ ਹੈ। ਇਸ ਲਈ ਲੋਕਾਂ ਨੂੰ ਇਸ ਬਾਰੇ ਸੁਚੇਤ ਹੋਣਾ ਚਾਹੀਦਾ ਹੈ ਅਤੇ ਸਿਆਸੀ ਆਗੂਆਂ ਨੂੰ ਵੀ ਉਠ ਰਹੇ ਵਿਵਾਦਾਂ ਨੂੰ ਉਲਝਾਉਣ ਦੀ ਥਾਂ ਸੁਲਝਾਉਣ ਦਾ ਯਤਨ ਕਰਨਾ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਭੇਖਧਾਰੀ ਬਲਾਤਕਾਰੀ!*

ਵਾਂਗੂੰ ਭੇਡਾਂ ਦੇ ਮੁੰਨ ਕੇ ਚੇਲਿਆਂ ਨੂੰ, ਡੇਰੇ ਸਾਧਾਂ ਦੇ ਕਰਨ ਤਰੱਕੀਆਂ ਜੀ।
ਅੰਨੇ ਪਤੀ ਨਾ ਦੇਖਦੇ ਪਤਨੀਆਂ ਨੂੰ, ਪੂਛਾਂ ਕਿੱਧਰ ਨੂੰ ਇਨ੍ਹਾਂ ਨੇ ਚੱਕੀਆਂ ਜੀ।
ਕੋਈ ਵਿਰਲੀ ਕਰਤੂਤ ਹੀ ਫੜੀ ਜਾਵੇ, ਬਾਕੀ ਚੋਲਿਆਂ ਥੱਲੇ ਹੀ ਢੱਕੀਆਂ ਜੀ।
ਸੱਚ ਦਿਸੇ ਨਾ ਅੰਧਵਿਸ਼ਵਾਸੀਆਂ ਨੂੰ, ਕਲਮਾਂ ਲਿਖਦੀਆਂ ਲਿਖਦੀਆਂ ਥੱਕੀਆਂ ਜੀ।
ਸਾਧੂ ਭੇਸ ਵਿਚ ਹੋਏ ਨੇ ਬਲਾਤਕਾਰੀ, ਜਾਂਦਾ ਜੇਲ੍ਹ ਨੂੰ ਦੇਖ ਕੇ ਪਿਘਲਦੇ ਨੇ।
ਲੱਖ ਲਾਹਣਤਾਂ ਪਾਓ ਉਨ੍ਹਾਂ 'ਸ਼ਰਧਾਲੂਆਂ' ਨੂੰ, ਅੱਖੀਂ ਦੇਖ ਕੇ ਮੱਖੀ ਜੋ ਨਿਗਲਦੇ ਨੇ!

# 'ਹਿੰਦੂ' ਸ਼ਬਦ ਦੀ ਹਕੀਕਤ

***ਅੱਜ ਦੇ ਹਿੰਦੂਤਵਵਾਦੀਆਂ ਨੇ ਆਪਣੀ ਨਫਰਤ ਭਰੀ ਸਿਆਸਤ ਨਾਲ ਸਭ ਨੂੰ ਵਖਤ ਪਾਇਆ ਹੋਇਆ ਹੈ। ਰਾਸ਼ਟਰਵਾਦ ਦੇ ਨਾਂ ਉਤੇ ਘੱਟ-ਗਿਣਤੀਆਂ ਉਤੇ ਹਮਲੇ ਕੀਤੇ ਜਾ ਰਹੇ ਹਨ। ਇਸ ਲੇਖ ਵਿਚ ਲੇਖਕ ਵੱਲੋਂ 'ਹਿੰਦੂ' ਸ਼ਬਦ ਦੀਆਂ ਜੜ੍ਹਾਂ ਫਰੋਲੀਆਂ ਗਈਆਂ ਹਨ ਅਤੇ ਦੱਸਿਆ ਗਿਆ ਹੈ ਕਿ ਇਸ ਸ਼ਬਦ ਦਾ ਅੱਜ ਦੇ ਅਖੌਤੀ ਹਿੰਦੂਆਂ ਜਾਂ ਕਿਸੇ ਕਿਸਮ ਦੀ ਧਾਰਮਿਕ ਮਨੌਤ ਨਾਲ ਕੋਈ ਸਬੰਧ ਨਹੀਂ ਹੈ। -ਸੰਪਾਦਕ***

ਕੰਵਲ ਧਾਲੀਵਾਲ

ਸਭ ਤੋਂ ਪਹਿਲਾਂ ਇਹ ਭਰਮ ਦੂਰ ਕਰਨਾ ਚਾਹੀਦਾ ਹੈ ਕਿ ਜਦੋਂ ਵੀ ਤੁਸੀਂ ਇਰਾਨ (ਪਾਰਸ/ਫਾਰਸ/ਪਰਸ਼ੀਆ) ਬਾਰੇ ਗੱਲ ਕਰੋ ਤਾਂ ਦੱਖਣੀ-ਏਸ਼ੀਆ ਦੇ ਸਾਰੇ ਲੋਕ ਅਕਸਰ ਇਸ ਨੂੰ ਇਸਲਾਮ ਨਾਲ ਜੋੜ ਕੇ ਦੇਖਦੇ ਹਨ। ਇਰਾਨ ਦੀ ਸੱਭਿਅਤਾ ਅਤੇ ਭਾਸ਼ਾ ਹੋਰ ਪ੍ਰਾਚੀਨ ਸਭਿਅਤਾਵਾਂ ਵਾਂਗ ਹੀ ਹਜ਼ਾਰਾਂ ਸਾਲ ਪੁਰਾਣੀ ਹੈ, ਉਦੋਂ ਦੀ ਜਦੋਂ ਇਸਲਾਮ ਤਾਂ ਕੀ, ਮੁਹੰਮਦ ਸਾਹਿਬ ਦਾ ਜਨਮ ਵੀ ਨਹੀਂ ਸੀ ਹੋਇਆ। ਸੱਤਵੀਂ ਸਦੀ ਈਸਵੀ ਵਿਚ ਅਰਬਾਂ ਨੇ ਇਰਾਨ ਦੇ ਸਵਦੇਸ਼ੀ ਸਾਸਾਨੀ ਸਾਮਰਾਜ 'ਤੇ ਹਮਲਾ ਕੀਤਾ ਅਤੇ ਤਬਾਹ ਕਰ ਦਿੱਤਾ ਅਤੇ ਇਰਾਨ ਹੌਲੀ ਹੌਲੀ ਇਸਲਾਮਿਕ ਬਣਦਾ ਗਿਆ ਪਰ ਇਰਾਨ ਦਾ ਆਪਣਾ ਮੂਲ ਧਰਮ ਇਸਲਾਮੀ ਨਹੀਂ ਸੀ ਬਲਕਿ 'ਵੈਦਿਕ' ਵਿਚਾਰਧਾਰਾ ਦਾ ਹੀ ਹਿੱਸਾ ਸੀ ਜਿਸ ਵਿਚ ਅੱਗ ਦੀ ਪੂਜਾ ਨੂੰ ਵਿਸ਼ੇਸ਼ ਮਹੱਤਵ ਰੱਖਦੀ ਸੀ। ਇਸ ਨੂੰ 'ਜ਼ੋਰੋਆਸ਼ਟਰੀ' ਧਰਮ ਕਿਹਾ ਜਾਂਦਾ ਹੈ, ਜਿਸ ਦਾ ਨਾਮ ਉਸ ਦੇ ਸੰਤ ਜ਼ਰਾਥੁਸਟਰ ਤੋਂ ਪਿਆ। ਇਸਲਾਮਿਕ ਹਮਲੇ ਕਾਰਨ ਜ਼ੋਰੋਆਸ਼ਟਰੀ ਧਰਮ ਦੇ ਲੋਕ ਜੋ ਕਿਸੇ ਵੀ ਹਾਲਤ ਵਿਚ ਅਰਬਾਂ ਦਾ ਧਰਮ ਅਪਨਾਉਣ ਲਈ ਤਿਆਰ ਨਹੀਂ ਸਨ, ਉਹ ਭੱਜ ਕੇ ਭਾਰਤ ਆ ਗਏ ਤੇ ਗੁਜਰਾਤ ਰਾਜ ਵਿਚ ਸ਼ਰਨਾਰਥੀ ਬਣ ਗਏ। ਗੁਜਰਾਤ ਦੇ 'ਹਿੰਦੂ' ਰਾਜੇ ਨੇ ਉਨ੍ਹਾਂ ਨੂੰ ਸ਼ਰਨ ਦੇ ਦਿੱਤੀ ਤੇ ਉਦੋਂ ਤੋਂ ਹੀ ਉਹ ਭਾਰਤ ਵਿਚ ਘੁੱਗ ਵੱਸ ਰਹੇ ਹਨ। ਅੱਜ ਅਸੀਂ ਇਨ੍ਹਾਂ ਨੂੰ 'ਪਾਰਸੀ' ਕਹਿੰਦੇ ਹਾਂ' ਜਮਸ਼ੇਦ ਜੀ ਟਾਟਾ, ਫਿਰੋਜ਼ ਗਾਂਧੀ (ਰਾਹੁਲ ਗਾਂਧੀ ਦਾ ਦਾਦਾ) ਅਤੇ ਸਮ੍ਰਿਤੀ ਇਰਾਨੀ ਵਰਗੇ ਲੋਕ ਉਨ੍ਹਾਂ ਪਾਰਸੀਆਂ ਦੇ ਵੰਸ਼ ਵਿਚੋਂ ਹੀ ਹਨ। ਇਸ ਤੋਂ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ 'ਫ਼ਿਰੋਜ਼' ਅਤੇ 'ਜਮਸ਼ੇਦ' ਨਾਮ ਇਰਾਨੀ ਮੂਲ ਦੇ ਹਨ ਅਤੇ ਨਾ ਕਿ ਇਸਲਾਮੀ' ਇਹ ਵੀ ਕਿ ਰਾਹੁਲ ਗਾਂਧੀ ਦਾ 'ਪੁਸ਼ਤੈਨੀ ਧਰਮ' ਕੀ ਸੀ!

ਆਉ ਹੁਣ ਅਸੀਂ ਸ਼ਬਦ 'ਇਰਾਨ' ਵੱਲ ਆਈਏ: ਇਸ ਸ਼ਬਦ ਦਾ ਆਧਾਰ ਉਹੀ ਸ਼ਬਦ ਹੈ ਜੋ ਸੰਸਕ੍ਰਿਤ ਵਿਚ 'ਆਰੀਆ' ਹੈ। ਇਰਾਨ ਦਾ ਅਰਥ ਹੈ 'ਆਰੀਆ ਜਾਤੀ ਦਾ ਦੇਸ਼'। ਤੁਸੀਂ ਸੁਣਿਆ ਹੋਣਾ ਕਿ ਅਫਗਾਨਿਸਤਾਨ ਦੀ ਹਵਾਈ ਸੇਵਾ ਦਾ ਨਾਂ ਸੀ- 'ਆਰੀਆਨਾ ਏਅਰ ਲਾਈਨਜ਼'। ਇਸ ਵਿਚ ਇਹ 'ਆਰੀਆਨਾ' ਕਿਥੋਂ ਆਇਆ? ਇਹ ਉਹੀ 'ਆਰੀਆ' ਹੈ। ਅਸਲ ਵਿਚ ਫ਼ਾਰਸੀ ਸਭਿਅਤਾ ਇਰਾਨ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਉਤਰ-ਪੱਛਮੀ ਭਾਰਤ ਤੋਂ ਲੈ ਕੇ ਅਫਗਾਨਿਸਤਾਨ, ਇਰਾਨ ਅਤੇ ਮੱਧ ਏਸ਼ੀਆ ਦੇ ਦੇਸ਼ਾਂ ਵਿਚ ਤਾਜਿਕਸਤਾਨ, ਉਜ਼ਬੇਕਿਸਤਾਨ ਆਦਿ ਤਕ ਫੈਲੀ ਹੋਈ ਹੈ। ਆਰੀਆ ਸਭਿਅਤਾ ਦਾ ਵਿਸ਼ਾ ਬਹੁਤ ਵੱਡਾ ਹੈ, ਇਸ ਦੀ ਹੋਰ ਗੱਲ ਇਥੇ ਨਹੀਂ ਹੋ ਸਕੇਗੀ, ਇਸ ਲੇਖ ਦਾ ਉਦੇਸ਼ ਸਿਰਫ 'ਹਿੰਦੂ' ਸ਼ਬਦ ਨੂੰ ਸਮਝਣਾ ਹੈ।

ਇਹ ਜਾਣਨਾ ਬਹੁਤ ਮਹੱਤਵਪੂਰਨ ਹੈ ਕਿ ਜਿਵੇਂ ਜਿਵੇਂ ਇਰਾਨ ਦੀ ਸਭਿਅਤਾ ਦਾ ਅਰਬ ਸਭਿਅਤਾ ਨਾਲ ਕੋਈ ਸਬੰਧ ਨਹੀਂ, ਉਵੇਂ ਫਾਰਸੀ ਭਾਸ਼ਾ ਦਾ ਅਰਬੀ ਭਾਸ਼ਾ ਨਾਲ ਵੀ ਕੋਈ ਰਿਸ਼ਤਾ ਨਹੀਂ ਹੈ ਪਰ ਫਾਰਸੀ ਦਾ ਸੰਸਕ੍ਰਿਤ ਨਾਲ ਨਾਤਾ ਬਹੁਤ ਡੂੰਘਾ ਹੈ। ਜਿਵੇਂ ਅੱਜ ਸਾਰੇ ਉਤਰੀ ਭਾਰਤ ਦੀਆਂ ਭਾਸ਼ਾਵਾਂ (ਪਸ਼ਤੋ, ਪੰਜਾਬੀ, ਹਿੰਦੁਸਤਾਨੀ, ਰਾਜਸਥਾਨੀ, ਗੁਜਰਾਤੀ, ਸਿੰਧੀ, ਮਰਾਠੀ, ਬੰਗਾਲੀ) ਸੰਸਕ੍ਰਿਤ ਤੋਂ ਪ੍ਰਭਾਵਿਤ ਹਨ, ਬਲਕਿ ਸੰਸਕ੍ਰਿਤ ਦੀ ਔਲਾਦ ਹੀ ਹਨ, ਉਸੇ ਤਰ੍ਹਾਂ ਫ਼ਾਰਸੀ ਭਾਸ਼ਾ ਦੀ ਜਨਨੀ ਹੈ- ਆਵੇਸਤਾਂ ਨਾਮ ਦੀ ਪੁਰਾਤਨ ਭਾਸ਼ਾ। ਇਸ ਅਵੇਸਤਾਂ ਨੂੰ 'ਸੰਸਕ੍ਰਿਤ ਦੀ ਭੈਣ' ਮੰਨਿਆ ਜਾਂਦਾ ਹੈ। ਭਾਸ਼ਾ ਵਿਗਿਆਨੀਆਂ ਨੇ ਤਾਂ ਕਈ ਵਾਰ ਵੇਦਾਂ ਦੀ ਭਾਸ਼ਾ ਨੂੰ ਸਮਝਣ ਲਈ ਅਵੇਸਤਾਂ ਦਾ ਸਹਾਰਾ ਲੈਣ ਦੀ ਸਿਫਾਰਸ਼ ਵੀ ਕੀਤੀ ਹੈ। ਹੁਣ ਤੁਸੀਂ ਫ਼ਾਰਸੀ ਅਤੇ ਉਤਰੀ ਭਰਤ ਦੀਆਂ ਭਾਸ਼ਾਵਾਂ ਵਿਚਕਾਰ ਰਿਸ਼ਤਾ ਸਮਝ ਗਏ ਹੋਵੋਗੇ। ਇਸ ਲਈ ਸ਼ਬਦਕੋਸ਼ 'ਤੇ ਨਜ਼ਰ ਮਾਰੋ ਤਾਂ ਤੁਹਾਨੂੰ ਹਜ਼ਾਰਾਂ ਸ਼ਬਦ ਲੱਭਣਗੇ ਜਿਹੜੇ ਸੰਸਕ੍ਰਿਤ ਅਤੇ ਫ਼ਾਰਸੀ ਵਿਚ ਇਕੋ ਜਿਹੇ ਹਨ, ਜਾਂ ਮਾਮੂਲੀ ਉਚਾਰਨ ਦਾ ਵਖਰੇਵਾਂ ਹੈ। ਸ਼ਬਦ 'ਹਿੰਦੁਸਤਾਨ/ਪਾਕਿਸਤਾਨ' ਵਿਚ ਪਿਛੇਤਰ 'ਸਤਾਨ' ਹੀ ਲਵੋ; ਸੰਸਕ੍ਰਿਤ ਵਿਚ ਇਹ 'ਸਥਾਨ' ਹੈ (ਜਿਵੇਂ ਰਾਜਸਥਾਨ) ਤੇ ਫ਼ਾਰਸੀ ਵਿਚ 'ਸਤਾਨ'; ਅਰਥ ਉਹੀ ਹੈ: ਜਗ੍ਹਾ।

'ਸ' ਅਤੇ 'ਹ' ਦੀ ਆਵਾਜ਼ ਆਵੇਸਤਾਂ ਅਤੇ ਸੰਸਕ੍ਰਿਤ ਦੁਆਰਾ ਪ੍ਰਭਾਵਿਤ ਭਾਸ਼ਾਵਾਂ ਵਿਚ ਇਕ ਦੂਜੇ ਨਾਲ ਬਦਲਦੀ ਰਹਿੰਦੀ ਹੈ। ਇਹ ਬੋਲਣ ਵਾਲਿਆਂ ਦੇ ਉਚਾਰਨ ਦੀ ਆਦਤ ਕਾਰਨ ਹੋਇਆ। ਪੰਜਾਬੀ ਵਿਚ ਪੜਨਾਂਵ 'ਉਹ' ਦੇ ਨਾਲ ਜਦੋਂ ਅਸੀਂ ਕਾਰਕ ਚਿੰਨ੍ਹ 'ਦਾ/ਦੇ/ਦੀ/ਦੀਆਂ' ਜੋੜਦੇ ਹਾਂ, ਤਾਂ ਇਹ 'ਉਸ' ਵੀ ਬੋਲਿਆ ਜਾਣ ਲਗਦਾ ਹੈ। ਜਿਵੇਂ, ਉਸ ਦਾ ਘਰ/ਉਸ ਦੀ ਕਮੀਜ਼ ਆਦਿ। ਇਸੇ ਤਰ੍ਹਾਂ ਮਸ਼ਹੂਰ ਸ਼ਬਦ ਹੈ: 'ਅਸੁਰ' ਜੋ ਮੂਲ ਭਾਰਤੀਆਂ ਲਈ ਬਹੁਤ ਨਕਾਰਾਤਮਕ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਸ਼ਬਦ ਦਾ ਜ਼ਿਕਰ 'ਦੇਵਾਸੁਰਸੰਗਰਾਮ' ਵਰਗੇ ਮਿਥਿਹਾਸ ਵਿਚ ਕੀਤਾ ਗਿਆ ਹੈ, ਪਰ ਬਹੁਤ ਸਾਰੇ ਵਿਦਵਾਨ ਮੰਨਦੇ ਹਨ ਕਿ ਇਹ ਸ਼ਬਦ ਅਸਲ ਵਿਚ 'ਅਹੁਰ' ਹੈ; ਜਿਵੇਂ ਜ਼ੋਰੋਆਸ਼ਟਰ ਧਰਮ ਦੇ ਸੰਤ ਦਾ ਨਾਮ 'ਅਹੁਰ ਮਾਜ਼ਦਾ'। ਇਥੇ ਵੀ 'ਸਾ' ਅਤੇ 'ਹ' ਦੀ ਆਵਾਜ਼ ਅੰਦਰੂਨੀ ਤੌਰ 'ਤੇ ਆਪਸ ਵਿਚ ਤਬਦੀਲ ਹੋ ਰਹੀ ਹੈ। ਅਜਿਹੀਆਂ ਹੋਰ ਵੀ ਬਹੁਤ ਮਿਸਾਲਾਂ ਹਨ, ਜਿਥੇ 'ਸ' ਅਤੇ 'ਹ' ਦੀਆਂ ਆਵਾਜ਼ਾਂ ਵਿਚ ਆਪਸੀ ਫੇਰ-ਬਦਲ ਹੋਇਆ ਹੈ। ਇਕ ਹੋਰ ਮਿਸਾਲ ਹੈ ਜੋ ਤੁਸੀਂ ਅਕਸਰ ਵਰਤਦੇ ਹੋ ਪਰ ਧਿਆਨ ਨਹੀਂ ਦਿੰਦੇ: 'ਹਫਤਾ' ਅਤੇ 'ਸਪਤਾਹ'। ਫਾਰਸੀ ਵਿਚ ਹਫਤਾ ਹੈ ਤਾਂ ਸੰਸਕ੍ਰਿਤ ਦਾ ਸਪਤਾਹ।

ਸੰਸਕ੍ਰਿਤ ਦਾ ਸ਼ਬਦ ਹੈ: 'ਸਿੰਧੂ' ਹੈ ਜਿਸ ਦਾ ਸਿੱਧਾ ਸਿੱਧਾ ਅਰਥ ਹੈ: ਜਲਰਾਸ਼ੀ ਭਾਵ-ਦਰਿਆ, ਨਦੀ, ਸਮੁੰਦਰ, ਮਹਾਂਸਾਗਰ ਆਦਿ। ਇਸ ਲਈ ਉਤਰ-ਪੱਛਮੀ ਭਾਰਤੀ ਉਪ-ਮਹਾਂਦੀਪ ਵਿਚ ਵਹਿੰਦੀ ਨਦੀ ਨੂੰ ਨਾਮ ਮਿਲਿਆ- 'ਸਿੰਧੂ' ਜਿਸ ਨੂੰ ਸਿੰਧ ਵੀ ਕਿਹਾ ਜਾਂਦਾ ਹੈ ਜੋ ਅਜੇ ਵੀ ਇਸ ਨਾਮ ਥੱਲੇ ਵਹਿੰਦਾ ਹੈ। ਜਿਸ ਸਮੇਂ ਗੋਰੀ ਜਾਤੀ (ਚਿੱਟੀ ਚਮੜੀ) ਅਤੇ ਸੰਸਕ੍ਰਿਤ ਭਾਸ਼ਾ ਬੋਲਣ ਵਾਲੇ 'ਹਿੰਦ-ਆਰੀਆਈ' ਕਬੀਲੇ 2500-2000 ਈਸਾ ਪੂਰਵ ਭਾਰਤੀ ਉਪ ਮਹਾਂਦੀਪ ਵਿਚ ਦਾਖਲ ਹੋਏ ਸਨ, ਤਾਂ ਇਹ ਆਲੀਸ਼ਾਨ ਦਰਿਆ ਉਨ੍ਹਾਂ ਦੇ ਸਾਹਮਣੇ ਸੀ, ਜਿਸ ਨੂੰ ਪਾਰ ਕਰ ਕੇ ਉਹ ਉਤਰੀ ਭਾਰਤ ਦੇ ਮੈਦਾਨਾਂ ਵਿਚ ਦਾਖਲ ਹੋਣ ਤੋਂ ਪਹਿਲਾਂ ਇਸੇ ਦਰਿਆ ਦੇ ਆਸ-ਪਾਸ ਵਸ ਗਏ ਸਨ ਪਰ ਆਰੀਆਂ ਦਾ ਭਾਰਤ ਵਿਚ ਆਉਣਾ ਤੇ ਵਸ ਜਾਣਾ ਕੋਈ ਅਚਾਨਕ ਨਹੀਂ ਹੋਇਆ, ਬਲਕਿ ਇਹ ਵਸੇਬਾ ਕਈ ਸਦੀਆਂ ਵਿਚ ਪੂਰਾ ਹੋਇਆ। ਇਸ ਨਦੀ ਦਾ ਨਾਮ ਸੰਸਕ੍ਰਿਤ ਵਿਚ ਰੱਖਿਆ ਜਾ ਚੁੱਕਾ ਸੀ। ਇਸ ਤੋਂ ਪਹਿਲਾਂ ਵੀ ਇਸ ਖਿਤੇ ਵਿਚ ਵਸਦੇ ਲੋਕ ਇਸ ਮਹਾਨ ਦਰਿਆ ਨੂੰ ਕਿਸ ਨਾਮ ਨਾਲ ਬੁਲਾਉਂਦੇ ਹੋਣਗੇ, ਕੁਝ ਪਤਾ ਨਹੀਂ ਕਿਉਂਕਿ ਉਨ੍ਹਾਂ ਦੀ ਲਿੱਪੀ/ਭਾਸ਼ਾ ਪੜ੍ਹੀ ਨਹੀਂ ਗਈ ਹੈ। ਕਿਸੇ ਵੀ ਭੂਗੋਲਿਕ ਸਥਾਨ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਤੋਂ ਹੀ ਉਸ ਦਾ ਨਾਮ ਪੈ ਜਾਣਾ ਕੋਈ ਨਵੀਂ ਗੱਲ ਨਹੀਂ ਹੈ, ਰਾਜਸਥਾਨ ਵਿਚ ਮਾਰੂਥਲ ਦਾ ਨਾਮ ਥਾਰ/ਥਰ ਹੈ, ਕਿਉਂਕਿ ਸਥਾਨਕ ਭਾਸ਼ਾ ਵਿਚ ਮਾਰੂਥਲ ਦਾ ਅਰਥ ਹੀ ਥਾਰ ਹੈ। ਇਸੇ ਤਰ੍ਹਾਂ ਮਾਰੂਥਲ ਨੂੰ ਅਰਬੀ ਭਾਸ਼ਾ ਵਿਚ ਸਹਿਰਾ ਕਿਹਾ ਜਾਂਦਾ ਹੈ ਅਤੇ ਹੁਣ ਉਤਰੀ ਅਫ਼ਰੀਕਾ ਦਾ ਮਹਾਨ ਮਾਰੂਥਲ ਇਸੇ ਅਰਬੀ ਨਾਮ ਨਾਲ ਜਾਣਿਆ ਜਾਂਦਾ ਹੈ। ਬਰਤਾਨੀਆ ਵਿਚ ਵਹਿੰਦੇ ਦਰਿਆ ਦਾ ਨਾਮ ਏਵਨ ਹੈ। ਇਹ ਸ਼ਬਦ ਅਸਲ ਵਿਚ ਮੂਲ ਬਰਤਾਨਵੀ ਭਾਸ਼ਾ ਗੇਲ ਦਾ ਸ਼ਬਦ 'ਏਬਨ' ਹੈ ਜਿਸ ਦਾ ਅਰਥ ਦਰਿਆ ਹੈ।

ਇਰਾਨ ਵਿਚ ਰਹਿਣ ਵਾਲੇ ਪਾਰਸੀ ਕਬੀਲੇ ਇਨ੍ਹਾਂ ਹਿੰਦ-ਆਰੀਆਈ ਕਬੀਲਿਆਂ ਦੇ ਹੀ ਭਰਾ-ਭਤੀਜੇ ਸਨ ਪਰ ਉਨ੍ਹਾਂ ਦੀਆਂ ਭਾਸ਼ਾਵਾਂ (ਫ਼ਾਰਸੀ) ਨੇ ਕਈ ਸਦੀਆਂ ਦੇ ਅੰਤਰਾਲ ਕਾਰਨ ਆਜ਼ਾਦ ਰੂਪ ਪ੍ਰਾਪਤ ਕਰ ਲਿਆ ਸੀ। ਇਸੇ ਤਰ੍ਹਾਂ ਉਨ੍ਹਾਂ ਦੇ ਉਚਾਰਨ ਵਿਚ ਵੀ ਉਹ ਫਰਕ ਸੀ ਜਿਸ ਬਾਰੇ ਅਸੀਂ ਗੱਲ ਕੀਤੀ ਹੈ- 'ਸ' ਨੂੰ 'ਹ' ਕਹਿਣਾ' ਇਸ ਲਈ ਇਨ੍ਹਾਂ ਲੋਕਾਂ ਨੇ ਹੀ ਪਹਿਲੋ-ਪਹਿਲ ਸਿੰਧ ਦਰਿਆ ਨੂੰ 'ਹਿੰਦ/ਹੇਂਦ' ਕਿਹਾ ਅਤੇ ਸਿੰਧ ਤੋਂ ਪਾਰ ਰਹਿਣ ਵਾਲੇ ਲੋਕਾਂ ਲਈ 'ਹਿੰਦੂ' ਸ਼ਬਦ ਵਰਤਿਆ। ਇਕ ਖੋਜ ਅਨੁਸਾਰ 'ਹਿੰਦੂ' ਸ਼ਬਦ ਸਭ ਤੋਂ ਪਹਿਲਾਂ ਫਾਰਸ/ਇਰਾਨ ਦੇ ਰਾਜੇ ਨੇ 600 ਈਸਵੀ ਵਿਚ 'ਸਿੰਧ ਦੇਸ਼ ਦੇ ਲੋਕ' ਦੇ ਅਰਥਾਂ ਵਿਚ ਕੀਤਾ। ਉਸ ਤੋਂ ਬਾਅਦ ਵਿਚ ਵੀ ਯੂਨਾਨੀ ਹਮਲਾਵਰਾਂ ਅਤੇ ਯਾਤਰੂਆਂ ਨੇ ਇਹੀ ਸ਼ਬਦ ਵਰਤਿਆ ਪਰ ਜਿਵੇਂ ਅਸੀਂ ਵੇਖਦੇ ਹੀ ਹਾਂ, ਉਨ੍ਹਾਂ ਆਪਣੇ ਉਚਾਰਨ ਮੁਤਾਬਿਕ ਇਸ ਨੂੰ 'ਹਿੰਦ' ਤੋਂ 'ਇੰਦ' ਕਰ ਦਿੱਤਾ। ਇਹ ਤੱਥ ਸਰਵਪ੍ਰਵਾਨ ਹੈ ਕਿ ਪ੍ਰਾਚੀਨ ਯੂਰਪ ਵਿਚ ਲਤੀਨੀ ਭਾਸ਼ਾ ਦੇ ਅਸਰ ਹੇਠ ਦੇਸ਼ਾਂ ਦੇ ਨਾਂ ਹਮੇਸ਼ਾ ਪਿਛੇਤਰ 'ਈਆ' ਨਾਲ ਮੁੱਕਦੇ ਹਨ- ਜਿਵੇਂ ਬਰਤਾਨੀਆ (ਬ੍ਰਿਟੇਨ), ਇਤਾਲੀਆ (ਇਟਲੀ), ਗਰਮਾਨੀਆ (ਜਰਮਨੀ), ਰੋਮਾਨੀਆ, ਇਸਪਾਨੀਆ (ਸਪੇਨ) ਆਦਿ। ਇਸੇ ਤਰ੍ਹਾਂ ਭਾਰਤ ਦਾ ਨਾਮ ਵੀ ਪਹਿਲੀ ਵਾਰ ਇੰਦੀਆ (ਇੰਡੀਆ) ਬਣਿਆ ਅਤੇ ਫਿਰ ਯੂਰਪ (ਪੁਰਤਗਾਲੀ, ਫ਼ਰਾਂਸੀਸੀ ਅਤੇ ਅੰਗਰੇਜ਼ੀ) ਵਲੋਂ ਆਉਣ ਵਾਲੇ ਸਾਰੇ ਧਾੜਵੀਆਂ/ਯਾਤਰੀਆਂ ਨੇ ਇਸ ਦੇਸ਼ ਨੂੰ ਇਸੇ ਨਾਮ ਨਾਲ ਜਾਣਿਆ।

ਇਰਾਨ ਵਿਚ ਇਸਲਾਮ ਸਥਾਪਿਤ ਹੋਣ ਤੋਂ ਬਾਅਦ ਸਭਿਆਚਾਰਕ ਪੱਧਰ 'ਤੇ ਜੋ ਵੱਡਾ ਬਦਲਾਓ ਆਇਆ, ਉਹ ਸੀ ਫ਼ਾਰਸੀ ਭਾਸ਼ਾ ਲਈ ਅਰਬੀ ਲਿੱਪੀ ਦੀ ਚੋਣ। ਪੁਰਾਣੀ ਫ਼ਾਰਸੀ ਦੀ ਵੀ ਆਪਣੀ ਲਿੱਪੀ ਸੀ, ਜਿਵੇਂ ਭਾਰਤ ਵਿਚ ਬ੍ਰਹਮੀ ਲਿਪੀ 'ਤੇ ਆਧਾਰਿਤ ਸਵਦੇਸ਼ੀ ਲਿੱਪੀਆਂ ਬਣੀਆਂ। ਇਥੋਂ ਹੀ ਫਾਰਸੀ ਅਤੇ ਉਤਰੀ ਭਾਰਤ ਦੀਆਂ ਭਾਸ਼ਾਵਾਂ ਦੇ ਆਪਸੀ ਸਬੰਧਾਂ ਵਿਚ ਤ੍ਰੇੜ ਪੈਣੀ ਸ਼ੁਰੂ ਹੋ ਗਈ, ਕਿਉਂਕਿ ਦੋਹਾਂ ਪਾਸਿਆਂ 'ਤੇ ਜੋ ਲਿਖਿਆ ਜਾ ਰਿਹਾ ਸੀ, ਉਸ ਨੂੰ ਪੜ੍ਹਨ/ਸਮਝਣ ਵਾਲੇ ਨਾ ਰਹੇ।

ਯੂਰਪੀ ਵਿਦੇਸ਼ੀਆਂ ਦੇ ਆਉਣ ਤੋਂ ਪਹਿਲਾਂ ਭਾਰਤ ਦੇ ਗੁਆਂਢੀ ਦੇਸ਼ਾਂ ਤੋਂ ਅਕਸਰ ਹਮਲੇ ਹੁੰਦੇ ਸਨ ਜਿਹੜੇ ਮੁਸਲਮਾਨ ਸਨ ਪਰ ਫਾਰਸੀ ਨਹੀਂ, ਤੁਰਕੀ ਅਤੇ ਅਰਬੀ ਬੋਲਦੇ ਸਨ। ਉਂਜ ਉਹ ਫ਼ਾਰਸੀ ਭਾਸ਼ਾ ਤੋਂ ਬਹੁਤ ਪ੍ਰਭਾਵਤ ਸਨ। ਅਰਬਾਂ ਨੇ ਵੀ ਦੱਖਣੀ ਏਸ਼ੀਆ ਨੂੰ 'ਹਿੰਦ' ਹੀ ਕਿਹਾ ਅਤੇ ਇਥੇ ਰਹਿਣ ਵਾਲੇ ਲੋਕਾਂ ਨੂੰ 'ਹਿੰਦੀ', ਉਨ੍ਹਾਂ ਦਾ ਮਜ਼ਹਬ ਭਾਵੇਂ ਜੋ ਵੀ ਹੋਵੇ। ਭਾਰਤ ਵਿਚ ਖਾਲਿਸ ਫ਼ਾਰਸੀ ਬੋਲਣ ਵਾਲੇ ਸ਼ਾਸਕਾਂ ਦੀ ਸ਼ੁਰੂਆਤ ਸਮਰਾਟ ਅਕਬਰ ਨਾਲ ਹੋਈ। ਇਤਿਹਾਸਕਾਰਾਂ ਮੁਤਾਬਿਕ ਮੁਗ਼ਲਾਂ ਦਾ ਇਹੀ ਸਮਾਂ ਹੈ ਜਦੋਂ 'ਹਿੰਦੂ' ਸ਼ਬਦ ਜੋ ਭੂਗੋਲਿਕ ਸਥਾਨ ਦਾ ਨਾਂ ਸੀ, ਪਹਿਲੀ ਵਾਰ ਧਾਰਮਿਕ ਵਿਸ਼ਵਾਸਾਂ ਨਾਲ ਜੁੜਨਾ ਸ਼ੁਰੂ ਹੋਇਆ। ਉਦੋਂ ਇਹ ਦੱਖਣੀ-ਏਸ਼ੀਆ ਦੇ ਉਨ੍ਹਾਂ ਲੋਕਾਂ ਲਈ ਵਰਤਿਆ ਗਿਆ ਜੋ ਤੁਰਕ ਜਾਂ ਅਰਬ ਨਹੀਂ ਸਨ। ਉਸ ਤੋਂ ਬਾਅਦ ਅੰਗਰੇਜ਼ ਨੇ ਹਿੰਦੂ ਸ਼ਬਦ ਨੂੰ ਜਾਣ-ਬੁਝ ਕੇ ਮੁਸਲਿਮ ਅਤੇ ਗੈਰ-ਮੁਸਲਿਮ ਵਿਚਕਾਰ ਪਾੜਾ ਵਧਾਉਣ ਲਈ 'ਬ੍ਰਾਹਮਣਵਾਦ/ਵੈਦਿਕ ਧਰਮ' ਦੇ ਰੂਪ ਵਿਚ ਅਜਿਹਾ ਵਰਤਿਆ ਕਿ ਅੱਜ ਭਾਰਤ ਦੇ ਲੋਕ ਇਸ ਨੂੰ ਆਪਣੀ ਧਾਰਮਿਕ ਪਛਾਣ ਮੰਨਦੇ ਹਨ। ਉਂਜ ਵੀ ਅੰਗਰੇਜ਼ੀ ਨੇ ਇਸ ਖੇਤਰ ਵਿਚ ਪਣਪੇ ਵੱਖ-ਵੱਖ ਧਰਮਾਂ ਦੀ ਖੋਜ ਕਰਨ ਦੀ ਬਜਾਇ 'ਹਿੰਦੂ' ਸ਼ਬਦ ਨੂੰ ਛਤਰੀ-ਸ਼ਬਦ ਵਜੋਂ ਵਰਤਿਆ ਹੈ- ਉਹ ਇਸ ਯੱਬ ਵਿਚ ਹੀ ਨਹੀਂ ਪਏ ਇਥੇ ਸ਼ਿਵ ਕੌਣ ਹੈ, ਵੈਸ਼ਣਵ ਕੌਣ, ਦੇਵੀ ਭਗਤ ਕੌਣ ਹਨ, ਬੋਧ ਕੌਣ ਤੇ ਮੁਰੂਗਨ ਭਗਤ ਕੌਣ ਹਨ ਆਦਿ; ਇਥੋਂ ਤੱਕ ਕਿ ਭਾਰਤੀ ਮੂਲ ਦੇ ਲੋਕਾਂ ਅਤੇ ਬ੍ਰਾਹਮਣ ਧਰਮ ਵੱਲੋਂ ਦੁਤਕਾਰੇ ਗਏ ਸ਼ੂਦਰਾਂ ਨੂੰ ਵੀ ਉਸੇ ਹੀ 'ਹਿੰਦੂ' ਛੱਤ ਹੇਠ ਇਕੱਠੇ ਕਰ ਦਿੱਤਾ, ਜਿਥੇ ਵੈਦਕ ਧਰਮ ਨੂੰ ਮੰਨਣ ਵਾਲੇ ਸਨਾਤਨੀ ਵੀ ਸਨ। ਕੁਝ ਵੀ ਹੈ। ਇਹ ਤਾਂ ਸਾਬਤ ਹੁੰਦਾ ਹੈ ਕਿ ਉਹ ਲੋਕ ਜੋ ਆਪਣਾ ਧਰਮ 'ਹਿੰਦੂ' ਮੰਨਦੇ ਹਨ, ਉਨ੍ਹਾਂ ਨੂੰ ਖਬਰ ਨਹੀਂ, ਇਸ ਸ਼ਬਦ ਦਾ ਉਨ੍ਹਾਂ ਦੀਆਂ ਆਸਥਾਵਾਂ ਨਾਲ ਕੋਈ ਸਬੰਧ ਨਹੀਂ ਤੇ ਇਹ ਨਾਮ ਵੀ 'ਵਿਦੇਸ਼ੀ' ਹੈ। ਮੁਸਲਮਾਨਾਂ ਨੂੰ ਛੱਡ ਕੇ ਬਾਕੀ ਸਾਰੇ ਭਾਰਤੀਆਂ ਨੂੰ ਇਕੋ ਨਾਮ ਦਿੱਤੇ ਜਾਣ ਨਾਲ ਜਿਥੇ ਇਹ ਫਾਇਦਾ ਹੋਇਆ ਕਿ ਦੇਸ਼ ਇਕ ਸੂਤਰ ਵਿਚ ਪਰੋਇਆ ਗਿਆ, ਉਥੇ ਨੁਕਸਾਨ ਇਹ ਕਿ ਬਾਹਰੋਂ ਆਏ ਬ੍ਰਾਹਮਣ

***(ਬਾਕੀ ਅਗਲੇ ਸਫੇ 'ਤੇ)***

# ਵਿਵਾਦਾਂ ਦੇ ਘੇਰੇ ਵਿਚ ਆਈ ਨਿਆਂਪਾਲਿਕਾ

ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਵਿਰੁਧ ਮਹਾਂ ਦੋਸ਼ ਦੇ ਪ੍ਰਸਤਾਵ ਨੂੰ ਮੰਨਣ ਤੋਂ ਉਪ ਰਾਸ਼ਟਰਪਤੀ ਨੇ ਜ਼ਰੂਰ ਮਨ੍ਹਾਂ ਕਰ ਦਿੱਤਾ ਹੈ ਪਰ ਅਦਾਲਤ ਦੇ ਅੰਦਰ ਨਿਆਇਕ ਪ੍ਰਬੰਧ ਦੇ ਸਵਾਲ ਬਾਰੇ ਵਿਵਾਦ ਬਣਿਆ ਹੋਇਆ ਹੈ। ਦੋ ਸੀਨੀਅਰ ਜੱਜ, ਚੀਫ ਜਸਟਿਸ ਨੂੰ ਚਿੱਠੀ ਲਿਖ ਚੁੱਕੇ ਹਨ ਅਤੇ ਹੁਣ ਦੋ ਨਵੇਂ ਜੱਜਾਂ ਦੀ ਨਿਯੁਕਤੀ ਦੇ ਸਵਾਲ 'ਤੇ ਇਕ ਵਾਰ ਫਿਰ ਸਰਕਾਰ ਅਤੇ ਨਿਆਂਪਾਲਿਕਾ ਦੇ ਆਪਸੀ ਸਬੰਧਾਂ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਦਰਅਸਲ ਇਹੀ ਹੈ ਇਹ ਮਸਲਾ ਜਿਸ ਦੀ ਰੌਸ਼ਨੀ ਵਿਚ ਸਾਨੂੰ ਮਹਾਂ ਦੋਸ਼ ਦੇ ਪ੍ਰਸਤਾਵ ਨੂੰ ਵੇਖਣਾ ਚਾਹੀਦਾ ਹੈ। ਇਹ

**ਅਭੈ ਕੁਮਾਰ ਦੂਬੇ**

ਪ੍ਰਸਤਾਵ ਲਿਆ ਕੇ ਕਾਂਗਰਸ ਦੀ ਅਗਵਾਈ ਵਿਚ 7 ਵਿਰੋਧੀ ਦਲਾਂ ਨੇ ਬਹਿਸ ਨੂੰ ਜਨਮ ਦਿੱਤਾ ਸੀ ਪਰ ਰਾਜ ਸਭਾ ਦੇ ਸਭਾਪਤੀ ਨੇ ਇਸ ਪ੍ਰਸਤਾਵ ਨੂੰ ਫਟਾਫਟ ਖਾਰਜ ਕਰ ਕੇ ਦੂਜੀ ਬਹਿਸ ਨੂੰ ਜਨਮ ਦੇ ਦਿੱਤਾ। ਚੀਫ ਜਸਟਿਸ ਦੀ ਹਸਤੀ ਦੇ ਇਰਦ-ਗਿਰਦ ਚੱਲੇ ਦੋਵੇਂ ਘਟਨਾਕ੍ਰਮ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਅਸਾਧਾਰਨ ਹਨ ਅਤੇ ਹੁਣ ਜਦੋਂ ਕਾਂਗਰਸ ਦੇ ਸੰਸਦ ਮੈਂਬਰ ਇਸ ਮਸਲੇ ਨੂੰ ਸੁਪਰੀਮ ਕੋਰਟ ਦੇ ਕਿਸੇ ਸੰਵਿਧਾਨਕ ਬੈਂਚ ਦੇ ਸਾਹਮਣੇ ਲੈ ਕੇ ਜਾਣਗੇ ਤਾਂ ਇਸ ਬਹਿਸ ਦਾ ਤੀਜਾ ਪੱਖ ਸਾਹਮਣੇ ਆਏਗਾ। ਮਹੱਤਵਪੂਰਨ ਇਹ ਨਹੀਂ ਹੈ ਕਿ ਮਹਾਂ ਦੋਸ਼ ਕਾਇਮ ਰਹੇਗਾ, ਖਾਰਜ ਹੋਵੇਗਾ ਜਾਂ ਕਾਮਯਾਬ ਹੋਵੇਗਾ (ਹਾਲਾਤ ਇਹ ਕਹਿੰਦੇ ਹਨ ਕਿ 99 ਫ਼ੀਸਦੀ ਸੰਭਾਵਨਾ ਅਸਫ਼ਲ ਹੋਣ ਦੀ ਹੀ ਹੈ)। ਅਹਿਮ ਗੱਲ ਇਹ ਹੈ ਕਿ ਬਹਿਸ ਚੱਲੇਗੀ ਅਤੇ ਨਿਆਂਪਾਲਿਕਾ ਜਿਸ ਉਪਰ ਜਨਤਕ ਜੀਵਨ ਵਿਚ ਵਾਦ-ਵਿਵਾਦ ਕਰਨ ਤੋਂ ਅਸੀਂ ਕਤਰਾਉਂਦੇ ਰਹੇ ਹਾਂ, ਲੋਕਤੰਤਰਕ ਚਰਚਾ ਦੇ ਕੇਂਦਰ ਵਿਚ ਆਏਗੀ।

ਰਾਜਨੀਤਕ ਟਿੱਪਣੀਕਾਰ ਵਜੋਂ ਮੈਂ ਪਿਛਲਾ ਦਹਾਕਾ ਅਖ਼ਬਾਰਾਂ ਅਤੇ ਟੀ.ਵੀ. 'ਤੇ ਲਿਖਦਿਆਂ, ਬੋਲਦਿਆਂ ਲੰਘਾਇਆ ਹੈ ਪਰ ਕੁਝ ਤਾਂ ਕਾਨੂੰਨੀ ਜਾਣਕਾਰੀ ਦੀ ਕਮੀ ਵਿਚ ਅਤੇ ਕੁਝ ਅਦਾਲਤ ਦੀ ਉਲੰਘਣਾ ਦੇ ਡਰ ਤੋਂ ਮੈਂ ਸਭ ਤੋਂ ਘੱਟ ਜਾਂ ਇਕਦਮ ਨਹੀਂ ਦੇ ਬਰਾਬਰ ਵਿਚਾਰ ਨਿਆਇਕ ਵਿਵਸਥਾ 'ਤੇ ਪ੍ਰਗਟ ਕੀਤੇ ਹਨ। ਅਜਿਹੀ ਸਥਿਤੀ ਮੇਰੇ ਸਾਥੀ ਟਿੱਪਣੀਕਾਰਾਂ ਦੀ ਵੀ ਹੈ, ਜਿਹੜੇ ਕਿਸੇ ਪਾਰਟੀ ਨਾਲ ਜੁੜੇ ਹੋਏ ਨਹੀਂ ਹਨ। ਇਹ ਹੈਰਾਨੀ ਵਾਲੀ ਗੱਲ ਹੈ ਕਿ ਇਸ ਲੋਕਤੰਤਰ ਵਿਚ ਹਰ ਸੰਸਥਾ ਅਤੇ ਉਸ ਦੇ ਅਧਿਕਾਰੀ ਦੀ ਆਲੋਚਨਾ ਖੁੱਲ੍ਹ ਕੇ ਕੀਤੀ ਜਾਂਦੀ ਹੈ ਪਰ ਨਿਆਂਪਾਲਿਕਾ 'ਤੇ ਸਿਰਫ ਇੰਨਾ ਕਹਿ ਕੇ ਕੰਮ ਚਲਾ ਲਿਆ ਜਾਂਦਾ ਹੈ ਕਿ ਅਦਾਲਤਾਂ ਵਿਚ ਬਹੁਤ ਸਾਰੇ ਮਾਮਲੇ (ਲਗਪਗ ਢਾਈ ਕਰੋੜ) ਅਟਕੇ ਹੋਏ ਹਨ ਅਤੇ ਹੁਣ ਸਮਾਂ ਆ ਗਿਆ ਹੈ ਕਿ ਨਿਆਂ ਨੂੰ ਦੇਰ ਨਾਲ ਦਿੱਤੇ ਜਾਣ ਦੀ ਸਮੱਸਿਆ ਨੂੰ ਹੱਲ ਕੀਤਾ ਜਾਵੇ।

ਇਹ ਟਿੱਪਣੀ ਕੁਝ ਅਜਿਹੀ ਹੀ ਹੈ ਜਿਵੇਂ ਦੇਸ਼ ਵਿਚ ਅਦਾਲਤਾਂ ਦੀ ਗਿਣਤੀ ਦੁੱਗਣੀ ਕਰ ਦਿੱਤੀ ਜਾਵੇ ਅਤੇ ਦੁੱਗਣੀ ਗਿਣਤੀ ਵਿਚ ਜੱਜ ਨਿਆਂ ਕਰਨ ਲੱਗਣ ਤਾਂ ਸਮੱਸਿਆ ਸੁਲਝ ਜਾਵੇਗੀ ਅਤੇ ਲੋਕਾਂ ਨੂੰ ਅਸਲੀਅਤ ਵਿਚ ਨਿਆਂ ਮਿਲਣਾ ਸ਼ੁਰੂ ਹੋ ਜਾਵੇਗਾ। ਮੌਜੂਦਾ ਸਥਿਤੀ ਅਜਿਹੀ ਨਹੀਂ ਹੈ। ਮਸਲਾ ਜੱਜਾਂ ਦੀ ਗਿਣਤੀ ਅਤੇ ਮੁਕੱਦਮੇ ਦੀ ਸੁਣਨ ਦੀ ਰਫ਼ਤਾਰ ਦਾ ਨਹੀਂ ਹੈ, ਨਾ ਹੀ ਇਹ ਮਸਲਾ ਇਸ ਗੱਲ ਦਾ ਹੈ ਕਿ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੇ ਮੁਕੱਦਮਿਆਂ ਦੀ ਵੰਡ ਵਿਚ ਕੁਝ ਅਜਿਹਾ ਕੀਤਾ ਹੈ, ਜਿਹੜਾ ਸੀਨੀਅਰ ਜੱਜਾਂ ਨੂੰ ਹਜ਼ਮ ਨਹੀਂ ਹੋ ਰਿਹਾ ਹੈ, ਭਾਵ ਮਸਲਾ ਨਾ ਤਾਂ ਨਿਆਇਕ ਰਚਨਾ ਦਾ ਹੈ ਅਤੇ ਨਾ ਹੀ ਪ੍ਰਸ਼ਾਸਨਿਕ ਹੈ। ਮਾਮਲਾ ਦਰਅਸਲ ਵਿਆਪਕ ਨਿਆਇਕ ਸੁਧਾਰਾਂ ਦਾ ਹੈ, ਜਿਹੜੇ ਲੰਮੇ ਅਰਸੇ ਤੋਂ ਭਾਵ 30-40 ਸਾਲਾਂ ਤੋਂ ਲਟਕੇ ਹੋਏ ਹਨ। ਨਾ ਤਾਂ ਮਹਾਂ ਦੋਸ਼ ਦਾ ਪ੍ਰਸਤਾਵ ਲਿਆਉਣ ਵਾਲੀ ਕਾਂਗਰਸ ਪਾਰਟੀ (ਜਿਹੜੀ ਚਾਰ ਸਾਲ ਪਹਿਲਾਂ ਤੱਕ 10 ਸਾਲ ਸੱਤਾ ਵਿਚ ਸੀ) ਅਤੇ ਨਾ ਹੀ ਮੌਜੂਦਾ ਸੱਤਾਧਾਰੀ ਪਾਰਟੀ ਇਸ ਦਿਸ਼ਾ ਵਿਚ ਕੋਈ ਕਦਮ ਵਧਾਉਣ ਦਾ ਇਰਾਦਾ ਰੱਖਦੀ ਹੈ। ਦੇਸ਼ ਦੀਆਂ ਹੋਰ ਸਾਰੀਆਂ ਸੰਸਥਾਵਾਂ ਦੀ ਤਰ੍ਹਾਂ ਹੀ ਨਿਆਂਪਾਲਿਕਾ ਦਾ ਢਾਂਚਾ ਵੀ ਮੁਰੰਮਤ ਅਤੇ ਨਵੀਨੀਕਰਨ ਦੀ ਕਮੀ ਕਾਰਨ ਅੰਦਰੋਂ ਖੁਰ ਰਿਹਾ ਹੈ।

ਸਵਾਲ ਇਹ ਹੈ ਕਿ ਕੀ ਮਹਾਂ ਦੋਸ਼ ਉਪਰ ਹੋਣ ਵਾਲੀ ਇਸ ਬਹਿਸ ਤੋਂ ਨਿਆਇਕ ਸੁਧਾਰਾਂ ਦੇ ਇਸ ਅਮਲ ਦੀ ਸ਼ੁਰੂਆਤ ਹੋ ਸਕਦੀ ਹੈ? ਦਰਅਸਲ ਇਸ ਬਹਿਸ ਤੋਂ ਸਾਨੂੰ ਇਹੀ ਉਮੀਦ ਕਰਨੀ ਚਾਹੀਦੀ ਹੈ? ਜੇ ਉਪ ਰਾਸ਼ਟਰਪਤੀ ਮਹਾਂ ਦੋਸ਼ ਪ੍ਰਸਤਾਵ ਨੂੰ ਸ਼ੁਰੂਆਤ ਵਿਚ ਹੀ ਖਾਰਜ ਨਾ ਕਰਦੇ ਅਤੇ ਉਸ ਨੂੰ ਤਿੰਨ ਮੈਂਬਰੀ ਕਮੇਟੀ ਨੂੰ ਸੌਂਪ ਦਿੰਦੇ ਤਾਂ ਸੀਨੀਅਰ ਵਕੀਲਾਂ ਅਤੇ ਜੱਜਾਂ ਦੀ ਉਸ ਕਮੇਟੀ ਦੀ ਰਿਪੋਰਟ ਵੱਡੇ ਸੁਧਾਰਾਂ ਦੀ ਸ਼ੁਰੂਆਤ ਕਰ ਸਕਦੀ ਸੀ। ਇਹ ਰਿਪੋਰਟ ਅਜਿਹੇ ਮਸਲੇ 'ਤੇ ਰੌਸ਼ਨੀ ਪਾਉਂਦੀ, ਜਿਹੜਾ ਅਜੇ ਤੱਕ ਬਾਰੀਕੀ ਨਾਲ ਵਿਚਾਰ ਕਰਨ ਤੋਂ ਅਣਗੌਲਿਆ ਰਿਹਾ ਹੈ। ਇਹ ਹੈ ਰਾਜਨੀਤੀ ਅਤੇ ਨਿਆਂਪਾਲਿਕਾ ਦਾ ਰਿਸ਼ਤਾ। ਜੇ ਰਾਜਨੀਤਕ ਖੇਤਰ ਦੇ ਸੰਚਾਲਕਾਂ (ਨੇਤਾਵਾਂ ਅਤੇ ਪਾਰਟੀਆਂ) ਦੀ ਨਜ਼ਰ ਵਿਚ ਕੁਝ ਜੱਜ ਚੰਗਾ ਵਿਹਾਰ ਨਹੀਂ ਕਰ ਰਹੇ ਹਨ ਤਾਂ ਉਸ ਹਾਲਤ ਵਿਚ ਇਹ ਸਬੰਧ ਕਿਵੇਂ ਦੇ ਹੋਣੇ ਚਾਹੀਦੇ ਹਨ? ਮੈਨੂੰ ਲਗਦਾ ਹੈ ਕਿ ਇਹ ਸਵਾਲ ਨਿਆਂਪਾਲਿਕਾ ਅਤੇ ਕਾਰਜ ਪਾਲਿਕਾ ਦੇ ਰਿਸ਼ਤਿਆਂ ਦੇ ਕੇਂਦਰ ਵਿਚ ਹੈ ਅਤੇ ਅਨੰਤ ਕਾਲ ਤੱਕ ਇਸ ਵਿਰੋਧਾਭਾਸ ਨੂੰ ਠੰਢੇ ਬਸਤੇ ਵਿਚ ਨਹੀਂ ਰੱਖ ਸਕਦੇ ਕਿ ਨਿਆਂਪਾਲਿਕਾ ਆਜ਼ਾਦ ਵੀ ਹੈ ਅਤੇ ਜੱਜਾਂ ਦੀ ਨਿਯੁਕਤੀ ਕਰਨ ਦਾ ਅਧਿਕਾਰ ਰਾਜਨੇਤਾਵਾਂ ਦੇ ਹੱਥ ਵਿਚ ਵੀ ਹੈ।



ਸੰਭਾਵਨਾ ਇਹ ਹੈ ਕਿ ਜਦੋਂ ਉਪਰਲੇ ਪੱਧਰ 'ਤੇ ਇਨ੍ਹਾਂ ਸਵਾਲਾਂ 'ਤੇ ਵਿਚਾਰ ਰਾਹੀਂ ਸੁਧਾਰ ਦੀ ਕਾਰਵਾਈ ਸ਼ੁਰੂ ਹੋਵੇਗੀ ਤਾਂ ਹੇਠਲੇ ਪੱਧਰ 'ਤੇ, ਪ੍ਰਸ਼ਾਸਨਿਕ ਪੱਧਰ 'ਤੇ ਵੀ ਸੁਧਾਰ ਦਾ ਸਿਲਸਿਲਾ ਸ਼ੁਰੂ ਹੋ ਸਕਦਾ ਹੈ। ਸੁਪਰੀਮ ਕੋਰਟ ਵਿਚ ਮਹਾਂ ਦੋਸ਼ ਦਾ ਮਾਮਲਾ ਜਾਣ 'ਤੇ 'ਟ੍ਰਿਗਰ ਪੁਆਇੰਟ' ਪੈਦਾ ਹੋ ਸਕਦਾ ਹੈ। ਇਹ ਅਜਿਹਾ ਸਮਾਂ ਜਿਹੜਾ ਦੇਸ਼ ਵਿਚ ਨਿਆਇਕ ਸੁਧਾਰਾਂ ਦੀ ਸ਼ੁਰੂਆਤ ਕਰ ਸਕਦਾ ਹੈ। ਨਿਆਂਪਾਲਿਕਾ ਉਪਰ ਤੋਂ ਹੇਠਾਂ ਤੱਕ ਸਮੱਸਿਆਵਾਂ ਵਿਚ ਘਿਰੀ ਹੋਈ ਹੈ। ਜੇ ਉਪਰ ਦੀ ਸਮੱਸਿਆ ਜੱਜਾਂ ਦੀ ਨਿਯੁਕਤੀ ਅਤੇ ਰਾਜਨੀਤਕ ਲੋਕਾਂ ਦੀ ਭੂਮਿਕਾ ਨਾਲ ਜੁੜੀ ਹੋਈ ਹੈ ਤਾਂ ਹੇਠਾਂ ਦੀਆਂ ਅਦਾਲਤਾਂ ਤਾਂ ਸਮੱਸਿਆਵਾਂ ਦੇ ਦਲਦਲ ਵਿਚ ਫਸੀਆਂ ਹੋਈਆਂ ਹਨ। ਸਭ ਤੋਂ ਹੇਠਲੀ ਅਦਾਲਤ ਵਿਚ ਜੱਜ ਸਾਹਿਬ ਜਦੋਂ ਆਪਣੀ ਕੁਰਸੀ 'ਤੇ ਬੈਠੇ ਹੋਣ, ਉਸ ਸਮੇਂ ਵੀ ਜਦੋਂ ਉਹ ਆਪਣੇ ਚੈਂਬਰ ਵਿਚ ਬੈਠੇ ਹੋਣ, ਪੇਸ਼ਕਾਰ ਅਤੇ ਅਦਾਲਤ ਦੇ ਹੋਰ ਕਰਮਚਾਰੀਆਂ ਵਲੋਂ ਥੋੜ੍ਹੀ-ਬਹੁਤ ਅਤੇ ਬੱਝੀਆਂ ਰਿਸ਼ਵਤਾਂ ਰੋਜ਼ਾਨਾ ਤੇ ਹਰ ਸਮੇਂ ਲਈਆਂ ਜਾਂਦੀਆਂ ਹਨ। ਖ਼ਾਸ ਗੱਲ ਇਹ ਹੈ ਕਿ ਇਨ੍ਹਾਂ ਨੂੰ ਰਿਸ਼ਵਤ ਨਹੀਂ ਸਗੋਂ ਹੱਕ ਦੀ ਕਮਾਈ ਕਿਹਾ ਜਾਂਦਾ ਹੈ।

ਜ਼ਿਲ੍ਹਾ ਪੱਧਰ 'ਤੇ ਹਰ ਕਚਹਿਰੀ ਵਿਚ ਵਕੀਲਾਂ, ਜੱਜਾਂ ਅਤੇ ਹੋਰ ਨਿਆਇਕ ਅਧਿਕਾਰੀਆਂ ਦੇ ਨੈੱਟਵਰਕ ਕੰਮ ਕਰ ਰਹੇ ਹਨ। ਇਨ੍ਹਾਂ ਕਾਰਨ ਇਨਸਾਫ਼ ਮਿਲਣ ਦੀ ਪ੍ਰਕਿਰਿਆ ਦੂਸ਼ਿਤ ਹੋ ਚੁੱਕੀ ਹੈ। ਹਰ ਕਚਹਿਰੀ ਵਿਚ ਲੋਕ ਜਾਣਦੇ ਹਨ ਕਿ ਕਿਸ ਦੀ ਕਿਸ ਨਾਲ ਗੰਢ-ਤੁੱਪ ਹੈ ਅਤੇ ਮਨਮਰਜ਼ੀ ਦਾ ਫ਼ੈਸਲਾ ਕਿਵੇਂ ਕਰਵਾਇਆ ਜਾ ਸਕਦਾ ਹੈ। ਹੇਠਲੀ ਪੱਧਰ 'ਤੇ ਨਿਆਇਕ ਢਾਂਚੇ ਅੰਦਰ ਜਮ੍ਹਾਂ ਹੋ ਚੁੱਕੇ ਭ੍ਰਿਸ਼ਟਾਚਾਰ ਨੂੰ ਸਮਾਜ ਅਤੇ ਰਾਜਨੀਤੀ ਨੇ ਇਸ ਤਰ੍ਹਾਂ ਗ੍ਰਹਿਣ ਕਰ ਲਿਆ ਹੈ, ਜਿਵੇਂ ਇਹ ਸੁਭਾਵਿਕ ਹੋਵੇ। ਇਸ ਤੋਂ ਬਾਅਦ ਨੰਬਰ ਆਉਂਦਾ ਹੈ, ਹਾਈ ਕੋਰਟ ਅਤੇ ਸੁਪਰੀਮ ਕੋਰਟ ਦਾ। ਜ਼ਿਲ੍ਹਾ ਪੱਧਰ 'ਤੇ ਜਿਹੜੀਆਂ ਗੱਲਾਂ ਖੁੱਲ੍ਹ ਕੇ ਹੁੰਦੀਆਂ ਹਨ, ਉਹ ਇਨ੍ਹਾਂ ਉਪਰਲੀਆਂ ਅਦਾਲਤਾਂ ਵਿਚ ਪਰਦੇ ਪਿੱਛੇ ਹੋਣ ਲਗਦੀਆਂ ਹਨ। ਮਹਾਂ ਦੋਸ਼ 'ਤੇ ਹੋਣ ਵਾਲੀ ਬਹਿਸ ਤੋਂ ਬਾਅਦ ਸ਼ਾਇਦ ਇਹ ਕਾਨਾਫੂਸੀ ਸਪਸ਼ਟ ਆਵਾਜ਼ ਵਿਚ ਹੋਣ ਵਾਲੀ ਬਹਿਸ ਵਿਚ ਬਦਲ ਜਾਵੇਗੀ। ਫਿਲਹਾਲ ਇਸ ਸਵਾਲ 'ਤੇ ਚਾਰ ਤਰ੍ਹਾਂ ਦੇ ਪ੍ਰਤੀਕਰਮ ਦਿਖਾਈ ਦੇ ਰਹੇ ਹਨ।

ਪਹਿਲਾ ਸੱਤਾ ਪੱਖ ਅਤੇ ਉਸ ਦੇ ਸਮਰਥਕਾਂ ਦਾ ਪ੍ਰਤੀਕਰਮ ਇਹ ਹੈ ਕਿ ਜੱਜ ਮਿਸ਼ਰਾ ਦੀ ਪ੍ਰਧਾਨਗੀ ਵਿਚ ਬਣੀ ਬੈਂਚ ਨੇ ਜੱਜ ਲੋਹਿਆ ਦੀ ਕਥਿਤ ਤੌਰ 'ਤੇ ਰਹੱਸਮਈ ਮੌਤ ਦੀ ਜਾਂਚ ਕਰਨ ਦੀ ਅਪੀਲ ਖਾਰਜ ਕਰ ਦਿੱਤੀ, ਇਸ ਲਈ ਬਦਲਾ ਲੈਣ ਦੀ ਗਰਜ਼ ਤੋਂ ਇਹ ਮਹਾਂ ਦੋਸ਼ ਲਿਆਂਦਾ ਗਿਆ ਹੈ। ਇਹ ਦਲੀਲ ਦਾਅਵਾ ਕਰਦੀ ਹੈ ਕਿ ਮਹਾਂ ਦੋਸ਼ ਨਾਲ ਪੈਦਾ ਹੋਣ ਵਾਲੇ ਵਿਵਾਦ ਦੇ ਦਬਾਅ ਵਿਚ ਸ਼ਾਇਦ ਚੀਫ ਜਸਟਿਸ ਅਯੁੱਧਿਆ ਵਾਲੇ ਮਸਲੇ ਨੂੰ ਨਹੀਂ ਸੁਣ ਸਕਣਗੇ ਅਤੇ ਇਹ ਮੁਕੱਦਮਾ ਕਾਂਗਰਸ ਦੇ ਡਿਜ਼ਾਈਨ ਅਨੁਸਾਰ ਹੋਰ ਟਲ ਜਾਵੇਗਾ। ਦੂਜਾ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਦਾ ਪ੍ਰਤੀਕਰਮ ਇਹ ਹੈ ਕਿ ਇਸ ਨਿਜ਼ਾਮ ਨੇ ਚਤੁਰਾਈ ਅਤੇ ਹਮਲਾਵਰੀ ਦਾ ਸਹਾਰਾ ਲੈ ਕੇ ਨਿਆਂਪਾਲਿਕਾ ਨੂੰ ਆਪਣੇ ਦਬਾਅ ਵਿਚ ਲੈ ਲਿਆ ਹੈ ਅਤੇ ਸਰਬਉੱਚ ਅਦਾਲਤ ਤੋਂ ਲੈ ਕੇ ਉਸ ਦੀਆਂ ਸਥਾਨਕ ਇਕਾਈਆਂ ਵੀ ਅਜਿਹੇ ਹਰ ਦੋਸ਼ੀ ਨੂੰ ਬਰੀ ਕਰਨ ਵਿਚ ਲੱਗੀਆਂ ਹੋਈਆਂ ਹਨ, ਜਿਸ 'ਤੇ ਫ਼ਿਰਕੂਵਾਦ ਦੇ ਦੋਸ਼ਾਂ ਹੇਠ ਮੁਕੱਦਮਾ ਚੱਲ ਰਿਹਾ ਹੈ ਅਤੇ ਜਿਹੜਾ ਕਿਸੇ ਨਾ ਕਿਸੇ ਤੌਰ 'ਤੇ ਸੱਜੇਪੱਖੀ ਰਾਜਨੀਤੀ ਨਾਲ ਜੁੜੇ ਹੋਏ ਹਨ। ਤੀਜਾ ਪ੍ਰਤੀਕਰਮ ਵਿਚਕਾਰ ਦੀ ਧਿਰ ਦਾ ਹੈ ਅਤੇ ਉਸ ਦੀ ਦਿਲਚਸਪੀ ਨਾ ਤਾਂ ਇਸ ਗੱਲ ਵਿਚ ਹੈ ਕਿ ਮਹਾਂ ਦੋਸ਼ ਦਾ ਲਾਭ ਜਾਂ ਹਾਨੀ ਕਿਸ ਨੂੰ ਹੋਏਗੀ ਅਤੇ ਇਹ ਮਹਾਂ ਦੋਸ਼ ਸਫ਼ਲ ਹੋਵੇਗਾ ਜਾਂ ਨਹੀਂ। ਉਸ ਦੀ ਦਲੀਲ ਇਹ ਹੈ ਕਿ ਨਿਆਂਪਾਲਿਕਾ ਦਾ ਅਕਸ ਲੰਮੇ ਅਰਸੇ ਤੋਂ ਖਰਾਬ ਹੋ ਰਿਹਾ ਹੈ।

ਲੋਕਾਂ ਦੇ ਵਿਚਕਾਰ ਇਹ ਸੰਸਥਾ ਆਪਣਾ ਵਿਸ਼ਵਾਸ ਗੁਆ ਚੁੱਕੀ ਹੈ। ਅਦਾਲਤ ਹੇਠਲੀ ਹੋਵੇ ਜਾਂ ਉਚੀ, ਉਸ ਦੀ ਇਕ-ਇਕ ਕੰਧ ਰਿਸ਼ਵਤ ਮੰਗਦੀ ਹੈ। ਇਸ ਲਈ ਇਸ ਤਰ੍ਹਾਂ ਦੇ ਪ੍ਰਤੀਕਰਮ ਕਰਨ ਵਾਲੇ ਇਸ ਮਹਾਂ ਦੋਸ਼ ਨੂੰ ਇਕ ਮੌਕੇ ਵਜੋਂ ਲੈ ਕੇ ਨਿਆਇਕ ਪ੍ਰਬੰਧ 'ਤੇ ਕੌਮੀ ਬਹਿਸ ਕਰਨਾ ਚਾਹੁੰਦੇ ਹਨ। ਚੌਥਾ ਪ੍ਰਤੀਕਰਮ ਤਕਨੀਕੀ ਕਿਸਮ ਦਾ ਹੈ, ਜਿਸ ਵਿਚ ਕਿਹਾ ਜਾ ਰਿਹਾ ਹੈ ਕਿ ਚਾਰ ਜੱਜਾਂ ਨੇ ਤਾਂ ਰੋਸਟਰ ਭਾਵ ਮੁਕੱਦਮਿਆਂ ਦੀ ਵੰਡ ਵਿਚ ਹੋ ਰਹੇ ਪੱਖਪਾਤ ਦਾ ਸਵਾਲ ਚੁੱਕਿਆ ਸੀ ਅਤੇ ਇਹ ਸਮੱਸਿਆ ਹੁਣ ਸੁਲਝ ਚੁੱਕੀ ਹੈ। ਇਸ ਲਈ ਇਸ ਤਰ੍ਹਾਂ ਦੇ ਅਸਾਧਾਰਨ ਕਦਮ ਦੀ ਹੁਣ ਕੋਈ ਤੁੱਕ ਨਹੀਂ ਬਣਦੀ।

ਜਦੋਂ ਮਹਾਂ ਦੋਸ਼ ਅਤੇ ਉਸ 'ਤੇ ਕੀਤੇ ਗਏ ਰਾਜ ਸਭਾ ਸਭਾਪਤੀ ਦੇ ਫ਼ੈਸਲੇ 'ਤੇ ਸੁਪਰੀਮ ਕੋਰਟ ਵਿਚ ਵਿਚਾਰ ਹੋਵੇਗਾ ਤਾਂ ਇਹ ਪ੍ਰਤੀਕਰਮ ਕਾਨੂੰਨ ਦੇ ਅਕਾਦਮਿਕ ਸ਼ੀਸ਼ੇ ਵਿਚ ਆਪਣੇ ਚਿਹਰੇ ਨੂੰ ਪੜ੍ਹ ਕੇ ਖ਼ੁਦ ਨੂੰ ਸੋਧਣਗੇ। ਇਹ ਸੋਧ ਸਾਨੂੰ ਰਾਜਨੀਤੀ ਅਤੇ ਨਿਆਂਪਾਲਿਕਾ ਦੇ ਸਬੰਧ ਨੂੰ ਨਵੇਂ ਸਿਰੇ ਤੋਂ ਪਰਿਭਾਸ਼ਤ ਕਰਨ ਵੱਲ ਲਿਜਾ ਜਾ ਸਕਦੀ ਹੈ।

# ਸ਼ਰੀਕਾ, ਸਿਆਸਤ ਤੇ ਸਦਾਕਤ

ਪਾਕਿਸਤਾਨੀ ਹਾਈ ਕਮਿਸ਼ਨਰ ਸੁਹੇਲ ਮਹਿਮੂਦ ਦੀ ਚੰਡੀਗੜ੍ਹ ਫੇਰੀ ਸਮੇਂ ਕੁਝ ਪਾਕਿਸਤਾਨੀ ਮਹਿਮਾਨਾਂ ਨਾਲ ਗ਼ੈਰਰਸਮੀ ਵਾਰਤਾਲਾਪ ਕਈ ਪੱਖਾਂ ਤੋਂ ਬੜੀ ਜਾਣਕਾਰੀ ਭਰਪੂਰ ਰਹੀ। ਸਿਆਸਤ ਬਾਰੇ ਗੱਲ ਤੁਰਨ 'ਤੇ ਇਕ ਪਾਕਿਸਤਾਨੀ ਮਿੱਤਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਮੁਲਕ ਵਿਚ ਜਮਹੂਰੀਅਤ ਚੋਖੀ ਮਜ਼ਬੂਤੀ ਫੜ ਚੁੱਕੀ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਫ਼ੌਜ ਨੂੰ ਆਪਣਾ ਦਾਬਾ ਘਟਾ ਕੇ ਜਮਹੂਰੀਅਤ ਦੇ ਤਿੰਨਾਂ ਥੰਮ੍ਹਾਂ ਦੀ ਵੱਧ ਮਜ਼ਬੂਤੀ ਦਾ ਰਾਹ ਪੱਧਰਾ

**ਸੁਰਿੰਦਰ ਸਿੰਘ ਤੇਜ**
**ਫੋਨ: 91-98555-01488**

ਕਰਨਾ ਪਵੇਗਾ। ਇਸ ਸੱਜਣ ਦਾ ਇਹ ਵੀ ਦਾਅਵਾ ਸੀ ਕਿ ਪਾਕਿਸਤਾਨ ਵਿਚ ਜਮਹੂਰੀਅਤ, ਭਾਰਤ ਨਾਲੋਂ ਵੱਧ ਗੁੰਜਾਇਮਾਨ ਤੇ ਵੱਧ ਗਤੀਸ਼ੀਲ ਹੈ ਅਤੇ ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ ਵੀ ਜ਼ਿਆਦਾ ਆਜ਼ਾਦ ਹਨ। ਉਸ ਨੇ ਭਾਰਤੀ ਤੇ ਪਾਕਿਸਤਾਨੀ ਅਖ਼ਬਾਰਾਂ ਅਤੇ ਦੋਵਾਂ ਦੇਸ਼ਾਂ ਦੇ ਨਿਊਜ਼ ਚੈਨਲਾਂ ਦਾ ਅਧਿਐਨ ਕਰਨ ਅਤੇ ਉਸ ਅਧਿਐਨ ਦੇ ਆਧਾਰ 'ਤੇ ਉਸ ਦੇ ਦਾਅਵੇ ਨੂੰ ਜੋਖਣ ਦੀ ਚੁਣੌਤੀ ਵੀ ਦਿੱਤੀ।

ਅਜਿਹੇ ਅਧਿਐਨਾਂ 'ਤੇ ਸਮਾਂ ਜ਼ਾਇਆ ਕਰਨ ਦੀ ਲੋੜ ਨਹੀਂ। ਪਾਕਿਸਤਾਨ ਦੇ ਮੁੱਖ ਅੰਗਰੇਜ਼ੀ ਅਖ਼ਬਾਰਾਂ ਅਤੇ 'ਨਵਾਏ ਵਕਤ' ਵਰਗੇ ਕੁਝ ਉਰਦੂ ਅਖ਼ਬਾਰਾਂ ਉਤੇ ਸਰਸਰੀ ਨਜ਼ਰ ਮਾਰਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਪਾਕਿਸਤਾਨੀ ਮੁੱਖ ਧਾਰਾਈ ਮੀਡੀਆ ਸਾਡੇ ਕਈ ਮੀਡੀਆ ਗਰੁੱਪਾਂ ਵਾਂਗ ਕਾਫ਼ੀ ਦਲੇਰ ਹੈ ਅਤੇ ਜਮਹੂਰੀ ਪ੍ਰਬੰਧ ਵਿਚ ਕਾਣ ਪੈਦਾ ਕਰਨ ਦੀ ਹਰ ਚਾਲ ਦਾ ਸਖ਼ਤ ਨੋਟਿਸ ਲੈਂਦਾ ਹੈ। ਪਿਛਲੇ ਕੁਝ ਮਹੀਨਿਆਂ ਤੋਂ ਮੀਡੀਆ, ਪਾਕਿਸਤਾਨੀ ਨਿਆਂਪਾਲਿਕਾ ਨਾਲ ਵੀ ਦਸਤ-ਪੰਜਾ ਹੋਣ ਤੋਂ ਪਿੱਛੇ ਨਹੀਂ ਹਟ ਰਿਹਾ। ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਨਵਾਜ਼ ਸ਼ਰੀਫ਼ ਨੂੰ ਪਹਿਲਾਂ ਵਜ਼ੀਰ-ਏ-ਆਜ਼ਮ ਦੇ ਅਹੁਦੇ ਤੋਂ ਹਟਾਉਣ ਅਤੇ ਫਿਰ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਪ੍ਰਧਾਨਗੀ ਦੇ ਤਾਉਮਰ ਨਾਕਾਬਲ ਬਣਾਉਣ ਦੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਨਵਾਜ਼ ਸ਼ਰੀਫ਼ ਦੇ ਸਿਆਸੀ ਜੀਵਨ ਦਾ 'ਅਦਾਲਤੀ ਕਤਲ' ਪਾਕਿਸਤਾਨੀ ਮੀਡੀਆ ਨੇ ਹੀ ਦੱਸਿਆ। ਇਸੇ ਤਰ੍ਹਾਂ ਵਿਦੇਸ਼ ਮੰਤਰੀ ਖਵਾਜਾ ਆਸਿਫ਼ ਨੂੰ ਕੌਮੀ ਅਸੈਂਬਲੀ ਦੀ ਮੈਂਬਰੀ ਦੇ ਨਾਕਾਬਲ ਕਰਾਰ ਦੇਣ ਦਾ ਫ਼ੈਸਲਾ ਆਉਣ ਤੋਂ ਪਹਿਲਾਂ ਹੀ ਪਾਕਿਸਤਾਨੀ ਮੀਡੀਆ ਨੇ 'ਇੱਕ ਹੋਰ ਸਿਆਸੀ ਜੀਵਨ ਦੇ ਅਦਾਲਤੀ ਕਤਲ ਦੀ ਤਿਆਰੀ' ਵਰਗੀਆਂ ਸੁਰਖ਼ੀਆਂ ਦੇ ਦਿੱਤੀਆਂ ਸਨ।

ਪਿਛਲੇ ਸੱਤ ਦਹਾਕਿਆਂ ਤੋਂ ਫ਼ੌਜ ਅਤੇ ਇਕ ਹੱਦ ਤਕ ਉਚੇਰੀਆਂ ਅਦਾਲਤਾਂ ਦੇ ਨਾਂਹ-ਪੱਖੀ ਰੋਲ ਦੇ ਬਾਵਜੂਦ ਪਾਕਿਸਤਾਨ ਵਿਚ ਜਮਹੂਰੀਅਤ ਫਲ-ਫੂਲ ਰਹੀ ਹੈ। ਹੁਣ ਤਾਂ ਉਮੀਦ ਇਹੋ ਕੀਤੀ ਜਾ ਰਹੀ ਹੈ ਕਿ ਜੁਲਾਈ ਮਹੀਨੇ ਹੋਣ ਵਾਲੀਆਂ ਆਮ ਚੋਣਾਂ ਤੋਂ ਬਾਅਦ ਕੌਮੀ ਪ੍ਰਭੂਸੱਤਾ ਵੀ 'ਅੱਲ੍ਹਾ-ਪਾਕ' ਕੋਲ ਨਹੀਂ ਰਹੇਗੀ, ਲੋਕਾਂ ਦੇ ਹੱਥਾਂ ਵਿਚ ਆ ਜਾਵੇਗੀ। ਕੌਮੀ ਪ੍ਰਭੂਸੱਤਾ 'ਅੱਲ੍ਹਾ' ਨੂੰ ਪਾਕਿਸਤਾਨ ਦੇ ਪਹਿਲੇ ਸੰਵਿਧਾਨਘਾੜਿਆਂ ਨੇ ਸੌਂਪੀ ਸੀ, ਪਰ ਹੁਣ ਦੇਸ਼ਵਾਸੀ ਸਭ ਕੁਝ ਅੱਲ੍ਹਾ ਦੇ ਹੱਥਾਂ ਵਿਚ ਛੱਡਣ ਦੇ ਰੌਂਅ ਵਿਚ ਨਹੀਂ ਸਗੋਂ ਜਮਹੂਰੀਅਤ ਦੀ ਹਿਫ਼ਾਜ਼ਤ ਵਰਗੇ ਦੁਨਿਆਵੀ ਮਾਮਲੇ ਆਪਣੇ ਹੱਥਾਂ ਵਿਚ ਹੀ ਰੱਖਣ ਲਈ ਦ੍ਰਿੜ੍ਹ ਹਨ। ਇਸ ਦ੍ਰਿੜ੍ਹਤਾ ਦੀ ਤਸਵੀਰ ਸਾਡੇ ਸਾਹਮਣੇ ਹੈ: ਜਮਹੂਰੀ ਹਕੂਮਤ ਵਾਲਾ 10 ਸਾਲਾ ਚੱਕਰ ਹੁਣ ਪੂਰਾ ਹੋਣ ਵਾਲਾ ਹੈ, ਪਰ ਪਹਿਲੇ ਜਮਹੂਰੀ ਦਹਾਕਿਆਂ ਤੋਂ ਉਲਟ ਇਸ ਵੇਲੇ ਮੁਲਕ ਨੂੰ ਫ਼ੌਜੀ ਰਾਜ ਦੀ ਵਾਪਸੀ ਦਾ ਖ਼ਤਰਾ ਮਹਿਸੂਸ ਨਹੀਂ ਹੋ ਰਿਹਾ।

ਪਾਕਿਸਤਾਨ ਦੇ 70 ਵਰ੍ਹਿਆਂ ਦੇ ਵਜੂਦ ਦੌਰਾਨ ਜਮਹੂਰੀ ਹਕੂਮਤ ਦੀ ਉਮਰ ਕਦੇ ਵੀ ਦਸ ਵਰ੍ਹਿਆਂ ਤੋਂ ਵੱਧ ਲੰਮੀ ਨਹੀਂ ਰਹੀ। ਕਸੂਰ ਜਮਹੂਰੀ ਹਾਕਮਾਂ ਦਾ ਵੀ ਰਿਹਾ। ਉਨ੍ਹਾਂ ਨੇ ਭ੍ਰਿਸ਼ਟਾਚਾਰ ਤੇ ਬਦਗੁਮਾਨੀ ਪੱਖੋਂ ਸਬਰ ਦਿਖਾਉਣਾ ਕਦੇ ਵਾਜਬ ਨਹੀਂ ਸਮਝਿਆ। ਉਨ੍ਹਾਂ ਦੀਆਂ ਅਜਿਹੀਆਂ ਕਮਜ਼ੋਰੀਆਂ ਦਾ ਜਰਨੈਲਾਂ ਨੇ ਸਦਾ ਲਾਹਾ ਲਿਆ। ਇਹ ਵੀ ਇਕ ਕਠੋਰ ਸੱਚਾਈ ਹੈ ਕਿ ਹਰ ਫ਼ੌਜੀ ਹੁਕਮਰਾਨ ਦੇ ਕਾਰਜਕਾਲ ਦੌਰਾਨ ਪਾਕਿਸਤਾਨ ਨੇ ਵੱਧ ਤੇਜ਼ੀ ਨਾਲ ਆਰਥਿਕ ਤਰੱਕੀ ਕੀਤੀ, ਕੌਮੀ ਅਰਥਚਾਰੇ ਵਿਚ ਸਥਿਰਤਾ ਆਈ ਅਤੇ ਅਮਨ ਕਾਨੂੰਨ ਦੀ ਵਿਵਸਥਾ ਵਿਚ ਸੁਧਾਰ ਹੋਇਆ। ਮਿਸਾਲ ਦੇ ਤੌਰ 'ਤੇ ਜਨਰਲ ਅਯੂਬ ਖ਼ਾਨ ਦੇ ਕਾਰਜਕਾਲ ਦੌਰਾਨ ਪਾਕਿਸਤਾਨੀ ਅਰਥਚਾਰਾ ਏਸ਼ੀਆ ਦੇ ਸਭ ਤੋਂ ਮਜ਼ਬੂਤ ਅਰਥਚਾਰਿਆਂ ਵਿਚੋਂ ਇਕ ਸੀ। ਜਨਰਲ ਜ਼ਿਆ-ਉਲ-ਹੱਕ ਤੇ ਜਨਰਲ ਪਰਵੇਜ਼ ਮੁਸ਼ੱਰਫ਼ ਦੇ ਕਾਰਜਕਾਲਾਂ ਦੌਰਾਨ ਵੀ ਪਾਕਿਸਤਾਨ ਆਰਥਿਕ ਤੌਰ 'ਤੇ ਮਜ਼ਬੂਤ ਹੋਇਆ ਅਤੇ ਨਾਲ ਹੀ ਜਨਤਕ ਸੇਵਾਵਾਂ ਵਿਚ ਚੋਖਾ ਸੁਧਾਰ ਹੋਇਆ। ਅਜਿਹਾ ਸਭ ਕੁਝ ਹੋਣ ਦੇ ਬਾਵਜੂਦ ਜੇ ਹੁਣ ਲੋਕ, ਫ਼ੌਜੀ ਰਾਜ ਦੀ ਵਾਪਸੀ ਨੂੰ ਨਹੀਂ ਤਰਸ ਰਹੇ ਤਾਂ ਇਸ ਦੀ ਵਜ੍ਹਾ ਹੈ ਕਿ ਨਵੀਂ ਪੀੜ੍ਹੀ ਨੂੰ ਅਹਿਸਾਸ ਹੋ ਚੁੱਕਾ ਹੈ ਕਿ ਖ਼ੂਬਸੂਰਤ ਤੇ ਮਹਿਕਦੇ-ਟਹਿਕਦੇ ਪੇੜ-ਪੌਦਿਆਂ ਵਾਲੇ ਬੰਦ-ਫਾਟਕੀ ਚਮਨ ਦੇ ਅੰਦਰਲੀ ਘੁਟਨ ਨਾਲੋਂ ਪਲੀਤ, ਪਰ ਮੁਕਤ ਫ਼ਿਜ਼ਾ ਵਿਚ ਵਿਚਰਨਾ ਕਿਤੇ ਵੱਧ ਆਨੰਦਦਾਇਕ ਹੈ।

ਜਨਰਲ ਅਯੂਬ ਖ਼ਾਨ ਨੇ ਆਪਣੀ ਸਵੈਜੀਵਨੀ 'ਫਰੈਂਡਜ਼, ਨਾਟ ਮਾਸਟਰਜ਼' ਵਿਚ ਬੜੇ ਬਚਗਾਨਾ ਤੇ ਅਹਿਮਕਾਨਾ ਦਾਅਵੇ ਕੀਤੇ ਹੋਏ ਹਨ, ਪਰ ਇਕ ਥਾਂ ਉਨ੍ਹਾਂ ਨੇ ਫ਼ੌਜੀਆਂ ਵਾਲੀ ਸਾਦਗੀ ਨਾਲ ਇਕਬਾਲ ਵੀ ਕੀਤਾ ਹੈ ਕਿ ਬਿਹਤਰ ਰਾਜ ਪ੍ਰਬੰਧ ਮੁਹੱਈਆ ਕਰਵਾਉਣ ਦੇ ਬਾਵਜੂਦ "1967 ਵਿਚ ਲੋਕ ਮੇਰੇ ਇੰਨੇ ਜ਼ਿਆਦਾ ਖ਼ਿਲਾਫ਼ ਹੋ ਚੁੱਕੇ ਸਨ ਕਿ ਮੈਂ ਹਕੂਮਤ ਛੱਡਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ। ਮੈਂ ਡੰਡੇ ਦੇ ਜ਼ੋਰ ਨਾਲ ਹਕੂਮਤ ਜਾਰੀ ਰੱਖ ਸਕਦਾ ਸਾਂ, ਪਰ ਆਪਣੇ ਹੀ ਲੋਕਾਂ ਦੇ ਖ਼ੂਨ ਖ਼ਰਾਬੇ ਦਾ ਭੈਅ ਮੈਨੂੰ ਸਤਾਉਣ ਲੱਗਾ। ਜਦੋਂ ਜਨਰਲ ਯਾਹੀਆ ਖ਼ਾਨ ਨੇ ਮੇਰਾ ਤਖ਼ਤਾ ਪਲਟਿਆ ਤਾਂ ਮੈਂ ਉਸ ਨੂੰ ਸੁਨੇਹਾ ਭੇਜਿਆ ਸੀ ਕਿ ਪਾਕਿਸਤਾਨੀਆਂ ਨੇ ਜਮਹੂਰੀਅਤ ਭਾਵੇਂ ਘੱਟ ਦੇਖੀ ਹੈ, ਪਰ ਉਨ੍ਹਾਂ ਅੰਦਰ ਜਮਹੂਰੀ ਜਜ਼ਬਾ ਮਜ਼ਬੂਤ ਹੈ। ਤੈਨੂੰ ਵੀ ਉਹ ਬਹੁਤੀ ਦੇਰ ਟਿਕਣ ਨਹੀਂ ਦੇਣਗੇ।" ਇਹੋ ਜਜ਼ਬਾ ਹੁਣ ਵੱਧ ਸ਼ਦੀਦ ਰੂਪ ਵਿਚ ਨਜ਼ਰ ਆ ਰਿਹਾ ਹੈ, ਖ਼ਾਸ ਕਰ ਕੇ ਨਵਾਜ਼ ਸ਼ਰੀਫ਼ ਜਾਂ ਉਸ ਦੀ ਬੇਟੀ ਮਰੀਅਮ ਵੱਲੋਂ ਕੀਤੀਆਂ ਜਾਂਦੀਆਂ ਰੈਲੀਆਂ ਵਿਚ।

ਉਂਜ, ਇਹ ਵੀ ਵਿਡੰਬਨਾ ਹੈ ਕਿ ਜਮਹੂਰੀ ਪ੍ਰਬੰਧ ਅਤੇ ਫ਼ੌਜੀ ਤਾਨਾਸ਼ਾਹੀ ਦੀ ਰੱਸਾਕਸ਼ੀ ਨਾਲ ਲਗਾਤਾਰ ਜੂਝਦੇ ਆਏ ਪਾਕਿਸਤਾਨ ਵਿਚ ਹੁਣ ਜਿਥੇ ਜਮਹੂਰੀਅਤ ਦੀਆਂ ਜੜ੍ਹਾਂ ਵੱਧ ਮਜ਼ਬੂਤੀ ਗ੍ਰਹਿਣ ਕਰਨ ਦਾ ਪ੍ਰਭਾਵ ਦੇ ਰਹੀਆਂ ਹਨ, ਉਥੇ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਜੋਂ ਜਾਣੇ ਜਾਂਦੇ ਸਾਡੇ ਮੁਲਕ ਵਿਚ ਲੋਕਤੰਤਰੀ ਮਾਨਤਾਵਾਂ ਤੇ ਮਰਿਆਦਾਵਾਂ ਵਿਚ ਨਿਘਾਰ ਦੇਖਣ ਨੂੰ ਮਿਲ ਰਿਹਾ ਹੈ। ਸਾਡੇ ਸ਼ਰੀਕ ਮੁਲਕ ਵਿਚ ਤਾਂ ਲੋਕਾਈ ਨੂੰ ਫ਼ੌਜੀ ਤੇ ਖ਼ੁਫ਼ੀਆ ਏਜੰਸੀਆਂ ਵੱਲੋਂ ਲਾਈਆਂ ਗ਼ੈਰ-ਜਮਹੂਰੀ ਬੰਦਸ਼ਾਂ ਤੋਂ ਸਹਿਜੇ-ਸਹਿਜੇ ਮੁਕਤ ਕੀਤਾ ਜਾ ਰਿਹਾ ਹੈ; ਪਰ ਸਾਡੇ ਵਾਲੇ ਪਾਸੇ 'ਆਧਾਰ' ਦੇ ਨਾਂ 'ਤੇ ਨਿੱਜੀ ਆਜ਼ਾਦੀਆਂ ਨੂੰ ਨਿਰਾਧਾਰ ਬਣਾਇਆ ਜਾ ਰਿਹਾ ਹੈ। ਇਕ ਪਾਸੇ ਕੌਮੀ ਪ੍ਰਭੂਸੱਤਾ ਨੂੰ 'ਅੱਲ੍ਹਾ' ਦੇ ਸਹਾਰੇ ਛੱਡਣ ਦੀ ਥਾਂ 'ਵੋਟਰ' ਦੇ ਹੱਥ-ਵੱਸ ਲਿਆਉਣ ਦੇ ਹੀਲੇ ਚੱਲ ਰਹੇ ਹਨ, ਦੂਜੇ ਪਾਸੇ ਸਭ ਹੱਕ ਇਕ ਗੁਜਰਾਤੀ 'ਮਹਾਂਪੁਰਖ' ਦੇ ਹੱਥਾਂ ਵਿਚ ਕੇਂਦ੍ਰਿਤ ਹੋਣ ਦਾ ਵਰਤਾਰਾ ਅਸੀਂ ਅੱਖੀਂ ਦੇਖਦੇ ਆ ਰਹੇ ਹਾਂ। ਲੋਕਤੰਤਰ ਦਾ ਸੰਕਲਪ ਜੇ ਸਾਡੇ ਵਾਲੇ ਪਾਸੇ ਸੁੰਗੜਨ ਦਾ ਪ੍ਰਭਾਵ ਦੇ ਰਿਹਾ ਹੈ ਤਾਂ ਇਸ ਲਈ ਕੁਝ ਹੱਦ ਤਕ ਦੋਸ਼ੀ ਅਸੀਂ ਵੀ ਹਾਂ।

## 'ਹਿੰਦੂ' ਸ਼ਬਦ ਦੀ ਹਕੀਕਤ

*(ਪਿਛਲੇ ਸਫੇ ਦੀ ਬਾਕੀ)*

ਧਰਮ ਨੇ ਪੂਰੇ ਦੇਸ਼ ਦੀ ਸਭਿਆਚਾਰਕ ਵੰਨਗੀ ਨੂੰ ਨਿਗਲ ਲਿਆ ਅਤੇ ਸਮਾਜ ਵਿਚ ਸਦੀਆਂ ਤੋਂ ਪਣਪ ਰਹੀ ਅਣਮਨੁੱਖੀ ਜਾਤ-ਪ੍ਰਥਾ ਦੀਆਂ ਜੜ੍ਹਾਂ ਹੋਰ ਡੂੰਘੀਆਂ ਹੋਈਆਂ।

ਹੁਣ ਸਾਡਾ ਦੁਖਾਂਤ ਦੇਖੋ- ਹਿੰਦੁਸਤਾਨ ਨੂੰ ਜਿਸ ਨਦੀ ਨੇ ਨਾਮ ਦਿੱਤਾ, ਉਹ ਹੁਣ ਹਿੰਦੁਸਤਾਨ ਵਿਚ ਨਹੀਂ ਵਗਦੀ, ਤੇ ਭਾਰਤ ਦਾ ਉਹ ਟੁਕੜਾ ਜੋ 'ਹਿੰਦੂ' ਸ਼ਬਦ ਨਾਲ ਨਫਰਤ ਕਰਦਾ ਹੈ, ਉਸੇ ਸਿੰਧ ਨਦੀ 'ਤੇ ਵਸਦਾ ਹੈ ਜਿਸ ਤੋਂ ਹਿੰਦੂ ਨਾਮ ਪਿਆ।

**ਵਿਚਾਰ-ਚਰਚਾ**

# ਕਿਰਦਾਰ, ਕੱਕਾਰ ਅਤੇ ਦਸਤਾਰ

ਸਿੱਖ ਦੀ ਪਛਾਣ ਉਸ ਦਾ ਕਿਰਦਾਰ ਹੈ, ਜੋ ਉਸ ਦੇ ਵਿਹਾਰ ਵਿਚ ਪ੍ਰਗਟ ਹੁੰਦਾ ਹੈ, ਜਿਸ ਦੇ ਸੂਚਕ ਪੰਜ ਕੱਕਾਰ ਹਨ-ਕੰਘਾ, ਕੜਾ, ਕੇਸ, ਕੱਛ ਤੇ ਕਿਰਪਾਨ।

ਦਸਤਾਰ ਸਾਡੇ ਪਹਿਰਾਵੇ ਦਾ ਹਿੱਸਾ ਹੈ; ਪਹਿਰਾਵੇ ਨੂੰ ਮਰਿਆਦਾ ਨਹੀਂ, ਪਰੰਪਰਾ ਜਾਂ ਰਵਾਇਤ ਨਿਰਧਾਰਤ ਕਰਦੀ ਹੈ। ਮਰਿਆਦਾ ਅਬਦਲ ਅਤੇ ਅਟੱਲ ਹੈ; ਪਰੰਪਰਾ ਅਤੇ ਰਵਾਇਤ ਨਿੱਤ ਬਦਲਦੀ ਹੈ।

ਦਰਅਸਲ ਪ੍ਰਕਾਸ਼ ਦਾੜ੍ਹੀ, ਚੋਲਾ ਅਤੇ ਦਸਤਾਰ ਸਿੱਖ ਦੀ ਸ਼ਾਨਾਂਮੱਤੀ ਸੱਭਿਆਚਾਰਕ ਪਛਾਣ ਹੈ, ਜੋ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅੱਜ ਤੱਕ ਕਾਇਮ ਹੈ, ਜਿਸ ਦੇ ਬਿਨਾ ਉਥੇ ਭਾਈ ਸਾਹਿਬਾਨ ਦੀ ਹਾਜਰੀ ਦਾ ਤਸੱਵਰ ਤੱਕ ਨਹੀਂ ਕੀਤਾ ਜਾ ਸਕਦਾ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਪੁਰਾਣੇ ਸਮਿਆਂ ਵਿਚ ਗੋਲ ਦਸਤਾਰ ਬੰਨ੍ਹੀ ਜਾਂਦੀ ਸੀ, ਜੋ ਹੁਣ ਪਟਿਆਲਾਸ਼ਾਹੀ ਅਰਥਾਤ ਨੋਕਦਾਰ ਹੋ ਗਈ ਹੈ। ਇਸੇ ਤਰ੍ਹਾਂ ਪ੍ਰਕਾਸ਼ ਦਾੜ੍ਹੀ ਨੂੰ ਹੁਣ ਬੰਨ੍ਹਣ ਅਤੇ ਤੁੰਨਣ ਦਾ ਰਿਵਾਜ ਹੈ।

ਰਵਾਇਤ ਹੈ ਕਿ ਪਹਿਲੀ ਵਾਰ ਜਿਸ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਫਰਜ਼ੰਦ ਮਹਾਰਾਜਾ ਸ਼ੇਰ ਸਿੰਘ ਨੇ ਆਪਣੀ ਦਾੜ੍ਹੀ ਬੰਨ੍ਹੀ ਸੀ, ਉਸ ਦਿਨ ਅਕਾਲ ਤਖਤ ਸਾਹਿਬ ਦੇ ਸਾਹਮਣੇ ਵਾਲਾ ਨਿਸ਼ਾਨ ਸਾਹਿਬ ਸੁੱਕੇ ਅੰਬਰ ਡਿੱਗ ਪਿਆ ਸੀ।

ਇਸ ਨੂੰ ਅਸ਼ੁੱਭ ਅਤੇ ਮੰਦਭਾਗਾ ਅਨੁਮਾਨ ਕੇ ਅਤੇ ਜਥੇਦਾਰ ਦੇ ਆਖਣ 'ਤੇ ਮਹਾਰਾਜੇ ਨੇ ਨਵਾਂ ਨਿਸ਼ਾਨ ਸਾਹਿਬ ਗਡਵਾ ਦਿੱਤਾ ਸੀ ਅਤੇ ਪੁਰਾਣੇ ਦੀ ਮੁਰੰਮਤ ਕਰਵਾ ਦਿੱਤੀ ਸੀ, ਤਾਂਕਿ ਅਜਿਹਾ ਅਸ਼ੁੱਭ ਸ਼ਗਨ ਚਾਣਚੱਕ ਮੁੜ ਕੇ ਨਾ ਵਾਪਰੇ; ਜੇ ਵਾਪਰੇ ਤਾਂ ਕਮ ਸੇ ਕਮ ਇੱਕ ਨਿਸ਼ਾਨ ਸਾਹਿਬ ਜ਼ਰੂਰ ਕਾਇਮ ਰਹੇ।

ਅਕਾਲ ਤਖਤ ਸਾਹਿਬ ਦੇ ਸਾਹਮਣੇ ਦੋ ਨਿਸ਼ਾਨ ਸਾਹਿਬਾਨ ਦਾ ਇਹੀ ਰਹੱਸ ਹੈ ਅਤੇ ਵੱਡੇ ਛੋਟੇ ਹੋਣ ਦਾ ਕਾਰਨ ਵੀ ਇਹੀ ਹੈ ਕਿ ਨਵਾਂ ਵੱਡਾ ਸੀ ਤੇ ਪੁਰਾਣਾ ਇਸ ਲਈ ਰਤਾ ਛੋਟਾ ਰਹਿ ਗਿਆ ਸੀ, ਕਿਉਂਕਿ ਕੱਟ ਕੇ ਲਾਇਆ ਗਿਆ ਸੀ।

ਸੰਤ ਮੱਤ ਵਾਲੇ ਮੁੱਢ ਤੋਂ ਹੀ ਦਾੜ੍ਹੀ ਬੰਨ੍ਹਣ, ਤੁੰਨਣ ਦਾ ਪਰਹੇਜ਼ ਕਰਦੇ ਹਨ ਅਤੇ ਪਟਿਆਲਾਸ਼ਾਹੀ ਨੋਕਦਾਰ ਦਸਤਾਰ ਨੂੰ ਸਿੱਖੀ ਦਸਤਾਰ ਨਹੀਂ ਕਬੂਲਦੇ। ਕਈ ਤਾਂ ਪਜਾਮੇ/ਪਜਾਮੀ ਨੂੰ ਵੀ ਸਿੱਖੀ 'ਚ ਖੁਨਾਮੀ ਮੰਨਦੇ ਹਨ ਅਤੇ ਚੋਲੇ ਹੇਠ ਸਿਰਫ ਕਛਹਿਰੇ ਤੱਕ ਸੀਮਤ ਰਹਿੰਦੇ ਹਨ।

ਅਕਾਲੀ ਦਲ ਵਾਲੇ ਪੁਰਾਤਨ ਅਤੇ ਰਵਾਇਤੀ ਗੋਲ ਪੱਗ ਤੋਂ ਪਰਹੇਜ਼ ਕਰਦੇ ਹਨ। ਪੁਰਾਣੇ ਅਕਾਲੀ ਕਮੀਜ਼/ਕੁੜਤਾ, ਕਛਹਿਰਾ ਅਤੇ ਅੰਮ੍ਰਿਤਸਰੀ ਪਜਾਮਾ ਜਾਂ ਚੂੜੀਦਾਰ ਪਜਾਮੀ ਪਹਿਨਦੇ ਸਨ; ਪੈਂਟ-ਸ਼ਰਟ ਨੂੰ ਨੇੜੇ ਨਹੀਂ ਸੀ ਫਟਕਣ ਦਿੰਦੇ।

ਸੰਤ ਫਤਿਹ ਸਿੰਘ ਦਾ ਫੁਰਮਾਨ ਸੀ ਕਿ ਉਸ 'ਤੇ ਕਦੀ ਯਕੀਨ ਨਾ ਕਰੋ, ਜਿਸ ਦੇ ਪਿੱਛੇ ਖੀਸਾ ਲੱਗਾ ਹੋਵੇ, ਅਰਥਾਤ ਜਿਸ ਨੇ ਪੈਂਟ ਪਾਈ ਹੋਵੇ। ਜਥੇਦਾਰ ਗੁਰਚਰਨ ਸਿੰਘ ਟੌਹੜਾ ਵੇਲੇ ਤੋਂ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਮੁਲਾਜ਼ਮ ਨੂੰ ਗੋਲ ਦਸਤਾਰ ਸਜਾਉਣ ਤੋਂ ਮਨਾਹੀ ਹੈ।

ਢੱਡਰੀਆਂ ਵਾਲੇ ਨੇ ਖੁਦ ਨੂੰ ਸੰਤ ਮੱਤ ਤੋਂ ਅਲਹਿਦਾ ਕਰਨ ਲਈ ਗੋਲ ਦਸਤਾਰ ਦੀ ਥਾਂ ਨੋਕਦਾਰ ਦਸਤਾਰ ਬੰਨ੍ਹਣੀ ਸ਼ੁਰੂ ਕਰ ਲਈ ਹੈ। ਗੋਲ ਅਤੇ ਨੋਕਦਾਰ ਵਿਚੋਂ ਕਿਹੜੀ ਪੱਗ ਸਹੀ ਹੈ ਤੇ ਕਿਹੜੀ ਗਲਤ, ਇਸ ਦੀ ਕਦੀ ਵਿਚਾਰ ਨਹੀਂ ਹੋਈ।

ਮੇਰੇ ਵਿਚਾਰ ਮੁਤਾਬਕ ਸਿੱਖ ਸੱਭਿਆਚਾਰ ਦੀ ਅਸਲ ਪਛਾਣ ਗੋਲ ਦਸਤਾਰ ਹੈ, ਨੋਕਦਾਰ ਨਹੀਂ; ਕਿਉਂਜੁ ਗੁਰੂ ਸਾਹਿਬਾਨ ਅਤੇ ਪੁਰਾਤਨ ਸਿੱਖ ਗੋਲ ਦਸਤਾਰ ਹੀ ਸਜਾਉਂਦੇ ਸਨ।

ਇਹ ਗੱਲ ਵੀ ਵਿਚਾਰਨਯੋਗ ਹੈ ਕਿ ਭਾਈ ਰਣਧੀਰ ਸਿੰਘ ਨੇ ਕਿਸੇ ਮੁਗਾਲਤੇ ਅਧੀਨ ਦਸਤਾਰ ਦੇ ਹੇਠਾਂ ਬੰਨ੍ਹੀ ਜਾਣ ਵਾਲੀ ਨਿੱਕੀ ਦਸਤਾਰ ਨੂੰ ਕੱਕਾਰ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਪੰਥ ਵਲੋਂ ਰਹਿਤ ਮਰਿਆਦਾ ਬਣਾਉਣ ਸਮੇਂ ਅਪ੍ਰਵਾਨ ਕਰ ਦਿੱਤੀ ਗਈ ਸੀ।

ਕਹਿੰਦੇ ਹਨ, ਭਾਈ ਸਾਹਿਬ ਨੇ ਕਿਤੇ ਸੰਗਲੀਦਾਰ ਲਿਖਤ ਵਿਚ 'ਪੰਜਵੀਂ ਨਿਸ਼ਾਨੀ ਕੇਸ ਕੀ' ਲਿਖਿਆ ਪੜ੍ਹ ਲਿਆ ਸੀ। ਪੁਰਾਣੀ ਪੰਜਾਬੀ ਵਿਚ 'ਦੀ' ਨੂੰ 'ਕੀ' ਕਹਿੰਦੇ ਸਨ। ਉਨ੍ਹਾਂ ਨੇ 'ਕੇਸ ਕੀ' ਨੂੰ 'ਕੇਸਕੀ' ਸਮਝ ਲਿਆ ਸੀ। ਦਲੀਲ ਉਨ੍ਹਾਂ ਨੇ ਇਹ ਬਣਾ ਲਈ ਕਿ ਕੱਕਾਰ ਧਾਰਨ ਕਰਨੇ ਹਨ, ਜਦਕਿ ਕੇਸ ਦੇਹ ਦਾ ਅੰਗ ਹਨ। ਪ੍ਰਚਲਿਤ ਅਤੇ ਪ੍ਰਮਾਣਤ ਕੱਕਾਰ, ਜਟਾਜੂਟ ਅਤੇ ਪ੍ਰਕਾਸ਼ ਦਾੜ੍ਹੇ ਦੇ ਰੂਪ ਵਿਚ ਕੇਸ ਹੀ ਹਨ।

ਪ੍ਰਕਾਸ਼ ਸਿੰਘ ਬਾਦਲ ਅਤੇ ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਦਲ ਦੇ ਪ੍ਰਧਾਨ ਬਣਨ ਸਮੇਂ ਆਪਣੇ ਬੰਨ੍ਹੇ ਤੇ ਤੁੰਨ੍ਹੇ ਦਾੜ੍ਹੇ ਪ੍ਰਕਾਸ਼ ਕਰ ਲਏ ਸਨ। ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦਾ ਪ੍ਰਧਾਨ ਬਣਨ ਉਪਰੰਤ ਦਾੜ੍ਹੀ ਪ੍ਰਕਾਸ਼ ਕਰਨ ਦੀ ਜਰੂਰਤ ਨਹੀਂ ਸਮਝੀ, ਕਿਉਂਕਿ ਉਸ 'ਤੇ ਪ੍ਰਕਾਸ਼ ਸਿੰਘ ਬਾਦਲ ਦਾ ਪ੍ਰਕਾਸ਼ ਹੈ; ਪ੍ਰਕਾਸ਼ ਦੇ ਘਰ ਹੋਰ ਪ੍ਰਕਾਸ਼ ਦੀ ਕੀ ਲੋੜ ਹੈ!

ਇਸਲਾਮੀ ਜਗਤ ਵਿਚ ਲਬਾਂ ਕਤਰਨ ਅਤੇ ਸੁੰਨਤ ਦਾ ਧਾਰਮਿਕ ਰਿਵਾਜ ਹੈ। ਸਿੱਖ ਅਖਾਣ ਹੈ, 'ਸਾਬਤ ਸੂਰਤ ਰਬ ਦੀ ਭੰਨੇ ਬੇਈਮਾਨ।' ਇਸਲਾਮ ਵਾਲੇ ਅੱਲਾ ਦੀ ਸਾਬਤ ਸੂਰਤ ਅਮਾਨਤ ਵਿਚ ਖਿਆਨਤ ਕਰਦੇ ਹਨ। ਕਿਸੇ ਦੀ ਅਮਾਨਤ ਵਿਚ ਕਿਸੇ ਤਰ੍ਹਾਂ ਵੀ ਖਿਆਨਤ ਕਰਨ ਵਾਲੇ ਨੂੰ ਬੇਈਮਾਨ ਕਿਹਾ ਜਾਂਦਾ ਹੈ।

ਗੁਰਬਾਣੀ ਮੁਤਾਬਕ ਅਜਿਹੇ 'ਬੇਈਮਾਨ' ਲੋਕ ਲੰਬੇ ਲੰਬੇ ਲਮਕਦੇ ਲੜਾਂ ਵਾਲੀ ਦਸਤਾਰ ਨੂੰ ਆਪਣੀ ਆਨ ਅਤੇ ਸ਼ਾਨ ਸਮਝਦੇ ਹਨ।

ਗੁਰੂ ਸਾਹਿਬ ਦਾ ਫੁਰਮਾਨ ਹੈ, ਆਨ ਅਤੇ ਸ਼ਾਨ ਦੀ ਸੂਚਕ ਸਿਰ ਦੀ ਦਸਤਾਰ ਨਹੀਂ ਬਲਕਿ 'ਸਾਬਤ ਸੂਰਤ' ਹੈ।

ਜਟਾਜੂਟ, ਪ੍ਰਕਾਸ਼ ਦਾੜ੍ਹੀ ਅਤੇ ਸੁੰਨਤ ਰਹਿਤ 'ਸਾਬਤ ਸੂਰਤ' ਹੀ ਬੰਦੇ ਦੀ ਆਨ ਅਤੇ ਸ਼ਾਨ ਹੈ, ਦਸਤਾਰ ਨਹੀਂ। 'ਸਾਬਤ ਸੂਰਤ' ਦੀ ਇਹ ਰਮਜ਼ ਸਿੱਖ ਸਮਾਜ 'ਤੇ ਵੀ ਉਸੇ ਤਰ੍ਹਾਂ ਲਾਗੂ ਹੁੰਦੀ ਹੈ।

ਦਸਤਾਰ ਦੇ ਅਜੋਕੇ ਮਸਲੇ ਨੂੰ ਇਸ ਰਮਜ਼ ਅਨੁਸਾਰ ਸਮਝਣ ਦੀ ਲੋੜ ਹੈ। ਵਿਦੇਸ਼ੀ ਦੌਰੇ ਦੌਰਾਨ ਜਹਾਜ਼ੀ ਸਫਰ ਵਿਚ ਸਿੱਖ ਨੂੰ ਕਿਰਪਾਨ ਪਹਿਨਣ ਦੀ ਮਨਾਹੀ ਹੈ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਣਧੀਰ ਸਿੰਘ ਇਸੇ ਕਰਕੇ ਕਦੀ ਵਿਦੇਸ਼ ਨਹੀਂ ਗਏ, ਕਿਉਂਕਿ ਉਨ੍ਹਾਂ ਨੂੰ ਕਿਰਪਾਨ ਉਤਾਰਨੀ ਮਨਜ਼ੂਰ ਨਹੀਂ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰ ਸਾਹਿਬਾਨ ਬੜੇ ਸ਼ੌਕ ਅਤੇ ਮਾਣ ਨਾਲ ਕਿਰਪਾਨ ਉਤਾਰ ਕੇ ਜਹਾਜ਼ਾਂ ਵਿਚ ਝੂਟੇ-ਮਾਟੇ ਲੈਂਦੇ ਰਹਿੰਦੇ ਹਨ; ਕਦੀ ਉਜ਼ਰ ਨਹੀਂ ਕਰਦੇ।

ਸਾਡੇ ਸਿੱਖ ਖਿਡਾਰੀ ਹਮੇਸ਼ਾ ਦਸਤਾਰ ਉਤਾਰ ਕੇ ਕ੍ਰਿਕਟ, ਹਾਕੀ ਅਤੇ ਫੁੱਟਬਾਲ ਖੇਡਦੇ, ਦੌੜਦੇ ਅਤੇ ਤਾਰੀਆਂ ਲਾਉਂਦੇ ਹਨ; ਕਦੀ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ।

ਸੱਚਖੰਡ ਸਾਹਿਬ ਵਿਖੇ ਸਰੋਵਰ ਵਿਚ ਇਸ਼ਨਾਨ ਕਰਨ ਸਮੇਂ ਦਸਤਾਰ ਉਤਾਰਨ ਦੀ ਇਤਿਹਾਸਕ ਰਵਾਇਤ ਹੈ; ਕਦੀ ਕਿਸੇ ਨੇ ਸ਼੍ਰੋਮਣੀ ਕਮੇਟੀ ਨੂੰ ਸਵਾਲ ਨਹੀਂ ਕੀਤਾ।

ਘਰਾਂ 'ਚ ਵੀ ਇਸ਼ਨਾਨ ਸਮੇਂ ਅਤੇ ਗਿੱਲੇ ਕੇਸਾਂ ਨੂੰ ਧੁੱਪ ਲੁਆਉਣ ਸਮੇਂ ਸਿੱਖ ਕਿਰਪਾਨ ਨਹੀਂ ਉਤਾਰਦੇ, ਦਸਤਾਰ ਉਤਾਰਦੇ ਹਨ। ਸੌਣ ਸਮੇਂ ਦਸਤਾਰ ਉਤਾਰਨ ਦਾ ਦਸਤੂਰ ਹੈ, ਕਿਰਪਾਨ ਉਤਾਰਨ ਦਾ ਨਹੀਂ।

ਭਾਈ ਤਾਰੂ ਸਿੰਘ ਨੇ ਕੇਸ ਨਹੀਂ ਕੁਤਰਵਾਏ, ਖੋਪਰੀ ਉਤਰਵਾ ਲਈ ਸੀ। ਖੁਦ ਕੇਸ ਕੁਤਰਵਾ ਕੇ, ਉਤੇ ਲਾਲ ਪੀਲੇ ਟੌਹਰੇ ਬੰਨ੍ਹਣ ਵਾਲੇ ਕਿਹੜੀ ਮਰਿਆਦਾ ਅਨੁਸਾਰ ਸ਼ਹੀਦ ਭਾਈ ਤਾਰੂ ਸਿੰਘ ਦੇ ਵਾਰਿਸ ਬਣਦੇ ਹਨ?

ਦਸਤਾਰ ਪੰਜ ਕੱਕਾਰਾਂ ਵਿਚ ਵੀ ਸ਼ੁਮਾਰ ਨਹੀਂ ਹੈ।

ਅਰਦਾਸ ਵਿਚ ਵੀ ਇਹੀ ਕਾਮਨਾ ਕੀਤੀ ਜਾਂਦੀ ਹੈ ਕਿ 'ਸਿੱਖੀ ਕੇਸਾਂ ਸੁਵਾਸਾਂ ਸੰਗ ਨਿਭੇ।'




ਬਲ ਕੇਸਾਂ 'ਤੇ ਹੈ, ਦਸਤਾਰ 'ਤੇ ਨਹੀਂ। ਹੁਣ ਕੇਸਾਂ ਤੋਂ ਬਲ ਹਟ ਕੇ ਜਾਂ ਘੱਟ ਕੇ ਦਸਤਾਰ ਤੱਕ ਸੁੰਗੜ ਗਿਆ ਹੈ। ਇਹ ਅਸਲ ਚਿੰਤਾ ਦਾ ਵਿਸ਼ਾ ਹੈ।

ਕੱਕਾਰ ਉਤਾਰਨ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ, ਦਾੜ੍ਹੀ ਕੇਸ ਕਤਰਨ ਦੇ ਰੁਝਾਨ 'ਤੇ ਕੋਈ ਸਵਾਲ ਨਹੀਂ, ਸਿਰਫ ਦਸਤਾਰ 'ਤੇ ਇਤਨਾ ਹੱਲਾ ਗੁੱਲਾ ਕਰਨਾ ਸਮਝ ਤੋਂ ਬਾਹਰ ਹੈ।

ਦਿੱਲੀ ਦੇ ਉਸ ਸਿੱਖ ਨੂੰ ਪੁੱਛਿਆ ਜਾ ਸਕਦਾ ਹੈ ਕਿ ਉਸ ਨੂੰ ਦਸਤਾਰ ਉਤਾਰਨ ਦੀ ਹੀ ਸਮੱਸਿਆ ਹੈ, ਕਿਰਪਾਨ ਉਤਾਰਨ ਦੀ ਨਹੀਂ? ਉਸ ਨੇ ਆਪਣੇ ਦਾੜ੍ਹੇ ਨੂੰ ਕਿਸ ਮਜਬੂਰੀ ਦੀ ਭੇਟ ਚੜ੍ਹਾਇਆ ਹੋਇਆ ਹੈ?

ਸ਼੍ਰੋਮਣੀ ਕਮੇਟੀ ਵਾਲਿਆਂ ਤੋਂ ਪੁੱਛਣਾ ਬਣਦਾ ਹੈ ਕਿ ਉਹ ਸਿਰਫ ਸਿੱਖਾਂ ਦੇ ਘਰ ਜਨਮ ਲੈਣ ਵਾਲੇ ਨੂੰ ਸਿੱਖ ਤਸਲੀਮ ਕਰਦੇ ਹਨ? ਅਤੇ ਕਿਸੇ ਬੇਅੰਮ੍ਰਿਤੀਏ 'ਤੇ ਮਰਿਆਦਾ ਦੀ ਸਖਤੀ ਲਾਗੂ ਹੁੰਦੀ ਹੈ?

ਪੰਥਕ ਵਿਦਵਾਨ ਇਸ ਵਿਚਾਰ ਵਿਹੂਣੇ, ਉਤੇਜਿਤ ਅਤੇ ਬੇਸਿਰ ਵਰਤਾਰੇ 'ਤੇ ਆਪਣੇ ਪ੍ਰਤਿਕਰਮ ਪੇਸ਼ ਕਰਨ ਤੋਂ ਕਿਉਂ ਕਤਰਾਉਂਦੇ ਹਨ, ਇਹ ਵੱਡੀ ਚਿੰਤਾ ਦਾ ਵਿਸ਼ਾ ਹੈ।

ਮਰਿਆਦਾ ਦੇ ਸੰਵੇਦਨਸ਼ੀਲ ਮਸਲਿਆਂ ਨੂੰ ਕਿਸੇ ਤਰ੍ਹਾਂ ਦੀ ਵੀ ਰਾਜਨੀਤੀ ਤਹਿਤ ਵਿਚਾਰਨਾ ਜਾਂ ਨਾ ਵਿਚਾਰਨਾ ਬਿਲਕੁਲ ਮੰਦਭਾਗੀ ਗੱਲ ਹੈ।

ਮਤ ਕੋਈ ਸਮਝੇ ਕਿ ਇਹ ਲੇਖ ਦਸਤਾਰ ਦੀ ਮਹਿਮਾ ਤੋਂ ਮੁਨਕਰ ਹੈ। ਦਰਅਸਲ ਕਿਸੇ ਨੇ ਸਵਾਲ ਕੀਤਾ ਸੀ, "ਦਸਤਾਰ ਬਗੈਰ ਸਿੱਖ ਦਾ ਤਸੱਵਰ ਕੀਤਾ ਜਾ ਸਕਦਾ ਹੈ?" ਮੈਂ ਆਖਿਆ, "ਬਿਲਕੁਲ ਨਹੀਂ।"

ਮੈਂ ਮੋੜਵਾਂ ਸਵਾਲ ਕੀਤਾ, "ਬਗੈਰ ਕੱਕਾਰ ਸਿੱਖ ਤਸੱਵਰ ਕੀਤਾ ਜਾ ਸਕਦਾ ਹੈ?" ਜਵਾਬ ਮਿਲਿਆ, "ਜੀ ਬਿਲਕੁਲ।"

ਇਸ 'ਬਿਲਕੁਲ' ਨੇ ਮੈਨੂੰ ਹੈਰਾਨ ਪ੍ਰੇਸ਼ਾਨ ਕਰਨ ਉਪਰੰਤ ਉਦਾਸ ਕਰ ਦਿੱਤਾ। ਉਸ ਉਦਾਸੀ ਵਿਚ ਇਸ ਲੇਖ ਦਾ ਜਨਮ ਹੋਇਆ।

ਅਸਲ ਵਿਚ ਕੱਕਾਰ ਬਗੈਰ ਦਸਤਾਰ ਨਿਰੀ ਟੌਹਰ ਹੈ ਅਤੇ ਕਿਰਦਾਰ ਬਗੈਰ ਕੱਕਾਰ ਨਿਰਾ ਦਿਖਾਵਾ ਹੈ।

ਦਸਮ ਗ੍ਰੰਥ ਸਾਹਿਬ ਦੇ ਅਖੀਰ ਵਿਚ ਪਾਤਸ਼ਾਹ ਦੇ ਫੁਰਮਾਨ ਮੁਤਾਬਕ 'ਬਿਨਾ ਕੇਸ' ਬਾਕੀ ਚਾਰੇ ਕੱਕਾਰ 'ਹੇਚ' ਹਨ ਅਤੇ 'ਹੁੱਕਾ ਹਜਾਮਤ ਹਲਾਲੋ ਹਰਾਮ' ਦੇ ਪਰਹੇਜ਼ ਬਗੈਰ ਬਾਕੀ ਸਭ ਕੁਝ ਮੂੰਹ ਕਾਲਾ (ਸਿਆਹ ਫਾਮ) ਕਰਨ ਦੇ ਤੁਲ ਹੈ। ਭਗਤ ਕਬੀਰ ਨੇ ਮੁਸਲਮਾਨ ਨੂੰ ਤਰਕ ਕੀਤਾ, "ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥"

ਇਹੀ ਤਰਕ 'ਸਰਦਾਰ' ਉਤੇ ਵੀ ਉਠ ਸਕਦਾ ਹੈ ਕਿ ਦਸਤਾਰ ਬਗੈਰ "ਅਉਰਤ ਕਾ ਕਿਆ ਕਰੀਐ॥"

ਡਾ. ਰਤਨ ਸਿੰਘ ਜੱਗੀ, ਪ੍ਰੋ. ਐਚ. ਐਸ. ਬੇਦੀ, ਭਾਈ ਅਸ਼ੋਕ ਸਿੰਘ ਬਾਗੜੀਆਂ, ਡਾ. ਦਰਸ਼ਨ ਸਿੰਘ, ਡਾ. ਜਗਬੀਰ ਸਿੰਘ, ਭਾਈ ਬਲਦੀਪ ਸਿੰਘ, ਸ. ਅਨੁਰਾਗ ਸਿੰਘ, ਸ. ਗੁਰਤੇਜ ਸਿੰਘ, ਡਾ. ਗੁਰਦਰਸ਼ਨ ਸਿੰਘ ਢਿੱਲੋਂ, ਪ੍ਰੋ. ਹਰਪਾਲ ਸਿੰਘ, ਪ੍ਰੋ. ਜਗਦੀਸ਼ ਸਿੰਘ ਅਤੇ ਡਾ. ਮਨਜਿੰਦਰ ਸਿੰਘ ਜਿਹੇ ਕੱਦਾਵਰ ਵਿਦਵਾਨਾਂ ਨੂੰ ਸਨਿਮਰ ਬੇਨਤੀ ਹੈ ਕਿ ਕਿਤੇ ਸਾਂਝੀ ਪੱਧਰ 'ਤੇ ਵਿਚਾਰ ਵਟਾਂਦਰਾ ਕਰਕੇ ਪੰਥ ਨੂੰ ਨਿੱਤ ਪੇਸ਼ ਆਉਂਦੇ ਮਸਲਿਆਂ 'ਤੇ ਕੋਈ ਸਾਜਗਾਰ ਸੇਧ ਮੁਹੱਈਆ ਕੀਤੀ ਜਾਵੇ ਤਾਂ ਜੋ ਉਪਭਾਵਕ, ਉਤੇਜਿਤ ਅਤੇ ਉਕਸਾਹਟ ਭਰਪੂਰ ਸ਼ਰਾਰਤੀ ਕਿਸਮ ਦੇ ਕਾਟੋਕਲੇਸ਼, ਕੁੱਕੜਖੋਹ ਤੇ ਬਦਮਿਜ਼ਾਜ ਤੁਹਮਤਬਾਜੀ ਤੋਂ ਨਿਜਾਤ ਮਿਲੇ।

# ਗੱਲੀਂ ਅਸੀਂ ਚੰਗੀਆਂ ਆਚਾਰੀ ਬੁਰੀਆਂ

***ਇੰਡੀਆਨਾ ਦੇ ਗੁਰਦੁਆਰਾ ਗਰੀਨਵੁਡ ਵਿਚ ਜੋ ਕੁਝ ਵਾਪਰਿਆ, ਉਸ ਨੇ ਸੱਚਮੁੱਚ ਹੀ ਆਮ ਸਿੱਖ ਨੂੰ ਹਲੂਣ ਕੇ ਰੱਖ ਦਿੱਤਾ ਹੈ ਕਿ ਆਪਸੀ ਧੜੇਬੰਦੀ ਦੀ ਲੜਾਈ ਵਿਚ ਸਾਡੇ ਮੋਹਤਬਰ ਗੁਰੂ ਦੀ ਮਾਣ ਮਰਿਆਦਾ ਨੂੰ ਵੀ ਕਿਵੇਂ ਭੁੱਲ ਜਾਂਦੇ ਹਨ। ਗੁਰੂ ਦੀ ਹਾਜਰੀ ਵਿਚ ਇਕ ਦੂਜੇ ਨੂੰ ਮੰਦਾ ਬੋਲਦੇ ਹਨ ਅਤੇ ਦਸਤਾਰ ਲਾਹੁਣ ਤੱਕ ਜਾਂਦੇ ਹਨ। ਉਂਜ ਇਹ ਵਰਤਾਰਾ ਕਿਸੇ ਇਕ ਗੁਰੂ ਘਰ ਦਾ ਨਹੀਂ। ਧੜੇਬੰਦੀ ਤੋਂ ਉਪਰ ਉਠ ਕੇ ਸੋਚਿਆ ਜਾਵੇ ਤਾਂ ਕੀ ਇਹ ਸਭ ਸਾਡੀ ਵਿਲੱਖਣ ਪਛਾਣ ਬਣਾਉਂਦਾ ਹੈ ਜਾਂ ਫਿਰ...? ਇਹ ਕੁਝ ਸਵਾਲ ਹਨ ਜੋ ਇਸ ਲੇਖ ਵਿਚ ਚਰਨਜੀਤ ਸਿੰਘ ਸਾਹੀ ਨੇ ਉਠਾਏ ਹਨ। -ਸੰਪਾਦਕ***

ਲੰਘੀ 14 ਅਪਰੈਲ ਵਿਸਾਖੀ ਵਾਲੇ ਦਿਨ ਕੁੱਲ ਸੰਸਾਰ ਵਿਚ ਸਿੱਖ ਖਾਲਸੇ ਦਾ ਸਾਜਨਾ ਦਿਵਸ ਮਨਾ ਰਹੇ ਸਨ ਤੇ ਕਈ ਥਾਂਈਂ ਗੈਰ ਸਿੱਖਾਂ ਦੇ ਸਿਰਾਂ 'ਤੇ ਵੀ ਦਸਤਾਰਾਂ ਸਜਾ ਕੇ ਸਿੱਖੀ ਤੇ ਦਸਤਾਰ ਬਾਰੇ ਪ੍ਰਚਾਰ ਹੋ ਰਿਹਾ ਸੀ। ਇਸੇ ਤਰ੍ਹਾਂ ਹੀ ਇੰਡੀਅਨਐਪੋਲਿਸ ਦੇ ਡਾਊਨਟਾਊਨ ਵਿਚ ਲੋਕਾਂ ਦੇ ਸਿਰਾਂ 'ਤੇ ਦਸਤਾਰਾਂ ਸਜਾ ਕੇ ਸਿੱਖੀ ਤੇ ਦਸਤਾਰ ਦੀ ਮਹੱਤਤਾ ਦੱਸੀ ਗਈ। ਦੂਜੇ ਪਾਸੇ ਇਸੇ ਸ਼ਹਿਰ ਦੀ ਸਬਰਬ ਗਰੀਨਵੁੱਡ ਵਿਚ 15 ਅਪਰੈਲ, ਐਤਵਾਰ ਨੂੰ ਕੁਝ ਸਿੱਖਾਂ ਵੱਲੋਂ ਇਕ

ਚਰਨਜੀਤ ਸਿੰਘ ਸਾਹੀ
ਫੋਨ: 317-430-6545

ਦੂਜੇ ਦੇ ਸਿਰਾਂ ਤੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਦਸਤਾਰਾਂ ਲਾਹੀਆਂ ਗਈਆਂ ਤੇ ਇਕ ਦੂਜੇ ਵਿਰੁਧ ਗੰਦੀ ਸ਼ਬਦਾਵਲੀ ਵਰਤੀ ਗਈ। ਇਹ ਸਭ ਵੇਖ-ਸੁਣ ਕੇ ਹਰ ਸੂਝਵਾਨ ਸਿੱਖ ਦਾ ਦਿਲ ਦੁਖੀ ਹੋਇਆ ਤੇ ਸ਼ਰਮ ਸਿਰ ਝੁੱਕ ਗਿਆ।

ਗੁਰਦੁਆਰਾ ਗਰੀਨਵੁੱਡ ਦੇ ਦੀਵਾਨ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਿਨ੍ਹਾਂ ਵੀ ਭੁਲੱਕੜ ਸਿੱਖਾਂ ਨੇ ਆਪਣੀ ਹਉਮੈ ਤੇ ਹੰਕਾਰ ਨੂੰ ਪੱਠੇ ਪਾਉਂਦਿਆਂ ਸਿੱਖੀ ਦੇ ਸਰਬੱਤ ਦਾ ਭਲਾ ਮੰਗਣ ਵਾਲੇ ਮੁਢਲੇ ਅਸੂਲਾਂ ਨੂੰ ਛਿੱਕੇ ਟੰਗਿਆ ਅਤੇ ਇਕ ਗਰੁਪ ਨੇ ਦੂਜੇ ਗਰੁਪ 'ਤੇ ਪੈਪਰ ਸਪਰੇਅ ਤੇ ਕਿਰਪਾਨਾਂ ਨਾਲ ਹਮਲਾ ਕੀਤਾ। ਇਸ ਸਭ ਕਾਸੇ ਦੀ ਵੀਡੀਓ ਇਥੋਂ ਦੇ ਟੀ. ਵੀ. ਚੈਨਲਾਂ ਨੇ ਵਾਰ ਵਾਰ ਵਿਖਾਈ।

ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੇ ਤਿੰਨ ਤਰ੍ਹਾਂ ਦੇ ਸਿੱਖ ਹਨ-ਸਹਿਜਧਾਰੀ, ਕੇਸਾਧਾਰੀ ਤੇ ਖੰਡੇ ਬਾਟੇ ਦੀ ਪਾਹੁਲ ਛਕਣ ਵਾਲੇ ਅੰਮ੍ਰਿਤਧਾਰੀ ਸਿੰਘ। ਅੰਮ੍ਰਿਤ ਛਕ ਕੇ ਸਿੰਘ ਸਜ ਕੇ ਤਾਂ ਆਮ ਮਨੁੱਖ ਨਾਲੋਂ ਜ਼ਿਆਦਾ ਹਲੀਮੀ, ਸਹਿਨਸ਼ੀਲਤਾ ਹੋਣੀ ਚਾਹੀਦੀ ਹੈ। ਗੁਰੂ ਸਾਹਿਬ ਨੇ ਤਾਂ ਜਖਮੀ ਦੁਸ਼ਮਣ ਦੀ ਵੀ ਮੱਲਮਪੱਟੀ ਕਰਨ ਦਾ ਸਿੱਖੀ ਸਿਧਾਂਤ ਬਖਸ਼ਿਆ ਹੈ, ਪਰ ਜੋ ਵੀ ਵਰਤਾਰਾ ਉਸ ਦਿਨ ਗੁਰੂ ਘਰ ਦੇ ਹਾਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਰਤਿਆ, ਬਿਲਕੁਲ ਸਿੱਖੀ ਸਿਧਾਂਤਾਂ ਦੇ ਉਲਟ ਹੈ।

ਇਹ ਕਿਸ ਤਰ੍ਹਾਂ ਦੇ ਸਿੱਖ ਹਨ? ਜਦੋਂ ਕੋਈ ਸੰਗਤ ਵਿਚੋਂ ਗਲਤੀ ਨਾਲ ਸਿਰ ਢੱਕਣਾ ਭੁੱਲ ਜਾਵੇ ਜਾਂ ਜੁਰਾਬਾਂ ਸਣੇ ਦੀਵਾਨ ਹਾਲ ਵਿਚ ਦਾਖਲ ਹੋ ਜਾਵੇ ਤਾਂ ਇਹੀ ਸਿੱਖ ਅਸਮਾਨ ਸਿਰ 'ਤੇ ਚੁੱਕ ਲੈਂਦੇ ਹਨ ਪਰ ਉਦੋਂ ਕਿਸੇ ਨੂੰ ਭੋਰਾ ਵੀ ਸ਼ਰਮ ਨਾ ਆਈ ਤੇ ਇਨ੍ਹਾਂ ਦੀ ਜ਼ਮੀਰ ਮਰ ਗਈ ਜਦੋਂ ਪੁਲਿਸ ਸਣੇ ਜੁੱਤੀਆਂ ਦਰਬਾਰ ਹਾਲ ਵਿਚ ਮਹਾਰਾਜ ਦੀ ਹਜ਼ੂਰੀ 'ਚ ਇਨ੍ਹਾਂ ਨੂੰ ਖਦੇੜਦੀ ਨਜ਼ਰ ਆਈ।

ਅਸੀਂ ਸਾਰੇ ਆਪਣੇ ਬੱਚਿਆਂ ਨੂੰ ਬੜੀ ਮੁਸ਼ਕਿਲ ਨਾਲ ਸਿੱਖ ਧਰਮ ਦੇ ਮਾਣਮੱਤੇ ਇਤਿਹਾਸ ਬਾਰੇ ਦੱਸ ਦੱਸ ਕੇ ਗੁਰੂ ਘਰ ਆਉਣ ਲਈ ਪ੍ਰੇਰਦੇ ਹਾਂ ਪਰ ਜਦੋਂ ਸਾਡੀ ਇਹ ਸੱਚਾਈ ਇਥੋਂ ਦੇ ਜੰਮੇ ਪਲੇ ਬੱਚਿਆਂ ਦੇ ਸਾਹਮਣੇ ਆਉਂਦੀ ਹੈ ਤਾਂ ਉਹ ਕਿਉਂ ਗੁਰੂ ਘਰਾਂ ਵਿਚ ਆਉਣਗੇ? ਅਸੀਂ ਆਪਣੀਆਂ ਇਨ੍ਹਾਂ ਕੋਝੀਆਂ ਹਰਕਤਾਂ, ਜੋ ਸਾਡੇ ਸਿੱਖੀ ਸਿਧਾਂਤਾਂ ਤੋਂ ਬਿਲਕੁਲ ਉਲਟ ਹਨ, ਨਾਲ ਆਪਣੇ ਬੱਚਿਆਂ ਨੂੰ ਆਪਣੇ ਧਰਮ ਤੋਂ ਖੁਦ ਦੂਰ ਕਰ ਰਹੇ ਹਾਂ। ਸਮਝ ਨਹੀਂ ਆਉਂਦੀ ਕਿ ਅਸੀਂ ਗੁਰੂ ਘਰਾਂ ਵਿਚ ਇਕ ਦੂਜੇ ਕੋਲੋਂ ਕਿਹੜਾ ਮੈਦਾਨ ਜਿੱਤਣਾ ਹੈ? ਇਸ ਮੰਦਭਾਗੀ ਘਟਨਾ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਥੋੜ੍ਹੀ ਹੈ। ਬਾਕੀ ਪੁਲਿਸ ਤੇ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ, ਜਿਨ੍ਹਾਂ ਦੀ ਵੀ ਗਲਤੀ ਹੋਵੇ, ਕਾਨੂੰਨ ਮੁਤਾਬਕ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਸਰਬਤ ਦਾ ਭਲਾ ਮੰਗਣ ਵਾਲੇ ਸਿੱਖੀ ਸਿਧਾਂਤਾਂ ਦੇ ਉਲਟ ਮੁੜ ਕੋਈ ਐਸਾ ਕਾਰਾ ਕਰਨ ਦਾ ਹੀਆ ਨਾ ਕਰ ਸਕੇ।

ਜਦੋਂ ਕਈ ਗੁਰੂ ਘਰਾਂ ਵਿਚ ਕਿਹਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਦੀ ਕਮੇਟੀ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣ ਤਾਂ ਬੜੀ ਹੈਰਾਨੀ ਹੁੰਦੀ ਹੈ। ਇਨ੍ਹਾਂ ਨੂੰ ਕੋਈ ਪੁੱਛੇ, ਅੱਜ ਤੋਂ ਤੀਹ-ਪੈਂਤੀ ਸਾਲ ਜਾਂ ਉਸ ਤੋਂ ਵੀ ਪਹਿਲਾਂ ਜਦੋਂ ਕੇਸਾਧਾਰੀ ਤੇ ਕਲੀਨਸ਼ੇਵ ਸਿੱਖਾਂ ਨੇ ਬੜੀ ਸ਼ਰਧਾ ਤੇ ਕਈ ਮੁਸ਼ਕਿਲਾਂ ਝੱਲਦਿਆਂ ਇਥੋਂ ਤੱਕ ਕਈ ਥਾਂਵਾਂ ਤੇ ਆਪਣੇ ਘਰਾਂ ਉਤੇ ਲੋਨ ਚੁੱਕ ਕੇ ਗੁਰਦੁਆਰਾ ਸਾਹਿਬਾਨ ਦੀ ਉਸਾਰੀ ਤੇ ਸੇਵਾ ਕੀਤੀ, ਕੀ ਉਨ੍ਹਾਂ ਨੂੰ ਆਪਣੇ ਸਿੱਖ ਧਰਮ ਤੇ ਗੁਰੂ ਨਾਲ ਪਿਆਰ ਨਹੀਂ ਸੀ? ਅੱਜ ਕੁਝ ਸਿੱਖ ਇਸ ਸੁਖਾਵੇਂ ਮਾਹੌਲ ਵਿਚ ਇਹ ਸ਼ਰਤਾਂ ਲਾਉਂਦੇ ਹਨ ਤਾਂ ਸਮਝ ਤੋਂ ਬਾਹਰ ਹੈ। ਜੇ ਇਨ੍ਹਾਂ 'ਤੇ ਗੁਰੂ ਦੀ ਅਪਾਰ ਕਿਰਪਾ ਹੋਈ ਅੰਮ੍ਰਿਤ ਛੱਕਣ ਦੀ ਤਾਂ ਇਹ ਭਾਗਾਂ ਵਾਲੇ ਹਨ, ਇਨ੍ਹਾਂ ਨੂੰ ਬਹੁਤ ਬਹੁਤ ਮੁਬਾਰਕ। ਕਿਉਂ ਨਹੀਂ ਇਹ ਸਿੰਘ ਪਿਆਰ ਤੇ ਆਪਣੇ ਚੰਗੇ ਰਸੂਖ ਦੀ ਮਿਸਾਲ ਪੈਦਾ ਕਰਕੇ ਗੈਰ ਅੰਮ੍ਰਿਤਧਾਰੀ ਸਿੱਖਾਂ ਨੂੰ ਪ੍ਰੇਰਦੇ? ਉਨ੍ਹਾਂ 'ਤੇ ਵੀ ਗੁਰੂ ਦੀ ਕ੍ਰਿਪਾ ਹੋ ਜਾਵੇ, ਉਹ ਵੀ ਅੰਮ੍ਰਿਤ ਛਕ ਲੈਣ ਤਾਂ ਇਸ ਤੋਂ ਵਧੀਆ ਕੋਈ ਗੱਲ ਨਹੀਂ, ਪਰ ਧੱਕਾ ਨਹੀਂ। ਗੁਰੂ ਤਾਂ ਨਿਮਰਤਾ, ਦਯਾ ਸਿਖਾਉਂਦਾ ਹੈ।

ਅਜਿਹਾ ਪਹਿਲੀ ਵਾਰ ਨਹੀਂ ਹੋਇਆ, ਪਹਿਲਾਂ ਵੀ ਇਹ ਦੁਖਾਂਤ ਕਈ ਗੁਰੂ ਘਰਾਂ ਵਿਚ ਵਾਪਰ ਚੁਕਾ ਹੈ। ਗੁਰੂ ਦੇ ਗਿਆਨ ਤੋਂ ਵਿਹੂਣੇ ਤੇ ਚੌਧਰ ਦੇ ਭੁੱਖੇ ਲੋਕ ਚੰਗੇ ਭਲੇ ਗੁਰੂ ਘਰਾਂ ਦੇ ਚੱਲ ਰਹੇ ਪ੍ਰਬੰਧ ਵਿਚ ਜੋ ਵੀ ਲੱਤਾਂ ਅੜਾ ਵਿਘਨ ਪਾਉਂਦੇ ਹਨ ਤੇ ਆਪਣੀ ਈਨ ਮੰਨਵਾਉਣ ਲਈ ਹੁੱਲੜਬਾਜ਼ੀ ਕਰਦੇ ਹਨ, ਉਹ ਗੁਰੂ ਦੀ ਸਿੱਖੀ ਤੋਂ ਕੋਹਾਂ ਦੂਰ ਹਨ, ਜਦਕਿ ਆਮ ਸੰਗਤ ਗੁਰੂ ਘਰ ਵਿਚ ਇਥੋਂ ਦੀ ਮਿਹਨਤ ਤੇ ਹਫਤੇ ਭਰ ਦੀ ਭੱਜ-ਦੌੜ ਦੀ ਜ਼ਿੰਦਗੀ ਵਿਚੋਂ ਇਕ ਦਿਨ ਕੱਢ ਕੇ ਸ਼ਰਧਾ ਨਾਲ ਮਨ ਦੀ ਸ਼ਾਂਤੀ ਲਈ ਗੁਰੂ ਦੇ ਚਰਨਾਂ ਵਿਚ ਸੀਸ ਨਿਵਾਉਣ ਆਉਂਦੀ ਹੈ, ਪਰ ਕੁਝ ਚੌਧਰੀ ਸੰਗਤ ਵੱਲੋਂ ਆਪਣੀ ਨੇਕ ਕਮਾਈ ਵਿਚੋਂ ਦਿੱਤੇ ਹੋਏ ਡਾਲਰਾਂ ਨੂੰ ਕੋਰਟਾਂ ਕਚਹਿਰੀਆਂ ਵਿਚ ਆਪਣੀ ਚੌਧਰ ਨੂੰ ਕਾਇਮ ਰੱਖਣ ਲਈ ਅਜਾਈਂ ਰੋੜ੍ਹਨ ਤੋਂ ਵੀ ਗੁਰੇਜ਼ ਨਹੀਂ ਕਰਦੇ।

ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਸੁਚੇਤ ਹੋਣ ਦੀ ਲੋੜ ਹੈ। ਧੜਾ ਭਾਵੇਂ ਕੋਈ ਵੀ ਹੋਵੇ, ਅਜਿਹੇ ਚੌਧਰੀਆਂ ਨੂੰ ਪਛਾਣ ਕੇ ਗੁਰੂ ਘਰਾਂ ਦੀਆਂ ਕਮੇਟੀਆਂ ਵਿਚੋਂ ਲਾਂਭੇ ਕੀਤਾ ਜਾਵੇ ਤਾਂਕਿ ਗੁੱਟਬੰਦੀ ਤੋਂ ਉਤਾਂਹ ਉਠ ਕੇ ਸੁਚੱਜੇ ਢੰਗ ਨਾਲ ਗੁਰੂ ਘਰਾਂ ਦੇ ਪ੍ਰਬੰਧ ਚੱਲ ਸਕਣ ਤੇ ਸੰਗਤ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੇ। ਅਸੀਂ ਭਾਗਾਂ ਵਾਲੇ ਹਾਂ, ਸਾਨੂੰ ਅਜਿਹੇ ਦੇਸ਼ ਵਿਚ ਵੱਸਣ ਦਾ ਮੌਕਾ ਮਿਲਿਆ, ਜਿੱਥੇ ਸਾਨੂੰ, ਸਾਡੇ ਆਪਣੇ ਕਹੇ ਜਾਣ ਵਾਲੇ ਦੇਸ਼ ਨਾਲੋਂ ਵੀ ਵੱਧ ਧਾਰਮਿਕ ਆਜ਼ਾਦੀ ਹੈ। ਇਹ ਨਾ ਹੋਵੇ ਕਿ ਅਸੀਂ ਆਪਣੇ ਅਜਿਹੇ ਘਿਨਾਉਣੇ ਵਿਖਾਵੇ ਕਰਕੇ ਇਹਨੂੰ ਗਵਾ ਲਈਏ।

# ਅੱਗ ਦੀਆਂ ਪੂਣੀਆਂ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਕੁਝ ਲੇਖਾਂ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਸੀ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਸੀ। ਪਿਛਲੇ ਲੇਖ ਵਿਚ ਉਨ੍ਹਾਂ ਸੂਰਜ ਦੀਆਂ ਬਖਸ਼ੀਆਂ ਨਿਆਮਤਾਂ ਅਤੇ ਇਸ ਦੀ ਕੁਵਰਤੋਂ ਵਿਚੋਂ ਨਿਕਲਦੇ ਭਾਂਬੜਾ ਦੀ ਗੱਲ ਕੀਤੀ ਸੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਅੱਗ ਦੀ ਗੱਲ ਕਰਦਿਆਂ ਕਿਹਾ ਹੈ ਕਿ ਅੱਜ ਅੱਗ ਤੋਂ ਬਿਨਾ ਜੀਵਨ ਦੀ ਕਲਪਨਾ ਕਰਨੀ ਵੀ ਔਖੀ ਹੈ, ਪਰ ਅੱਗ ਬਰਬਾਦੀ ਵੀ ਤੇ ਅਬਾਦੀ ਵੀ। ਅੱਗ ਆਸ ਵੀ ਤੇ ਵਿਨਾਸ਼ ਵੀ।...ਅੱਗ ਲੋੜ ਵੀ ਅਤੇ ਥੋੜ੍ਹ ਵੀ। ਅੱਗ ਧਰਮੀ ਵੀ ਅਤੇ ਕਰਮੀ ਵੀ ਹੈ। ਨਾਲ ਹੀ ਉਹ ਚੇਤਾਵਨੀ ਦਿੰਦੇ ਹਨ, "ਅੱਗ ਉਗਲਦਾ ਬਾਰੂਦ, ਮੌਤ ਵਣਜਦੀਆਂ ਬੰਦੂਕਾਂ ਅਤੇ ਫਿਰਕੂਪੁਣੇ ਦੀ ਅੱਗ ਵਿਚ ਝੁਲਸੀ ਜਾ ਰਹੀ ਮਨੁੱਖਤਾ, ਮਾਨਵਤਾ ਲਈ ਨਮੋਸ਼ੀ।" ਉਨ੍ਹਾਂ ਦੀ ਨਸੀਹਤ ਹੈ, "ਆਪਣੀ ਸੋਚ ਅਤੇ ਕਰਮ ਦੀ ਅਗਨੀ ਨੂੰ ਕਦੇ ਵੀ ਠੰਢਾ ਨਾ ਹੋਣ ਦਿਓ। ਜੀਵਨੀ ਕਰਮਸ਼ੀਲਤਾ ਅਤੇ ਨਿਰੰਤਰਤਾ ਲਈ ਜਰੂਰੀ ਹੈ ਕਿ ਤੁਹਾਡੇ ਅੰਦਰਲੀ ਚੰਗਿਆੜੀ ਮਘਦੀ ਰਹੇ।...ਪਰ ਅੱਗ ਨਾਲ ਨਾ ਖੇਡੋ ਕਿਉਂਕਿ ਅੱਗ ਦਾ ਨਹੀਂ ਕੋਈ ਵਸਾਹ ਤੇ ਨਹੀਂ ਕਰਦੀ ਕਿਸੇ ਦਾ ਲਿਹਾਜ਼। ਇਸ ਦੀ ਲਪੇਟ ਵਿਚ ਆਇਆ ਮਨੁੱਖ ਪਲ 'ਚ ਹੀ ਬਣ ਜਾਂਦਾ ਸਵਾਹ ਦੀ ਢੇਰੀ।" -ਸੰਪਾਦਕ*

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਅੱਗ, ਮਨੁੱਖੀ ਜਰੂਰਤ ਅਤੇ ਜੀਵਨ-ਆਧਾਰ। ਖੁਰਾਕ ਪਕਾਉਣ ਲਈ ਅਹਿਮ। ਜੀਵਨ ਦੇ ਹਰ ਪੜਾਅ 'ਤੇ ਇਸ ਦੀ ਮਹਾਨਤਾ ਬਰਕਰਾਰ।

ਅੱਗ ਦਾ ਸਾਥ ਮੁੱਢ-ਕਦੀਮ ਤੋਂ ਮਨੁੱਖ ਦੇ ਨਾਲ, ਹਰ ਮੋੜ 'ਤੇ ਰੱਖਦੀ ਖਿਆਲ। ਗੋਦ ਵਿਚ ਖਿਡਾਉਂਦੀ, ਜੀਵਨ-ਰਾਹਾਂ ਗਰਮਾਉਂਦੀ ਅਤੇ ਰੁਸ਼ਨਾਉਂਦੀ। ਆਦਿ-ਮਨੁੱਖ ਵਲੋਂ ਸੁੱਕੀਆਂ ਲੱਕੜਾਂ ਵਿਚੋਂ ਨਿਕਲੀ ਚੰਗਿਆੜੀ ਜਾਂ ਪੱਥਰਾਂ ਨੂੰ ਘਸਾ ਕੇ ਪੈਦਾ ਕੀਤੀ ਅਗਨੀ ਨੇ ਮਨੁੱਖੀ ਖੁਰਾਕ, ਖਾਣ-ਆਦਤਾਂ ਅਤੇ ਮਨੁੱਖੀ ਸੋਝੀ ਨੂੰ ਦਿਤੀ ਨਵੀਂ ਪਰਵਾਜ਼।

ਅੱਗ, ਜ਼ਿੰਦਗੀ ਵਿਚ ਨਿੱਘ ਤੇ ਰੋਸ਼ਨੀ ਦੀ ਕਾਤਰ। ਜ਼ਿੰਦਗੀ ਨੂੰ ਜਿਉਣ ਜੋਗਾ ਕਰਨ ਦੀ ਵਿਧਾ। ਮਨੁੱਖੀ ਸੁਆਦ ਤੇ ਖਾਣੇ ਦੀਆਂ ਲੱਜਤਾਂ ਦਾ ਅੱਗ ਨਾਲ ਬੇਜੋੜ ਰਿਸ਼ਤਾ।

ਸਿਆਲ 'ਚ ਬੱਚੇ ਦੇ ਜਨਮ ਵੇਲੇ ਜੱਚਾ-ਬੱਚਾ ਦੇ ਕੋਲ ਬਲਦੀ ਧੂਣੀ ਜਿਥੇ ਨਵ-ਜ਼ਿੰਦਗੀ ਲਈ ਨਿੱਘ ਦਾ ਹੁਲਾਰ, ਉਥੇ ਹੀ ਚਾਨਣ-ਅੰਬਾਰ। ਨੈਣਾਂ ਵਿਚ ਚਾਨਣ ਦਾ ਤਰੌਂਕਾ ਦੇਣਾ ਵੀ ਅੱਗ ਦੇ ਹੀ ਹਿੱਸੇ ਆਇਆ।

ਅੱਗ ਬਹੁ-ਪਰਤਾਂ ਵਿਚ ਮਨੁੱਖੀ ਜੀਵਨ ਨੂੰ ਪ੍ਰਭਾਵਤ ਤੇ ਪਰਿਭਾਸ਼ਤ ਕਰਦੀ। ਸਮਾਜਕ, ਧਾਰਮਿਕ ਅਤੇ ਆਰਥਕ ਸਰੋਕਾਰਾਂ ਨੂੰ ਨਿਰਧਾਰਤ ਕਰਨ ਵਿਚ ਅੱਗ ਦਾ ਅਹਿਮ ਸਥਾਨ।

ਚੁੱਲ੍ਹਾ ਮੱਘਦਾ ਰੱਖਣ ਲਈ ਮਾਪਿਆਂ ਵਲੋਂ ਜਾਲੇ ਜ਼ਫਰ ਜਦ ਬੱਚਿਆਂ ਦੇ ਨੈਣਾਂ ਵਿਚ ਤੈਰਨ ਲੱਗ ਪੈਣ ਤਾਂ ਘਰਾਂ ਦੀ ਤਾਮੀਰਦਾਰੀ ਹੁੰਦੀ ਅਤੇ ਘਰ 'ਚੋਂ ਬਹੁਤ ਸਾਰੇ ਘਰਾਂ ਦੀ ਸਿਰਜਣਾ ਅਰੰਭ ਹੁੰਦੀ।

ਚੁੱਲ੍ਹੇ ਦੀ ਅੱਗ ਜਦ ਚੁਗਲੀਆਂ ਕਰਨ ਲੱਗ ਪਵੇ ਤਾਂ ਅੱਗ ਸੰਤਾਪ ਦੇ ਰਾਹ ਤੁਰਦੀ ਅਤੇ ਹੌਲੀ ਹੌਲੀ ਭੁੱਬਲ ਦੀ ਅੱਗ ਬਣ ਚੁੱਲ੍ਹੇ-ਚੌਂਕਿਆਂ ਦੇ ਨਾਂਵੇਂ ਠੰਢੇ ਚੁੱਲ੍ਹਿਆਂ ਦਾ ਹੌਕਾ ਧਰਦੀ।

ਅੱਗ, ਘਰ ਦੀ ਫਾਸੀਲ ਵਿਚ ਉਚਮਤਾ ਅਤੇ ਗੁਣਵੱਤਾ ਸੰਗ ਖੁਦ ਨੂੰ ਸੰਵਾਰਦੀ ਰਹੇ ਤਾਂ ਘਰਾਂ ਦੇ ਮੱਥਿਆਂ 'ਤੇ ਚਿਰਾਗਾਂ ਦੀ ਡਾਰ। ਇਸ ਦੀ ਰੋਸ਼ਨੀ ਨਾਲ ਦੂਰ ਦੂਰ ਤੀਕ ਜਾਂਦੇ ਰਾਹ ਚਾਨਣ ਨਾਲ ਭਰਦੇ। ਜਦ ਇਹ ਅੱਗ, ਘਰ ਤੋਂ ਬਾਹਰ ਪੈਰ ਧਰਦੀ ਤਾਂ ਘਰ ਨੂੰ ਸਵਾਹ ਬਣਦਿਆਂ ਦੇਰ ਵੀ ਨਾ ਲੱਗਦੀ।

ਧੂਣੀ ਦੀ ਅੱਗ ਪੋਹ-ਮਾਘ ਦੇ ਮਹੀਨੇ ਠਰਦੇ ਹੱਥਾਂ ਲਈ ਨਿੱਘ। ਪਰ ਜਦ ਇਸ ਦਾ ਕੋਈ ਚੰਗਿਆੜਾ ਝੋਨੇ ਦੇ ਵੱਢ ਨੂੰ ਆਪਣੀ ਲਪੇਟ ਵਿਚ ਲੈਂਦਾ ਤਾਂ ਖੜੀ ਫਸਲ ਦੇ ਨਾਲ ਧਰਤੀ ਦਾ ਪਿੰਡਾ ਲੂੰਹਦਾ, ਧਰਤੀ ਦੇ ਮਿੱਤਰ-ਕੀੜਿਆਂ ਦਾ ਸਿਵਾ ਸੇਕਦਾ, ਹਵਾ ਦਾ ਦਮ ਘੁਟਦਾ ਅਤੇ ਆਉਣ ਵਾਲੇ ਵਕਤਾਂ ਦੀ ਤਲੀ 'ਤੇ ਵੈਰਾਗੇ ਪਲਾਂ ਦਾ ਹਰਫ ਧਰਿਆ ਜਾਂਦਾ। ਕਣਕ ਦੇ ਨਾੜ ਨੂੰ ਲਾਈ ਅੱਗ ਕਈ ਵਾਰ ਛੇ ਮਹੀਨੇ ਲਾ ਕੇ ਪੁੱਤਾਂ ਵਾਂਗ ਪਾਲੀ ਕਣਕ ਨੂੰ ਸਵਾਹ ਦੀ ਢੇਰੀ ਕਰਦਿਆਂ ਦੇਰ ਨਾ ਲਾਉਂਦੀ। ਦਾਇਰੇ ਦੀ ਅੱਗ, ਜੀਵਨ-ਜੋਤ। ਬੇਕਾਬੂ ਅੱਗ, ਬਰਬਾਦੀ ਦਾ ਪੈਗਾਮ।

ਮੱਠੀ ਮੱਠੀ ਅੱਗ ਵਿਚ ਮੱਕੀ ਦੀਆਂ ਛੱਲੀਆਂ, ਛੋਲੀਆ ਅਤੇ ਮੂੰਗਫਲੀ ਦਾ ਲਾਂਗਾ ਭੁੰਨ ਕੇ ਖਾਣ ਦਾ ਵਿਸਮਾਦ ਜਦ ਚੇਤਿਆਂ ਵਿਚ ਤਾਰੀ ਹੁੰਦਾ ਤਾਂ ਅੱਗ ਦੀ ਪਾਕੀਜ਼ਗੀ ਤੇ ਸੇਕ 'ਚੋਂ ਪੈਦਾ ਹੋਈ ਲੱਜਤ ਬੀਤੇ ਪਲਾਂ ਨੂੰ ਮੋੜ ਲਿਆਉਂਦੀ।

ਅੱਗ ਜਦ ਪਰਦੇਸ ਤੁਰਦੀ ਤਾਂ ਮਾਪਿਆਂ ਵਲੋਂ ਉਸ ਦੀ ਝੋਲੀ ਵਿਚ ਪਾਇਆ ਮੱਤਾਂ ਤੇ ਸਿਆਣਪਾਂ ਦਾ ਪਟਾਰਾ, ਜ਼ਿੰਦਗੀ ਦਾ ਅਜਿਹਾ ਖਜਾਨਾ ਜਿਸ ਨਾਲ ਅੱਗ ਵੀ ਜ਼ਿੰਦਗੀ ਦੇ ਹਰ ਰੰਗ ਨੂੰ ਮਾਣਨ ਵਿਚ ਮਾਣ ਮਹਿਸੂਸ ਕਰਦੀ।

ਧਰਮ ਦੇ ਨਾਂ 'ਤੇ ਲਾਈਆਂ ਜਾ ਰਹੀਆਂ ਫਿਰਕੂ ਅੱਗਾਂ, ਘਰ-ਪਰਿਵਾਰਾਂ ਦਾ ਉਜਾੜਾ। ਸਮਾਜਕ ਤਾਣੇ-ਬਾਣੇ ਨੂੰ ਲੀਰਾਂ ਕਰਦੀ ਧਾਰਮਿਕਤਾ, ਇਕ ਧੱਬਾ। ਧਾਰਮਿਕ-ਸਹਿਣਸ਼ੀਲਤਾ ਦੀ ਅਗਨੀ ਨੂੰ ਸੋਚ ਵਿਚ ਬਾਲਣਾ, ਤੁਹਾਡੇ ਲਈ ਅਗਨੀ ਦੇ ਅਰਥ ਬਦਲ ਜਾਣਗੇ।

ਹਵਨ ਦੀ ਅਗਨੀ ਦੁਆਲੇ ਲਏ ਸੱਤ ਫੇਰੇ, ਜੀਵਨ-ਬੰਧਨ ਦਾ ਸੂਤਰਧਾਰ। ਹਵਨ ਵਿਚ ਪਾਇਆ ਦੇਸੀ ਘਿਓ ਤੇ ਸਮੱਗਰੀ ਦੀ ਪਵਿੱਤਰਤਾ, ਇਕ ਅਹਿਦਨਾਮਾ ਜੋ ਰਿਸ਼ਤਿਆਂ ਵਿਚ ਭਰਦਾ ਪਾਕੀਜ਼ਗੀ ਦਾ ਰੰਗ।

ਅੱਗ ਦੀ ਨਾਲ੍ਹ ਵਰਗੇ ਕੁਝ ਲੋਕ ਜ਼ਿੰਦਗੀ ਨੂੰ ਝੁਲਸਣ ਦੇ ਮੁੱਦਈ। ਪਰ ਜਦ ਅਜਿਹੇ ਲੋਕ ਅੱਗ ਨੂੰ ਆਪਣੇ ਅੰਤਰੀਵ ਵਿਚ ਉਤਾਰ ਇਸ ਦੀ ਸੁਯੋਗਤਾ ਵਿਚੋਂ ਆਪਣੀ ਕਰਮਸ਼ੈਲੀ ਸਿਰਜਦੇ ਤਾਂ ਇਹੀ ਅੱਗ ਕਦਮਾਂ ਲਈ ਨਵੀ ਮੰਜ਼ਿਲ ਬਣਦੀ।

ਅੱਗ ਦੇ ਪੈਂਡੇ ਤੁਰਨ ਵਾਲੇ ਲੋਕ, ਜੀਵਨ ਦੇ ਸ਼ਾਹ-ਅਸਵਾਰ। ਉਨ੍ਹਾਂ ਲਈ ਅੱਗ ਦਾ ਦਰਿਆ ਪਾਰ ਕਰਨਾ, ਜੀਵਨ ਦੇ ਮੁਖੜੇ 'ਤੇ ਚੰਦਰਮਾ ਦਾ ਟਿੱਕਾ ਲਾਉਣਾ ਅਤੇ ਉਨ੍ਹਾਂ ਨੂੰ ਅਜਿਹੇ ਕਠਿਨ ਮਾਰਗਾਂ ਵਿਚੋਂ ਹੀ ਜੀਵਨ ਰੁਸ਼ਨਾਈ ਮਿਲਦੀ।

ਅੱਗ 'ਤੇ ਤੁਰਨ ਵਾਲੇ ਲੋਕ ਆਪਣੇ ਹਠ ਤੇ ਸਿਰੜ ਨੂੰ ਪਰਖਣ ਲਈ ਖੁਦ ਨਾਲ ਜਦੋਜਹਿਦ ਕਰਦੇ ਅਤੇ ਇਸ ਵਿਚੋਂ ਜੇਤੂ ਹੋ ਨਵੇਂ ਕੀਰਤੀਮਾਨਾਂ ਦਾ ਹਰਫ ਬਣਦੇ।

ਕਈ ਵਾਰ ਅਗਨ-ਪ੍ਰੀਖਿਆ ਸ਼ਹਾਦਤਾਂ ਦਾ ਅਜਿਹਾ ਨਾਮਕਰਨ ਸਿਰਜ ਜਾਂਦੀ ਜਿਸ 'ਤੇ ਇਤਿਹਾਸ ਨੂੰ ਮਾਣ ਹੁੰਦਾ। ਜ਼ੁਲਮੀ ਅੱਗ ਦੇ ਕਰੂਰ ਰੂਪਾਂ ਨੂੰ ਪਿੰਡੇ 'ਤੇ ਸਹਿ 'ਤੇਰਾ ਭਾਣਾ ਮੀਠਾ ਲਾਗੇ' ਦਾ ਅਲਾਪ ਕਰਨ ਵਾਲੇ ਪੰਜਵੇਂ ਪਾਤਸ਼ਾਹ ਨੇ ਸ਼ਹਾਦਤ ਦਾ ਅਜਿਹਾ ਪੈਮਾਨਾ ਨਿਰਧਾਰਤ ਕਰ ਦਿੱਤਾ, ਜਿਸ ਦਾ ਕੋਈ ਨਹੀਂ ਸਾਨੀ। ਅਧਰਮੀ



ਬਾਪ ਦਾ ਹਰ ਕਹਿਰ ਸਹਿੰਦਾ ਪ੍ਰਹਿਲਾਦ ਅੱਗ ਵਿਚੋਂ ਹੀ ਜ਼ਿੰਦਗੀ ਦਾ ਸਿਰਲੇਖ ਬਣਿਆ।

ਅੱਗ ਬਰਬਾਦੀ ਵੀ ਤੇ ਅਬਾਦੀ ਵੀ। ਅੱਗ ਆਸ ਵੀ ਤੇ ਵਿਨਾਸ਼ ਵੀ। ਅੱਗ ਲੋਅ ਵੀ ਅਤੇ ਸੇਕ ਵੀ। ਅੱਗ ਹੌਂਸਲਾ ਵੀ ਅਤੇ ਟੇਕ ਵੀ। ਅੱਗ ਲੋੜ ਵੀ ਅਤੇ ਥੋੜ੍ਹ ਵੀ। ਅੱਗ ਧਰਮੀ ਵੀ ਅਤੇ ਕਰਮੀ ਵੀ। ਅੱਗ ਦਾ ਕਿਹੜਾ ਰੂਪ, ਕਿਸ ਮੋੜ 'ਤੇ ਤੁਹਾਨੂੰ ਟੱਕਰਦਾ, ਤੁਹਾਡਾ ਰਾਹ ਕੱਟਦਾ ਅਤੇ ਤੁਸੀਂ ਕਿਹੜੇ ਰੂਪ ਨੂੰ ਮੁਖਾਤਬ ਹੋ, ਇਸ ਦੀ ਸਾਰਥਕਤਾ ਨੂੰ ਖੁਦ ਵਿਚੋਂ ਨਿਹਾਰਦੇ ਹੋ, ਇਹ ਤੁਹਾਡੇ ਸਰੋਕਾਰਾਂ 'ਤੇ ਨਿਰਭਰ।

ਅੱਗ ਹੀ ਅੱਗ ਦਾ ਰੂਪ ਹੰਢਾਵੇ। ਅੱਗ, ਅੱਗ ਦੇ ਘਰ ਪ੍ਰਾਹੁਣੀ ਜਾਵੇ। ਅੱਗ ਦਾ ਟਿਕਾ ਮੱਥੇ ਲਾਵੇ ਅਤੇ ਅੱਗ ਦੀ ਜੂਹ ਨੂੰ ਘਰ ਬਣਾਵੇ। ਅੱਗ ਦੀ ਨਗਰੀ, ਅੱਗ ਦਾ ਆਉਣਾ। ਅੱਗ ਨੂੰ ਖੋਹਣਾ ਜਾਂ ਅੱਗ ਨੂੰ ਪਾਉਣਾ। ਅੱਗ ਜਿਹਾ ਨਾ ਕੋਈ ਸਾਕ ਨਿਭਾਵੇ, ਅੱਗ ਦਾ ਹਰਫ ਨਾ ਜੀਭ ਟਿਕਾਵੇ। ਅੱਗ ਦੇ ਬੋਲੀਂ, ਅੱਗ ਦਾ ਵਾਸਾ। ਅੱਗ ਦਾ ਰੋਸਾ ਤੇ ਅੱਗ ਦਾ ਹਾਸਾ। ਅੱਗ ਦੇ ਪੀਹੜੇ ਜਦ ਯੋਗੀ ਬਹਿੰਦਾ ਤਾਂ ਅੱਗ 'ਚੋਂ ਅੱਲ੍ਹਾ ਦਾ ਨਾਂ ਲੈਂਦਾ। ਅੱਗ ਦੀ ਜੂਹੇ, ਰੌਣਕ ਮੇਲੇ। ਅੱਗ ਦੁਆਲੇ, ਜੀਵਨ ਖੇਲੇ। ਅੱਗ ਦਾ ਹਉਕਾ ਅਤੇ ਅੱਗ ਦਾ ਰੋਣਾ। ਅੱਗ ਦਾ ਬੁਝਣਾ ਜਾਂ ਅੱਗ ਬੁਝਾਉਣਾ। ਅੱਗ ਦੀ ਖੇਤੀ ਨਾ ਕਰਿਓ ਕੋਈ। ਅੱਗ ਵਿਚ ਹਰ ਅੱਗ ਹੀ ਮੋਈ। ਅੱਗ ਨੂੰ ਆਪਣੇ ਹਰਫੀਂ ਬਾਲੋ। ਅੱਗ 'ਚ ਈਰਖਾ ਗੁੱਸਾ ਜਾਲੋ। ਅੱਗ ਨਾਲ ਆਪਣੀ ਸੋਚ ਮਘਾਓ। ਅੱਗ ਦੇ ਅਰਥੀਂ ਜੀਵਨ ਰੁਸ਼ਨਾਓ ਅਤੇ ਅੱਗ ਨੂੰ ਜਿੰਦ ਦਾ ਰਾਗ ਬਣਾਓ। ਕਿਉਂਕਿ ਅੱਗ ਤੋਂ ਬਿਨਾ ਵੀ ਕਾਹਦਾ ਜੀਣਾ। ਕਾਹਦਾ ਖਾਣਾ ਅਤੇ ਕਾਹਦਾ ਪੀਣਾ। ਅੱਗ ਨਾ ਹੋਵੇ ਤਾਂ ਸੇਕ ਦਾ ਸੋਕਾ। ਅੱਗ ਬਿਨਾ ਨਾ ਚਾਨਣ-ਹੋਕਾ। ਅੱਗ ਜਦ ਅੱਗ ਦਾ ਧਰਮ ਕਮਾਵੇ ਤਾਂ ਨਿਰਜਿੰਦ ਤਲੀ 'ਤੇ ਸਾਹ ਟਿਕਾਵੇ। ਸਾਹੀਂ ਅੱਗ, ਜੀਵਨ ਭੇਦ। ਅੱਗ 'ਚ ਹੋਵੇ, ਅੱਗ ਅਭੇਦ। ਅੱਗ ਨਾਲ ਆਪਣਾ ਜੀਵਨ ਅੰਗੋ। ਧਰਮੀ ਅੱਗ 'ਚ ਖੁਦ ਨੂੰ ਰੰਗੋ।

ਅੱਗ, ਦੇਵਤਾ। ਇਸ ਦੀ ਪੂਜਾ ਵਿਚੋਂ ਹੀ ਲੋਹੜੀ ਤਿਓਹਾਰ ਦਾ ਜਨਮ। ਲੱਕੜਾਂ ਦੇ ਮੁੱਢਾਂ, ਪਾਥੀਆਂ ਨਾਲ ਮੱਚਦੀ ਧੂਣੀ, ਅੱਗ ਦੇਵਤਾ 'ਤੇ ਪਾਏ ਜਾ ਰਹੇ ਤਿੱਲ, ਨਵ-ਜਨਮੇ ਬੱਚਿਆਂ ਦੀ ਵੰਡੀ ਜਾ ਰਹੀ ਲੋਹੜੀ। ਅੱਗ ਦੇ ਸੇਕ ਨਾਲ ਸੂਹੀ ਭਾਅ ਮਾਰਦੇ ਮੁਖੜੇ। ਠੱਠਿਆਂ-ਹਾਸਿਆਂ ਵਿਚ ਜ਼ਿੰਦਗੀ ਨੂੰ ਮਾਣਨ ਦਾ ਚਾਅ। ਅੱਗ ਦਾ ਇਹ ਰੂਪ ਮਨੁੱਖੀ ਸੋਚ ਵਿਚ ਸ਼ੁਭ-ਕਰਮਨ ਦੀ ਅੱਗ ਧਰਦਾ। ਉਸ ਦੀ ਚੇਤਨਾ ਵਿਚ ਅੱਗ ਦੀ ਚਿਣਗ। ਨਵੀਂ ਸੋਚ, ਸੁਪਨੇ, ਆਸਾਂ ਅਤੇ ਉਮੰਗਾਂ ਦਾ ਅਜਿਹਾ ਜਾਗ ਕਿ ਪੈਰਾਂ ਨੂੰ ਪੈਂਡੇ ਅਤੇ ਨੈਣਾਂ ਨੂੰ ਅੰਬਰੀ ਪਰਵਾਜ਼ ਮਿਲਦੀ।

ਅੱਗ ਉਗਲਦਾ ਬਾਰੂਦ, ਮੌਤ ਵਣਜਦੀਆਂ ਬੰਦੂਕਾਂ ਅਤੇ ਫਿਰਕੂਪੁਣੇ ਦੀ ਅੱਗ ਵਿਚ ਝੁਲਸੀ ਜਾ ਰਹੀ ਮਨੁੱਖਤਾ, ਮਾਨਵਤਾ ਲਈ ਨਮੋਸ਼ੀ। ਕੁਝ ਸੁਆਰਥੀ ਲੋਕ ਇਸ ਵਿਚੋਂ ਨਿਜੀ ਮੁਫਾਦ ਅਤੇ ਸੁਆਰਥ ਦਾ ਕਾਲਖੀ ਨਾਮਕਰਨ। ਕਈ ਨਸਲਾਂ ਜਖਮਾਂ ਦੀ ਪੀੜਾ ਅਤੇ ਦਰਦ ਦੀ ਵਹਿੰਗੀ ਢੋਣ ਜੋਗੀਆਂ ਰਹਿ ਜਾਂਦੀਆਂ। ਰਾਜਸੀ ਲੀਡਰਾਂ ਦੇ ਬਿਆਨਾਂ ਵਿਚ ਅੱਗ ਤੇ ਧਾਰਮਿਕ ਆਗੂਆਂ ਦੇ ਪ੍ਰਵਚਨਾਂ ਵਿਚਲੀ ਅਗਨੀ, ਮਨੁੱਖੀ ਸੋਚ ਵਿਚਲੀ ਤਰਕਸ਼ੀਲਤਾ ਨੂੰ ਸਵਾਹ ਕਰ, ਅਜਿਹਾ ਰਾਖਸ਼ੀ ਵਰਤਾਰਾ ਸਿਰਜਦੀ ਕਿ ਮਨੁੱਖ ਇਨਸਾਨ ਤੋਂ ਹੈਵਾਨ ਦਾ ਸਫਰਨਾਮਾ ਬਣ ਜਾਂਦਾ।

**ਅੱਗ ਦੇ ਬਸਤਰ ਤੇ ਅੱਗ ਦੇ ਗਹਿਣੇ**
**ਅੱਗ ਹੀ ਹੁੰਦੀ ਪੱਤ ਵੇ ਬੀਬਾ।**
**ਅੱਗ ਨੂੰ ਸਾਰੇ ਪਾਸਿਉਂ ਤੱਕ ਕੇ**
**ਅੱਗ ਨੂੰ ਘੇਰਾ ਘੱਤ ਵੇ ਬੀਬਾ।**
**ਅੱਗ ਦਾ ਹਾਣ ਹੀ ਅੱਗ ਨੂੰ ਮਾਣੇ**
**ਅੱਗ ਦਾ ਇਹੋ ਸੱਤ ਵੇ ਬੀਬਾ।**
**ਅੱਗ ਦੇ ਵਿਹੜੀਂ, ਅੱਗਾਂ ਵਾਲਿਓ**
**ਅੱਗ ਹੀ ਘਰ ਦਾ ਜੱਤ ਵੇ ਬੀਬਾ।**
**ਅੱਗ ਹੀ ਹੁੰਦੀ ਸਿਰ ਦਾ ਕੱਜਣ**
**ਅੱਗ ਨੂੰ ਮਾਰ ਨਾ ਲੱਤ ਵੇ ਬੀਬਾ।**
**ਅੱਗ ਦੀ ਵਹਿੰਗੀ ਢੋਂਦਿਆਂ ਢੋਂਦਿਆਂ**
**ਅੱਗ ਜਿਹੀ ਹੋ ਜੇ ਮੱਤ ਵੇ ਬੀਬਾ।**
**ਅੱਗ ਨੂੰ ਆਪਣੀ ਰੂਹ ਬਣਾਓ**
**ਅੱਗ ਹੀ ਜੀਵਨ-ਤੱਤ ਵੇ ਬੀਬਾ।**

ਅੱਗ ਦਾ ਵਿਹੜਾ ਠਰਦਿਆਂ ਲਈ ਸੇਕ, ਪੈਰਾਂ ਲਈ ਮਾਰਗ-ਦਰਸ਼ਨ, ਸੋਚ ਵਿਚ ਚਾਨਣ ਦਾ ਜਾਗ ਅਤੇ ਮਨੁੱਖੀ ਕਰਮਸ਼ੀਲਤਾ ਵਿਚ ਸੁਚਾਰੂ ਤੇ ਉਸਾਰੂ ਕਰਨ ਦਾ ਉਤਸ਼ਾਹ।

ਜੀਵਨ ਦਾ ਆਖਰੀ ਸਫਰ ਵੀ ਅੱਗ ਤੋਂ ਬਗੈਰ ਅਪੂਰਨ। ਬਲਦੇ ਸਿਵੇ ਦਾ ਸੇਕ ਜਦ ਮਨੁੱਖ ਦੀ ਰੂਹ ਨੂੰ ਛੂੰਹਦਾ ਤਾਂ ਮਨੁੱਖ ਆਖਰੀ ਸੱਚ ਦੇ ਰੂਬਰੂ ਹੁੰਦਾ। ਅਗਨੀ ਵਿਚ ਸੜ ਕੇ ਪੰਜ ਭੂਤਕ ਸਰੀਰ ਸਵਾਹ ਬਣ, ਮਨੁੱਖੀ ਸੋਚ ਦੇ ਨਾਂਵੇਂ ਇਹ ਸੁਨੇਹਾ ਧਰਦਾ ਕਿ ਐ! ਮਨੁੱਖ ਅਜਿਹਾ ਕਰ ਕਿ ਤੇਰਾ ਮਰਨਾ, ਚਿਰੰਜੀਵ ਜਿਉਣਾ ਬਣ ਜਾਵੇ। ਕਿਧਰੇ ਅਜਿਹਾ ਨਾ ਹੋਵੇ ਕਿ ਤੇਰਾ ਜਿਉਣਾ ਵੀ ਮਰਨ ਬਰਾਬਰ ਹੋਵੇ।

ਅੱਗ ਦੇ ਕਲੀਰੇ ਪਹਿਨ ਉਚੀ ਹੇਕ ਲਾਉਂਦੇ, ਮਾਣਮੱਤੇ ਮਰਤਬੇ ਨੂੰ ਪਾਉਣ ਲਈ, ਸੂਲੀ ਚੁੰਮਦੇ ਸ਼ਖਸ ਨੂੰ ਤੱਕ ਕੇ ਮੌਤ ਵੀ ਸਹਿਮ ਜਾਂਦੀ।

ਅੱਗ ਦੀਆਂ ਪੂਣੀਆਂ ਕੱਤਣ ਵਾਲੇ ਲੋਕਾਂ ਲਈ ਦਿਨ ਤੇ ਰਾਤ ਵਿਚਲਾ ਅੰਤਰ ਮਿੱਟ ਜਾਂਦਾ। ਉਹ ਆਪਣੇ ਅੰਤਰੀਵ ਵਿਚੋਂ ਨਿਰੰਤਰ ਸਾਧਨਾ-ਸਫਰ ਦਾ ਅਜਿਹਾ ਬਿੰਬ ਬਣ ਜਾਂਦੇ ਕਿ 'ਵਾ ਨੂੰ ਸਾਹ ਲੈਣ ਲਈ ਅਜਿਹੇ ਲੋਕਾਂ ਦੀ ਅਧੀਨਗੀ ਕਬੂਲਣੀ ਪੈਂਦੀ।

ਅੱਗ ਦੇ ਰਾਹਾਂ ਵਿਚ ਔਕੜਾਂ, ਕਠਿਨਾਈਆਂ ਅਤੇ ਪੀੜਾਂ ਦਾ ਵਸੇਬਾ। ਹੌਕੇ, ਹਾਵਿਆਂ, ਹੰਝੂਆਂ ਅਤੇ ਹਟਕੋਰਿਆਂ ਦੀ ਰਾਗਮਾਲਾ। ਸੋਗ, ਸੰਤਾਪ ਅਤੇ ਸੁੰਨ ਦਾ ਵਾਸ।

ਅੱਗ, ਹਰਫ ਤੇ ਬੋਲਾਂ ਦੀ ਵਾਰਤਾਲਾਪ, ਮਨੁੱਖੀ ਇਤਿਹਾਸ ਦਾ ਅਜਿਹਾ ਸ਼ਿਲਾਲੇਖ ਜਿਸ ਦੇ ਸਤੰਭਾਂ ਵਿਚ ਖਾਮੋਸ਼ ਹੋ ਗਏ ਬੀਤੇ ਹੋਏ ਪਲ, ਘਟਨਾਵਾਂ ਦੇ ਪਾਤਰ ਅਤੇ ਹੋਠਾਂ 'ਤੇ ਮਰ ਮਿਟੀ ਹੂਕ। ਦਰਦਮੰਦਾਂ ਦੀਆਂ ਆਹੀਂ ਸੁਣਨ ਲਈ ਅੱਗ ਦਾ ਦਰਿਆ ਪਾਰ ਕਰਨਾ ਪੈਂਦਾ।

ਸੁਪਨਿਆਂ ਦਾ ਸੱਚ ਸਿਰਜਣ ਲਈ ਜਰੂਰੀ ਹੈ ਕਿ ਸਾਡੇ ਅੰਦਰਲੀ ਅੱਗ ਦਾ ਸੇਕ ਅਤੇ ਚਾਨਣ, ਬਾਹਰਲੀ ਅੱਗ ਨਾਲੋਂ ਜ਼ਿਆਦਾ ਹੋਵੇ ਕਿਉਂਕਿ ਸੇਕ ਅਤੇ ਚਾਨਣ ਹਮੇਸ਼ਾ ਬਹੁਤਾਤ ਤੋਂ ਘਾਟ ਵੱਲ ਜਾਂਦੇ।

ਟਟਹਿਣਾ ਆਪਣੇ ਅੰਦਰਲੀ ਅੱਗ ਦੇ ਚਾਨਣ ਸਦਕਾ ਘੁੱਪ ਹਨੇਰਿਆਂ ਨਾਲ ਆਢਾ ਲਾਉਂਦਾ, ਆਪਣੀ ਹੋਂਦ ਨੂੰ ਉਜਾਗਰ ਕਰਦਾ। ਉਸ ਨੂੰ ਇਸ ਗੱਲ ਦਾ ਸ਼ਰਫ ਹੁੰਦਾ ਕਿ ਕੀ ਹੋਇਆ ਜੇ ਉਹ ਇਕੱਲਾ ਹੈ। ਪਰ ਉਸ ਨੇ ਹਨੇਰਿਆਂ ਨੂੰ ਪਿੱਠ ਨਹੀਂ ਦਿਖਾਈ ਸਗੋਂ ਯੁੱਧ ਕਰਦਿਆਂ ਸ਼ਹਾਦਤ ਦਿੱਤੀ ਏ।

ਮਨੁੱਖ ਦੀ ਇਹ ਅੰਦਰਲੀ ਅੱਗ ਹੀ ਹੁੰਦੀ ਜਿਹੜੀ ਉਸ ਦੇ ਮਸਤਕ ਵਿਚ ਬਲਦੀ, ਨਵੀਂ ਸੋਚ-ਸਾਧਨਾ ਅਤੇ ਸਫਲ-ਸਿਰਨਾਂਵੇਂ ਦਾ ਸਬੱਬ ਬਣਦੀ।

ਕਾਲੇ ਸਮਿਆਂ ਵਿਚ ਅੱਖਾਂ ਵਿਚੋਂ ਵਰ੍ਹਦੀ ਅੱਗ, ਬੋਲਾਂ ਵਿਚ ਹੋ ਰਹੀ ਅੱਗ ਦੀ ਬਾਰਸ਼ ਤੇ ਚੌਗਿਰਦੇ ਵਿਚ ਚੱਲ ਰਹੇ ਅਗਨ ਬਾਣਾਂ ਨੂੰ ਪੜ੍ਹਨ ਤੇ ਸਮਝਣ ਵਾਲੇ ਇਤਿਹਾਸ ਦੇ ਵਰਕਿਆਂ ਦਾ ਸਦੀਵ ਹਾਸਲ।

ਆਪਣੀ ਸੋਚ ਅਤੇ ਕਰਮ ਦੀ ਅਗਨੀ ਨੂੰ ਕਦੇ ਵੀ ਠੰਢਾ ਨਾ ਹੋਣ ਦਿਓ। ਜੀਵਨੀ ਕਰਮਸ਼ੀਲਤਾ ਅਤੇ ਨਿਰੰਤਰਤਾ ਲਈ ਜਰੂਰੀ ਹੈ ਕਿ ਤੁਹਾਡੇ ਅੰਦਰਲੀ ਚੰਗਿਆੜੀ ਮਘਦੀ ਰਹੇ।

ਅੱਗ ਨਾਲ ਨਾ ਖੇਡੋ ਕਿਉਂਕਿ ਅੱਗ ਦਾ ਨਹੀਂ ਕੋਈ ਵਸਾਹ ਤੇ ਨਹੀਂ ਕਰਦੀ ਕਿਸੇ ਦਾ ਲਿਹਾਜ਼। ਇਸ ਦੀ ਲਪੇਟ ਵਿਚ ਆਇਆ ਮਨੁੱਖ ਪਲ 'ਚ ਹੀ ਬਣ ਜਾਂਦਾ ਸਵਾਹ ਦੀ ਢੇਰੀ।

ਵਕਤ ਦੀ ਕੇਹੀ ਮਾਰ ਵੱਗੀ ਕਿ ਸਿਰਫ ਨੂੰਹਾਂ ਹੀ ਅੱਗ ਦੀ ਮਾਰ ਹੇਠ ਆ, ਜੀਵਨ ਤੋਂ ਹੱਥ ਧੋ ਬਹਿੰਦੀਆਂ ਨੇ। ਪਤਾ ਨਹੀਂ ਕਿਉਂ ਅੱਗ ਧੀਆਂ ਨੂੰ ਕੁਝ ਨਹੀਂ ਕਹਿੰਦੀ। ਨੂੰਹਾਂ ਵੀ ਆਖਰ ਕਿਸੇ ਦੀਆਂ ਧੀਆਂ ਨੇ।

ਅੰਤਰੀਵ ਵਿਚ ਸਵੈ-ਸੰਵਾਦ ਦੀ ਅਗਨੀ ਬਾਲੋ। ਇਹ ਤੁਹਾਨੂੰ ਕੁਝ ਨਹੀਂ ਕਹੇਗੀ ਪਰ ਜੋ ਤੁਸੀਂ ਨਹੀਂ ਹੋ, ਉਸ ਨੂੰ ਸਾੜ ਕੇ ਸਵਾਹ ਕਰ ਦੇਵੇਗੀ। ਵੈਸੇ ਵੀ ਸਵੈ ਦੀ ਅੱਗ ਵਿਚ ਸੜਨ ਨਾਲੋਂ ਬਿਹਤਰ ਹੁੰਦਾ ਏ, ਉਨ੍ਹਾਂ ਵਿਚਾਰਾਂ ਨੂੰ ਸਾੜੋ ਜੋ ਤੁਹਾਡੇ ਮੱਥੇ 'ਤੇ ਨਮੋਸ਼ੀ ਚਿਪਕਾਉਂਦੇ ਨੇ।

ਗਿਆਨ, ਵਿਦਿਆ, ਬਜ਼ੁਰਗਾਂ ਦੀਆਂ ਨਸੀਹਤਾਂ, ਅਧਿਆਪਕਾਂ ਦੀਆਂ ਨੇਕ ਸਲਾਹਾਂ ਅਤੇ ਸਾਥੀਆਂ ਦਾ ਗਿਆਨ-ਗੋਸ਼ਟ ਦਰਅਸਲ ਤੁਹਾਡੇ ਅੰਦਰਲੀ ਬੁਝ ਚੁਕੀ ਅੱਗ ਨੂੰ ਚੁਆਤੀ ਲਾਉਣ ਦਾ ਕਾਰਜ ਕਰਦੇ। ਤੁਹਾਡੇ ਅੰਦਰ ਨੂੰ ਚਾਨਣ ਅਤੇ ਨਿੱਘ ਨਾਲ ਭਰ ਵਿਅਕਤਿਤਵ ਨੂੰ ਮਾਣਮੱਤਾ ਬਣਾਉਂਦੇ।

ਯੱਖ ਮੌਸਮਾਂ, ਕਾਲੇ ਪੈਂਡਿਆਂ, ਹਨੇਰੀਆਂ ਕੰਦਰਾਂ, ਮੱਸਿਆ ਦੀਆਂ ਰਾਤਾਂ ਵਿਚ ਤੁਰਨ ਅਤੇ ਅਗਵਾਈ ਲਈ ਸੋਚ-ਅੱਗ ਦੀ ਉਂਗਲ ਫੜਨਾ ਬਹੁਤ ਜਰੂਰੀ।

ਪਿਆਰ ਦੀ ਅੱਗ, ਦੋ ਰੂਹਾਂ ਦਾ ਮਿਲਾਪ। ਵਿਛੋੜੇ ਦੀ ਅੱਗ, ਮਿਲਾਪ ਲਈ ਪੈਦਾ ਹੋਈ ਕਸ਼ਿਸ਼। ਵਸਲ ਦੀ ਅਗਨੀ, ਦੋ ਜਿਸਮ ਇਕ ਜਾਨ ਹੋਣ ਦਾ ਸੰਕਲਪ।

ਮਨੁੱਖ ਵੀ ਕੇਹਾ ਜੀਵ ਏ ਕਿ ਉਪਰ ਅੰਬਰ 'ਤੇ ਅਗਨ-ਵਰੇਸ ਵਿਚ ਲੱਖਾਂ ਕਰੋੜਾਂ ਤਾਰੇ, ਸੂਰਜ, ਪੈਰਾਂ ਹੇਠ ਧਰਤ ਦੇ ਗਰਭ ਦਾ ਅਗਨ ਕੁੰਡ। ਮਨੁੱਖੀ ਅੱਗ, ਦੋਹਾਂ ਦੇ ਸਾਂਵੇਂਪਣ ਦੀ ਗਵਾਹ। ਫਿਰ ਭਲਾ! ਮਨੁੱਖ ਦੀ ਹੋਂਦ, ਅੱਗ ਤੋਂ ਬਗੈਰ ਕਿਵੇਂ ਸੰਭਵ ਏ?

'ਮੈਂ ਅੱਗ ਤੁਰੀ ਪਰਦੇਸ ਵੇ ਲੋਕੋ' ਦਾ ਹੋਕਰਾ ਲਾਉਣ ਵਾਲਾ ਸ਼ਿਵ ਕੁਮਾਰ, ਲੂਣਾ ਦੀ ਵੇਦਨਾ ਸਮਿਆਂ ਦੇ ਨਾਮ ਕਰ, ਬੇਜੋੜ ਰਿਸ਼ਤਿਆਂ ਦੇ ਗਰਭ ਵਿਚ ਅਜਿਹੇ ਪ੍ਰਸ਼ਨ ਧਰ ਗਿਆ ਕਿ ਆਉਣ ਵਾਲੀਆਂ ਨਸਲਾਂ ਇਸ ਪ੍ਰਸ਼ਨ ਦੇ ਜਵਾਬ ਵਿਚੋਂ ਖੁਦ ਨੂੰ ਪ੍ਰਤੀਬਿੰਬਤ ਕਰਦੀਆਂ ਸਮਾਜਕ ਅਣਹੋਣੀਆਂ ਪ੍ਰਤੀ ਸੰਜੀਦਾ ਹੋਣ।

ਮਾਂਗਵੇਂ ਸੇਕ ਨਾਲ ਅਸੀਂ ਕੁਝ ਦੇਰ ਤੀਕ ਹੀ ਨਿੱਘੇ ਰਹਿ ਸਕਦੇ। ਪਰ ਜਦ ਅਸੀਂ ਆਪਣੇ ਅੰਦਰ ਅੱਗ ਬਾਲਦੇ ਤਾਂ ਫਿਰ ਸਾਰੀ ਉਮਰ ਹੀ ਨਿੱਘ ਦਾ ਸਾਥ ਮਾਣਦੇ। ਖੁਦ ਨੂੰ ਬਾਲ ਕੇ ਆਪਾ ਸੇਕੋ, ਤੁਹਾਡੇ ਪੈਰਾਂ ਵਿਚ ਚਾਨਣ ਅਤੇ ਪਿੰਡੇ ਵਿਚ ਨਿੱਘ ਪੈਦਾ ਹੋਵੇਗਾ।

ਅੱਗ ਦੇ ਬਸਤਰ ਤੇ ਅੱਗ ਦੇ ਗਹਿਣੇ, ਅੱਗ ਹੀ ਹੁੰਦੀ ਪੱਤ ਵੇ ਬੀਬਾ। ਅੱਗ ਨੂੰ ਸਾਰੇ ਪਾਸਿਉਂ ਤੱਕ ਕੇ, ਅੱਗ ਨੂੰ ਘੇਰਾ ਘੱਤ ਵੇ ਬੀਬਾ। ਅੱਗ ਦਾ ਹਾਣ ਹੀ ਅੱਗ ਨੂੰ ਮਾਣੇ, ਅੱਗ ਦਾ ਇਹੋ ਸੱਤ ਵੇ ਬੀਬਾ। ਅੱਗ ਦੇ ਵਿਹੜੀਂ, ਅੱਗਾਂ ਵਾਲਿਓ, ਅੱਗ ਹੀ ਘਰ ਦਾ ਜੱਤ ਵੇ ਬੀਬਾ। ਅੱਗ ਹੀ ਹੁੰਦੀ ਸਿਰ ਦਾ ਕੱਜਣ, ਅੱਗ ਨੂੰ ਮਾਰ ਨਾ ਲੱਤ ਵੇ ਬੀਬਾ। ਅੱਗ ਦੀ ਵਹਿੰਗੀ ਢੋਂਦਿਆਂ ਢੋਂਦਿਆਂ, ਅੱਗ ਜਿਹੀ ਹੋ ਜੇ ਮੱਤ ਵੇ ਬੀਬਾ। ਅੱਗ ਨੂੰ ਆਪਣੀ ਰੂਹ ਬਣਾਓ, ਅੱਗ ਹੀ ਜੀਵਨ-ਤੱਤ ਵੇ ਬੀਬਾ।

ਅੱਗ ਨੂੰ ਸੁੱਚਮ ਵਿਚ ਹੰਢਾਉਣ, ਉਤਮ ਰੂਪ ਵਿਚ ਅਪਨਾਉਣ ਅਤੇ ਇਸ ਦੀ ਸੂਖਮਤਾ ਤੇ ਸੁੰਦਰਤਾ ਵਿਚੋਂ ਖੁਦ ਨੂੰ ਉਲਥਾਉਣ ਵਾਲੇ ਲੋਕ ਹੀ ਜੀਵਨ-ਮਾਰਗ ਦੇ ਹਸਤਾਖਰ। ਉਨ੍ਹਾਂ ਦੇ ਮੱਥਿਆਂ ਵਿਚ ਬਲਦੇ ਦੀਵੇ, ਅੰਧਕਾਰ ਵਿਚ ਚਾਨਣ ਦਾ ਵਣਜ।

ਕਦੇ ਕਦਾਈਂ ਅਜਿਹਾ ਵਣਜ ਜਰੂਰ ਕਰਨਾ, ਚਾਨਣ ਧੋਤੀਆਂ ਰਾਹਾਂ ਸਦਾ ਲਈ ਸ਼ੁਕਰਗੁਜ਼ਾਰ ਰਹਿਣਗੀਆਂ।

# ਗੁਰਦੁਆਰਾ ਪੈਲਾਟਾਈਨ 'ਚ 'ਸਿੱਖੀ ਦਾ ਬੂਟਾ' ਨਾਂ ਹੇਠ ਧਰਤੀ ਦਿਵਸ ਮਨਾਇਆ

**ਸ਼ਿਕਾਗੋ (ਬਿਊਰੋ):** "ਇਸ ਪੌਦੇ ਨੂੰ ਪਾਣੀ ਦੇਵਾਂਗੇ, ਵਧਦਾ ਵੇਖਾਂਗੇ, ਜਦ ਵੱਡਾ ਹੋਊ, ਲਾਇਬਰੇਰੀ 'ਚ ਸਜਾਵਾਂਗੇ; ਸਭ ਨੂੰ ਆਪਣੇ ਜਨਮ ਦਿਨ 'ਤੇ ਇਕ ਪੌਦਾ ਜਰੂਰ ਲਾਉਣਾ ਚਾਹੀਦਾ ਹੈ।" ਇਹ ਬੋਲ ਸਨ, ਗੁਰਦੁਆਰਾ ਪੈਲਾਟਾਈਨ ਦੇ ਗੁਰਮਤਿ ਸਕੂਲ ਦੇ ਬੱਚਿਆਂ ਦੇ, ਜੋ ਆਪਣੇ ਬਗੀਚੇ ਲਈ ਹੱਥ ਫੜ੍ਹੇ ਗਮਲੇ ਵਿਚ ਪੌਦਾ ਲੈ ਕੇ ਖੁਸ਼ੀ ਵਿਚ ਬਾਗੋ ਬਾਗ ਹੋਏ ਇਕ ਦੂਜੇ ਨੂੰ ਕਹਿ ਰਹੇ ਸਨ।





ਮੌਕਾ ਸੀ, ਗੁਰਦੁਆਰਾ ਪੈਲਾਟਾਈਨ ਲਾਇਬਰੇਰੀ ਵਲੋਂ ਲੰਘੀ 22 ਅਪਰੈਲ ਨੂੰ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਸਕੂਲ ਦੇ ਬੱਚਿਆਂ ਨਾਲ 'ਸਿੱਖੀ ਦਾ ਬੂਟਾ' ਨਾਂ ਹੇਠ 'ਧਰਤੀ ਦਿਵਸ' ਮਨਾਏ ਜਾਣ ਦਾ। ਸਕੂਲ ਦੇ ਛੋਟੀ-ਵੱਡੀ ਉਮਰ ਦੇ 100 ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ। ਬੱਚਿਆਂ ਵਿਚ ਇੰਨਾ ਚਾਅ ਸੀ ਕਿ ਕਰੀਬ ਸੌ ਗਮਲਿਆਂ 'ਚੋਂ ਇਕ ਨਾ ਬਚਿਆ। ਬਾਕੀ ਬੱਚਿਆਂ ਨੂੰ ਪਾਣੀ ਵਾਲੇ ਗਲਾਸਾਂ ਤੇ ਚਾਹ ਵਾਲੇ ਕੱਪਾਂ ਵਿਚ ਪੌਦੇ ਲਾ ਕੇ ਦੇਣੇ ਪਏ।

ਪ੍ਰੋਗਰਾਮ ਇਸ ਤਰ੍ਹਾਂ ਸੀ ਕਿ ਪਹਿਲਾਂ ਬੱਚੇ ਨੂੰ ਸਫੈਦ ਰੰਗ ਦਾ 4 ਇੰਚ ਛੋਟਾ ਪਲੇਨ ਗਮਲਾ ਤੇ ਇਕ 'ਸਿੱਖੀ ਦਾ ਬੂਟਾ' ਨਾਂ ਦਾ ਕਾਰਡ ਦਿੱਤਾ ਜਾਂਦਾ। ਅਗਲੇ ਟੇਬਲ 'ਤੇ ਹਰ ਬੱਚੇ ਲਈ ਗਮਲੇ 'ਤੇ ਪੇਂਟਿੰਗ ਕਰਨ ਲਈ ਵੱਖ ਵੱਖ ਰੰਗਾਂ ਦੇ ਮਾਰਕਰ ਤੇ ਹੋਰ ਸਜਾਵਟੀ ਸਮਾਨ ਚੁਣਨ ਲਈ ਰੱਖੇ ਸਨ। ਬੱਚੇ ਆਪਣੀ ਰੁਚੀ ਅਨੁਸਾਰ ਗਮਲੇ 'ਤੇ ਚਿੱਤਰਕਾਰੀ ਕਰਦੇ। ਉਪਰੰਤ ਅਗਲੇ ਟੇਬਲ 'ਤੇ ਆਪਣੇ ਸਜਾਏ ਗਮਲੇ ਨੂੰ ਦਿਖਾਉਂਦੇ ਅਤੇ 'ਸਿੱਖੀ ਦਾ ਬੂਟਾ' ਵਾਲੇ ਕਾਰਡ 'ਤੇ 'ਵੈਲ ਡਨ,' 'ਗੁੱਡ ਜਾਬ' ਤੇ 'ਸੁਪਰ' ਦੀ ਮੋਹਰ ਲਵਾ ਕੇ ਬੇਹੱਦ ਖੁਸ਼ ਹੁੰਦੇ।

ਅਗਲੇ ਪੜਾਅ 'ਤੇ ਗਮਲੇ ਵਿਚ ਮਿੱਟੀ ਤੇ ਖਾਦ ਭਰਾਉਂਦੇ ਤੇ ਫਿਰ ਉਸ ਵਿਚ ਇਕ ਛੋਟਾ ਜਿਹਾ ਬੂਟਾ ਲਵਾਉਂਦੇ। ਹਰ ਪੌਦੇ ਨਾਲ ਬੱਚੇ ਦੇ ਨਾਂ ਦੀ ਇਕ ਝੰਡੀ ਲੱਗੀ ਹੋਈ ਸੀ ਜਿਸ ਨੂੰ ਵੇਖ ਉਹ ਮਹਿਸੂਸ ਕਰਦੇ ਜਿਵੇਂ ਕਿਸੇ ਚੋਟੀ 'ਤੇ ਜਿੱਤ ਦਾ ਝੰਡਾ ਗੱਡ ਕੇ ਆਏ ਹੋਣ।





ਬੱਚੇ ਥੱਲੇ ਚਾਦਰਾਂ 'ਤੇ ਟੋਲੇ ਬਣਾ ਕੇ ਬੈਠੇ ਸਨ। ਉਹ ਸਿਰਫ ਉਗੜ-ਦੁਗੜ ਲਕੀਰਾਂ ਹੀ ਨਹੀਂ ਸਨ ਮਾਰ ਰਹੇ ਬਲਕਿ ਪੂਰੀ ਰੀਝ ਨਾਲ ਕੁਝ ਕਲਾਤਮਕ ਤੇ ਸਿਰਜਣਾਤਮਕ ਕਰਨ ਦੀ ਕੋਸ਼ਿਸ ਕਰ ਰਹੇ ਸਨ। ਬੱਚੇ ਇੰਨੇ ਰੁਝੇ ਹੋਏ ਸਨ ਕਿ ਉਨ੍ਹਾਂ ਨੂੰ ਕੰਪਿਊਟਰ ਗੇਮਾਂ ਦਾ ਖਿਆਲ ਉਕਾ ਹੀ ਵਿਸਰ ਗਿਆ ਜਾਪਦਾ ਸੀ। ਬੱਚਿਆਂ ਲਈ ਇਹ ਮਨਪ੍ਰਚਾਵੇ ਦੇ ਸਾਧਨ ਦੇ ਨਾਲ ਬਾਲ-ਭਾਵਨਾਵਾਂ ਦੀ ਤਰਜਮਾਨੀ ਕਰਦਾ ਇਕ ਪ੍ਰੇਰਨਾਦਾਇਕ ਪ੍ਰੋਗਰਾਮ ਵੀ ਸੀ। ਮਾਪੇ ਵੀ ਬਾਲਾਂ ਵਾਲੀ ਜਗਿਆਸਾ ਨਾਲ ਆਪਣੇ ਬੱਚਿਆਂ ਦਾ ਸਾਥ ਦੇ ਰਹੇ ਸਨ।

ਕੇਸਰੀ ਚੁੰਨੀ ਤੇ ਦਸਤਾਰਾਂ 'ਚ ਸਜੇ ਇਹ ਬੱਚੇ ਗੁਲੇ-ਗੁਲਜ਼ਾਰ ਸਨ, ਉਨ੍ਹਾਂ ਦੇ ਮਨ ਦਾ ਬਗੀਚਾ ਖਿੜਿਆ ਹੋਇਆ ਸੀ। ਇੰਜ ਜਾਪਦਾ ਸੀ ਕਿ ਬੱਚੇ ਕਿਸੇ ਨਵੀਂ ਹੀ ਦੁਨੀਆਂ ਦੀ ਸੈਰ ਕਰਕੇ ਆਏ ਹੋਣ।

ਇਕ ਬੱਚੇ ਦੀ ਮੰਮੀ ਰਮਨਪ੍ਰੀਤ ਕੌਰ ਨੇ ਕਿਹਾ ਕਿ ਇਹ ਬੱਚਿਆਂ ਨੂੰ ਖੁਸ਼ੀ ਦੇਣ ਵਾਲੇ ਪਲ ਹਨ, ਜੋ ਪੇਸੇ ਦੇ ਕੇ ਨਹੀਂ ਖਰੀਦੇ ਜਾ ਸਕਦੇ। ਅਜਿਹੇ ਪ੍ਰੋਗਰਾਮਾਂ ਰਾਹੀਂ ਬੱਚਿਆਂ ਵਿਚ ਨੈਤਿਕ ਤੇ ਸ਼ਖਸੀਅਤ ਉਸਾਰੀ ਨੂੰ ਬਲ ਮਿਲਦਾ ਹੈ। ਉਸ ਨੇ ਕਿਹਾ ਕਿ ਲਾਇਬਰੇਰੀ ਸਟਾਫ ਵਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਹੈ।

ਗੁਰਮਤਿ ਸਕੂਲ ਦੇ ਅਧਿਆਪਕ ਵੀ ਬੱਚਿਆਂ ਦੀ ਕਲਾਤਮਕ ਸਿਰਜਣਾ ਵੇਖ ਕੇ ਪੂਰੇ ਖੁਸ਼ ਸਨ। ਇਕ ਅਧਿਆਪਕ ਨੇ ਕਿਹਾ ਕਿ ਵਾਤਾਵਰਣ ਸੰਭਾਲ ਦੀ ਬੱਚਿਆਂ ਨੂੰ ਇਹ ਸਿਖਿਆ ਹੁਣੇ ਤੋਂ ਦੇਣੀ ਸਾਡਾ ਫਰਜ਼ ਹੈ ਤਾਂ ਜੋ ਉਹ ਸਿਹਤਮੰਦ ਵਾਤਾਵਰਣ ਦੇ ਸਿਰਜਣਹਾਰੇ ਬਣਨ।

ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਲਾਇਬਰੇਰੀ ਸੇਵਾਦਾਰਾਂ-ਮਨਦੀਪ ਕੌਰ ਮਾਨ, ਪ੍ਰੀਤੀ ਕੌਰ ਸਿੱਬਲ ਤੇ ਮਨਦੀਪ ਕੌਰ ਚੀਮਾ ਪ੍ਰਮੁੱਖ ਸਨ। ਹੋਰ ਵਾਲੰਟੀਅਰਾਂ-ਪਰਵੇਸ਼ ਕੌਰ, ਰਿਤੂ ਕੌਰ, ਗੁਰਪ੍ਰੀਤ ਸਿੰਘ, ਮਿਹਰ ਕੌਰ, ਸਹਿਜ ਕੌਰ, ਤਰਨਜੋਤ ਕੌਰ, ਗੁਰਪ੍ਰੀਤ ਕੌਰ, ਜਸਲੀਨ ਕੌਰ ਤੇ ਬਲਤੌਜ ਸਿੰਘ ਅਤੇ ਗੁਰਦੁਆਰਾ ਦੇ ਪ੍ਰਬੰਧਕੀ ਬੋਰਡ ਨੇ ਵੀ ਭਰਵਾਂ ਸਹਿਯੋਗ ਦਿੱਤਾ।

ਜ਼ਿਕਰਯੋਗ ਹੈ ਕਿ ਲਾਇਬਰੇਰੀ ਦੇ ਸਟਾਫ ਨੇ ਪਿਛਲੇ ਕੁਝ ਸਮੇਂ ਵਿਚ ਸਖਤ ਮਿਹਨਤ ਤੇ ਉਦਮ ਸਦਕਾ ਲਾਇਬਰੇਰੀ ਦਾ ਮੂੰਹ ਮੱਥਾ ਸੰਵਾਰਿਆ ਤੇ ਪੁਸਤਕਾਂ ਦਾ ਵਰਗੀਕਰਣ ਕੀਤਾ ਹੈ। ਸੰਗਤ ਦੀ ਸਹੂਲਤ ਲਈ ਉਨ੍ਹਾਂ ਕਿਤਾਬਾਂ ਨੂੰ ਆਨ ਲਾਈਨ ਕੀਤਾ ਅਤੇ ਵੈਬ ਸਾਈਟ ਤੇ ਮੈਂਬਰਸ਼ਿਪ ਕਾਰਡ ਰਾਹੀਂ ਪੁਸਤਕਾਂ ਲੈਣ ਤੇ ਵਾਪਸ ਕਰਨ ਦਾ ਕੰਮ ਸਰਲ ਤੇ ਸੌਖਾ ਕੀਤਾ। ਹੁਣ ਲਾਇਬਰੇਰੀ ਹਰ ਐਤਵਾਰ ਨਿਯਮਤ ਰੂਪ ਵਿਚ ਖੁਲ੍ਹਦੀ ਹੈ। ਫੋਨ ਜਾਂ ਈ-ਮੇਲ ਰਾਹੀਂ ਪੁਸਤਕਾਂ ਨਵਿਆਈਆਂ ਜਾ ਸਕਦੀਆਂ ਹਨ। ਇਸ ਵੇਲੇ ਲਾਇਬਰੇਰੀ ਵਿਚ ਕਰੀਬ 3500 ਪੁਸਤਕਾਂ ਹਨ।





ਭਵਿੱਖ ਵਿਚ ਸਿੱਖ ਇਤਿਹਾਸ ਨਾਲ ਸਬੰਧਤ ਡਿਜੀਟਲ, ਇਲੈਕਟ੍ਰਾਨਿਕ ਅਤੇ ਆਡੀਓ ਤੇ ਵੀਡੀਓ ਪੁਸਤਕਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਲਾਇਬਰੇਰੀ ਸਟਾਫ ਵਲੋਂ ਪੁਸਤਕਾਂ ਦੇ ਵਟਾਂਦਰੇ ਲਈ ਹੋਰ ਅਮਰੀਕਨ ਲਾਇਬਰੇਰੀਆਂ ਨਾਲ ਵੀ ਲਿੰਕ ਕੀਤਾ ਜਾ ਰਿਹਾ ਹੈ।

ਮੌਜੂਦਾ ਲਾਇਬਰੇਰੀ ਦੇ ਇਸ ਸੁੰਦਰੀਕਰਣ ਤੇ ਵਰਗੀਕਰਣ ਵਿਚ ਭਾਈ ਬਲਬੀਰ ਸਿੰਘ ਤੇ ਜਸਪਾਲ ਸਿੰਘ ਸੈਣੀ ਦੇ ਸਹਿਯੋਗ ਨਾਲ ਮਨਦੀਪ ਕੌਰ ਮਾਨ, ਜਸਬੀਰ ਕੌਰ ਸਲੂਜਾ, ਪ੍ਰੀਤੀ ਕੌਰ, ਮਨਦੀਪ ਕੌਰ ਚੀਮਾ ਤੇ ਕਰਮਜੀਤ ਕੌਰ ਵਿਰਕ ਨੇ ਵੱਡੀ ਜਿੰਮੇਵਾਰੀ ਨਿਭਾਈ ਹੈ।

## ਸਿਮਰਜੀਤ ਬੈਂਸ ਖਿਲਾਫ ਕੇਸ ਦਰਜ

**ਲੁਧਿਆਣਾ:** ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ ਸਾਥੀਆਂ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਨ੍ਹਾਂ ਖਿਲਾਫ਼ ਅਸਿਸਟੈਂਟ ਪਾਸਪੋਰਟ ਅਫਸਰ ਯਸ਼ਪਾਲ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ।

ਸ਼ਿਕਾਇਤ ਵਿਚ ਦੋਸ਼ ਲਾਇਆ ਕਿ ਸ੍ਰੀ ਬੈਂਸ ਰਿਜਨਲ ਪਾਸਪੋਰਟ ਦਫਤਰ 'ਚ ਆਪਣੇ ਗੰਨਮੈਨ ਅਤੇ ਸਾਥੀਆਂ ਨਾਲ ਜ਼ਬਰਦਸਤੀ ਦਾਖਲ ਹੋਏ ਅਤੇ ਉਥੇ ਵੀਡੀਓ ਬਣਾਉਣ ਲੱਗੇ ਤੇ ਸਰਕਾਰੀ ਕੰਮ ਵਿਚ ਰੁਕਾਵਟ ਪਾਈ।

ਉਨ੍ਹਾਂ ਵਿਧਾਇਕ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਵਾਰ-ਵਾਰ ਕਿਹਾ ਕਿ ਉਹ ਦਫਤਰ ਦੀ ਵੀਡੀਓ ਨਾ ਬਣਾਉਣ। ਉਨ੍ਹਾਂ ਮੁਤਾਬਕ ਪਾਸਪੋਰਟ ਦਫਤਰ ਦਾ ਸੰਪਰਕ ਵਿਦੇਸ਼ ਮੰਤਰਾਲੇ ਨਾਲ ਜੁੜਿਆ ਹੋਇਆ ਹੈ ਤੇ ਦਫਤਰ ਦੀ ਵੀਡੀਓ ਬਣਾ ਕੇ ਸੁਰੱਖਿਆ ਨਿਯਮਾਂ ਦੀ ਉਲੰਘਣਾ ਕੀਤੀ ਹੈ।


OM Transportation Inc. &
Nand Freight Brokerage
Plainfield, IL



Owner Operators & Company
Drivers Wanted
Valid CDL Class A License For Local, Regional & OTR Work.
Van & Reefer
omtrans1@yahoo.com
Manminder Heer 630-709-5331 Onkar Heer 630-396-0777

# ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਤੋਂ ਕੈਪਟਨ ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਕੈਪਟਨ ਸਰਕਾਰ ਨਾਲ ਸਭ ਤੋਂ ਔਖੇ ਸੂਬੇ ਦੇ ਮੁਲਾਜ਼ਮ ਹਨ। ਅਕਾਲੀ-ਭਾਜਪਾ ਸਰਕਾਰ ਸਮੇਂ 10 ਸਾਲ ਸੰਘਰਸ਼ ਕਰਨ ਮਗਰੋਂ ਮੁਲਾਜ਼ਮ ਵਰਗ ਨੂੰ ਕਾਂਗਰਸ ਸਰਕਾਰ ਤੋਂ ਵੱਡੀਆਂ ਉਮੀਦਾਂ ਸਨ ਪਰ ਉਲਟਾ ਉਨ੍ਹਾਂ ਨੂੰ ਤਨਖਾਹਾਂ ਵੀ ਵੇਲੇ ਸਿਰ ਨਹੀਂ ਮਿਲ ਰਹੀਆਂ। ਹਜ਼ਾਰਾਂ ਮੁਲਾਜ਼ਮਾਂ ਨੂੰ 5-5 ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲ ਮਿਲੀਆਂ।

ਕਈ ਠੇਕਾ ਮੁਲਾਜ਼ਮ ਤਾਂ ਸਾਲ ਭਰ ਤੋਂ ਤਨਖਾਹ ਉਡੀਕ ਰਹੇ ਹਨ। ਇਨ੍ਹਾਂ ਵਿਚ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਰਮਸਾ) ਦੇ ਹਜ਼ਾਰਾਂ ਠੇਕਾ ਅਧਿਆਪਕ, ਹੈੱਡ ਮਾਸਟਰ, ਸਿੱਖਿਆ ਪ੍ਰੋਵਾਈਡਰ, ਆਈ.ਈ.ਆਰ.ਟੀ. ਟੀਚਰ ਤੇ ਨਾਨ-ਟੀਚਿੰਗ ਸਟਾਫ ਸ਼ਾਮਲ ਹੈ।

ਇਸ ਤੋਂ ਇਲਾਵਾ ਪੰਚਾਇਤ ਸਮਿਤੀ ਅਤੇ ਜਿਲ੍ਹਾ ਪ੍ਰੀਸ਼ਦ ਦੇ 1400 ਦੇ ਕਰੀਬ ਮੁਲਾਜ਼ਮਾਂ ਨੂੰ ਵੀ ਕਈ ਮਹੀਨਿਆਂ ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ।

ਪਿਛਲੇ 5 ਤੋਂ 10 ਸਾਲਾਂ ਤੋਂ ਨੌਕਰੀ ਕਰਦੇ ਆ ਰਹੇ ਐੱਸ.ਐੱਸ.ਏ. ਦੇ 10661 ਅਧਿਆਪਕਾਂ ਨੂੰ ਦਸੰਬਰ 2017 ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਇਨ੍ਹਾਂ ਵਿਚੋਂ ਪ੍ਰਾਇਮਰੀ ਅਧਿਆਪਕਾਂ ਨੂੰ 37,800 ਰੁਪਏ ਮਹੀਨਾ ਤਨਖਾਹ ਮਿਲ ਰਹੀ ਹੈ, ਜਦੋਂਕਿ ਇਸ ਵਰਗ ਦੇ ਰੈਗੂਲਰ ਅਧਿਆਪਕਾਂ ਦੀਆਂ ਤਨਖਾਹਾਂ 50 ਹਜ਼ਾਰ ਰੁਪਏ ਤੋਂ ਵੱਧ ਹਨ। ਇਸੇ ਤਰ੍ਹਾਂ ਮਾਸਟਰ ਕਾਡਰ ਨੂੰ 42,800 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ, ਜਦੋਂਕਿ ਇਸੇ ਵਰਗ ਦੇ ਰੈਗੂਲਰ ਅਧਿਆਪਕਾਂ ਨੂੰ 57 ਹਜ਼ਾਰ ਰੁਪਏ ਤੋਂ ਵੱਧ ਤਨਖਾਹਾਂ ਮਿਲ ਰਹੀਆਂ ਹਨ।

ਰਮਸਾ ਅਧੀਨ ਕੰਮ ਕਰਦੇ 1200 ਅਧਿਆਪਕ ਪਿਛਲੇ 8 ਸਾਲਾਂ ਤੋਂ ਨੌਕਰੀਆਂ ਕਰ ਰਹੇ ਹਨ ਤੇ ਉਨ੍ਹਾਂ ਨੂੰ ਫਰਵਰੀ 2018 ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਇਨ੍ਹਾਂ ਅਧਿਆਪਕਾਂ ਨੂੰ 42,800 ਰੁਪਏ ਤਨਖਾਹ ਮਿਲ ਰਹੀ ਹੈ, ਜਦੋਂਕਿ ਇਸ ਵਰਗ ਦੇ ਰੈਗੂਲਰ ਅਧਿਆਪਕਾਂ ਨੂੰ 57 ਹਜ਼ਾਰ ਤੋਂ ਵੱਧ ਤਨਖਾਹ ਮਿਲਦੀ ਹੈ। ਇਸੇ ਤਰ੍ਹਾਂ 200 ਹੈੱਡ ਮਾਸਟਰ ਪਿਛਲੇ 5 ਸਾਲਾਂ ਤੋਂ ਨੌਕਰੀਆਂ ਕਰ ਰਹੇ ਹਨ ਤੇ ਇਨ੍ਹਾਂ ਨੂੰ ਫਰਵਰੀ 2018 ਤੋਂ ਤਨਖਾਹਾਂ ਨਹੀਂ ਮਿਲੀਆਂ। ਇਨ੍ਹਾਂ ਹੈੱਡ ਮਾਸਟਰਾਂ ਨੂੰ 45 ਹਜ਼ਾਰ ਰੁਪਏ ਤਨਖਾਹ ਮਿਲ ਰਹੀ ਹੈ, ਜਦੋਂਕਿ ਰੈਗੂਲਰ ਹੈੱਡ ਮਾਸਟਰਾਂ ਦੀ ਤਨਖਾਹ 55 ਹਜ਼ਾਰ ਤੋਂ ਵੱਧ ਹੈ।

ਇਸ ਤੋਂ ਇਲਾਵਾ 2500 ਦੇ ਕਰੀਬ ਨਾਨ-ਟੀਚਿੰਗ ਸਟਾਫ 9 ਸਾਲਾਂ ਤੋਂ ਨੌਕਰੀ ਕਰ ਰਿਹਾ ਹੈ। ਇਸ ਵਰਗ ਨੂੰ ਦਸੰਬਰ 2017 ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਜ਼ਿਕਰਯੋਗ ਹੈ ਕਿ ਸਰਕਾਰ ਇਨ੍ਹਾਂ ਵਰਗਾਂ ਨੂੰ ਹੀ ਰੈਗੂਲਰ ਕਰਨ ਵੇਲੇ ਪਹਿਲੇ ਤਿੰਨ ਸਾਲ ਮਹਿਜ਼ 10,300 ਰੁਪਏ ਤਨਖਾਹ ਦੇਣ ਦੀ ਸ਼ਰਤ ਲਾ ਰਹੀ ਹੈ। ਇਨ੍ਹਾਂ ਤੋਂ ਇਲਾਵਾ 6800 ਸਿੱਖਿਆ ਪ੍ਰੋਵਾਈਡਰਾਂ ਨੂੰ ਦਸੰਬਰ 2017 ਤੋਂ ਤਨਖਾਹਾਂ ਨਸੀਬ ਨਹੀਂ ਹੋਈਆਂ। ਸਿਤਮ ਇਹ ਹੈ ਕਿ ਸਿੱਖਿਆ ਪ੍ਰੋਵਾਈਡਰਾਂ ਨੂੰ ਮਹਿਜ਼ 8500 ਤੋਂ 10,000 ਰੁਪਏ ਤਨਖਾਹ ਦਿੱਤੀ ਜਾ ਰਹੀ ਹੈ ਤੇ ਸਰਕਾਰ ਇਸ ਵਰਗ ਨੂੰ ਰੈਗੂਲਰ ਕਰਨ ਤੋਂ ਵੀ ਝਿਜਕ ਰਹੀ ਹੈ।

ਇਸ ਤਰ੍ਹਾਂ ਸਰਕਾਰੀ ਵਿਭਾਗਾਂ ਵਿਚ 'ਬਰਾਬਰ ਕੰਮ ਤੇ ਬਰਾਬਰ ਤਨਖਾਹ' ਦੇ ਨੇਮ ਦੀਆਂ ਵੀ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਿੱਖਿਆ ਵਿਭਾਗ ਤੋਂ ਇਲਾਵਾ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸਮਿਤੀਆਂ ਦੇ 900 ਦੇ ਕਰੀਬ ਮੁਲਾਜ਼ਮ ਪਿਛਲੇ 5 ਮਹੀਨਿਆਂ ਤੇ 500 ਦੇ ਕਰੀਬ ਮੁਲਾਜ਼ਮ ਇਕ ਸਾਲ ਤੋਂ ਤਨਖਾਹਾਂ ਤੋਂ ਵਿਰਵੇ ਹਨ। ਇਨ੍ਹਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਕੁਝ ਹੋਰ ਮੁਲਾਜ਼ਮਾਂ ਦੀਆਂ ਤਨਖਾਹਾਂ ਵੀ ਕਿਸੇ ਨਾ ਕਿਸੇ ਕਾਰਨ ਰੁਕੀਆਂ ਪਈਆਂ ਹਨ।

## ਚੰਦੂਮਾਜਰਾ ਵੱਲੋਂ ਪੰਜਾਬ ਲਈ 'ਵਿਸ਼ੇਸ਼ ਦਰਜੇ' ਉਤੇ ਜ਼ੋਰ

**ਪਟਿਆਲਾ:** ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ 15ਵੇਂ ਵਿੱਤ ਕਮਿਸ਼ਨ ਵਿਚ ਸੂਬਿਆਂ ਨੂੰ ਫੰਡ ਦੇਣ ਲਈ ਆਬਾਦੀ ਆਧਾਰਤ ਫਾਰਮੂਲੇ ਦਾ ਰੀਵਿਊ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰੇਕ ਸੂਬੇ ਦੀ ਸਥਿਤੀ ਵੱਖੋ ਵੱਖ ਹੈ, ਖਾਸ ਕਰ ਪੰਜਾਬ ਦੀ। ਇਸ ਲਈ 15ਵੇਂ ਵਿੱਤ ਕਮਿਸ਼ਨ 'ਚ ਜਿਹੜਾ ਫੰਡ ਅਲਾਟਮੈਂਟ ਵਿਚ ਜਨ ਸੰਖਿਆ ਨੂੰ ਆਧਾਰ ਬਣਾਇਆ ਜਾਂਦਾ ਹੈ, ਉਸ ਉਤੇ ਰੀਵਿਊ ਕਰ ਕੇ ਉਸ ਵਿਚ ਵਿਸ਼ੇਸ਼ ਸੋਧ ਕਰਨ ਦੀ ਲੋੜ ਹੈ, ਕਿਉਂਕਿ ਪੰਜਾਬ ਦੀ ਜਨ ਸੰਖਿਆ ਉਤਰ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜਾਂ ਦੇ ਮੁਕਾਬਲੇ ਬਹੁਤ ਘੱਟ ਵਧ ਰਹੀ ਹੈ।



## ਅਕਾਲੀ ਸਰਪੰਚ ਦਾ ਮੁੰਡਾ ਹੈਰੋਇਨ ਦੀ ਤਸਕਰੀ ਕਰਦਾ ਗ੍ਰਿਫਤਾਰ

**ਅੰਮ੍ਰਿਤਸਰ:** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਪਿੰਡ ਦਾਊਕੇ ਦੀ ਮੌਜੂਦਾ ਮਹਿਲਾ ਅਕਾਲੀ ਸਰਪੰਚ ਦੇ ਮੁੰਡੇ ਲਖਵਿੰਦਰ ਸਿੰਘ ਨੂੰ ਨਸ਼ਾ ਤਸਕਰੀ ਮਾਮਲੇ ਵਿਚ ਪਿੰਡ ਤੋਂ ਹੀ ਗ੍ਰਿਫਤਾਰ ਕੀਤਾ।

ਲਖਵਿੰਦਰ ਸਿੰਘ 'ਤੇ ਪਾਕਿਸਤਾਨ ਦੇ ਤਸਕਰਾਂ ਨਾਲ ਸਬੰਧ ਹੋਣ ਦਾ ਇਲਜ਼ਾਮ ਹੈ। ਬੀ.ਐਸ.ਐਫ. ਨੇ ਮੁਲਜ਼ਮ ਲਖਵਿੰਦਰ ਸਿੰਘ ਨੂੰ ਸਰਹੱਦੀ ਖੇਤਰ ਵਿਚੋਂ ਸ਼ੱਕੀ ਹਾਲਤ ਵਿਚ ਕਾਬੂ ਕਰ ਕੇ ਪੁਲਿਸ ਹਵਾਲੇ ਕੀਤਾ ਸੀ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਈ ਖੁਲਾਸੇ ਕੀਤੇ ਹਨ।

ਮੁਲਜ਼ਮ ਦੇ ਪਾਕਿਸਤਾਨ ਦੇ ਨਾਮੀ ਤਸਕਰਾਂ ਤੋਂ ਇਲਾਵਾ ਭਾਰਤੀ ਤਸਕਰਾਂ ਨਾਲ ਖਾਸੇ ਸਬੰਧ ਹਨ। ਪਿਛਲੇ ਦਿਨੀਂ ਉਸ ਨੇ ਕਰੀਬ 20 ਕਿੱਲੋ ਹੈਰੋਇਨ ਮੰਗਵਾਈ ਸੀ। ਹੁਣ ਵੀ ਉਹ ਸਰਹੱਦੀ ਇਲਾਕੇ 'ਚ ਹੈਰੋਇਨ ਲੈਣ ਹੀ ਗਿਆ ਸੀ ਪਰ ਬੀ.ਐਸ.ਐਫ. ਨੇ ਉਸ ਨੂੰ ਕਾਬੂ ਕਰ ਲਿਆ।

# ਗੁਰਦੁਆਰਾ ਇਨੋਲਾ ਦੀ ਸੰਗਤ ਨੇ ਖਾਲਸਾ ਸਾਜਨਾ ਦਿਵਸ ਮਨਾਇਆ

**ਇਨੋਲਾ, ਪੈਨਸਿਲਵੇਨੀਆ (ਬਿਊਰੋ):** ਇਥੇ ਗੁਰਦੁਆਰਾ ਗੁਡ ਹੋਪ ਵਿਖੇ ਲੰਘੀ 15 ਅਪਰੈਲ ਨੂੰ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ ਜਿਸ ਵਿਚ ਬੱਚਿਆਂ ਨੇ ਬੜੇ ਚਾਅ ਤੇ ਸ਼ਰਧਾ ਨਾਲ ਹਿੱਸਾ ਲਿਆ। ਸਵੇਰ ਸਮੇਂ 45 ਫੁੱਟ ਉਚੇ ਨਿਸ਼ਾਨ ਸਾਹਿਬ ਦੀ ਪਹਿਲੀ ਵਾਰ ਸਥਾਪਨਾ ਕੀਤੀ ਗਈ ਤੇ ਇਸ ਉਤੇ ਚੋਲਾ ਚੜ੍ਹਾਇਆ ਗਿਆ।

ਭਾਈ ਸਰਬਜੀਤ ਸਿੰਘ ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਅਕਾਲ ਪੁਰਖ ਕੀ ਫੌਜ ਦੇ ਬਾਣੇ ਵਿਚ ਸਜੇ 25 ਬੱਚਿਆਂ ਨੇ ਰਲ ਕੇ ਸ਼ਬਦ ਕੀਰਤਨ ਕੀਤਾ ਜੋ ਇਕ ਵੱਖਰਾ ਹੀ ਦ੍ਰਿਸ਼ ਸਿਰਜ ਰਿਹਾ ਸੀ। ਹੁੰਮ ਹੁਮਾ ਕੇ ਪਹੁੰਚੀਆਂ ਸੰਗਤਾਂ ਬੜੇ ਪ੍ਰੇਮ ਨਾਲ ਬੱਚਿਆਂ ਦਾ ਕੀਰਤਨ ਸਰਵਣ ਕਰ ਰਹੀਆਂ ਸਨ। ਗੁਰੂ ਕਾ ਲੰਗਰ ਅਤੁੱਟ ਵਰਤਿਆ।










# ਪੰਜਾਬੀ ਰੰਗਮੰਚ ਦੀ ਸ਼ਾਹ ਅਸਵਾਰ




*ਲਹਿੰਦੇ ਪੰਜਾਬ ਦੀ ਰੰਗਮੰਚ ਸ਼ਖਸੀਅਤ ਮਦੀਹਾ ਗੌਹਰ (21 ਸਤੰਬਰ-25 ਅਪਰੈਲ 2018) ਨੇ ਆਪਣੇ ਨਾਟਕਾਂ ਰਾਹੀਂ ਦੋਹਾਂ ਪੰਜਾਬਾਂ ਦੇ ਜਿਊੜਿਆਂ ਦੇ ਦਿਲਾਂ ਅੰਦਰ ਆਪਣੀ ਥਾਂ ਬਣਾਈ। ਉਸ ਵੱਲੋਂ ਨਾਟਕ ਖਾਤਰ 1983 ਵਿਚ ਕਾਇਮ ਕੀਤਾ ਥੀਏਟਰ ਗਰੁੱਪ 'ਅਜੋਕਾ ਥੀਏਟਰ' ਵੱਖ ਵੱਖ ਮਸਲਿਆਂ ਨੂੰ ਆਪਣੇ ਢੰਗ ਨਾਲ ਉਭਾਰਦਾ ਰਿਹਾ ਹੈ। ਇਨ੍ਹਾਂ ਨਾਟਕਾਂ ਕਰ ਕੇ ਉਸ ਨੂੰ ਅਵਾਮ ਦਾ ਪਿਆਰ ਮਿਲਿਆ। ਇਸ ਲੇਖ ਵਿਚ ਕੁਲਦੀਪ ਸਿੰਘ ਦੀਪ ਨੇ ਉਨ੍ਹਾਂ ਦੇ ਯੋਗਦਾਨ ਬਾਰੇ ਚਰਚਾ ਕੀਤੀ ਹੈ।*
*-ਸੰਪਾਦਕ*

ਇਹ ਸਾਡੇ ਦੌਰ ਦੀ ਕਿਹੋ ਜਿਹੀ ਬਦਕਿਸਮਤੀ ਅਤੇ ਕਿਹੋ ਜਿਹਾ ਇਤਫਾਕ ਹੈ ਕਿ ਅਜਮੇਰ ਸਿੰਘ ਔਲਖ ਜੋ ਸਾਰੀ ਉਮਰ ਆਪਣੇ ਨਾਟਕ ਤੇ ਰੰਗਮੰਚ ਰਾਹੀਂ ਦੱਬੇ-ਕੁਚਲੇ ਲੋਕਾਂ ਦੀ ਜ਼ੁਬਾਨ ਬਣਿਆ, ਨਿਮਨ ਕਿਸਾਨੀ ਦੇ ਹਰ ਮਸਲੇ ਨੂੰ ਮੰਚ ਉਪਰ ਪੇਸ਼ ਕੀਤਾ ਅਤੇ ਲੋਕ ਪੀੜ ਦਾ ਤਰਜਮਾਨ ਬਣਿਆ, ਪਰ ਖੁਦ ਕੈਂਸਰ ਨਾਲ ਤਕਰੀਬਨ ਇਕ ਦਹਾਕਾ ਜੂਝਦਾ ਆਖਰ ਸਾਨੂੰ ਅਲਵਿਦਾ ਕਹਿ ਗਿਆ... ਉਸੇ ਰਾਹ 'ਤੇ ਤੁਰਦੀ ਅਜੋਕਾ ਥੀਏਟਰ ਗਰੁੱਪ ਲਾਹੌਰ ਦੀ ਬਾਨੀ ਮਦੀਹਾ ਗੌਹਰ ਤਿੰਨ ਸਾਲ ਕੈਂਸਰ ਨਾਲ ਜੂਝਦੀ ਹੋਈ ਮਹਿਜ਼ 61 ਸਾਲ ਦੀ ਉਮਰ ਵਿਚ ਸਦੀਵੀ ਵਿਛੋੜਾ ਦੇ ਗਈ। ਉਸ ਨੇ ਪਾਕਿਸਤਾਨ ਵਿਚ ਰਹਿੰਦਿਆਂ ਪੰਜਾਬੀ ਰੰਗਮੰਚ ਨੂੰ ਸੰਸਾਰ ਪੱਧਰੀ ਮੁਕਾਮ 'ਤੇ ਪਹੁੰਚਾ ਕੇ ਰੰਗਮੰਚ ਦੇ ਖੇਤਰ ਵਿਚ ਵੀ ਅਤੇ ਮਨੁੱਖੀ ਹੱਕਾਂ ਦੇ ਖੇਤਰ ਵਿਚ ਵੱਡਾ ਕਾਰਜ ਕੀਤਾ।

ਮਦੀਹਾ ਗੌਹਰ ਆਪਣੇ ਨਾਟਕਕਾਰ ਪਤੀ ਸ਼ਾਹਿਦ ਨਦੀਮ ਅਤੇ ਰੰਗਕਰਮੀ ਪੁੱਤਰਾਂ ਸਾਰੰਗ ਤੇ ਨਿਰਵਾਣ ਨਾਲ ਮਿਲ ਕੇ ਲੋਕ ਹੱਕਾਂ ਦੀ ਜ਼ੁਬਾਨ ਬਣੀ। ਪਾਕਿਸਤਾਨ ਵਰਗੇ ਮੁਲਕ, ਜਿਥੇ ਅਦੀਬਾਂ ਨੂੰ ਬੋਲਣ ਲੱਗਿਆਂ ਅਕਸਰ ਪ੍ਰਤੀਕਾਂ ਰਾਹੀਂ ਆਪਣੀ ਗੱਲ ਕਰਨੀ ਪੈਂਦੀ ਹੈ, ਉਸ ਮੁਲਕ ਵਿਚ ਆਪਣੇ ਬੁਲੰਦ ਹੌਸਲੇ ਨਾਲ ਆਪਣੀਆਂ ਨਾਟਕੀ ਅਤੇ ਰੰਗਮੰਚੀ ਸਰਗਰਮੀਆਂ ਦਾ ਆਗਾਜ਼ ਕੀਤਾ ਅਤੇ ਇਕ ਪਾਸੇ ਨਾਰੀ ਹੱਕਾਂ ਦਾ ਮੁੱਦਾ ਏਜੰਡੇ 'ਤੇ ਲਿਆਂਦਾ; ਦੂਜੇ ਪਾਸੇ ਜਨੂੰਨਵਾਦ, ਮੂਲਵਾਦ ਤੇ ਫਿਰਕਾਪ੍ਰਸਤੀ ਦੇ ਖਿਲਾਫ ਹੋਕਾ ਦਿੱਤਾ; ਤੀਜੇ ਪਾਸੇ ਰੰਗਮੰਚੀ ਸਰਗਰਮੀਆਂ ਰਾਹੀਂ ਦੋਹਾਂ ਪੰਜਾਬਾਂ ਦੀ ਸਾਂਝ ਨੂੰ ਮਜ਼ਬੂਤ ਕਰਨ ਵਿਚ ਵੱਡੀ ਭੂਮਿਕਾ ਅਦਾ ਕੀਤੀ।

ਉਸ ਨੇ ਆਪਣੇ ਪਤੀ ਨਾਲ ਮਿਲ ਕੇ ਆਪਣੀਆਂ ਨਾਟ-ਮੰਚੀ ਪੇਸ਼ਕਾਰੀਆਂ ਲਈ ਉਨ੍ਹਾਂ ਨਾਇਕਾਂ ਨੂੰ ਚੁਣਿਆ, ਜੋ ਇੱਕੋ ਵੇਲੇ ਦੋਹਾਂ ਪੰਜਾਬਾਂ ਵਿਚ ਬਰਾਬਰ ਮਾਨਤਾ ਵੀ ਰੱਖਦੇ ਸਨ ਅਤੇ ਜਿਨ੍ਹਾਂ ਨੇ ਆਪਣੇ-ਆਪਣੇ ਦੌਰ ਵਿਚ ਆਪੋ-ਆਪਣੇ ਤਰੀਕਿਆਂ ਨਾਲ ਸੱਤਾ ਦੇ ਜ਼ੁਲਮ-ਸਿਤਮ ਨਾਲ ਟੱਕਰ ਵੀ ਲਈ ਅਤੇ ਮਨੁੱਖੀ ਹੱਕਾਂ ਦੀ ਆਵਾਜ਼ ਬੁਲੰਦ ਕੀਤੀ। ਇਸ ਦੀ ਮਿਸਾਲ ਉਸ ਦਾ ਸਭ ਤੋਂ ਵੱਧ ਚਰਚਿਤ ਨਾਟਕ 'ਬੁੱਲ੍ਹਾ' ਸੀ। ਜੇ ਬੁੱਲ੍ਹਾ ਆਪਣੇ ਦੌਰ ਦੇ ਧਾਰਮਿਕ ਮੂਲਵਾਦ ਅਤੇ ਪਾਖੰਡਵਾਦ ਦੇ ਖਿਲਾਫ ਮਨੁੱਖਤਾ ਦੀ ਆਵਾਜ਼ ਬਣਿਆ ਤਾਂ ਅੱਜ ਦੇ ਦੌਰ ਵਿਚ 'ਬੁੱਲ੍ਹਾ' ਨਾਟਕ ਦੇ ਰੂਪ ਵਿਚ ਮਦੀਹਾ ਗੌਹਰ ਦੇ 'ਅਜੋਕਾ ਥੀਏਟਰ' ਦੀ ਆਵਾਜ਼ ਵੀ ਬਣਿਆ ਅਤੇ ਪਛਾਣ ਵੀ ਬਣਿਆ। ਇਹ ਨਾਟਕ ਸਿਰਫ਼ ਆਪਣੇ ਕਿਰਦਾਰ ਕਰ ਕੇ ਹੀ ਚਰਚਿਤ ਨਹੀਂ ਰਿਹਾ, ਬਲਕਿ ਇਸ ਦੀ ਪੇਸ਼ਕਾਰੀ ਨੇ ਵੀ ਪਾਕਿਸਤਾਨੀ ਰੰਗਮੰਚ ਨੂੰ ਨਵੀਆਂ ਬੁਲੰਦੀਆਂ ਦਿੱਤੀਆਂ।

ਇਸੇ ਤਰ੍ਹਾਂ ਮਦੀਹਾ ਗੌਹਰ ਨੇ ਦੋਹਾਂ ਪੰਜਾਬਾਂ ਦੇ ਸਾਂਝੇ ਨਾਇਕ ਭਗਤ ਸਿੰਘ ਨੂੰ ਆਧਾਰ ਬਣਾ ਕੇ 'ਮੇਰਾ ਰੰਗ ਦੇ ਬਸੰਤੀ ਚੋਲਾ' ਨਾਟਕ ਕੀਤਾ, ਜਿਸ ਨੂੰ ਪਾਕਿਸਤਾਨ ਦੇ ਨਾਲ-ਨਾਲ ਭਾਰਤ ਵਿਚ ਵੀ ਖੇਡਿਆ ਗਿਆ। ਇਸੇ ਦਿਸ਼ਾ ਵਿਚ ਤੀਸਰਾ ਨਾਟਕ ਦਾਰਾ ਸ਼ਿਕੋਹ ਦੇ ਜੀਵਨ ਉਪਰ ਆਧਾਰਤ ਨਾਟਕ 'ਦਾਰਾ' ਸੀ। ਉਸ ਨੇ ਪਾਕਿਸਤਾਨ ਵਿਚ 1947 ਦੀ ਵੰਡ 'ਤੇ ਆਧਾਰਤ ਨਾਟਕ 'ਅੰਨ੍ਹੀ ਮਾਂ ਦਾ ਸੁਫਨਾ' ਦੀ ਪੇਸ਼ਕਾਰੀ ਕੀਤੀ ਜਿਸ ਉਪਰ ਸਮੇਂ ਦੇ ਹੁਕਮਰਾਨਾਂ ਨੇ ਪਾਬੰਦੀਆਂ ਆਇਦ ਕੀਤੀਆਂ। ਇਸੇ ਤਰ੍ਹਾਂ 'ਕਬੀਰਾ ਖੜ੍ਹਾ ਬਾਜ਼ਾਰ ਮੇਂ' ਨਾਟਕ ਉਪਰ ਵੀ ਪਾਕਿਸਤਾਨ ਨੈਸ਼ਨਲ ਕੌਂਸਲ ਆਫ਼ ਆਰਟਸ ਨੇ ਇਹ ਕਹਿ ਕੇ ਇਸ ਦੇ ਪ੍ਰਦਰਸ਼ਨ ਉਪਰ ਰੋਕ ਲਗਾਈ ਕਿ ਇਹ ਨਾਟਕ ਸਮਾਜ ਵਿਚ ਅਸਹਿਣਸ਼ੀਲਤਾ ਫ਼ੈਲਾਏਗਾ, ਬਾਅਦ ਵਿਚ ਭਾਵੇਂ ਇਸ ਨਾਟਕ ਨੂੰ ਖੇਡਣ ਦੀ ਆਗਿਆ ਦੇ ਦਿੱਤੀ ਗਈ ਸੀ। ਇਸੇ ਤਰ੍ਹਾਂ ਉਸ ਦੇ ਇਕ ਹੋਰ ਨਾਟਕ 'ਲੋ ਫਿਰ ਬਸੰਤ ਆਈ' ਲਈ ਸੱਤਾ ਵਲੋਂ ਰੋਕਾਂ ਖੜ੍ਹੀਆਂ ਕੀਤੀਆਂ ਗਈਆਂ। ਉਸ ਦਾ ਨਾਰੀ ਚੇਤਨਾ ਆਧਾਰਤ ਨਾਟਕ 'ਬੁਰਕਾ ਵਗੈਂਜਾ' ਵੀ ਔਰਤ ਨੂੰ ਪਰਦੇ ਵਿਚ ਰੱਖਣ ਦੇ ਪਿਛਾਂਹ-ਖਿੱਚੂ ਨਜ਼ਰੀਏ 'ਤੇ ਕਰਾਰੀ ਚੋਟ ਕਰਦਾ ਹੈ।

**ਕੁਲਦੀਪ ਸਿੰਘ ਦੀਪ**

ਇਨ੍ਹਾਂ ਤੋਂ ਇਲਾਵਾ ਮਦੀਹਾ ਗੌਹਰ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਹੋਰ ਚਰਚਿਤ ਨਾਟਕਾਂ ਵਿਚ 'ਟੋਭਾ ਟੇਕ ਸਿੰਘ', 'ਕੌਨ ਹੈ ਯੇ ਗੁਸਤਾਖ', 'ਏਕ ਥੀ ਨਾਨੀ' ਆਦਿ ਮੁੱਖ ਹਨ। ਉਸ ਨੇ ਪਾਕਿਸਤਾਨ ਅਤੇ ਭਾਰਤ ਦੇ ਨਾਲ-ਨਾਲ, ਬੰਗਲਾਦੇਸ਼, ਨੇਪਾਲ, ਸ੍ਰੀਲੰਕਾ, ਉਮਾਨ, ਇਰਾਨ, ਯੂਨਾਨ, ਹਾਂਗਕਾਂਗ, ਅਮਰੀਕਾ, ਇੰਗਲੈਂਡ, ਨਾਰਵੇ ਆਦਿ ਮੁਲਕਾਂ ਵਿਚ ਵੀ ਨਾਟਕ ਅਤੇ ਰੰਗਮੰਚ ਕੀਤਾ। ਉਸ ਨੂੰ ਸਮਾਜਿਕ ਤਬਦੀਲੀ ਦੀ ਮੁਹਿੰਮ ਲਈ ਥੀਏਟਰ ਕਰਨ ਲਈ ਪ੍ਰਿੰਸ ਕਲੌਜ ਐਵਾਰਡ ਵਰਗਾ ਵੱਕਾਰੀ ਐਵਾਰਡ ਮਿਲਿਆ ਅਤੇ ਉਸ ਦਾ ਨਾਂ 2005 ਵਿਚ ਨੋਬੇਲ ਪੁਰਸਕਾਰ ਲਈ ਵੀ ਨਾਮਜ਼ਦ ਹੋਇਆ।

ਉਸ ਨੇ ਉਸ ਦੌਰ ਵਿਚ ਪਾਕਿਸਤਾਨ ਵਿਚ ਰੰਗਮੰਚ ਕੀਤਾ, ਜਦ ਅਤਿਵਾਦੀ ਜਥੇਬੰਦੀਆਂ ਅਮਨ-ਸ਼ਾਂਤੀ ਦੀ ਗੱਲ ਕਰਨ ਵਾਲੇ ਕਿਸੇ ਵੀ ਸੰਗਠਨ ਜਾਂ ਵਿਅਕਤੀ ਦਾ ਮੂੰਹ ਬੰਦ ਕਰਨ ਲਈ ਕਿਸੇ ਵੀ ਹੱਦ ਤਕ ਜਾ ਸਕਦੀਆਂ ਹਨ; ਜਦ ਭਾਰਤ-ਪਾਕਿਸਤਾਨ ਦੇ ਸਬੰਧ ਇਸ ਸਦੀ ਦੇ ਸਭ ਤੋਂ ਵੱਧ ਬੁਰੇ ਦੌਰ ਵਿਚ ਹਨ; ਜਦ ਨਾਟਕ ਲਿਖਣਾ ਤੇ ਖੇਡਣਾ ਆਪਣੀ ਜਾਨ ਤਲੀ 'ਤੇ ਧਰਨ ਦੇ ਤੁਲ ਮੰਨਿਆ ਜਾਂਦਾ ਹੈ। ਉਹ ਜਾਤ ਅਤੇ ਮਜ਼ਹਬ ਦੇ ਤੁਅੱਸਬਾਂ ਤੋਂ ਮੁਕਤ ਤੰਦਰੁਸਤ ਸਮਾਜ ਦਾ ਹੋਕਾ ਦਿੰਦੀ ਹੋਈ ਸਪਸ਼ਟ ਕਹਿੰਦੀ ਹੈ: "ਮੇਰੇ ਦੇਸ਼ ਲਈ ਮੇਰਾ ਦਰਸ਼ਨ ਉਦਾਰਵਾਦੀ, ਪ੍ਰਗਤੀਸ਼ੀਲ, ਜੀਵੰਤ ਅਤੇ ਸਹਿਣਸ਼ੀਲ ਸਮਾਜ ਹੈ ਜੋ ਮੂਲਵਾਦ ਅਤੇ ਨਫ਼ਰਤ ਤੋਂ ਪੂਰੀ ਤਰ੍ਹਾਂ ਮੁਕਤ ਹੈ। ਸਾਖਰਤਾ, ਆਰਥਿਕ ਬੁਲੰਦੀ ਅਤੇ ਕਲਾਵਾਂ ਦੀ ਕਾਮਯਾਬੀ ਲਈ ਰਾਹ ਬਣਾਉਣ ਲਈ ਰੱਖਿਆ ਖਰਚ ਨੂੰ ਘਟਾਉਣਾ ਚਾਹੀਦਾ ਹੈ। ਜਿਹੜੇ ਲੋਕ ਨਫ਼ਰਤ ਦੀ ਲਹਿਰ ਦਾ ਪ੍ਰਚਾਰ-ਪ੍ਰਸਾਰ ਕਰ ਰਹੇ ਹਨ, ਉਨ੍ਹਾਂ ਨੂੰ ਅਰਬ ਸਾਗਰ ਵਿਚ ਸੁੱਟ ਦੇਣਾ ਚਾਹੀਦਾ ਹੈ"।

21 ਸਤੰਬਰ 1956 ਵਿਚ ਕਰਾਚੀ ਵਿਚ ਜਨਮੀ ਮਦੀਹਾ ਅੰਗਰੇਜ਼ੀ ਸਾਹਿਤ ਵਿਚ ਮਾਸਟਰਜ਼ ਡਿਗਰੀ ਕਰਨ ਉਪਰੰਤ ਇੰਗਲੈਂਡ ਚਲੀ ਗਈ, ਜਿਥੇ ਉਸ ਨੇ ਯੂਨੀਵਰਸਿਟੀ ਆਫ਼ ਲੰਡਨ ਤੋਂ ਥੀਏਟਰ ਸਾਇੰਸ ਵਿਚ ਦੂਜੀ ਮਾਸਟਰ ਡਿਗਰੀ ਪ੍ਰਾਪਤ ਕੀਤੀ ਅਤੇ 1983 ਵਿਚ ਆਪਣੀ ਪੜ੍ਹਾਈ ਪੂਰੀ ਕਰਨ ਉਪਰੰਤ ਉਹ ਲਾਹੌਰ ਪਰਤੀ ਅਤੇ ਆਪਣੇ ਪਤੀ ਸ਼ਾਹਿਦ ਨਦੀਮ ਨਾਲ ਮਿਲ ਕੇ ਅਜੋਕਾ ਥੀਏਟਰ ਦੀ ਬੁਨਿਆਦੀ ਰੱਖੀ। ਇਸ ਤਰ੍ਹਾਂ ਇਕ ਪਾਸੇ ਉਸ ਦੇ ਪਤੀ ਰਾਹੀਂ ਨਾਟਕਕਾਰੀ ਦੇ ਖੇਤਰ ਵਿਚ ਵੱਡਾ ਕੰਮ ਹੋਇਆ, ਉਥੇ ਮਦੀਹਾ ਦੁਆਰਾ ਇਹਨਾਂ ਨਾਟਕਾਂ ਦੀ ਪੇਸ਼ਕਾਰੀ ਦੇ ਰੂਪ ਵਿਚ ਰੰਗਮੰਚ ਦੇ ਖੇਤਰ ਵਿਚ ਵੀ ਇਤਿਹਾਸਕ ਕਾਰਜ ਹੋਇਆ। ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਸ ਨੇ ਪੰਜਾਬ ਦੇ ਪ੍ਰਸਿਧ ਨਾਟਕ ਨਿਰਦੇਸ਼ਕ ਕੇਵਲ ਧਾਲੀਵਾਲ ਨਾਲ ਮਿਲ ਕੇ ਦੋਹਾਂ ਪੰਜਾਬ ਵਿਚ ਸਾਂਝੇ ਰੂਪ ਵਿਚ ਨਾਟ ਮੇਲੇ ਕਰਵਾਏ, ਜਿਸ ਦੇ ਤਹਿਤ ਇਧਰਲੇ ਪੰਜਾਬ ਵਿਚ ਉਸ ਦੇ ਨਾਟਕਾਂ ਦੀਆਂ ਪੇਸ਼ਕਾਰੀਆਂ ਹੋਈਆਂ ਅਤੇ ਉਧਰਲੇ ਪੰਜਾਬ ਵਿਚ ਭਾਰਤੀ ਪੰਜਾਬ ਦੀਆਂ ਟੀਮਾਂ ਨੇ ਨਾਟਕ ਪੇਸ਼ਕਾਰੀ ਕੀਤੀਆਂ।

ਇਉਂ ਉਸ ਦੇ ਯਤਨਾਂ ਰਾਹੀਂ ਪੰਜਾਬੀ ਨਾਟਕ ਅਤੇ ਰੰਗਮੰਚ ਨੇ ਦੋਹਾਂ ਦੇਸ਼ਾਂ ਅਤੇ ਦੋਹਾਂ ਪੰਜਾਬਾਂ ਵਿਚਕਾਰ ਸਭਿਆਚਾਰਕ ਅਤੇ ਸਾਹਿਤਕ ਪੁਲ ਦੀ ਭੂਮਿਕਾ ਨਿਭਾਈ। ਅਜਿਹੀ ਸ਼ਖ਼ਸੀਅਤ ਦਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਰਾਹੀਂ ਸਾਡੇ ਕੋਲੋਂ ਸਦਾ ਲਈ ਵਿੱਛੜ ਜਾਣਾ ਸਾਡੇ ਵਿਕਾਸ ਦੇ ਮਾਡਲ 'ਤੇ ਵੱਡੇ ਪ੍ਰਸ਼ਨ ਚਿੰਨ੍ਹ ਖੜ੍ਹੇ ਕਰਦਾ ਹੈ, ਅਜਿਹੇ ਪ੍ਰਸ਼ਨ ਚਿੰਨ੍ਹ ਜਿਨ੍ਹਾਂ ਦੇ ਜੁਆਬ ਸਾਨੂੰ ਦੇਣੇ ਹੀ ਪੈਣੇ ਹਨ, ਨਹੀਂ ਤਾਂ ਭਵਿਖ ਸਾਨੂੰ ਗੁਨਾਹਗਾਰ ਸਾਬਿਤ ਕਰੇਗਾ। ਆਓ, ਮਦੀਹਾ ਗੌਹਰ ਨੂੰ ਯਾਦ ਕਰਦੇ ਹੋਏ ਉਸ ਦੀ ਆਵਾਜ਼ ਨੂੰ ਬੁਲੰਦ ਰੱਖੀਏ।



ਆਪਣੇ ਖਾਵੰਦ ਸ਼ਾਹਿਦ ਨਦੀਮ ਨਾਲ ਮਦੀਹਾ ਗੌਹਰ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਮਈ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-324



*ਪੜ੍ਹਨ ਸਕੂਲੇ ਜਾਣ ਦੀ ਉਮਰੇ, ਵੇਚੇ ਪਈ ਖਿਡਾਉਣੇ।*
*ਜਾਪਣ ਅੱਖਾਂ ਪੁੱਛਦੀਆਂ ਨੇ, ਅੱਛੇ ਦਿਨ ਕਦ ਆਉਣੇ?*

## ਕੈਪਸ਼ਨ ਮੁਕਾਬਲਾ-322



ਸਜ-ਧਜ ਕੇ ਮੇਲਣ ਆਈ
ਰੱਜ ਕੇ ਖਾਣ ਦਾ ਕਰ ਵਿਚਾਰ।
ਸਲੂਣੇ ਮਿੱਠੇ ਦੀ ਭਰ ਪਲੇਟ
ਬਹਿ ਗਈ ਉਹ ਪੈਰਾਂ ਭਾਰ।
ਕੈਮਰੇ ਦੀ ਅੱਖ ਨੇ ਆ ਦਬੋਚੀ
ਅਜੇ ਤਾਂ ਰਹੀ ਸੀ ਮੂੰਹ ਸੰਵਾਰ।
***-ਦਵਿੰਦਰ ਕੌਰ***

---

ਸੱਜ ਧੱਜ ਕੇ ਆਈਆਂ ਮੇਲਣਾਂ
ਚੜ੍ਹਿਆ ਵਿਆਹ ਦਾ ਚਾਅ।
ਖਾਣ ਪੀਣ ਦੀ ਸੰਗ ਨਾ ਰੱਖਣੀ
ਅੱਜ ਲਾਈਏ ਆਪਾਂ ਦਾਅ।
ਮਤਾਂ ਨਜ਼ਰ ਚੰਦਰੀ ਲੱਗ ਜਾਵੇ
ਬੈਠ ਖਾਈਏ ਪਿੱਠ ਭੁਆਹ।
***-ਸੇਵਾ ਸਿੰਘ ਨੂਰਪੁਰੀ***

---

ਆਪਾਂ ਨੂੰ ਭਾਈ ਰੱਜ ਨਾ ਆਉਂਦਾ
ਮੇਜਾਂ ਉਪਰ ਖੜੋ ਕੇ।
ਮਿੱਠਾ-ਸਲੂਣਾ ਪਾ ਆਪਣੇ ਜੋਗਾ
ਬਹਿ'ਗੇ ਪਾਸੇ ਹੋ ਕੇ।
***-ਜਗਮੀਤ ਸਿੰਘ ਪੰਧੇਰ***

---

ਵਿਆਹ 'ਚ ਪਲੇਟ ਟੀਸੀ ਲਾ ਕੇ
ਟੈਂਟ 'ਚ ਰੌਣਕ ਵਧਾਈ ਐ।
ਵੇਖ ਵੇਖ ਹੱਸੋ ਨਾ ਕੁੜੀਓ
ਇਹ ਤਾਂ ਮੁੰਡੇ ਦੀ ਤਾਈ ਐ।
***-ਹਰਜਿੰਦਰ ਮਾਨ, ਬਠਿੰਡਾ***

---

ਵਿਆਹ ਸ਼ਾਦੀ, ਤਿੱਥ ਤਿਉਹਾਰ 'ਤੇ
ਚੱਖੀਏ ਸੁਆਦ ਮਠਿਆਈ ਦਾ।
ਸੱਦਾ ਆਵੇ ਜਾਂ ਨਾ ਆਵੇ
ਸ਼ਗਨ ਦੇਣ ਬਹਾਨੇ ਜਾਈਦਾ।
***-ਗੁਰਦੇਵ ਸਿੰਘ ਛਪਾਲੀ, ਬਠਿੰਡਾ***

---

ਕਬੀਲਦਾਰੀ ਨੇ ਦੱਬ ਦਿੱਤੇ ਹਾਂ
ਮਹਿੰਗਾਈ ਨੇ ਚੱਬ ਦਿੱਤੇ ਹਾਂ।
ਜਜ਼ਬਾਤ ਸਿਸਕਣ, ਸੱਧਰਾਂ ਸਹਿਕਣ
ਜ਼ਿੰਦਗੀ ਅੱਧਵਾਟੇ ਛੱਡ ਦਿੱਤੇ ਹਾਂ।
***-ਪੋਰਿੰਦਰ ਸਿੰਗਲਾ ਛਪਾਲੀ***

---

ਸਭ ਇੱਕੋ ਥਾਲੀ ਦੇ ਚੱਟੇ ਬੱਟੇ
ਸ਼ਗਨ ਫੜ੍ਹਾ ਕੇ ਚੱਕਦੇ ਫੱਟੇ।
ਖੁਸ਼ੀਆਂ ਮਾਨਣਾ ਭੁੱਲ ਗਏ ਲੋਕੀ
ਆਪਣੇ ਆਪ 'ਚ ਸਿਮਟੇ ਲੋਕੀ।
***-ਕੈਲਾਸ਼ ਰਾਣੀ***

---

ਵਿਆਹ ਸ਼ਾਦੀ, ਪਰਿਵਾਰਕ ਜਸ਼ਨ
ਸਭ ਬਹੁੜਦੇ ਇਕ ਤੋਂ ਅੱਗੇ।
ਚੁੱਲ੍ਹੇ ਨੇਂਦ ਹੁੰਦੀ ਅਕਸਰ
ਸਾਰਾ ਪਰਿਵਾਰ ਢੁਕਦਾ ਉਥੇ।
ਤੌਣ ਲਾਉਣੀ ਚੰਗੀ ਤਰ੍ਹਾਂ
ਖਾਣ ਪੀਣ ਦੇ ਵਕਤ ਉਥੇ।
***-ਦਰਸ਼ਨਪਾਲ ਦੋਸਾਂਝ***

---

ਵਿਆਹ ਪਾਰਟੀਆਂ ਰੋਜ ਹੀ ਹੋਵਣ
ਬੰਦਾ ਡੱਕ ਡੱਕ ਪਲੇਟਾਂ ਲਿਆਵੇ।
ਸ਼ਗਨ ਦਾ ਪੂਰਾ ਲਾਹਾ ਲੈਣ ਲਈ
ਬਰਬਾਦੀ ਵੱਧ, ਖਾਧਾ ਘੱਟ ਜਾਵੇ।
ਪਹਿਲਾਂ ਚੀਜ਼ਾਂ ਹੁੰਦੀਆਂ ਸਨ ਸ਼ੁੱਧ।
ਹੁਣ ਅਸਲੀ ਦਾ ਖਤਮ ਹੋ ਗਿਆ ਯੁਗ।
***-ਅਮਰਜੀਤ ਸਿੰਘ ਤੂਰ***

---

ਵਿਆਹ ਦਾ ਸੱਦਾ ਜਦ ਆਉਂਦਾ ਸੀ
ਮਨ ਖੁਸ਼ੀ 'ਚ ਭੰਗੜਾ ਪਾਉਂਦਾ ਸੀ।
ਭਾਜੜ 'ਚ ਹੁਣ ਪਲੇਟਾਂ ਭਰ ਭਰ ਕੇ
ਖਾਂਦੇ ਘੱਟ, ਵੱਧ ਕਰਨ ਬਰਬਾਦੀ।
ਰਸਗੁੱਲੇ, ਦਹੀਂ ਭੱਲੇ ਤੇ ਪਕੌੜੇ
ਛਕ ਛਕ ਕਰਨ ਸਿਹਤ ਦੀ ਖਰਾਬੀ।
***-ਜਗਜੀਤ ਕੌਰ ਤੂਰ, ਚੰਡੀਗੜ੍ਹ***

---

ਭਰ ਲਈ ਪਲੇਟ ਗੁਲਾਬ ਜਾਮਣਾਂ ਨਾਲ
ਵਿਚੇ ਪਾ ਲਏ ਰਸਗੁੱਲੇ ਤੇ ਪਕੌੜੇ।
ਖਾਈਏ ਆਪਾਂ ਤੁੰਨ ਤੁੰਨ ਕੇ
ਭਾਵੇਂ ਪੈਸੇ ਸ਼ਗਨ ਦੇ ਪਾਏ ਥੋੜ੍ਹੇ।
***-ਗੋਰਾ ਪ੍ਰਜਾਪਤ, ਨਿਊ ਯਾਰਕ***

# ਕੈਪਟਨ ਨੇ ਸਿੱਧੂ ਜੋੜੇ ਨਾਲ ਕੀਤਾ ਵਾਅਦਾ ਸਿਰੇ ਚਾੜ੍ਹਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਵਜ਼ਾਰਤੀ ਸਾਥੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੂੰ ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਦੀ ਡਾਇਰੈਕਟਰ ਅਤੇ ਚੇਅਰਪਰਸਨ ਲਾ ਕੇ ਚੋਣਾਂ ਵੇਲੇ ਕੀਤੇ ਵਾਅਦੇ ਨੂੰ ਪੂਰਾ ਕਰ ਦਿੱਤਾ ਹੈ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਪਤਨੀ ਡਾ. ਨਵਜੋਤ ਸਿੱਧੂ ਨੂੰ ਸੈਕਟਰ 35 ਵਿਚਲੇ ਸਥਾਨਕ ਸਰਕਾਰਾਂ ਦੇ ਦਫਤਰ ਵਿਚ ਮਿਲੇ ਅਤੇ ਉਨ੍ਹਾਂ ਦੀ ਨਾਰਾਜ਼ਗੀ ਨੂੰ ਦੂਰ ਕਰਨ ਲਈ ਗੱਲਬਾਤ ਕੀਤੀ। ਉਨ੍ਹਾਂ ਨੇ ਡਾ. ਸਿੱਧੂ ਨੂੰ ਚੇਅਰਪਰਸਨ ਲਾਉਣ ਦਾ ਵਾਅਦਾ ਪੂਰਾ ਕਰਨ ਦੀ ਗੱਲ ਕੀਤੀ। ਉਸੇ ਦਿਨ ਸ਼ਾਮ ਮੁੱਖ ਮੰਤਰੀ ਨੇ ਸਿੱਧੂ ਜੋੜੀ ਨੂੰ ਆਪਣੇ ਨਿਵਾਸ ਸਥਾਨ ਉਤੇ ਬੁਲਾ ਕੇ ਡਾ. ਸਿੱਧੂ ਨੂੰ ਪੰਜਾਬ ਰਾਜ ਵੇਅਰਹਾਊਸ ਕਾਰਪੋਰੇਸ਼ਨ ਦੀ ਡਾਇਰੈਕਟਰ ਅਤੇ ਚੇਅਰਪਰਸਨ ਲਾਉਣ ਦਾ ਪੱਤਰ ਦੇ ਦਿੱਤਾ।

ਦੱਸਣਯੋਗ ਹੈ ਕਿ ਕੈਪਟਨ ਵੱਲੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਸ੍ਰੀ ਸਿੱਧੂ ਨਾਲ ਵਾਅਦਾ ਕੀਤਾ ਗਿਆ ਸੀ ਕਿ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਦੋਵਾਂ ਵਿਚੋਂ ਇਕ ਜਣੇ ਨੂੰ ਹੀ ਦਿੱਤੀ ਜਾਵੇਗੀ ਪਰ ਸਰਕਾਰ ਬਣਨ ਉਤੇ ਉਨ੍ਹਾਂ ਦੀ ਪਤਨੀ ਨੂੰ ਅਡਜਸਟ ਕੀਤਾ ਜਾਵੇਗਾ। ਸਰਕਾਰ ਦਾ ਲਗਭਗ ਸਵਾ ਸਾਲ ਲੰਘ ਗਿਆ ਹੈ ਪਰ ਅਜੇ ਤਕ ਉਨ੍ਹਾਂ ਨੂੰ ਅਡਜਸਟ ਨਹੀਂ ਕੀਤਾ ਗਿਆ ਸੀ। ਵਜ਼ਾਰਤ ਵਿਚ ਵਾਧੇ ਸਮੇਂ ਸ੍ਰੀ ਸਿੱਧੂ ਦੇ ਮਿੱਤਰ ਤੇ ਸਾਬਕਾ ਹਾਕੀ ਕਪਤਾਨ ਪਰਗਟ ਸਿੰਘ ਨੂੰ ਮੰਤਰੀ ਬਣਾਉਣ ਦਾ ਵਾਅਦਾ ਵੀ ਪੂਰਾ ਨਹੀਂ ਕੀਤਾ ਗਿਆ। ਕੈਪਟਨ ਵਜ਼ਾਰਤ ਵਿਚ ਵਾਧੇ ਤੋਂ ਬਾਅਦ ਕੁਝ ਵਿਧਾਇਕਾਂ ਨੇ ਆਪਣੀ ਪਾਰਟੀ ਤੇ ਸਰਕਾਰ ਵਿਰੁੱਧ ਸੁਰਾਂ ਤਿੱਖੀਆਂ ਕਰ ਲਈਆਂ ਸਨ।

## ਭਾਰਤੀ-ਅਮਰੀਕੀ ਡਾਕਟਰ ਨੇ ਫਰਜ਼ੀ ਬਿੱਲਾਂ ਨਾਲ ਠੱਗੇ 10 ਲੱਖ ਡਾਲਰ

**ਸ਼ਿਕਾਗੋ:** ਭਾਰਤੀ-ਅਮਰੀਕੀ ਡਾਕਟਰ ਪ੍ਰਣਵ ਪਟੇਲ ਖਿਲਾਫ ਮੈਡੀਕੇਅਰ ਵਿਚ ਧੋਖਾਧੜੀ ਦੇ ਦੋਸ਼ ਆਇਦ ਹੋਏ ਹਨ। ਸ਼ਿਕਾਗੋ ਦੇ ਇਸ ਡਾਕਟਰ ਨੇ ਕਥਿਤ ਤੌਰ 'ਤੇ ਬਿਨਾਂ ਕਿਸੇ ਇਲਾਜ ਦੇ ਤਕਰੀਬਨ 10 ਲੱਖ ਡਾਲਰ ਆਪਣੇ ਬੋਝੇ 'ਚ ਪਾਏ ਸਨ। ਇਲੀਨਾਏ ਨਾਰਦਰਨ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਦੋਸ਼ ਹੈ ਕਿ ਉਸ ਨੇ ਫਰਜ਼ੀ ਬਿੱਲ ਬਣਾਏ ਅਤੇ ਬੀਮੇ ਲਈ ਦਾਅਵੇ ਪੇਸ਼ ਕਰ ਕੇ ਇਹ ਰਕਮ ਵਸੂਲੀ।


ਡਾ. ਪਟੇਲ ਨੇ ਕੁਝ ਮਰੀਜ਼ਾਂ ਦੇ ਨਾਂ ਵੀ ਉਨ੍ਹਾਂ ਨੂੰ ਦੱਸੇ ਬਿਨਾ ਇਸ 'ਚ ਸ਼ਾਮਲ ਕੀਤੇ। ਉਸ ਨੇ 2008 ਤੋਂ 2013 ਦੌਰਾਨ ਸਾਢੇ 9 ਲੱਖ ਡਾਲਰ ਹਾਸਲ ਕੀਤੇ। ਉਸ ਨੂੰ 15 ਮਈ ਨੂੰ ਅਦਾਲਤ 'ਚ ਪੇਸ਼ ਕਰ ਕੇ ਸਜ਼ਾ ਸੁਣਾਈ ਜਾ ਸਕਦੀ ਹੈ।

## ਸੀ. ਆਰ. ਪੀ. ਐਫ. ਦੇ 3 ਜਵਾਨਾਂ 'ਤੇ ਜਬਰ ਜਨਾਹ ਦਾ ਦੋਸ਼

**ਜੰਮੂ:** ਜੰਮੂ-ਕਸ਼ਮੀਰ ਦੇ ਪੁਣਛ ਜਿਲ੍ਹੇ ਵਿਚ ਇਕ ਔਰਤ ਵੱਲੋਂ ਸੀ.ਆਰ.ਪੀ.ਐਫ. ਦੇ ਕੈਂਪ ਵਿਚ ਉਸ ਨੂੰ ਨਾਜਾਇਜ਼ ਤਰੀਕੇ ਨਾਲ ਰੋਕਣ ਤੇ ਇਕ ਜਵਾਨ ਵੱਲੋਂ ਉਸ ਨਾਲ ਜਬਰ ਜਨਾਹ ਕਰਨ ਦੇ ਲਗਾਏ ਦੋਸ਼ਾਂ ਤਹਿਤ 3 ਜਵਾਨਾਂ ਖਿਲਾਫ਼ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਪੀੜਤ ਔਰਤ ਨੇ ਦੋਸ਼ ਲਗਾਇਆ ਕਿ ਦੋਸ਼ੀਆਂ ਨੇ ਇਸ ਘਟਨਾ ਦੀ ਵੀਡੀਓ ਵੀ ਬਣਾ ਲਈ ਤੇ ਉਸ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਇਸ ਬਾਰੇ ਕਿਸੇ ਨੂੰ ਦੱਸਿਆ ਤਾਂ ਉਹ ਇਸ ਵੀਡੀਓ ਨੂੰ ਸੋਸ਼ਲ ਮੀਡੀਆ 'ਤੇ ਜਾਰੀ ਕਰ ਦੇਣਗੇ।

# ਰਾਖੀ ਨੇ ਮੁਆਫੀ ਮੰਗ ਕੇ ਛੁਡਾਇਆ ਖਹਿੜਾ

**ਲੁਧਿਆਣਾ:** ਭਗਵਾਨ ਬਾਲਮੀਕ ਖਿਲਾਫ਼ ਮੰਦੀ ਟਿੱਪਣੀ ਕਰਨ ਦੇ ਮਾਮਲੇ ਵਿਚ ਬਾਲੀਵੁੱਡ ਅਦਾਕਾਰਾ ਰਾਖੀ ਸਾਵੰਤ ਨੇ ਮੁਆਫੀ ਮੰਗ ਲਈ ਹੈ। ਇਥੇ ਸਰਕਟ ਹਾਊਸ ਵਿਚ ਮੀਟਿੰਗ ਦੌਰਾਨ ਅਦਾਕਾਰਾ ਖਿਲਾਫ਼ ਕੇਸ ਕਰਨ ਵਾਲੇ ਵਕੀਲ ਨਰਿੰਦਰ ਆਦੀਆ ਤੇ ਹੋਰ ਲੋਕਾਂ ਦੇ ਸਾਹਮਣੇ ਰਾਖੀ ਸਾਵੰਤ ਨੇ ਭਗਵਾਨ ਬਾਲਮੀਕ ਦੀ ਫੋਟੋ ਅੱਗੇ ਹੱਥ ਜੋੜ ਕੇ ਸਿਰ ਝੁਕਾ ਕੇ ਮੁਆਫੀ ਮੰਗੀ ਤੇ ਆਪਣੇ ਵੱਲੋਂ ਕਹੇ ਸ਼ਬਦਾਂ ਉਤੇ ਅਫਸੋਸ ਪ੍ਰਗਟਾਇਆ। ਇਸ ਤੋਂ ਬਾਅਦ ਸਾਰਿਆਂ ਨੇ ਉਸ ਨੂੰ ਮੁਆਫ ਕਰ ਦਿੱਤਾ ਤੇ ਦੋਹਾਂ ਪੱਖਾਂ ਵੱਲੋਂ ਸਮਝੌਤੇ ਉਤੇ ਦਸਤਖਤ ਕੀਤੇ ਗਏ।



ਦੱਸਣਯੋਗ ਹੈ ਕਿ ਕੁਝ ਸਾਲ ਪਹਿਲਾਂ ਬਾਲੀਵੁੱਡ ਅਭਿਨੇਤਰੀ ਰਾਖੀ ਸਾਵੰਤ ਨੇ ਭਗਵਾਨ ਬਾਲਮੀਕ ਬਾਰੇ ਟਿੱਪਣੀ ਕੀਤੀ ਸੀ, ਜਿਸ ਤੋਂ ਖ਼ਫਾ ਹੋਏ ਲੁਧਿਆਣਾ ਦੇ ਵਕੀਲ ਨਰਿੰਦਰ ਆਦੀਆ ਨੇ ਉਸ ਖਿਲਾਫ਼ ਅਪਰਾਧਿਕ ਕੇਸ ਦਰਜ ਕਰਵਾ ਦਿੱਤਾ ਸੀ। ਇਸ ਤੋਂ ਬਾਅਦ ਰਾਖੀ ਸਾਵੰਤ ਨੂੰ ਕਈ ਵਾਰ ਪੇਸ਼ੀ ਭੁਗਤਣ ਉਤੇ ਲੁਧਿਆਣਾ ਵੀ ਪੁੱਜਣਾ ਪਿਆ ਸੀ।

ਰਾਖੀ ਨੇ ਭਗਵਾਨ ਬਾਲਮੀਕ ਦੀ ਤਸਵੀਰ ਅੱਗੇ ਹੱਥ ਜੋੜ ਕੇ ਤੇ ਸਿਰ ਝੁਕਾ ਕੇ ਆਪਣੇ ਕਹੇ ਹੋਏ ਸ਼ਬਦਾਂ ਲਈ ਮੁਆਫੀ ਮੰਗੀ ਤੇ ਬਾਅਦ ਵਿਚ ਵਕੀਲ ਨਾਲ ਸਮਝੌਤੇ ਉਤੇ ਦਸਤਖਤ ਕੀਤੇ। ਕੇਸ ਕਰਨ ਵਾਲੇ ਵਕੀਲ ਨਰਿੰਦਰ ਆਦੀਆ ਨੇ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਤੇ ਸੰਤੁਸ਼ਟ ਹਨ ਕਿ ਰਾਖੀ ਸਾਵੰਤ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਹੈ ਤੇ ਉਨ੍ਹਾਂ ਨੇ ਮੁਆਫੀ ਵੀ ਮੰਗ ਲਈ ਹੈ।

**Michigan Truck Driving School**
6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ

Raj Jamarai Cell:734-644-1010 Office:734-747-4298

**TRUCK STOP 40**
SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366

**Friends Of Punjab Foundation**




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179
www.friendsofpunjabfoundation.org

# ਉਤਰੀ ਤੇ ਦੱਖਣੀ ਕੋਰੀਆ ਦੀ 70 ਸਾਲਾਂ ਦੀ ਦੁਸ਼ਮਣੀ ਦਾ 'ਅੰਤ'

**ਗੋਯਾਂਗ:** ਚਿਰਾਂ ਦੀ ਦੁਸ਼ਮਣੀ ਪਿੱਛੋਂ ਕੋਰਿਆਈ ਉਪ ਮਹਾਂਦੀਪ ਦੇ ਨੇਤਾ ਕਿਮ ਜੋਂਗ ਉਨ ਤੇ ਮੂਨ ਜੇਈ ਇਨ ਆਪਸ ਵਿਚ ਹੱਥ ਮਿਲਾਉਂਦੇ ਨਜ਼ਰ ਆਏ। ਇਸ ਦੋਸਤੀ ਨਾਲ 70 ਸਾਲਾਂ ਬਾਅਦ ਉਤਰ ਤੇ ਦੱਖਣ ਕੋਰੀਆ ਦਾ ਰਿਸ਼ਤਾ ਮੁੜ ਖੁਸ਼ਨੁਮਾ ਹੋ ਗਿਆ। ਆਪਣੇ ਅੜੀਅਲ ਸੁਭਾਅ ਕਰ ਕੇ ਜਾਣੇ ਜਾਂਦੇ ਕਿਮ ਨੇ ਕੁਝ ਅਜਿਹਾ ਕੀਤਾ, ਜਿਨ ਨੂੰ ਵੇਖ ਉਥੇ ਮੌਜੂਦ ਲੋਕ ਹੈਰਾਨ ਰਹੇ ਗਏ।

ਕਿਮ ਨੇ ਦੋਵਾਂ ਦੇਸ਼ਾਂ ਨੂੰ ਵੰਡਣ ਵਾਲੀ ਹੱਦ ਦੇ ਪਾਰ ਜਦੋਂ ਦੱਖਣ ਕੋਰੀਆ ਦੇ ਰਾਸ਼ਟਰਪਤੀ ਮੂਨ ਨਾਲ ਹੱਥ ਮਿਲਾਇਆ ਤਾਂ ਲੋਕ ਇਹ ਮੰਜ਼ਰ ਵੇਖ ਕੇ ਮੰਤਰ ਮੁਗਧ ਹੋ ਗਏ।

ਮੂਨ ਦਾ ਵੀ ਕਿਮ ਪ੍ਰਤੀ ਕੁਝ ਇਹੀ ਰਵੱਈਆ ਸੀ। ਹੱਥ ਮਿਲਾਉਣ ਬਾਅਦ ਮੂਨ ਨੇ ਕਿਮ ਨੂੰ ਦੱਖਣ ਕੋਰੀਆ ਵਿਚ ਬਾਕੀ ਪ੍ਰੋਗਰਾਮ ਲਈ ਲੈ ਕੇ ਜਾਣਾ ਸੀ ਪਰ ਇਸੇ ਦੌਰਾਨ ਕਿਮ ਨੇ ਮੂਨ ਨੂੰ ਇਕ ਪਲ ਲਈ ਰੋਕ ਲਿਆ ਤੇ ਅਚਾਨਕ ਉਸ ਨੂੰ ਦੋਵਾਂ ਦੇਸ਼ਾਂ ਨੂੰ ਵੰਡਣ ਵਾਲੀ ਸਰਹੱਦ ਪਾਰ ਕਰ ਕੇ ਉਤਰ ਕੋਰੀਆ ਆਉਣ ਲਈ ਕਿਹਾ। ਪਹਿਲਾਂ ਤਾਂ ਮੂਨ ਥੋੜੇ ਝਿਜਕ ਰਹੇ ਸੀ ਪਰ ਕਿਮ ਨੇ ਮੂਨ ਨੂੰ ਸਰਹੱਦ ਪਾਰ ਕਰਾਈ ਤੇ ਇਸ ਤਰ੍ਹਾਂ ਦੋਵਾਂ ਨੇ ਇਕੋ ਝਟਕੇ ਵਿਚ ਇਕ-ਦੂਜੇ ਦੇ ਦੇਸ਼ਾਂ ਵਿਚ ਕਦਮ ਰੱਖਿਆ। ਸਾਲ 1953 ਵਿਚ ਖਤਮ ਹੋਏ ਕੋਰਿਆਈ ਯੁੱਧ ਪਿੱਛੋਂ ਕੋਰਿਆਈ ਨੇਤਾ ਪਹਿਲੀ ਵਾਰ ਆਪਸ ਵਿਚ ਮਿਲ ਰਹੇ ਹਨ। ਇਸ ਲਈ ਪੂਰੀ ਦੁਨੀਆਂ ਦੀਆਂ ਨਜ਼ਰਾਂ ਇਸ ਬੈਠਕ ਉਤੇ ਟਿਕੀਆਂ ਰਹੀਆਂ।

ਦੋਵਾਂ ਦੇਸ਼ਾਂ ਦੇ ਆਗੂ ਇਤਿਹਾਸਕ ਮਿਲਣੀ ਦੌਰਾਨ ਕੋਰੀਆ ਪ੍ਰਾਇਦੀਪ ਵਿਚ ਸਥਾਈ ਸ਼ਾਂਤੀ ਅਤੇ ਇਸ ਨੂੰ ਪੂਰੀ ਤਰ੍ਹਾਂ ਪਰਮਾਣੂ ਮੁਕਤ ਕਰਨ ਦੇ ਯਤਨ ਕਰਨ ਲਈ ਸਹਿਮਤ ਹੋ ਗਏ ਹਨ।



ਵਿਸ਼ਵ ਮੀਡੀਆ ਸਾਹਮਣੇ ਮੁਸਕਰਾਹਟਾਂ ਅਤੇ ਦੋਸਤੀ ਦਿਖਾਉਣ ਵਾਲੇ ਇਸ ਸੰਮੇਲਨ ਦੇ ਅਖੀਰ ਵਿਚ ਦਸਤਾਵੇਜ਼ 'ਤੇ ਦਸਤਖਤ ਕਰਨ ਪਿੱਛੋਂ ਦੋਵੇਂ ਨੇਤਾ ਗਰਮਜੋਸ਼ੀ ਨਾਲ ਗਲੇ ਮਿਲੇ। ਉਹ ਇਸ ਗੱਲ 'ਤੇ ਵੀ ਸਹਿਮਤ ਹੋ ਗਏ ਕਿ ਉਹ ਇਸ ਸਾਲ ਕੋਰੀਅਨ ਜੰਗ ਸਥਾਈ ਰੂਪ ਵਿਚ ਖਤਮ ਕਰਨ ਦਾ ਯਤਨ ਕਰਨਗੇ। 65 ਸਾਲ ਪਹਿਲਾਂ ਉਨ੍ਹਾਂ ਨੇ ਜੰਗ ਖਤਮ ਕਰਨ ਸ਼ਾਂਤੀ ਸੰਧੀ ਦੀ ਬਜਾਏ ਜੰਗਬੰਦੀ ਕੀਤੀ ਸੀ। ਦੋਵੇਂ ਨੇਤਾ ਨਿਯਮਤ ਰੂਪ ਵਿਚ ਮੀਟਿੰਗਾਂ ਕਰਨ ਅਤੇ ਟੈਲੀਫੋਨ ਰਾਹੀਂ ਸਿੱਧੀ ਗੱਲਬਾਤ ਕਰਨ ਲਈ ਵੀ ਸਹਿਮਤ ਹੋ ਗਏ।

ਕਿਮ ਜੋਂਗ ਉਨ ਨੇ ਦੱਖਣੀ ਕੋਰੀਆ ਦੀ ਧਰਤੀ ਉਤੇ ਪੈਰ ਰੱਖਣ ਪਿੱਛੋਂ ਕਿਹਾ ਕਿ ਉਹ ਬਹੁਤ ਭਾਵੁਕ ਹਨ ਅਤੇ ਕੋਰੀਅਨ ਜੰਗ ਬੰਦ ਹੋਣ ਪਿੱਛੋਂ ਦੱਖਣੀ ਕੋਰੀਆ ਆਉਣ ਵਾਲੇ ਉਹ ਪਹਿਲੇ ਉਤਰੀ ਕੋਰੀਆਈ ਨੇਤਾ ਬਣ ਗਏ ਹਨ। ਸਿਖਰ ਵਾਰਤਾ ਲਈ ਦੱਖਣੀ ਕੋਰੀਆ ਵਾਲੇ ਪਾਸੇ ਜੰਗਬੰਦੀ ਵਾਲੇ ਪਿੰਡ ਪੈਨਮੁਨਜੋਮ ਵਿਚ ਪੀਸ ਹਾਊਸ ਇਮਾਰਤ 'ਚ ਜਾਣ ਤੋਂ ਪਹਿਲਾਂ ਕਿਮ ਵੱਲੋਂ ਦਿੱਤੇ ਅਚਨਚੇਤ ਸੱਦੇ 'ਤੇ ਦੋਵੇਂ ਨੇਤਾ ਇਕ-ਦੂਸਰੇ ਦਾ ਹੱਥ ਫੜਕੇ ਉਤਰੀ ਕੋਰੀਆ ਵਾਲੇ ਪਾਸੇ ਚਲੇ ਗਏ। 1953 ਵਿਚ ਜੰਗਬੰਦੀ ਪਿੱਛੋਂ ਇਸ ਤਰ੍ਹਾਂ ਦੀ ਇਹ ਤੀਸਰੀ ਮੀਟਿੰਗ ਸੀ। ਸਿਖਰ ਵਾਰਤਾ ਪਿੱਛੋਂ ਕਿਮ ਨੇ ਪ੍ਰਣ ਕੀਤਾ ਕਿ ਦੋਵੇਂ ਕੋਰੀਆਈ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਮੰਦਭਾਗਾ ਇਤਿਹਾਸ ਮੁੜ ਨਾ ਦੁਹਰਾਇਆ ਜਾਵੇ। ਇਸ ਤੋਂ ਪਹਿਲਾਂ 2000 ਅਤੇ 2007 ਵਿਚ ਕੋਰੀਅਨ ਸਿਖਰ ਵਾਰਤਾਵਾਂ ਹੋਈਆਂ ਸਨ ਅਤੇ ਇਹ ਦੋਵੇਂ ਪਿਆਂਗਯਾਂਗ ਵਿਚ ਹੋਈਆਂ ਸਨ ਪਰ ਇਨ੍ਹਾਂ ਦਾ ਨਤੀਜਾ ਸਿਫਰ ਰਿਹਾ ਸੀ।

ਉਤਰੀ ਕੋਰੀਆ ਦੇ ਪਰਮਾਣੂ ਹਥਿਆਰ ਏਜੰਡੇ ਉਤੇ ਹੋਣ ਕਾਰਨ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਮੂਨ ਜੇਈ-ਇਨ ਨੇ ਕਿਹਾ ਕਿ ਉਤਰੀ ਕੋਰੀਆ ਵੱਲੋਂ ਪਰਮਾਣੂ ਹਥਿਆਰਾਂ ਅਤੇ ਲੰਮੀ ਦੂਰੀ ਦੀਆਂ ਮਿਜ਼ਾਈਲਾਂ ਦੇ ਤਜਰਬੇ ਉਤੇ ਰੋਕ ਲਾਉਣ ਦਾ ਐਲਾਨ ਕਰਨਾ ਬਹੁਤ ਮਹੱਤਵਪੂਰਨ ਹੈ। ਪਿਛਲੇ ਸਾਲ ਉਤਰੀ ਕੋਰੀਆ ਨੇ ਆਪਣਾ ਛੇਵਾਂ ਪਰਮਾਣੂ ਧਮਾਕਾ ਕੀਤਾ ਸੀ ਜਿਹੜਾ ਹੁਣ ਤੱਕ ਦਾ ਸਭ ਤੋਂ ਸ਼ਕਤੀਸ਼ਾਲੀ ਸੀ ਅਤੇ ਮਿਜ਼ਾਈਲਾਂ ਦਾ ਤਜਰਬਾ ਕੀਤਾ ਸੀ ਜਿਹੜੀਆਂ ਅਮਰੀਕਾ ਦੇ ਸ਼ਹਿਰਾਂ ਤੱਕ ਮਾਰ ਕਰ ਸਕਦੀਆਂ ਹਨ। ਉਤਰੀ ਕੋਰੀਆ ਦੇ ਇਸ ਕਾਰਨਾਮਿਆਂ ਕਾਰਨ ਕਿਮ ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ-ਦੂਸਰੇ ਉਤੇ ਨਿੱਜੀ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਜੰਗ ਦੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ।

## ਭਾਰਤ ਤੇ ਪਾਕਿਸਤਾਨ ਨੂੰ ਕੋਰੀਆਈ ਦੇਸ਼ਾਂ ਵਾਂਗ ਸੁਲ੍ਹਾ ਦੀ ਸਲਾਹ

**ਇਸਲਾਮਾਬਾਦ:** ਪਾਕਿਸਤਾਨੀ ਮੀਡੀਆ ਦੀ ਇਕ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਨੂੰ ਵੀ ਉਤਰ ਤੇ ਦੱਖਣੀ ਕੋਰੀਆ ਦੇਸ਼ਾਂ ਵਾਂਗ ਆਪਣੇ ਮਤਭੇਦਾਂ ਨੂੰ ਸ਼ਾਂਤੀ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਖੇਤਰ ਵਿਚ ਸ਼ਾਂਤੀ ਤੇ ਸਥਿਰਤਾ ਦੀ ਬਹਾਲੀ ਹੋ ਸਕੇ। ਡਾਨ ਨਿਊਜ਼ ਦੀ ਸੰਪਾਦਕੀ 'ਚ ਕੋਰੀਆਈ ਦੇਸ਼ਾਂ ਦੇ ਰਾਸ਼ਟਰਪਤੀਆਂ ਵੱਲੋਂ ਸਥਾਈ ਸ਼ਾਂਤੀ ਦੀ ਬਹਾਲੀ ਲਈ ਕੀਤੀ ਜਾ ਰਹੀ ਕੋਸ਼ਿਸ਼ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ ਅਜਿਹੀ ਕੋਸ਼ਿਸ਼ ਦੱਖਣੀ ਏਸ਼ੀਆਈ ਦੇਸ਼ ਪਾਕਿਸਤਾਨ ਤੇ ਭਾਰਤ ਨੂੰ ਵੀ ਕਰਨੀ ਚਾਹੀਦੀ ਹੈ।

## ਲਾਦਿਨ ਦੀ ਸੂਹ ਦੇਣ ਵਾਲਾ ਡਾਕਟਰ ਅਣਦੱਸੀ ਜਗ੍ਹਾ ਤਬਦੀਲ

**ਪਿਸ਼ਾਵਰ:** ਅਲ-ਕਾਇਦਾ ਦੇ ਮੁਖੀ ਉਸਾਮਾ ਬਿਨ ਲਾਦਿਨ ਦਾ ਟਿਕਾਣਾ ਲੱਭਣ ਵਿਚ ਅਮਰੀਕੀ ਸੈਂਟਰਲ ਇੰਟੈਲੀਜੈਂਸ ਏਜੰਸੀ ਦੀ ਮਦਦ ਕਰਨ ਵਾਲਾ ਡਾ. ਸ਼ਕੀਲ ਅਫਰੀਦੀ ਜੋ ਕੈਦ ਕੱਟ ਰਿਹਾ ਹੈ, ਨੂੰ ਸੁਰੱਖਿਆ ਕਾਰਨਾਂ ਕਰ ਕੇ ਇਥੋਂ ਦੀ ਕੇਂਦਰੀ ਜੇਲ੍ਹ ਤੋਂ ਕਿਸੇ ਅਣਦੱਸੀ ਜਗ੍ਹਾ ਤਬਦੀਲ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਇਕ ਸੀਨੀਅਰ ਅਧਿਕਾਰੀ ਨੇ ਦਿੱਤੀ।

ਅਫਰੀਦੀ ਨੇ ਲਾਦਿਨ ਦਾ ਟਿਕਾਣਾ ਲੱਭਣ 'ਚ ਸੀ.ਆਈ.ਏ. ਏਜੰਟਾਂ ਦੀ ਮਦਦ ਕਰਨ ਲਈ ਐਬਟਾਬਾਦ ਸ਼ਹਿਰ ਵਿਚ ਇਕ ਫਰਜ਼ੀ ਟੀਕਾਕਰਨ ਮੁਹਿੰਮ ਚਲਾਈ ਸੀ। ਬਾਅਦ ਵਿਚ 2 ਮਈ 2011 ਨੂੰ ਇਕ ਵਿਵਾਦਤ ਛਾਪੇ ਦੌਰਾਨ ਅਮਰੀਕਾ ਦੇ ਨੇਵੀ ਸੀਲਜ਼ ਵੱਲੋਂ ਲਾਦਿਨ ਨੂੰ ਮਾਰ ਦਿੱਤਾ ਗਿਆ ਸੀ।

ਇਸ ਘਟਨਾ ਤੋਂ ਇਕ ਸਾਲ ਬਾਅਦ ਅਫਰੀਦੀ ਨੂੰ ਦੇਸ਼ ਵਿਰੋਧੀ ਗਤੀਵਿਧੀਆਂ ਵਿਚ ਸ਼ਾਮਲ ਹੋਣ ਲਈ ਅਦਾਲਤ ਵੱਲੋਂ 33 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਜੇਲ੍ਹ ਦੇ ਇਕ ਸੀਨੀਅਰ ਅਧਿਕਾਰੀ ਨੇ ਅਫਰੀਦੀ ਨੂੰ ਪਿਸ਼ਾਵਰ ਜੇਲ੍ਹ ਤੋਂ ਤਬਦੀਲ ਕੀਤੇ ਜਾਣ ਦੀ ਪੁਸ਼ਟੀ ਕੀਤੀ।

# ਆਪਸੀ ਟਕਰਾਅ ਛੱਡਣ ਦੇ ਰਾਹ ਤੁਰੇ ਚੀਨ ਤੇ ਭਾਰਤ

**ਵੂਹਾਨ:** ਭਾਰਤ ਤੇ ਚੀਨ ਨੇ ਭਵਿੱਖ ਵਿਚ ਸਰਹੱਦੀ ਟਕਰਾਅ ਸਮੇਤ ਹੋਣ ਮਸਲਿਆਂ 'ਤੇ ਸਮਝਦਾਰੀ ਵਿਖਾਉਣ ਦਾ ਪ੍ਰਣ ਲਿਆ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਦੋਵਾਂ ਦੇਸ਼ਾਂ ਦਰਮਿਆਨ ਭਰੋਸਾ ਤੇ ਸੂਝ ਬੂਝ ਵਧਾਉਣ ਲਈ ਆਪੋ ਆਪਣੀਆਂ ਫੌਜਾਂ ਨੂੰ ਆਪਸੀ ਸੰਚਾਰ ਵਧਾਉਣ ਲਈ 'ਰਣਨੀਤਕ ਸੇਧ' ਦੇਣ ਦਾ ਫੈਸਲਾ ਕੀਤਾ ਹੈ ਜਿਸ ਦਾ ਮੰਤਵ ਹੈ ਕਿ ਭਵਿੱਖ ਵਿਚ ਡੋਕਲਾਮ ਜਿਹੇ ਹਾਲਾਤ ਮੁੜ ਪੈਦਾ ਨਾ ਹੋਣ।

ਕੇਂਦਰੀ ਚੀਨ ਦੇ ਇਸ ਸ਼ਹਿਰ ਵਿਚ ਸ੍ਰੀ ਮੋਦੀ ਤੇ ਸ੍ਰੀ ਸ਼ੀ ਦਰਮਿਆਨ ਦੋ ਦਿਨ ਚੱਲੀ ਗੈਰਰਸਮੀ ਸਿਖਰ ਵਾਰਤਾ ਵਿਚ ਦੋਵਾਂ ਆਗੂਆਂ ਨੇ ਦੁਵੱਲੇ ਸਬੰਧਾਂ ਦੀ ਸਮੁੱਚੀ ਬਿਹਤਰੀ ਦੀ ਖਾਤਰ ਭਾਰਤ-ਚੀਨ ਸਰਹੱਦੀ ਖਿੱਤੇ ਦੇ ਸਾਰੇ ਖੇਤਰਾਂ ਵਿਚ ਅਮਨ ਚੈਨ ਕਾਇਮ ਰੱਖਣ ਦੀ ਅਹਿਮੀਅਤ ਨੂੰ ਰੇਖਾਂਕਤ ਕੀਤਾ ਹੈ। ਉਨ੍ਹਾਂ ਆਪੋ-ਆਪਣੀਆਂ ਫ਼ੌਜਾਂ ਆਪਸੀ ਭਰੋਸਾ ਤੇ ਸੂਝ ਬੂਝ ਪੈਦਾ ਕਰਨ ਤੇ ਸਰਹੱਦੀ ਮਾਮਲਿਆਂ ਦੇ ਪ੍ਰਬੰਧ ਦੀ ਯਕੀਨਦਹਾਨੀ ਤੇ ਕਾਰਗਰਤਾ ਵਧਾਉਣ ਲਈ ਰਣਨੀਤਕ ਸੇਧ ਜਾਰੀ ਕੀਤੀ ਹੈ। ਦੋਵੇਂ ਆਗੂਆਂ ਨੇ ਸਾਂਝੇ ਤੌਰ 'ਤੇ ਦਰਪੇਸ਼ ਦਹਿਸ਼ਤਗਰਦੀ ਦੇ ਖਤਰੇ ਨੂੰ ਦਰਸਾਇਆ ਤੇ ਦਹਿਸ਼ਤਗਰਦੀ ਦੇ ਟਾਕਰੇ ਲਈ ਤਾਲਮੇਲ ਕਰਨ ਦੀ ਵਚਨਬੱਧਤਾ ਪ੍ਰਗਟਾਈ।

ਦੱਸ ਦਈਏ ਕਿ ਪਿਛਲੇ ਵਰ੍ਹਿਆਂ ਵਿਚ ਦੋਵਾਂ ਦੇਸ਼ਾਂ ਵਿਚ ਅਨੇਕਾਂ ਮਸਲਿਆਂ 'ਤੇ ਆਪਸੀ ਤਕਰਾਰ ਵਧਦੇ ਰਹੇ ਹਨ। ਇਥੋਂ ਤੱਕ ਕਿ ਭਾਰਤ ਦੇ ਰਾਸ਼ਟਰਪਤੀ, ਰੱਖਿਆ ਮੰਤਰੀ ਅਤੇ ਹੋਰ ਵੱਡੇ ਆਗੂਆਂ ਦੇ ਚੀਨ ਨਾਲ ਲੱਗਦੇ ਭਾਰਤੀ ਪ੍ਰਾਂਤ ਅਰੁਣਾਚਲ ਪ੍ਰਦੇਸ਼ ਜਾਣ ਉਤੇ ਵੀ ਚੀਨ ਨੇ ਕਈ ਵਾਰ ਇਤਰਾਜ਼ ਉਠਾਏ ਸਨ। ਸਰਹੱਦਾਂ ਉਤੇ ਵੀ ਦੋਵਾਂ ਦੇਸ਼ਾਂ ਦੇ ਫੌਜੀਆਂ ਦਾ ਕਈ ਵਾਰ ਤਕਰਾਰ ਬਣਿਆ ਰਿਹਾ।

1962 ਤੋਂ ਬਾਅਦ ਸਰਹੱਦੀ ਮਸਲਿਆਂ ਨੂੰ ਲੈ ਕੇ ਹਰ ਪੱਧਰ ਉਤੇ ਦਰਜਨਾਂ ਹੀ ਮੁਲਾਕਾਤਾਂ ਹੋ ਚੁੱਕੀਆਂ ਹਨ, ਪਰ ਇਸ ਮਸਲੇ ਦਾ ਕੋਈ ਸੰਤੁਸ਼ਟੀਜਨਕ ਹੱਲ ਨਹੀਂ ਕੱਢਿਆ ਜਾ ਸਕਿਆ। ਇਨ੍ਹਾਂ ਦਹਾਕਿਆਂ ਵਿਚ ਭਾਰਤ ਅਤੇ ਚੀਨ ਦੇ ਵੱਡੇ ਆਗੂ ਇਕ-ਦੂਜੇ ਦੇ ਦੇਸ਼ ਦਾ ਦੌਰਾ ਵੀ ਕਰਦੇ ਰਹੇ ਹਨ।

ਸਾਲ 2014 ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਭਾਰਤ ਦੇ ਦੌਰੇ ਉਤੇ ਆਏ ਸਨ। ਉਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਗੁਜਰਾਤ ਵਿਚ ਮਹਾਤਮਾ ਗਾਂਧੀ ਨਾਲ ਸਬੰਧਤ ਸਾਬਰਮਤੀ ਆਸ਼ਰਮ ਵਿਚ ਉਨ੍ਹਾਂ ਦਾ ਅਨੋਖਾ ਸਵਾਗਤ ਵੀ ਕੀਤਾ ਸੀ। ਇਸ ਤੋਂ ਬਾਅਦ ਕਈ ਅੰਤਰਰਾਸ਼ਟਰੀ ਸੰਮੇਲਨਾਂ ਲਈ ਵੀ ਪ੍ਰਧਾਨ ਮੰਤਰੀ ਮੋਦੀ, ਚੀਨ ਜਾਂਦੇ ਰਹੇ ਹਨ ਅਤੇ ਇਨ੍ਹਾਂ ਦੋਵਾਂ ਦੇਸ਼ਾਂ ਦੇ ਆਗੂਆਂ ਦੀਆਂ ਅੰਤਰਰਾਸ਼ਟਰੀ ਸੰਮੇਲਨਾਂ ਵਿਚ ਮੁਲਾਕਾਤਾਂ ਵੀ ਹੁੰਦੀਆਂ ਰਹੀਆਂ ਹਨ।




ਪਿਛਲੇ ਸਾਲ ਚੀਨ ਭੂਟਾਨ ਅਤੇ ਭਾਰਤ ਦੀ ਸਰਹੱਦ ਉਤੇ ਡੋਕਲਾਮ ਵਿਚ 73 ਦਿਨ ਤੱਕ ਦੋਵਾਂ ਦੇਸ਼ਾਂ ਦੇ ਫੌਜੀ ਇਕ-ਦੂਜੇ ਸਾਹਮਣੇ ਡਟੇ ਰਹੇ। ਚੀਨ ਡੋਕਲਾਮ ਤੱਕ ਸੜਕ ਬਣਾਉਣੀ ਚਾਹੁੰਦਾ ਸੀ। ਭੂਟਾਨ ਅਤੇ ਭਾਰਤ ਨੂੰ ਇਸ ਉਤੇ ਇਤਰਾਜ਼ ਸੀ। ਇਸ ਲਈ ਭਾਰਤੀ ਫੌਜੀਆਂ ਨੇ ਚੀਨੀ ਫੌਜੀਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਅਤੇ ਚੀਨ ਦੀਆਂ ਸਖਤ ਧਮਕੀਆਂ ਦੇ ਬਾਵਜੂਦ ਭਾਰਤੀ ਜਵਾਨ ਇਸ ਜਗ੍ਹਾ ਤੋਂ ਟਸ ਤੋਂ ਮਸ ਨਹੀਂ ਹੋਏ। ਇਥੋਂ ਤੱਕ ਕਿ ਉਸ ਨੇ ਪਿਛਲੇ ਸਮੇਂ ਵਿਚ ਜਾਪਾਨ, ਆਸਟਰੇਲੀਆ ਅਤੇ ਅਮਰੀਕਾ ਨਾਲ ਰਲ ਕੇ ਬੜੇ ਸ਼ਕਤੀਸ਼ਾਲੀ ਸੈਨਿਕ ਸਮੁੰਦਰੀ ਅਭਿਆਸ ਕੀਤੇ ਹਨ।

ਇਸ ਸਾਰੇ ਪਿਛੋਕੜ ਵਿਚ ਦੋਵਾਂ ਦੇਸ਼ਾਂ ਦੇ ਮੁਖੀਆਂ ਦੀ ਗੱਲਬਾਤ ਨੇ ਜਿਵੇਂ ਇਕਦਮ ਹੀ ਮਾਹੌਲ ਨੂੰ ਬਦਲ ਦਿੱਤਾ ਹੋਵੇ। ਆਪਸੀ ਵਪਾਰ, ਸਭਿਆਚਾਰਕ ਆਦਾਨ-ਪ੍ਰਦਾਨ, ਸਰਹੱਦਾਂ ਉਤੇ ਦੋਵਾਂ ਦੇਸ਼ ਦੇ ਫੌਜੀਆਂ ਵਿਚਕਾਰ ਸ਼ਾਂਤੀ ਬਣਾਈ ਰੱਖਣ ਅਤੇ ਦੁਵੱਲੀ ਗੱਲਬਾਤ ਸਬੰਧੀ ਨੀਤੀ ਘੜਨ ਦੀਆਂ ਗੱਲਾਂ ਨਾਲ ਦੋਵਾਂ ਦੇਸ਼ਾਂ ਵਿਚ ਆਉਂਦੇ ਸਮੇਂ ਵਿਚ ਆਪਸੀ ਸਹਿਯੋਗ ਵਧਣ ਦੀ ਉਮੀਦ ਕੀਤੀ ਜਾ ਸਕਦੀ ਹੈ, ਜਿਸ ਦਾ ਦੋਵਾਂ ਦੇਸ਼ਾਂ ਨੂੰ ਲਾਭ ਹੋਵੇਗਾ। ਚੀਨ ਨਾਲ ਭਾਰਤ ਦੀ 3500 ਕਿਲੋਮੀਟਰ ਲੰਮੀ ਸਰਹੱਦ ਲਗਦੀ ਹੈ।

## ਨੇਪਾਲੀਆਂ ਨੂੰ ਅਮਰੀਕਾ ਵਿਚੋਂ ਕੱਢਣ ਦੀ ਤਿਆਰੀ

**ਵਾਸ਼ਿੰਗਟਨ:** ਨੇਪਾਲ ਤੋਂ ਅਮਰੀਕਾ ਗਏ ਪਰਵਾਸੀਆਂ ਲਈ ਟਰੰਪ ਪ੍ਰਸ਼ਾਸਨ ਨੇ ਵਿਸ਼ੇਸ਼ ਸੁਰੱਖਿਅਤ ਠਾਹਰ ਦਾ ਨਿਯਮ ਖਤਮ ਕਰਨ ਦਾ



ਫੈਸਲਾ ਲੈ ਲਿਆ ਹੈ ਅਤੇ ਇਸ ਨਾਲ ਤਕਰੀਬਨ 9000 ਨੇਪਾਲੀ ਪ੍ਰਭਾਵਿਤ ਹੋਣਗੇ। ਸਰਕਾਰ ਨੇ ਉਨ੍ਹਾਂ ਨੂੰ ਕਿਹਾ ਹੈ ਕਿ ਉਹ ਜਾਂ ਤਾਂ ਅਮਰੀਕਾ ਛੱਡ ਜਾਣ ਜਾਂ ਫਿਰ ਕੋਈ ਹੋਰ ਰਸਤਾ ਲੱਭਣ।

ਅਮਰੀਕਾ ਵਿਚ ਟੈਂਪਰੇਰੀ ਪ੍ਰੋਟੈਕਸ਼ਨ ਸਟੇਟਸ (ਟੀ.ਪੀ.ਐਸ.) ਇਕ ਤਰ੍ਹਾਂ ਦਾ ਵਿਸ਼ੇਸ਼ ਦਰਜਾ ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜਿਥੇ ਹਿੰਸਾ ਫੈਲੀ ਹੋਵੇ, ਵਾਤਾਵਰਨ ਵਿਚ ਭਾਰੀ ਵਿਗਾੜ ਆ ਗਿਆ ਹੋਵੇ ਜਾਂ ਕੋਈ ਭੂਚਾਲ ਵਰਗੀ ਬਿਪਤਾ ਹੋਵੇ, ਜਿਸ ਕਾਰਨ ਨਾਗਰਿਕਾਂ ਦਾ ਸੁਰੱਖਿਅਤ ਵਾਪਸ ਜਾਣਾ ਸੰਭਵ ਨਾ ਹੋਵੇ। ਇਸ ਫੈਸਲੇ ਨਾਲ ਤਕਰੀਬਨ 8950 ਨੇਪਾਲੀ ਪ੍ਰਭਾਵਿਤ ਹੋ ਗਏ ਹਨ, ਇਹ ਅਮਰੀਕਾ ਦੇ ਨਿਊ ਯਾਰਕ ਵਿਚ ਨੇਪਾਲੀਆਂ ਦੀ ਵਸੋਂ ਦਾ 85 ਫੀਸਦੀ ਬਣਦਾ ਹੈ। ਇਨ੍ਹਾਂ ਨੂੰ ਕਿਹਾ ਗਿਆ ਹੈ ਕਿ ਜਾਂ ਤਾਂ ਉਹ ਨੇਪਾਲ ਚਲੇ ਜਾਣ ਜਾਂ ਫਿਰ ਉਨ੍ਹਾਂ ਨੂੰ ਜਬਰਦਸਤੀ ਕੱਢਿਆ ਜਾਵੇਗਾ। ਇਸ ਹੁਕਮ ਨੂੰ ਹੋਮਲੈਂਡ ਸਕਿਉਰਿਟੀ ਵਿਭਾਗ ਨੇ ਫਿਲਹਾਲ 24 ਜੂਨ 2019 ਤੱਕ ਮੁਲਤਵੀ ਕਰ ਦਿੱਤਾ ਹੈ। ਇਨ੍ਹਾਂ ਹੁਕਮਾਂ ਨਾਲ ਨੇਪਾਲੀ ਭਾਈਚਾਰੇ ਵਿਚ ਰੋਸ ਫੈਲ ਗਿਆ ਹੈ।

## ਸ਼ਰੀਫ ਮਗਰੋਂ ਪਾਕਿ ਵਿਦੇਸ਼ ਮੰਤਰੀ ਨੂੰ ਵੀ ਅਯੋਗ ਠਹਿਰਾਇਆ

**ਇਸਲਾਮਾਬਾਦ:** ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ ਅਹੁਦੇ ਦੇ ਅਯੋਗ ਠਹਿਰਾਏ ਜਾਣ ਮਗਰੋਂ ਹੁਣ ਇਸਲਾਮਾਬਾਦ ਹਾਈ ਕੋਰਟ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਖਵਾਜਾ ਆਸਿਫ਼ ਨੂੰ ਸੰਸਦ ਮੈਂਬਰ ਵਜੋਂ ਅਯੋਗ ਕਰਾਰ ਦਿੱਤਾ ਹੈ। ਆਸਿਫ਼ ਉਤੇ ਦੋਸ਼ ਹੈ ਕਿ ਉਨ੍ਹਾਂ 2013 'ਚ ਚੋਣ ਲੜਨ ਵੇਲੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਆਪਣੇ ਵਰਕ ਪਰਮਿਟ ਦਾ ਵੇਰਵਾ ਛੁਪਾਇਆ। ਹਾਈ ਕੋਰਟ ਦੀ ਤਿੰਨ ਮੈਂਬਰੀ ਵਿਸ਼ੇਸ਼ ਬੈਂਚ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਪਾਰਟੀ ਦੇ ਆਗੂ ਉਸਮਾਨ ਡਾਰ ਦੀ ਪਟੀਸ਼ਨ ਉਤੇ ਇਹ ਫੈਸਲਾ ਸੁਣਾਇਆ। ਫੈਸਲੇ ਮਗਰੋਂ ਆਸਿਫ਼ ਹੁਣ ਤਾਉਮਰ ਨਾ ਤਾਂ ਪਾਰਟੀ ਦੇ ਅਤੇ ਨਾ ਹੀ ਕੋਈ ਜਨਤਕ ਅਹੁਦੇ ਉਤੇ ਤਾਇਨਾਤ ਹੋ ਸਕਣਗੇ।

## ਮੋਦੀ ਦੇ 15 ਲੱਖ ਹੁਣ ਭੁੱਲ ਹੀ ਜਾਵੋ!

**ਨਵੀਂ ਦਿੱਲੀ:** ਸੂਚਨਾ ਦੇ ਅਧਿਕਾਰ ਤਹਿਤ ਪ੍ਰਧਾਨ ਮੰਤਰੀ ਦਫਤਰ ਤੋਂ ਅਜਿਹਾ ਸਵਾਲ ਪੁੱਛਿਆ ਗਿਆ ਜਿਸ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਆਰ.ਟੀ.ਆਈ. ਰਾਹੀਂ ਪੁੱਛਿਆ ਗਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕ ਸਭਾ ਚੋਣਾਂ ਵੇਲੇ ਜਿਹੜਾ 15 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਉਸ ਦੇ ਪੂਰਾ ਹੋਣ ਦੀ ਤਰੀਕ ਕੀ ਹੈ? ਇਸ ਸਵਾਲ ਦੇ ਜਵਾਬ ਵਿਚ ਪੀ.ਐਮ.ਓ. ਨੇ ਕਿਹਾ ਕਿ ਇਹ ਸਵਾਲ ਸੂਚਨਾ ਦੇ ਅਧਿਕਾਰ ਤਹਿਤ ਨਹੀਂ ਆਉਂਦਾ। ਇਸ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ। ਇਹ ਜਾਣਕਾਰੀ ਮੋਹਨ ਕੁਮਾਰ ਸ਼ਰਮਾ ਨਾਂ ਦੇ ਬੰਦੇ ਨੇ 26 ਨਵੰਬਰ, 2016 ਨੂੰ ਮੰਗੀ ਸੀ। ਸੂਚਨਾ ਦੇ ਅਧਿਕਾਰ ਤਹਿਤ ਇਹ ਅਰਜ਼ੀ ਨੋਟਬੰਦੀ ਤੋਂ 18 ਦਿਨ ਬਾਅਦ ਭੇਜੀ ਗਈ ਸੀ।

ਦਰਅਸਲ, ਮੋਹਨ ਕੁਮਾਰ ਸ਼ਰਮਾ ਨੇ ਮੁੱਖ ਸੂਚਨਾ ਅਫਸਰ ਨੂੰ ਇਹ ਸ਼ਿਕਾਇਤ ਕੀਤੀ ਕਿ ਪੀ.ਐਮ.ਓ. ਤੇ ਆਰ.ਬੀ.ਆਈ. ਨੇ ਪੂਰੀ ਸੂਚਨਾ ਨਹੀਂ ਦਿੱਤੀ। ਇਸ ਦਾ ਜਵਾਬ ਦਿੱਤਾ ਗਿਆ ਕਿ ਇਹ ਆਰ.ਟੀ.ਆਈ. ਤਹਿਤ ਨਹੀਂ ਆਉਂਦਾ। ਆਰ.ਟੀ.ਆਈ. ਕਾਨੂੰਨ ਦੀ ਇਸ ਧਾਰਾ ਮੁਤਾਬਕ ਸੂਚਨਾ ਦਾ ਮਤਲਬ ਰਿਕਾਰਡ ਤੋਂ ਹੈ, ਕਿਸੇ ਨਿੱਜੀ ਮਸਲੇ 'ਤੇ ਆਰ.ਟੀ.ਆਈ. ਦਾ ਜਵਾਬ ਨਹੀਂ ਦਿੱਤਾ ਜਾ ਸਕਦਾ। 2014 ਵਿਚ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਨਰੇਂਦਰ ਮੋਦੀ ਨੇ ਕਿਹਾ ਸੀ ਕਿ ਜਦੋਂ ਵਿਦੇਸ਼ਾਂ ਤੋਂ ਕਾਲਾ ਧਨ ਵਾਪਸ ਆਵੇਗਾ ਤਾਂ ਸਾਰਿਆਂ ਨੂੰ 15-15 ਲੱਖ ਰੁਪਏ ਮਿਲਣਗੇ।

# ਕਿਸਾਨ ਲਈ ਮਾਰੂ ਹੈ ਕਾਰਪੋਰੇਟ ਖੇਤੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਐਲਾਨ ਤੋਂ ਬਾਅਦ ਸਰਕਾਰੀ ਅਦਾਰੇ ਅਤੇ ਸਰਕਾਰੀ ਅਰਥ ਵਿਗਿਆਨੀ ਤੇਜ਼ੀ ਨਾਲ ਹਰਕਤ ਵਿਚ ਆ ਗਏ ਸਨ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਸਿੱਧ ਕਰਨ ਵਿਚ ਲੱਗੇ ਹੋਏ ਹਨ ਕਿ ਅਜਿਹਾ ਜ਼ਰੂਰ ਹੋਵੇਗਾ। ਇਸ ਬਾਰੇ ਧਿਆਨ ਮੰਗਦਾ ਪੱਖ ਇਹ ਹੈ ਕਿ ਅਜਿਹਾ ਕਿਵੇਂ ਹੋਵੇਗਾ ਅਤੇ ਜੇ ਹੋ ਵੀ ਗਿਆ ਤਾਂ ਇਸ ਦਾ ਫ਼ਾਇਦਾ ਕਿਹੜੇ ਵਰਗ ਨੂੰ ਹੋਵੇਗਾ?

ਡਾ. ਗਿਆਨ ਸਿੰਘ

1951 ਵਿਚ ਬਣਾਏ ਯੋਜਨਾ ਕਮਿਸ਼ਨ, ਜਿਸ ਦੀਆਂ ਕੁਝ ਕੁ ਊਣਤਾਈਆਂ ਦੇ ਬਾਵਜੂਦ ਇਸ ਦੀਆਂ ਅਨੇਕਾਂ ਪ੍ਰਾਪਤੀਆਂ ਹਨ, ਦੇ ਐਨ.ਡੀ.ਏ. ਸਰਕਾਰ ਵੱਲੋਂ ਭੋਗ ਪਾਏ ਜਾਣ ਅਤੇ ਉਸ ਦੀ ਜਗ੍ਹਾ ਬਣਾਏ ਨੀਤੀ ਆਯੋਗ ਵੱਲੋਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਨਾਮ ਹੇਠ ਨੀਤੀਗਤ ਖਰੜਾ ਤਿਆਰ ਕੀਤਾ ਗਿਆ ਹੈ। ਇਸ ਖਰੜੇ ਅਨੁਸਾਰ, ਕਿਸਾਨਾਂ ਦੀ ਜ਼ਮੀਨ ਇਕੱਠੀ ਕਰ ਕੇ ਕੰਪਨੀਆਂ ਅਧੀਨ ਲਿਆਂਦੀ ਜਾਵੇਗੀ। ਇਸ ਯੋਜਨਾ ਨੂੰ 'ਮੰਡੀ ਸੋਧਤ ਮੇਕ ਇਨ ਇੰਡੀਆ, ਖੇਤੀਬਾੜੀ ਲਿੰਕ ਰਾਹੀਂ ਕਿਸਾਨਾਂ ਦੀ ਆਮਦਨ ਦੁੱਗਣੀ ਕਰਨੀ' ਸਿਰਲੇਖ ਦਿੱਤਾ ਗਿਆ ਹੈ। ਖਰੜੇ ਵਿਚ ਮੰਨਿਆ ਗਿਆ ਹੈ ਕਿ ਛੋਟੇ ਤੇ ਮੱਧਵਰਗੀ ਕਿਸਾਨ ਭਾਰੀ ਤਣਾਅ ਵਿਚ ਹਨ ਅਤੇ ਇਨ੍ਹਾਂ ਦੀ ਵਰਤਮਾਨ ਆਮਦਨ ਇਨ੍ਹਾਂ ਦੀਆਂ ਪਰਿਵਾਰਕ ਲੋੜਾਂ ਪੂਰੀਆਂ ਕਰਨ ਜੋਗੀ ਨਹੀਂ ਹੈ।

ਖਰੜੇ ਅਨੁਸਾਰ ਜਨਤਕ-ਪ੍ਰਾਈਵੇਟ ਭਾਈਵਾਲ ਪ੍ਰਣਾਲੀ ਉਤੇ ਆਧਾਰਿਤ ਕੌਮੀ ਕੰਪਨੀ ਅਤੇ 500-1000 ਏਕੜ ਦੇ ਫਾਰਮ ਆਕਾਰ ਵਾਲੇ ਪਾਇਲਟ ਪ੍ਰੋਜੈਕਟਾਂ ਲਈ ਹੋਰ ਕੰਪਨੀਆਂ ਬਣਾਈਆਂ ਜਾਣਗੀਆਂ। ਕੌਮੀ ਪੱਧਰ ਉਤੇ ਜਨਤਕ-ਪ੍ਰਾਈਵੇਟ ਭਾਈਵਾਲੀ ਪ੍ਰਣਾਲੀ ਅਧੀਨ ਮੰਡੀਕਰਨ ਕੰਪਨੀ ਵੀ ਬਣੇਗੀ। ਇਸ ਤੋਂ ਬਿਨਾਂ ਦੋ ਸਥਾਨਕ ਕੰਪਨੀਆਂ- ਇੱਕ ਪ੍ਰੋਸੈਸਿੰਗ ਤੇ ਪੈਕਜਿੰਗ ਅਤੇ ਦੂਜੀ ਫਾਰਮ ਪ੍ਰਬੰਧਨ ਕੰਪਨੀ ਬਣਨਗੀਆਂ। ਖੇਤੀਬਾੜੀ ਦਾ ਪ੍ਰਬੰਧ ਕੰਪਨੀਆਂ ਕਰਨਗੀਆਂ ਅਤੇ ਇਸ ਪ੍ਰਬੰਧ ਵਿਚ 51 ਤੋਂ 60 ਫ਼ੀਸਦ ਹਿੱਸਾ ਜ਼ਮੀਨ ਮਾਲਕਾਂ ਅਤੇ ਬਾਕੀ ਦਾ ਹਿੱਸਾ ਚੇਤਨ ਪੂੰਜੀਪਤੀਆਂ ਦਾ ਹੋਵੇਗਾ। ਪਾਇਲਟ ਪ੍ਰੋਜੈਕਟਾਂ ਤਹਿਤ ਜ਼ਮੀਨ ਇਕੱਠੀ ਕਰਨ ਲਈ ਫਾਰਮ ਪ੍ਰਬੰਧਨ ਕੰਪਨੀ ਕਿਸਾਨਾਂ ਤੋਂ ਜ਼ਮੀਨ ਠੇਕੇ ਉਤੇ ਲੈ ਸਕਦੀ ਹੈ, ਜਾਂ ਸਰਕਾਰ ਕਿਸਾਨਾਂ ਤੋਂ ਜ਼ਮੀਨ ਠੇਕੇ ਉਤੇ ਲੈ ਕੇ ਅੱਗੇ ਫਾਰਮ ਪ੍ਰਬੰਧਨ ਕੰਪਨੀ ਨੂੰ ਠੇਕੇ ਉਤੇ ਦੇ ਸਕਦੀ ਹੈ, ਜਾਂ ਇਸ ਬਾਰੇ ਕੋਈ ਹੋਰ ਤਰੀਕਾ ਵੀ ਅਪਨਾਇਆ ਜਾ ਸਕਦਾ ਹੈ। ਇਨ੍ਹਾਂ ਪ੍ਰੋਜੈਕਟਾਂ ਵਿਚਕਾਰ ਤਾਲਮੇਲ ਦਾ ਕੰਮ ਨੀਤੀ ਆਯੋਗ ਦੇ ਉਪ-ਚੇਅਰਮੈਨ ਦੀ ਪ੍ਰਧਾਨਗੀ ਹੇਠ ਬਣੀ 11 ਮੈਂਬਰ ਟਾਸਕ ਫੋਰਸ ਦਾ ਹੋਵੇਗਾ। ਖੇਤੀਬਾੜੀ ਸੂਬਿਆਂ ਦਾ ਵਿਸ਼ਾ ਹੋਣ ਕਾਰਨ ਖੇਤੀਬਾੜੀ ਨਾਲ ਸਬੰਧਤ ਅਜਿਹਾ ਕੋਈ ਵੀ ਪ੍ਰੋਜੈਕਟ ਸ਼ੁਰੂ ਕਰਨ ਲਈ ਸੂਬਾ ਸਰਕਾਰਾਂ ਦੀ ਸਹਿਮਤੀ ਜ਼ਰੂਰੀ ਹੈ। ਖਰੜੇ ਮੁਤਾਬਕ, ਉੱਤਰਾਖੰਡ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਸਰਕਾਰਾਂ ਨੇ ਇਸ ਬਾਰੇ ਆਪਣੀ ਸਹਿਮਤੀ ਦੇ ਦਿੱਤੀ ਹੈ, ਹੋਰ ਸੂਬਾ ਸਰਕਾਰਾਂ ਨੂੰ ਸਹਿਮਤੀ ਦੇਣ ਲਈ ਕਿਹਾ ਜਾ ਰਿਹਾ ਹੈ। 1991 ਦੌਰਾਨ ਮੁਲਕ ਵਿਚ ਅਪਣਾਈਆਂ ਨਵੀਆਂ ਆਰਥਿਕ ਨੀਤੀਆਂ ਦੇ ਸਰਮਾਏਦਾਰ/ਕਾਰਪੋਰੇਟ ਜਗਤ ਪੱਖੀ ਹੋਣ ਕਰ ਕੇ ਲੁਕਵੇਂ ਢੰਗ ਨਾਲ ਕਾਰਪੋਰੇਟ ਖੇਤੀਬਾੜੀ ਨੂੰ ਉਤਸ਼ਾਹਿਤ ਕੀਤਾ ਜਾਣ ਲੱਗਿਆ ਸੀ। ਕਾਰਪੋਰੇਟ ਜਗਤ ਨੇ ਆਪਣੀ ਹੋਂਦ ਵਿਚ ਆਉਣ ਸਾਰ ਹੀ ਦੁਨੀਆਂ ਦੇ ਜ਼ਿਆਦਾ ਮੁਲਕਾਂ ਵਿਚ ਜਲ, ਜੰਗਲ ਅਤੇ ਜ਼ਮੀਨ ਉਪਰ ਕਾਨੂੰਨੀ ਤੇ ਗੈਰ-ਕਾਨੂੰਨੀ ਕਬਜ਼ੇ ਸ਼ੁਰੂ ਕਰ ਦਿੱਤੇ। ਭਾਰਤ ਅਤੇ ਬਹੁਤੀਆਂ ਸੂਬਾ ਸਰਕਾਰਾਂ ਨੇ ਭੂਮੀ ਸੁਧਾਰਾਂ ਵੱਲ ਪਿੱਠ ਹੀ ਨਹੀਂ ਕੀਤੀ, ਸਗੋਂ ਸਰਮਾਏਦਾਰ ਤੇ ਕਾਰਪੋਰੇਟ ਜਗਤ ਲਈ ਜ਼ਮੀਨ ਗ੍ਰਹਿਣ ਕਰਨ ਲਈ ਪੂਰੀ ਫੁਰਤੀ ਨਾਲ ਕਾਨੂੰਨ ਬਣਾਉਣੇ ਤੇ ਲਾਗੂ ਕਰਨੇ ਵੀ ਸ਼ੁਰੂ ਕਰ ਦਿੱਤੇ।

ਭਾਰਤ ਵਿਚ ਕਾਰਪੋਰੇਟ ਖੇਤੀਬਾੜੀ ਨੂੰ ਤੇਜ਼ੀ ਨਾਲ ਪ੍ਰਫੁਲਿਤ ਕਰਨ ਲਈ ਕੇਂਦਰ ਸਰਕਾਰ ਦੀ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਮੁੱਲ ਨੀਤੀ ਅਤੇ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਉਤਪਾਦਨ ਲਈ ਵਰਤੇ ਜਾਣ ਵਾਲੇ ਆਦਾਨਾਂ ਦੀਆਂ ਕੀਮਤਾਂ ਦੇ ਤੈਅ ਕੀਤੇ ਜਾਣ ਨੂੰ ਬੇਲਗਾਮ ਮੰਡੀ ਦੇ ਹਵਾਲੇ ਕੀਤੇ ਜਾਣ ਕਾਰਨ ਵਪਾਰ ਦੀਆਂ ਸ਼ਰਤਾਂ ਨੂੰ ਸਿਰਫ਼ ਖੇਤੀਬਾੜੀ ਖੇਤਰ ਦੇ ਖ਼ਿਲਾਫ਼ ਹੀ ਨਹੀਂ ਬਣਾਇਆ ਗਿਆ, ਸਗੋਂ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ। ਵੱਖ ਵੱਖ ਖੇਤਰਾਂ ਵਿਚ ਹੋਏ ਖੋਜ ਕਾਰਜਾਂ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਮੁਲਕ ਵਿਚ ਕਰੀਬ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਤੇ ਗਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਅਗਲੀਆਂ ਪੀੜ੍ਹੀਆਂ ਲਈ ਕਰਜ਼ੇ ਦਾ ਪਹਾੜ ਤੇ ਘੋਰ ਗ਼ਰੀਬੀ ਛੱਡ ਕੇ ਤੰਗੀ-ਤੁਰਸ਼ੀ ਵਾਲੀ ਮੌਤ ਮਰ ਜਾਂਦੇ ਹਨ। ਜਦੋਂ ਸਰਕਾਰ ਤੇ ਸਮਾਜ ਵੱਲੋਂ ਉਨ੍ਹਾਂ ਦੀਆਂ ਸਾਰੀਆਂ ਆਸਾਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਉਹ



ਖੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਅਨੁਸਾਰ, 1995 ਤੋਂ 2016 ਦੌਰਾਨ 3 ਲੱਖ ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਦਰਜ ਹੋਈਆਂ।

ਇਸ ਤੋਂ ਬਿਨਾਂ ਉਹ ਖ਼ੁਦਕੁਸ਼ੀਆਂ ਵੀ ਹਨ ਜਿਹੜੀਆਂ ਕਿਸਾਨਾਂ ਨੇ ਘਰੋਂ ਲਾਪਤਾ ਹੋਣ ਤੋਂ ਬਾਅਦ ਕੀਤੀਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਿਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ। ਇਸ ਦੇ ਨਾਲ ਨਾਲ ਕਿਸਾਨਾਂ ਦੀਆਂ ਉਹ ਖ਼ੁਦਕੁਸ਼ੀਆਂ ਵੀ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਵਾਰਿਸਾਂ ਨੇ ਕਾਨੂੰਨੀ-ਸਮਾਜਿਕ ਉਲਝਣਾਂ ਤੋਂ ਬਚਣ ਲਈ ਕੁਦਰਤੀ/ਹਾਦਸਾ ਮੌਤਾਂ ਵਜੋਂ ਦਰਜ ਕਰਵਾਇਆ। ਇਸ ਸਬੰਧ ਵਿਚ ਖੇਤੀ ਵਿਕਾਸ ਲਈ ਨਮੂਨੇ ਵਜੋਂ ਪ੍ਰਚਾਰੇ ਜਾਂਦੇ ਸੂਬੇ ਪੰਜਾਬ ਦੀ ਹਾਲਤ ਬਹੁਤ ਮਾੜੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਹਰ ਰੋਜ਼ 1-3 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਆ ਰਹੀਆਂ ਹਨ।

ਜੁਗਾੜੀ ਅਰਥ ਵਿਗਿਆਨੀ ਅਤੇ ਕਾਰਪੋਰੇਟ ਜਗਤ ਦੇ ਭਾੜੂਬਰਦਾਰ ਆਪਣੇ ਨਿੱਕੇ ਨਿੱਕੇ ਹਿੱਤਾਂ ਦੀ ਪੂਰਤੀ ਲਈ ਆਪਣੇ ਕੋਲੋਂ ਅੰਕੜੇ ਬਣਾਉਂਦੇ ਭੋਰਾ ਸ਼ਰਮ ਮਹਿਸੂਸ ਨਹੀਂ ਕਰਦੇ। ਇਹ ਕਿਸਾਨਾਂ, ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ 'ਸੁਰੱਖਿਅਤ ਨਿਕਾਲ' ਦਾ ਖੂਬ ਪ੍ਰਚਾਰ ਕਰਦੇ ਹਨ। ਦਰਅਸਲ, ਉਨ੍ਹਾਂ ਨੂੰ ਪਤਾ ਹੈ ਕਿ ਅੱਜ ਕੱਲ੍ਹ ਦੇ ਹਾਲਾਤ ਵਿਚ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਔਖ-ਸੌਖ ਨਾਲ ਖੇਤੀਬਾੜੀ ਖੇਤਰ ਵਿਚ ਰੁੱਖੀ-ਸੁੱਕੀ ਰੋਟੀ ਤਾਂ ਮਿਲ ਜਾਂਦੀ ਹੈ, ਪਰ ਅਰਥ ਵਿਵਸਥਾ ਦੇ ਉਦਯੋਗਿਕ ਤੇ ਸੇਵਾਵਾਂ ਦੇ ਖੇਤਰਾਂ ਵਿਚ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਨਾ ਹੋਣ ਕਰ ਕੇ ਪ੍ਰਚਾਰਿਆ ਜਾਂਦਾ 'ਸੁਰੱਖਿਅਤ ਨਿਕਾਲ' ਅਸਲ ਵਿਚ ਉਨ੍ਹਾਂ ਲਈ ਉਜਾੜਾ ਅਤੇ ਉਸ ਤੋਂ ਬਾਅਦ ਉਨ੍ਹਾਂ ਦੀਆਂ ਜ਼ਮੀਨਾਂ ਉਪਰ ਸਰਮਾਏਦਾਰਾਂ/ ਕਾਰਪੋਰੇਸ਼ਨਾਂ ਦਾ ਕਬਜ਼ਾ ਹੈ।

ਖੇਤੀਬਾੜੀ ਖੇਤਰ ਵਿਚ ਪ੍ਰਚਾਰੀ ਦਾ ਰਹੀ ਜਨਤਕ-ਪ੍ਰਾਈਵੇਟ ਭਾਈਵਾਲੀ ਪ੍ਰਣਾਲੀ ਵਿਚ ਭਾਵੇਂ ਕਹਿਣ ਨੂੰ ਤਾਂ ਜ਼ਿਆਦਾ ਹਿੱਸੇਦਾਰੀ ਕਿਸਾਨਾਂ ਦੀ ਹੋਵੇਗੀ, ਪਰ ਮੁਲਕ ਦਾ ਪਿਛਲਾ ਤਜਰਬਾ ਇਹ ਦੱਸਦਾ ਹੈ ਕਿ ਜਿਵੇਂ ਚੰਗੇ-ਭਲੇ ਨਫ਼ੇ ਵਿਚ ਚੱਲ ਅਤੇ ਲੋਕਾਂ ਦੀ ਸੇਵਾ ਕਰ ਰਹੇ ਜਨਤਕ ਖੇਤਰ ਦੀਆਂ ਇਕਾਈਆਂ ਵਿਚ ਪ੍ਰਾਈਵੇਟ ਭਾਈਵਾਲੀ ਕਰਵਾਈ ਗਈ, ਉਸ ਦਾ ਅੰਤ ਉਸ 'ਅਰਬੀ ਊਠ' ਦੇ ਕਬਜ਼ੇ ਵਰਗਾ ਹੋਇਆ ਜੋ ਭਰ ਸਿਆਲ ਵਿਚ ਠੰਢ ਤੋਂ ਬਚਣ ਲਈ ਆਪਣਾ ਸਿਰ ਕਿਸਾਨ ਦੇ ਘਰ ਅੰਦਰ ਕਰਨ ਦੀ ਇਜਾਜ਼ਤ ਲੈ ਕੇ ਹੌਲੀ ਹੌਲੀ ਘਰ ਵਿਚ ਵੜ ਕੇ ਕਬਜ਼ਾ ਕਰ ਲੈਂਦਾ ਹੈ ਅਤੇ ਉਹ ਕਿਸਾਨ ਆਪਣੇ ਹੀ ਘਰ ਤੋਂ ਬਾਹਰ ਕੜਾਕੇ ਦੀ ਠੰਢ ਨਾ ਸਹਾਰਦਾ ਮਰ ਜਾਂਦਾ ਹੈ। ਮੁਲਕ ਦੇ ਉਨ੍ਹਾਂ ਖੇਤਰਾਂ ਜਿੱਥੇ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਈ ਗਈ, ਜਿਵੇਂ ਪੰਜਾਬ ਆਦਿ ਵਿਚ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਤੇ ਉਲੀਨਾਸ਼ਕਾਂ ਦੀ ਵਰਤੋਂ ਨੇ ਇਨ੍ਹਾਂ ਦਾ ਰੋਮ ਰੋਮ ਜ਼ਹਿਰ ਨਾਲ ਭਰ ਦਿੱਤਾ ਹੈ। ਨਤੀਜੇ ਵਜੋਂ ਲੋਕ ਬਿਮਾਰੀਆਂ ਦੀ ਮਾਰ ਹੇਠ ਆ ਗਏ। ਕੁਝ ਤਾਂ ਲਾਇਲਾਜ ਬਿਮਾਰੀਆਂ ਤੇ ਇਲਾਜ ਮਹਿੰਗਾ ਹੋਣ ਕਾਰਨ ਇਸ ਦੁਨੀਆਂ ਤੋਂ ਚਲੇ ਵੀ ਗਏ ਹਨ। ਕਾਰਪੋਰੇਸ਼ਨਾਂ ਆਪਣੇ ਨਫ਼ੇ ਵਧਾਉਣ ਵਿਚ ਗ਼ਲਤਾਨ ਹੋਣ ਕਰ ਕੇ ਰਸਾਇਣਕ ਪਦਾਰਥਾਂ ਦੀ ਖੇਤੀਬਾੜੀ ਵਿਚ ਬੇਲੋੜੀ ਵਰਤੋਂ ਲਈ ਸਿੱਧੇ ਤੌਰ ਉਤੇ ਜ਼ਿੰਮੇਵਾਰ ਹਨ।

ਸੰਯੁਕਤ ਰਾਸ਼ਟਰ ਸੰਘ ਨੇ ਆਪਣੀ ਰਿਪੋਰਟ ਵਿਚ ਸਪਸ਼ਟ ਕੀਤਾ ਹੈ ਕਿ ਪੂਰੀ ਦੁਨੀਆਂ ਲਈ ਅਨਾਜ ਸੁਰੱਖਿਆ ਦੇਣ ਅਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਪਰਿਵਾਰਕ ਖੇਤੀਬਾੜੀ ਪ੍ਰਣਾਲੀ ਸਭ ਤੋਂ ਢੁਕਵੀਂ ਹੈ। ਇਸ ਲਈ ਭਾਰਤ ਵਿਚ ਆਮ ਲੋਕਾਂ ਨੂੰ ਰੁਜ਼ਗਾਰ ਦੇਣ, ਅਨਾਜ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਮੁਲਕ ਵਿਚ ਵਧ ਰਹੇ ਆਰਥਿਕ ਪਾੜੇ ਉਪਰ ਕਾਬੂ ਲਈ ਜ਼ਰੂਰੀ ਹੈ ਕਿ ਕੰਪਨੀਆਂ/ ਕਾਰਪੋਰੇਸ਼ਨਾਂ ਦੀ ਜਗ੍ਹਾ ਪਰਿਵਾਰਕ ਖੇਤੀ ਪ੍ਰਫੁਲਿਤ ਕਰਨ ਲਈ ਸਹਿਕਾਰੀ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਜਾਵੇ, ਕਿਉਂਕਿ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਨਹੀਂ ਹੋ ਸਕਦੀ ਅਤੇ ਜੇ ਹੋ ਵੀ ਜਾਵੇ ਤਾਂ ਕਿਸਾਨਾਂ ਦੀ ਵੱਡੀ ਗਿਣਤੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀਂ ਹੋ ਸਕਣਗੀਆਂ। ਸਮੇਂ ਦੀ ਲੋੜ ਹੈ ਕਿ ਖੇਤੀ ਵਿਚ ਮਿੱਟੀ ਵਿਚ ਮਿੱਟੀ ਹੋ ਕੇ ਅਨਾਜ ਅਤੇ ਹੋਰ ਜਿਨਸਾਂ ਪੈਦਾ ਕਰਨ ਵਾਲੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਕੌਮੀ ਆਮਦਨ ਵਿਚੋਂ ਉਨ੍ਹਾਂ ਦਾ ਬਣਦਾ ਹਿੱਸਾ ਦੇਣਾ ਯਕੀਨੀ ਬਣਾਇਆ ਜਾਵੇ ਤਾਂ ਕਿ ਉਹ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰ ਸਕਣ।

---

# ਨਵਾਜ਼ ਸ਼ਰੀਫ ਦੀ ਪਾਰਟੀ ਦੀਆਂ ਮੁਸ਼ਕਿਲਾਂ

ਜਿਵੇਂ-ਜਿਵੇਂ ਅਗਲੀਆਂ ਆਮ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਦੇਸ਼ ਨੂੰ ਬੇਯਕੀਨੀ ਦੀ ਲਹਿਰ ਜਕੜ ਵਿਚ ਲੈ ਰਹੀ ਹੈ। ਸੰਵਿਧਾਨ ਕਹਿੰਦਾ ਹੈ ਕਿ 5 ਜੂਨ, ਜਦੋਂ ਕੌਮੀ ਅਤੇ ਸੂਬਾਈ ਅਸੈਂਬਲੀਆਂ ਦਾ 5 ਸਾਲਾ ਕਾਰਜਕਾਲ ਪੂਰਾ ਹੋ ਜਾਵੇਗਾ, ਤੋਂ 60 ਦਿਨ ਦੇ ਵਿਚ-ਵਿਚ ਨਵੀਆਂ ਚੋਣਾਂ ਕਰਵਾਉਣੀਆਂ ਜ਼ਰੂਰੀ ਹਨ। ਭਾਵੇਂ ਇਹ ਤਾਂ ਕੋਈ ਵੀ ਨਹੀਂ ਕਹਿੰਦਾ ਕਿ ਚੋਣਾਂ ਨਹੀਂ ਹੋਣਗੀਆਂ ਪਰ ਇਹ ਮੰਨਣ ਵਾਲੇ ਵੀ ਥੋੜ੍ਹੇ ਹੀ ਹਨ ਕਿ ਇਹ ਚੋਣਾਂ ਸਮੇਂ ਸਿਰ ਹੋ ਜਾਣਗੀਆਂ। ਤਾਜ਼ਾ ਮਰਦਮਸ਼ੁਮਾਰੀ ਮੁਤਾਬਿਕ ਹੱਦਬੰਦੀ ਕਰਨ ਦੀ ਸਮੱਸਿਆ ਹੀ ਸਭ ਤੋਂ ਵੱਡੀ ਮੁਸ਼ਕਿਲ ਨਜ਼ਰ ਆ ਰਹੀ ਹੈ।

ਆਰਿਫ ਨਿਜ਼ਾਮੀ

ਵੱਡੀ ਗਿਣਤੀ ਵਿਧਾਨਕਾਰਾਂ ਦਾ ਕਹਿਣਾ ਹੈ ਕਿ ਨਵੀਂ ਹੱਦਬੰਦੀ ਵਿਚ ਉਨ੍ਹਾਂ ਦੇ ਹਲਕਿਆਂ ਦਾ ਸਰੂਪ ਵਿਗੜ ਜਾਵੇਗਾ। ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਵੀ ਕੁਝ ਹਫ਼ਤੇ ਪਹਿਲਾਂ ਪੱਤਰਕਾਰ ਮਿਲਣੀ 'ਚ ਇਹੀ ਸੰਕੇਤ ਦਿੱਤਾ ਸੀ ਕਿ ਚੋਣਾਂ ਕਰਾਉਣ 'ਚ ਕੁਝ ਹਫ਼ਤਿਆਂ ਦੀ ਦੇਰੀ ਹੋ ਸਕਦੀ ਹੈ ਪਰ ਤਕਨੀਕੀ ਕਾਰਨਾਂ ਦੇ ਨਾਲ-ਨਾਲ ਬਹੁਤ ਸਾਰੇ ਲੋਕਾਂ ਵਲੋਂ ਹੋਰ ਗੱਲਾਂ ਬਾਰੇ ਵੀ ਖ਼ਦਸ਼ੇ ਪ੍ਰਗਟਾਏ ਜਾ ਰਹੇ ਹਨ। ਜਿਸ ਤਰੀਕੇ ਨਾਲ ਚੋਣਾਂ ਤੋਂ ਪਹਿਲਾਂ ਦੀ ਸਿਆਸੀ ਸਫ਼ਬੰਦੀ ਸ਼ਕਲ ਅਖ਼ਤਿਆਰ ਕਰ ਰਹੀ ਹੈ, ਉਸ ਤੋਂ ਇਹੀ ਖ਼ਦਸ਼ੇ ਉਭਰੇ ਹਨ ਕਿ ਸੋਚੇ-ਸਮਝੇ ਏਜੰਡੇ ਮੁਤਾਬਿਕ ਦੇਸ਼ ਵਿਚ 'ਸਿਆਸੀ ਇੰਜਨੀਅਰਿੰਗ' ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਜ਼ਾਹਰ ਹੈ ਕਿ ਇਸ ਵਕਤ ਪਾਕਿਸਤਾਨ ਵਿਚ ਮੁਸ਼ਕਿਲਾਂ ਵਾਲੀ ਸਥਿਤੀ ਦਾ ਸਾਹਮਣਾ ਮੁਸਲਿਮ ਲੀਗ (ਨਵਾਜ਼) ਨੂੰ ਹੀ ਕਰਨਾ ਪੈ ਰਿਹਾ ਹੈ। ਦੱਸਿਆ ਇਹ ਵੀ ਜਾਂਦਾ ਹੈ ਕਿ ਸੱਤਾਧਾਰੀ ਪਾਰਟੀ ਨਾਲ ਸਬੰਧਿਤ ਕਈ ਵਿਧਾਨਕਾਰ ਪਾਰਟੀ ਦੇ ਬੇੜੇ 'ਚੋਂ ਛਾਲਾਂ ਮਾਰਨ ਦੀ ਤਿਆਰੀ ਵਿਚ ਹਨ। ਦੱਸਿਆ ਜਾਂਦਾ ਹੈ ਕਿ ਉਹ ਨਵੇਂ ਆਕਾਵਾਂ ਦੇ ਇਸ਼ਾਰੇ ਦੀ ਹੀ ਉਡੀਕ ਕਰ ਰਹੇ ਹਨ। ਇਹ ਗੱਲ ਸਾਡੇ ਸਿਆਸੀ ਸਭਿਆਚਾਰ ਵਿਚ ਹੀ ਹੈ ਕਿ ਬਹੁਤੇ ਸੰਭਾਵਿਤ ਵਿਧਾਨਕਾਰ ਜੇਤੂ ਧਿਰ ਵਾਲੇ ਪਾਸੇ ਹੀ ਖੜ੍ਹੇ ਹੋਣਾ ਚਾਹੁੰਦੇ ਹੁੰਦੇ ਹਨ। ਅਤੇ ਹੁਣ ਦਿਨੋ-ਦਿਨ ਸਪਸ਼ਟ ਹੁੰਦਾ ਜਾ ਰਿਹਾ ਹੈ ਕਿ ਨਵਾਜ਼ ਧਿਰ ਜੇਤੂ ਧਿਰ ਨਹੀਂ ਹੋਵੇਗੀ।

ਸੌਖੇ ਆਉਣ ਵਾਲੇ ਜਾਂਦੇ ਵੀ ਸੌਖੇ ਹਨ। ਜੋ ਪਾਰਟੀ ਛੱਡ ਚੁੱਕੇ ਹਨ ਜਾਂ ਛੱਡਣ ਵਾਲੇ ਹਨ, ਉਹ ਸਾਰੇ ਅਖੌਤੀ 'ਸੰਭਾਵਿਤ ਜੇਤੂ' ਹਨ। ਇਨ੍ਹਾਂ 'ਚੋਂ ਬਹੁਤੇ ਆਜ਼ਾਦ ਜਾਂ ਪੀ.ਐਮ.ਐਲ. (ਕਿਊ) ਦੇ ਮੈਂਬਰਾਂ ਵਜੋਂ ਨਵਾਜ਼ ਦੀ ਪਾਰਟੀ 'ਚ ਆਏ ਸਨ ਤਾਂ ਕਿ ਸੱਤਾ ਦੀ ਮਲਾਈ ਦਾ ਅਨੰਦ ਮਾਣ ਸਕਣ। ਹੁਣ ਤੱਕ 'ਬੇਨਜ਼ੀਰ ਇਨਕਮ ਸਪੋਰਟ ਪ੍ਰੋਗਰਾਮ' ਦੇ ਭੱਤਿਆਂ ਦਾ ਅਨੰਦ ਮਾਣਦੀ ਆ ਰਹੀ ਮਾਰਵੀ ਮੈਮਨ ਨੂੰ ਰਾਤੋ-ਰਾਤ ਮਹਿਸੂਸ ਹੋਇਆ ਹੈ ਕਿ ਪੀ.ਐਮ.ਐਲ.-ਐਨ. ਵਿਚ ਚਮਚਾਗਿਰੀ ਦਾ ਸਭਿਆਚਾਰ ਭਾਰੂ ਹੈ। ਇਸ ਸਿੱਟੇ 'ਤੇ ਪਹੁੰਚਣ ਨੂੰ ਉਸ ਨੂੰ ਚਾਰ ਸਾਲ ਦਾ ਲੰਮਾ ਸਮਾਂ ਲੱਗਿਆ।

ਇਸ ਤੋਂ ਪਹਿਲਾਂ ਉਹ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦੀ ਪਾਰਟੀ ਵਿਚ ਵੀ ਪੂਰੀ ਲਗਨ ਨਾਲ ਸੇਵਾ ਕਰਦੀ ਰਹੀ ਸੀ। ਦਲ-ਦਬਲੂਆਂ ਦੀ ਪਸੰਦ ਵਜੋਂ ਉਭਰਨ ਵਾਲੀ ਪਾਰਟੀ ਇਮਰਾਨ ਖਾਨ ਦੀ ਪੀ.ਟੀ.ਆਈ. ਹੈ। ਇਸ ਨੂੰ ਅਗਲੀ 'ਕਿੰਗਜ਼ ਪਾਰਟੀ' ਵਜੋਂ ਵੇਖਿਆ ਜਾ ਰਿਹਾ ਹੈ। ਇਸ ਵਿਚ ਤਾਜ਼ਾ ਦਾਖ਼ਲਾ ਪੀ.ਪੀ.ਪੀ. ਦੇ ਪੁਰਾਣੇ ਥੰਮ੍ਹ ਨਦੀਮ ਅਫ਼ਜ਼ਲ ਚੰਨ ਦਾ ਹੋਇਆ ਹੈ। ਇਮਰਾਨ ਖਾਨ ਨੇ ਆਪਣੇ ਦਰਵਾਜ਼ੇ ਦਲ-ਬਦਲੂਆਂ ਲਈ ਖੁੱਲ੍ਹੇ ਛੱਡੇ ਹੋਏ ਹਨ। ਉਨ੍ਹਾਂ ਨੇ ਪੀ.ਐਮ.ਐਲ. (ਐਨ.) ਦੇ ਨਾਰਾਜ਼ ਚੱਲ ਰਹੇ ਵੱਡੇ ਆਗੂ ਨਿਸਾਰ ਅਲੀ ਖਾਨ ਨੂੰ ਵੀ ਆਪਣੀ ਪਾਰਟੀ 'ਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ। ਉਹ ਇਹ ਵੀ ਚਾਹੁੰਦੇ ਹਨ ਕਿ ਮਖਦੂਮ ਖੁਸਰੋ ਬਖ਼ਤਿਆਰ ਦੀ ਅਗਵਾਈ ਹੇਠਲਾ 'ਜਨੂਬੀ ਸੂਬਾ ਮੁਹਾਜ਼' ਪੀ.ਟੀ.ਆਈ. ਨਾਲ ਗਠਜੋੜ ਕਰ ਲਵੇ ਪਰ ਮਖਦੂਮ ਸਥਾਪਤੀ ਦੇ ਸਿਆਸਤਦਾਨ ਹਨ, ਇਸ ਕਰਕੇ ਉਹ ਉਹੀ ਕਰਨਗੇ ਜੋ ਸੱਤਾ ਦੇ ਆਕਾ ਉਨ੍ਹਾਂ ਨੂੰ ਕਰਨ ਲਈ ਕਹਿਣਗੇ। ਮੁੱਕਦੀ ਗੱਲ ਇਹ ਹੈ ਕਿ ਹਰ ਕੋਈ ਸੱਤਾ 'ਚ ਭਾਈਵਾਲ ਬਣਨ ਲਈ ਯਤਨਸ਼ੀਲ ਹੈ। ਅੰਤ 'ਚ ਮੰਜ਼ਿਲ ਹੀ ਸਾਧਨਾਂ ਨੂੰ ਜਾਇਜ਼ ਠਹਿਰਾਏਗੀ।

ਖੈਰ ਜੋ ਵੀ ਹੋਵੇ, ਮੌਜੂਦਾ ਦ੍ਰਿਸ਼ 'ਚ ਕਿਸੇ ਵੀ ਦਾਅਵੇਦਾਰ ਲਈ ਅਗਲੀ ਕੌਮੀ ਸਰਕਾਰ ਬਣਾ ਪਾਉਣਾ ਸੰਭਵ ਨਹੀਂ ਜਾਪਦਾ। ਲਟਕਵੀਂ ਸੰਸਦ ਹੀ ਹੋਂਦ ਵਿਚ ਆਏਗੀ, ਜਿਸ ਵਿਚ ਕਿਸੇ ਇਕੱਲੀ ਪਾਰਟੀ ਕੋਲ ਬਹੁਮਤ ਨਹੀਂ ਹੋਵੇਗਾ। ਸਰਬ-ਸਮਰੱਥ ਸਥਾਪਤੀ ਦਾ ਮੰਨਣਾ ਹੈ ਕਿ ਕੋਈ ਵੀ ਪਾਰਟੀ (ਖ਼ਾਸ ਕਰਕੇ ਪੀ.ਐਮ.ਐਲ. (ਐਨ.) ਮੁਕੰਮਲ ਬਹੁਮਤ ਹਾਸਲ ਕਰਨ ਤੋਂ ਬਾਅਦ ਪ੍ਰਬੰਧ ਨੂੰ ਆਪਣੇ ਹਿਸਾਬ ਨਾਲ ਤੋੜ-ਮਰੋੜ ਸਕਦੀ ਹੈ। 1999 ਵਿਚ ਜਨਰਲ ਮੁਸ਼ੱਰਫ਼ ਵਲੋਂ ਸੱਤਾ ਤੋਂ ਬਾਹਰ ਕੀਤੇ ਜਾਣ ਤੋਂ ਪਹਿਲਾਂ ਨਵਾਜ਼ ਸ਼ਰੀਫ਼ ਆਪਣੇ ਵੱਡੇ ਬਹੁਮਤ 'ਤੇ ਬਹੁਤ ਮਾਣ ਕਰ ਰਹੇ ਸਨ। ਉਨ੍ਹਾਂ ਨੇ ਖ਼ੁਦ ਨੂੰ 'ਅਮੀਰ-ਅਲ-ਮੋਮੀਨ' ਬਣਾਉਣ ਲਈ ਸਮੁੱਚੇ ਲੋਕਤੰਤਰੀ ਪ੍ਰਬੰਧ ਨੂੰ ਆਪਣੇ ਹਿਸਾਬ ਨਾਲ ਮੋੜਨਾ ਸ਼ੁਰੂ ਕਰ ਦਿੱਤਾ ਸੀ। ਇਹ ਵੱਖਰੀ ਗੱਲ ਹੈ ਕਿ ਇਨ੍ਹਾਂ ਯਤਨਾਂ ਨੂੰ ਫ਼ੌਜੀ ਲੀਡਰਸ਼ਿਪ ਨੇ ਸ਼ੁਰੂ ਵਿਚ ਹੀ ਕੁਚਲ ਦਿੱਤਾ ਸੀ। ਇਸ ਵਾਰ ਵੀ ਸ਼ਰੀਫ਼ ਨੇ ਸੰਸਦ ਨੂੰ ਇਸ ਕਦਰ ਹਾਸ਼ੀਏ 'ਤੇ ਧੱਕ ਦਿੱਤਾ ਸੀ ਕਿ ਅੰਤ ਵਿਚ ਉਨ੍ਹਾਂ ਨੂੰ ਬੇਸੁਆਦੀ ਭਰੇ ਢੰਗ ਨਾਲ ਸੱਤਾ ਤੋਂ ਲਾਂਭੇ ਹੋਣਾ ਪਿਆ।

ਸੋ, ਇਸ ਸਮੇਂ ਮਨਮਰਜ਼ੀ ਦਾ ਪ੍ਰਬੰਧ ਘੜਿਆ ਜਾ ਰਿਹਾ ਹੈ। ਇਸ ਮੁਤਾਬਿਕ ਕੋਈ ਪਾਰਟੀ ਨਿਰਵਿਵਾਦਤ ਜੇਤੂ ਵਜੋਂ ਨਹੀਂ ਉਭਰੇਗੀ। ਆਜ਼ਾਦ ਮੈਂਬਰਾਂ ਅਤੇ ਖੇਤਰ, ਨਸਲ ਜਾਂ ਧਰਮ ਆਦਿ ਦੇ ਆਧਾਰ 'ਤੇ ਹੋਂਦ ਵਿਚ ਆਏ ਗਰੁੱਪਾਂ ਦੇ ਮੈਂਬਰਾਂ ਦੀ ਹਮਾਇਤ ਇਸ ਗੱਲ ਦਾ ਫ਼ੈਸਲਾ ਕਰੇਗੀ ਕਿ ਕੇਂਦਰ ਵਿਚ ਕਿਸ ਪਾਰਟੀ ਦੀ ਸਰਕਾਰ ਬਣੇਗੀ। ਸੁਭਾਵਿਕ ਤੌਰ 'ਤੇ ਇਸ ਸਕੀਮ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਪੰਜਾਬ ਹੀ ਹੈ। ਸਾਰੇ ਕੁਝ ਦੇ ਬਾਵਜੂਦ ਪੀ.ਐਮ.ਐਲ. (ਐਨ.) ਇਥੇ ਅਜੇ ਵੀ ਬੜੀ ਮਜ਼ਬੂਤ ਹੈ। ਪੀ.ਐਮ.ਐਲ. (ਐਨ.) ਦੇ ਮੁਖੀ ਨਵਾਜ਼ ਸ਼ਰੀਫ਼ ਆਪਣੇ ਨਿਕਾਲੇ ਦੇ ਬਾਅਦ ਤੋਂ ਆਪਣੇ ਪੱਤੇ ਬੜੀ ਚੁਸਤੀ ਨਾਲ ਚੱਲ ਰਹੇ ਹਨ। ਉਨ੍ਹਾਂ ਦੀਆਂ ਭਰਵੀਂ ਹਾਜ਼ਰੀ ਵਾਲੀਆਂ ਰੈਲੀਆਂ ਅਤੇ ਪਿਛਲੇ ਡੇਢ ਸਾਲਾਂ ਦੌਰਾਨ ਹੋਈਆਂ ਸਾਰੀਆਂ ਉਪ ਚੋਣਾਂ ਦੀਆਂ ਜਿੱਤਾਂ ਇਹੀ ਸਾਬਤ ਕਰਦੀਆਂ ਹਨ ਕਿ ਮੁਸਲਿਮ ਲੀਗ ਅਜੇ ਵੀ ਇਕ ਮਜ਼ਬੂਤ ਤੇ ਠੋਸ ਧਿਰ ਹੈ।

ਅੰਦਾਜ਼ਾ ਲਾਇਆ ਗਿਆ ਸੀ ਕਿ ਕੌਮੀ ਅਸੈਂਬਲੀ ਦੇ ਘੱਟੋ-ਘੱਟ 80 ਮੈਂਬਰ ਸੱਤਾਧਾਰੀ ਪਾਰਟੀ ਨੂੰ ਛੱਡਣ ਵਾਲੇ ਹਨ ਪਰ ਅਜਿਹਾ ਨਹੀਂ ਹੋਇਆ। ਹੁਣ ਤੱਕ 15 ਮੈਂਬਰਾਂ ਨੇ ਹੀ ਪਾਰਟੀ ਛੱਡੀ ਹੈ। ਸ਼ਾਇਦ ਕੰਮ ਚਲਾਊ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਹ ਅਮਲ ਤੇਜ਼ੀ ਫੜੇਗਾ। ਛੋਟੇ ਸ਼ਰੀਫ਼ (ਸ਼ਾਹਬਾਜ਼ ਸ਼ਰੀਫ਼) ਅਗਲੀਆਂ ਚੋਣਾਂ 'ਚ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਮੁੱਖ ਦਾਅਵੇਦਾਰ ਹਨ। ਭਾਵੇਂ ਉਨ੍ਹਾਂ ਦਾ ਅਕਸ ਵੀ ਸਥਾਪਤੀ ਪੱਖੀ ਸਿਆਸਤਦਾਨ ਦਾ ਹੈ, ਫਿਰ ਵੀ ਸਭ ਕੁਝ ਯੋਜਨਾ ਮੁਤਾਬਿਕ ਹੋਣਾ ਔਖਾ ਨਜ਼ਰ ਆ ਰਿਹਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਉਹ ਜਿੰਨਾ ਚਿਰ ਆਪਣੇ ਭਰਾ ਤੋਂ ਸਪੱਸ਼ਟ ਰੂਪ ਵਿਚ ਅਲੱਗ ਨਜ਼ਰ ਨਹੀਂ ਆਉਂਦੇ, ਓਨਾ ਚਿਰ ਉਨ੍ਹਾਂ ਨੂੰ ਇਕ ਸੁਤੰਤਰ ਖਿਡਾਰੀ ਨਹੀਂ ਮੰਨਿਆ ਜਾਏਗਾ। ਹਕੀਕਤ ਇਹ ਹੈ ਕਿ ਪਾਰਟੀ ਅਜੇ ਵੀ ਵੱਡੇ ਸ਼ਰੀਫ਼ ਦੁਆਲੇ ਹੀ ਘੁੰਮਦੀ ਹੈ। ਪਾਰਟੀ ਲਈ ਵੋਟਾਂ ਬਟੋਰਨ ਦਾ ਮੁੱਖ ਜ਼ਰੀਆ ਉਹ ਹੀ ਹਨ। ਜਿੱਥੋਂ ਤੱਕ ਇਮਰਾਨ ਖਾਨ ਦਾ ਸਬੰਧ ਹੈ, ਉਨ੍ਹਾਂ ਖ਼ੈਬਰ ਪਖ਼ਤੂਨਖਵਾ ਦੇ ਉਨ੍ਹਾਂ 20 ਵਿਧਾਇਕਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕਰਕੇ ਵਾਹਵਾ ਤਾਂ ਖੱਟੀ ਹੈ, ਜਿਨ੍ਹਾਂ 'ਤੇ ਸੈਨੇਟ ਚੋਣਾਂ ਦੌਰਾਨ ਆਪਣੀਆਂ ਵੋਟਾਂ ਵੇਚਣ ਦੇ ਦੋਸ਼ ਲੱਗੇ ਸਨ ਪਰ ਉਨ੍ਹਾਂ ਲਈ ਲੜਾਈ ਦਾ ਫ਼ੈਸਲਾਕੁੰਨ ਮੈਦਾਨ ਪੰਜਾਬ ਹੀ ਹੈ।

ਪੀ.ਪੀ.ਪੀ. ਤਾਂ ਹੁਣ ਪੰਜਾਬ ਸੂਬੇ ਵਿਚ ਬਹੁਤੀ ਵੁਕਤ ਨਹੀਂ ਰੱਖਦੀ। ਸੋ, ਇਨ੍ਹਾਂ ਦੋਵਾਂ ਧਿਰਾਂ ਦੀ ਪੰਜਾਬ ਵਿਚਲੀ ਲੜਾਈ ਹੀ ਇਹ ਫ਼ੈਸਲਾ ਕਰੇਗੀ ਕਿ ਅਗਲੀ ਕੌਮੀ ਸਰਕਾਰ ਕਿਸ ਧਿਰ ਦੀ ਬਣੇਗੀ? ਕੰਮ ਚਲਾਊ ਸਰਕਾਰ ਦੇ ਸਰੂਪ ਬਾਰੇ ਮੁਕੰਮਲ ਸਹਿਮਤੀ ਅਜੇ ਵੀ ਨਜ਼ਰ ਨਹੀਂ ਆ ਰਹੀ। ਪੀ.ਐਮ.ਐਲ. (ਐਨ.) ਨੇ ਗੱਲ ਪੀ.ਪੀ.ਪੀ. 'ਤੇ ਛੱਡ ਦਿੱਤੀ ਹੈ ਕਿ ਉਹ ਬਾਕੀ ਵਿਰੋਧੀ ਪਾਰਟੀਆਂ ਨਾਲ ਕੋਈ ਸਮਝ ਬਣਾ ਲਵੇ, ਕਿਉਂਕਿ ਇਹ ਨਹੀਂ ਚਾਹੁੰਦੀ ਕਿ ਮਾਮਲਾ ਚੋਣ ਕਮਿਸ਼ਨ ਕੋਲ ਜਾਵੇ। ਦੱਸਿਆ ਜਾਂਦਾ ਹੈ ਕਿ ਪੀ.ਟੀ.ਆਈ. ਪੰਜਾਬ ਅਤੇ ਖ਼ੈਬਰ ਪਖ਼ਤੂਨਖਵਾ ਵਿਚ ਆਪਣੀ 'ਵੀਟੋ ਪਾਵਰ' ਦੀ ਵਰਤੋਂ ਕਰਕੇ ਸਖ਼ਤ ਸੌਦੇਬਾਜ਼ੀ ਕਰ ਰਹੀ ਹੈ। ਅੰਤਿਮ ਵਿਸ਼ਲੇਸ਼ਣ ਇਹੀ ਦੱਸਦਾ ਹੈ ਕਿ ਚੋਣਾਂ ਨਾਲ ਕਿਸੇ ਤਰ੍ਹਾਂ ਦੀ ਵੀ ਛੇੜਖਾਨੀ ਦੇਸ਼ ਦੇ ਭਵਿਖ ਲਈ ਤਬਾਹਕੁਨ ਹੋ ਸਕਦੀ ਹੈ। ਚੋਣਾਂ ਦਾ ਅਮਲ ਸਿਰਫ਼ ਨਿਰਪੱਖ ਤੇ ਦਬਾਅ ਮੁਕਤ ਹੋਣਾ ਹੀ ਨਹੀਂ ਚਾਹੀਦਾ, ਸਗੋਂ ਅਜਿਹਾ ਸਾਰਿਆਂ ਨੂੰ ਸਪੱਸ਼ਟ ਰੂਪ ਵਿਚ ਨਜ਼ਰ ਵੀ ਆਉਣਾ ਚਾਹੀਦਾ ਹੈ।

ਵਿਚਾਰ-ਚਰਚਾ

# ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ



ਡਾ. ਗੁਰਨਾਮ ਕੌਰ, ਕੈਨੇਡਾ

ਸਾਧਾਂ-ਸਾਧਣੀਆਂ ਤੇ ਡੇਰੇਦਾਰਾਂ ਨੇ ਜਿੱਥੇ ਭਾਰਤ ਦੀ ਸਿੱਧੀ-ਸਾਦੀ ਜਨਤਾ ਨੂੰ ਪਿੱਛੇ ਲਾਇਆ ਹੋਇਆ ਹੈ ਤੇ ਉਨ੍ਹਾਂ ਦਾ ਕਈ ਤਰੀਕਿਆਂ ਨਾਲ ਸੋਸ਼ਣ ਕਰ ਰਹੇ ਹਨ, ਉਥੇ ਇਹ ਭਾਰਤੀ ਸਿਆਸਤ ਵਿਚ ਵੀ ਸਿੱਧੇ-ਅਸਿੱਧੇ ਢੰਗ ਨਾਲ ਬਹੁਤ ਅਸਰ-ਅੰਦਾਜ਼ ਹੋ ਰਹੇ ਹਨ। ਡੇਰੇਦਾਰਾਂ ਅਤੇ ਨੇਤਾ ਲੋਕਾਂ ਦੇ ਅਪਵਿੱਤਰ ਗਠਜੋੜ ਨੇ ਆਮ ਲੋਕਾਂ ਦੇ ਜੀਵਨ ਦੇ ਨਾਲ ਨਾਲ ਰਾਜਨੀਤੀ ਨੂੰ ਵੀ ਉਲਝਾ ਕੇ ਰੱਖ ਦਿੱਤਾ ਹੈ। ਡੇਰੇਦਾਰੀ ਰਾਜਨੀਤੀ ਵਿਚ ਕਿਸੇ ਕਿਸਮ ਦਾ ਉਸਾਰੂ ਹਿੱਸਾ ਪਾਉਣ ਦੀ ਥਾਂ ਸਿਆਸੀ ਸ਼ਕਤੀ ਨੂੰ ਆਪਣੇ ਨਿਜੀ ਫਾਇਦਿਆਂ ਤੇ ਜਮੀਨ-ਜਾਇਦਾਦ ਹਥਿਆਉਣ ਲਈ ਵਰਤਦੀ ਹੈ ਅਤੇ ਬਦਲੇ ਵਿਚ ਆਪਣੇ ਸੇਵਕਾਂ/ਸ਼ਰਧਾਲੂਆਂ ਦੀਆਂ ਵੋਟਾਂ ਪਾਉਣ/ਪਵਾਉਣ ਦਾ ਸੌਦਾ ਕਰਦੀ ਹੈ। ਸਾਧਗਿਰੀ ਦਾ ਇਨ੍ਹਾਂ ਸਿਰਫ ਚੋਲਾ ਪਾਇਆ ਹੁੰਦਾ ਹੈ ਪਰ ਉਸ ਚੋਲੇ ਅੰਦਰ ਦੁਨੀਆਂ ਭਰ ਦੀਆਂ ਸੱਭੇ ਘਿਨਾਉਣੀਆਂ ਕਰਤੂਤਾਂ ਕਰਦੇ ਹਨ ਜੋ ਕਰਨ ਦੀ ਕਿਸੇ ਆਮ ਦੁਨੀਆਦਾਰ ਬੰਦੇ ਨੇ ਹਿੰਮਤ ਤਾਂ ਕੀ ਕਰਨੀ ਹੈ, ਸੋਚਿਆ ਵੀ ਨਹੀਂ ਹੁੰਦਾ।

ਭਾਈ ਗੁਰਦਾਸ 35ਵੀਂ ਵਾਰ ਦੀ 17ਵੀਂ ਪਉੜੀ ਵਿਚ ਸਾਧ ਤੇ ਅਸਾਧ ਦਾ ਫਰਕ ਦੱਸਣ ਲਈ ਆਮ ਜ਼ਿੰਦਗੀ ਵਿਚੋਂ ਮਿਸਾਲਾਂ ਅਤੇ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ ਕਿ ਅਸਲੀ ਅਤੇ ਨਕਲੀ ਸਾਧ ਵਿਚ ਕੀ ਫਰਕ ਹੈ? ਉਹ ਮਿਸਾਲ ਦਿੰਦੇ ਹਨ ਕਿ ਧ੍ਰੇਕ ਦੇ ਬੂਟੇ ਨੂੰ ਲੱਗੇ ਧ੍ਰਿਕੋਨਿਆਂ ਦੇ ਗੁੱਛਿਆਂ ਦੀ ਸ਼ਕਲ ਦੇਖਣ ਨੂੰ ਅੰਗੂਰਾਂ ਦੇ ਗੁੱਛਿਆਂ ਜਿਹੀ ਲੱਗਦੀ ਹੈ ਪਰ ਉਨ੍ਹਾਂ ਤੋਂ ਦਾਖਾਂ ਅਰਥਾਤ ਸੌਗੀ ਨਹੀਂ ਬਣਦੀ। ਇਸੇ ਤਰ੍ਹਾਂ ਅੱਕ ਦੇ ਬੂਟੇ ਨੂੰ ਲੱਗੀਆਂ ਖੱਖੜੀਆਂ ਦੀ ਸ਼ਕਲ ਅੰਬ ਵਰਗੀ ਹੁੰਦੀ ਹੈ ਪਰ ਅਸਲ ਵਿਚ ਉਹ ਅੰਬ ਨਹੀਂ ਹੁੰਦੇ ਅਤੇ ਉਨ੍ਹਾਂ ਨੂੰ ਅੰਬਾਂ ਵਾਂਗ ਖਾਣ ਲਈ ਨਹੀਂ ਵਰਤਿਆ ਜਾ ਸਕਦਾ। ਮੁਲੰਮੇ ਦੇ ਗਹਿਣੇ ਦੇਖਣ ਨੂੰ ਭਾਵੇਂ ਸੋਨੇ ਵਰਗੇ ਲੱਗਦੇ ਹਨ ਪਰ ਉਨ੍ਹਾਂ ਦੇ ਗੁਣ ਸੋਨੇ ਵਰਗੇ ਨਹੀਂ ਹੁੰਦੇ ਤੇ ਨਾ ਹੀ ਸੋਨੇ ਜਿੰਨੀ ਕੀਮਤ ਹੁੰਦੀ ਹੈ। ਇਸੇ ਤਰ੍ਹਾਂ ਬਲੌਰ ਜਾਂ ਕਲਿਸਟਰ ਦੇਖਣ ਨੂੰ ਭਾਵੇਂ ਹੀਰੇ ਦੀ ਤਰ੍ਹਾਂ ਹੀ ਚਮਕਦਾਰ ਹੁੰਦਾ ਹੈ ਪਰ ਹੀਰੇ ਵਰਗੀ ਚਮਕ ਹੋਣ ਦੇ ਬਾਵਜੂਦ ਬਲੌਰ ਵਿਚ ਹੀਰੇ ਵਾਲੇ ਗੁਣ ਨਹੀਂ ਹੁੰਦੇ, ਉਹ ਹੀਰੇ ਦੀ ਤਰ੍ਹਾਂ ਕੀਮਤ ਵਸੂਲ ਕਰਨ ਦੇ ਯੋਗ ਨਹੀਂ ਹੁੰਦਾ।

ਭਾਈ ਗੁਰਦਾਸ ਅੱਗੇ ਦੱਸਦੇ ਹਨ ਕਿ ਦੇਖਣ ਨੂੰ ਲੱਸੀ ਅਤੇ ਦੁੱਧ ਦਾ ਰੰਗ ਇੱਕੋ ਜਿਹਾ ਹੈ ਪਰ ਜਦੋਂ ਵੀ ਕੋਈ ਉਨ੍ਹਾਂ ਦਾ ਸੁਆਦ ਚਖਦਾ ਹੈ ਤਾਂ ਲੱਸੀ ਤੇ ਦੁੱਧ ਦੇ ਫਰਕ ਦਾ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਨ੍ਹਾਂ ਚੀਜ਼ਾਂ ਦੀ ਤਰ੍ਹਾਂ ਹੀ ਸਾਧ ਕੌਣ ਹੈ ਅਤੇ ਕਿਸ ਨੇ ਸਾਧ ਹੋਣ ਦੀ ਸਿਰਫ ਸ਼ਕਲ ਧਾਰਨ ਕੀਤੀ ਹੋਈ ਹੈ? ਇਹ ਉਸ ਸਾਧ ਦੇ ਗੁਣਾਂ ਤੇ ਉਸ ਦੀਆਂ ਕਰਤੂਤਾਂ ਤੋਂ ਪਤਾ ਲਗਦਾ ਹੈ:

ਗੁਛਾ ਹੋਇ ਧ੍ਰਿਕਾਨੂਆ ਕਿਉ ਵੜੀਐ ਦਾਖੈ।  
ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।  
ਗਹਣੇ ਜਿਉ ਜਰਪੋਸ ਦੇ  
ਨਹੀ ਸੋਇਨਾ ਸਾਖੈ।  
ਫਟਕ ਨ ਪੁਜਨਿ ਹੀਰਿਆ  
ਓਇ ਭਰੇ ਬਿਆਖੈ।  
ਧਉਲੇ ਦਿਸਨਿ ਛਾਹਿ ਦੁਧੁ  
ਸਾਦਹੁ ਗੁਣ ਗਾਖੈ।  
ਤਿਉ ਸਾਧ ਅਸਾਧ ਪਰਖੀਅਨਿ  
ਕਰਤੂਤਿ ਸੁ ਭਾਖੈ॥17॥

ਪਿਛਲੇ ਸਾਲ 'ਸੌਦਾ ਸਾਧ' ਗੁਰਮੀਤ ਰਾਮ ਰਹੀਮ ਦਾ ਅਸਲੀ ਚਿਹਰਾ ਆਮ ਲੋਕਾਂ ਦੇ ਸਾਹਮਣੇ ਆਇਆ ਸੀ ਤੇ ਜੱਗ ਜਾਹਰ ਹੋ ਗਿਆ ਸੀ ਕਿ ਸਾਧਗਿਰੀ ਦੇ ਨਾਂ ਹੇਠ ਉਹ ਕਿਸ ਤਰ੍ਹਾਂ ਦੇ ਕੁਕਰਮ ਕਰਦਾ ਰਿਹਾ ਹੈ ਅਤੇ ਕਿਸ ਤਰ੍ਹਾਂ ਉਸ ਨੇ ਬਲਾਤਕਾਰ ਤੋਂ ਲੈ ਕੇ ਕਤਲਾਂ ਤੱਕ, ਅਤੇ ਨਿਪੁੰਸਕ ਕਰ ਦੇਣ ਤੱਕ ਦੇ ਹਰ ਤਰ੍ਹਾਂ ਦੇ ਕੁਕਰਮ ਕੀਤੇ ਹਨ।

ਹੁਣ ਆਸਾ ਰਾਮ ਨੂੰ ਬੁੱਧਵਾਰ ਨੂੰ ਜੋਧਪੁਰ ਦੀ ਇਕ ਵਿਸ਼ੇਸ਼ ਅਦਾਲਤ ਨੇ ਨਾਬਾਲਗ ਨਾਲ ਬਲਾਤਕਾਰ ਦੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ 'ਚ ਚਾਰ ਹੋਰਨਾਂ ਦੋਸ਼ੀਆਂ, ਜਿਨ੍ਹਾਂ 'ਤੇ ਦੋਸ਼ ਲੱਗੇ ਸਨ, ਵਿਚੋਂ ਦੋ ਨੂੰ ਬਰੀ ਕਰ ਦਿੱਤਾ ਗਿਆ ਹੈ ਅਤੇ ਦੋ ਨੂੰ ਵੀਹ ਵੀਹ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਆਸਾ ਰਾਮ, ਜਿਸ ਨੂੰ ਕੱਲ ਤੱਕ 'ਬਾਪੂ ਆਸਾ ਰਾਮ' ਕਿਹਾ ਜਾਂਦਾ ਸੀ, ਹੁਣ ਕੈਦੀ ਨੰਬਰ '130' ਬਣ ਕੇ ਜੇਲ੍ਹ ਵਿਚ ਸਾਰੀ ਉਮਰ ਗੁਜ਼ਾਰੇਗਾ।

ਇਸ ਕੇਸ ਤੋਂ ਬਿਨਾ ਵੀ ਇੱਕ ਹੋਰ ਕੇਸ ਵਿਚ ਦੋ ਔਰਤਾਂ, ਜੋ ਸਕੀਆਂ ਭੈਣਾਂ ਹਨ, ਅਦਾਲਤ ਪਾਸੋਂ ਇਨਸਾਫ ਮਿਲਣ ਦਾ ਇੰਤਜ਼ਾਰ ਕਰ ਰਹੀਆਂ ਹਨ। ਉਨ੍ਹਾਂ ਦਾ ਮਾਮਲਾ ਗਾਂਧੀ ਨਗਰ ਦੀ ਇੱਕ ਅਦਾਲਤ ਵਿਚ ਚੱਲ ਰਿਹਾ ਹੈ। ਦੋਸ਼ ਇਹ ਹੈ ਕਿ ਗੁਜਰਾਤ ਦੇ ਮਟੋਰਾ ਆਸ਼ਰਮ ਵਿਚ ਉਨ੍ਹਾਂ ਨੂੰ ਬੰਦੀ ਬਣਾ ਕੇ ਰੱਖਿਆ ਗਿਆ ਸੀ। ਆਸਾ ਰਾਮ ਅਤੇ ਉਸ ਦੇ ਪੁੱਤ ਨਰਾਇਣ ਸਾਈ-ਦੋਵਾਂ ਨੇ ਹੀ ਬਲਾਤਕਾਰ ਕੀਤਾ। ਵੱਡੀ ਭੈਣ ਨਾਲ ਗੁਜਰਾਤ ਦੇ ਮਟੋਰਾ ਆਸ਼ਰਮ ਵਿਚ 1997 ਤੋਂ 2006 ਤੱਕ ਵਾਰ ਵਾਰ ਬਲਾਤਕਾਰ ਕੀਤਾ। ਛੋਟੀ ਭੈਣ ਦਾ ਆਸਾ ਰਾਮ ਦੇ ਪੁੱਤ ਨੇ ਸੂਰਤ ਦੇ ਇੱਕ ਆਸ਼ਰਮ ਵਿਚ 2002 ਤੋਂ 2005 ਤੱਕ ਵਾਰ ਵਾਰ ਸਰੀਰਕ ਸੋਸ਼ਣ ਕੀਤਾ। ਇਨ੍ਹਾਂ ਭੈਣਾਂ ਵਿਚੋਂ ਇੱਕ ਨੇ ਦੋਸ਼ ਲਾਇਆ ਹੈ ਕਿ ਆਸਾ ਰਾਮ ਦੀ ਧੀ ਤੇ ਪਤਨੀ ਔਰਤਾਂ ਦੇ ਸਰੀਰਕ ਸੋਸ਼ਣ ਵਿਚ ਇਨ੍ਹਾਂ ਦੋਵਾਂ (ਆਸਾ ਰਾਮ ਤੇ ਨਰਾਇਣ ਸਾਈ) ਦੀ ਮਦਦ ਕਰਦੀਆਂ ਹਨ।

ਚਾਰ ਹੋਰ ਔਰਤਾਂ, ਜੋ ਆਸਾ ਰਾਮ ਦੀਆਂ ਚੇਲੀਆਂ ਹਨ-ਧ੍ਰਤਬੇਨ, ਨਿਰਮਲਾ, ਜੱਸੀ ਅਤੇ ਮੀਰਾਂ ਵੀ ਅਜਿਹੇ ਘਿਨੌਣੇ ਕੰਮਾਂ ਵਿਚ ਇਨ੍ਹਾਂ ਪਿਉ-ਪੁੱਤ ਦੀ ਮਦਦ ਕਰਦੀਆਂ ਰਹੀਆਂ ਹਨ। ਇਸ ਦਾ ਅਰਥ ਹੈ ਕਿ ਸ਼ਰਧਾਲੂ ਔਰਤਾਂ ਨੂੰ ਵਰਗਲਾਉਣ ਜਾਂ ਚੁੰਗਲ ਵਿਚ ਫਸਾਉਣ ਲਈ ਦੋਵੇਂ ਅਜਿਹੇ ਘਿਨਾਉਣੇ ਕੰਮਾਂ ਵਿਚ ਸ਼ਾਮਲ ਰਹੀਆਂ ਹਨ। ਇਸ ਤੋਂ ਵੱਧ ਸ਼ਰਮ ਵਾਲੀ ਹੋਰ ਕੀ ਗੱਲ ਹੋ ਸਕਦੀ ਹੈ? ਔਰਤਾਂ ਹੋ ਕੇ ਔਰਤਾਂ ਦੀ ਇੱਜਤ ਦਾ ਘਾਣ ਕਰਾਉਣਾ ਔਰਤ ਹੋਣ ਦੇ ਨਾਂ 'ਤੇ ਧੱਬਾ ਹੈ।

ਇਸ ਵਿਚ ਵਾਧਾ ਇਹ ਹੈ ਕਿ 'ਹਿੰਦੁਸਤਾਨ' (ਹਿੰਦੀ ਦੀ ਆਨ ਲਾਈਨ ਅਖਬਾਰ) ਦੇ 26 ਅਪਰੈਲ ਦੇ ਅੰਕ ਦੀਆਂ ਖਬਰਾਂ ਅਨੁਸਾਰ ਆਸਾ ਰਾਮ ਦੀ ਧੀ ਭਾਰਤੀਸ੍ਰੀ ਪੂਰੇ ਦੇਸ਼ ਵਿਚ ਆਸਾ ਰਾਮ ਦਾ ਸਾਮਰਾਜ ਚਲਾ ਰਹੀ ਹੈ ਜਿਸ ਵਿਚ 400 ਆਸ਼ਰਮ ਅਤੇ 40 ਸਕੂਲ ਸ਼ਾਮਲ ਹਨ। 2013 ਵਿਚ ਬਲਾਤਕਾਰ ਦੇ ਕੇਸ ਵਿਚ ਗ੍ਰਿਫਤਾਰੀ ਪਿਛੋਂ ਆਸਾ ਰਾਮ ਦੇ ਟਰੱਸਟ ਦਾ ਸਾਰਾ ਸੰਚਾਲਨ ਉਸ ਦੀ ਧੀ ਕੋਲ ਹੈ। ਇਸ ਲਈ ਵੀ ਕਿ ਆਸਾ ਰਾਮ ਦਾ ਪੁੱਤ ਨਰਾਇਣ ਸਾਈ ਵੀ ਬਲਾਤਕਾਰ ਦੇ ਮਾਮਲੇ ਵਿਚ ਜੇਲ੍ਹ 'ਚ ਬੰਦ ਹੈ।

ਆਸਾ ਰਾਮ ਦੀ ਚੈਰੀਟੇਬਲ ਸੰਸਥਾ 'ਸੰਤ ਆਸਾ ਰਾਮ ਜੀ ਟਰੱਸਟ' ਦੇ ਤੌਰ 'ਤੇ ਰਜਿਸਟਰ ਹੈ। ਇਸ ਦਾ ਹੈਡਕੁਆਰਟਰ ਗੁਜਰਾਤ ਵਿਚ ਅਹਿਮਦਾਬਾਦ ਵਿਚ ਹੈ, ਜਿੱਥੇ ਆਸਾ ਰਾਮ ਨੇ ਪਹਿਲਾ ਟਰੱਸਟ ਸਥਾਪਤ ਕੀਤਾ ਸੀ। ਟਰੱਸਟ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਭਾਰਤੀਸ੍ਰੀ ਕਾਫੀ ਯਾਤਰਾ ਕਰਦੀ ਹੈ ਅਤੇ ਦੇਸ਼ ਦੇ 30 ਰਾਜਾਂ ਤੇ ਕੇਂਦਰ-ਸ਼ਾਸਤ ਪ੍ਰਾਂਤਾਂ ਵਿਚ ਫੈਲੇ ਆਸ਼ਰਮਾਂ ਦੀ ਸੰਭਾਲ ਕਰ ਰਹੀ ਹੈ।

1975 ਵਿਚ ਪੈਦਾ ਹੋਈ ਭਾਰਤੀਸ੍ਰੀ ਤੇ ਉਸ ਦੀ ਮਾਂ ਲਕਸ਼ਮੀ ਦੇਵੀ ਨੂੰ ਵੀ ਗੁਜਰਾਤ ਦੀ ਪੁਲਿਸ ਨੇ ਬਲਾਤਕਾਰ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਪਿੱਛੋਂ ਦੋਹਾਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ। ਦੋਹਾਂ 'ਤੇ ਹੀ ਬਲਾਤਕਾਰ ਕੇਸ ਵਿਚ ਆਸਾ ਰਾਮ ਤੇ ਸਾਈ ਦੀ ਮਦਦ ਕਰਨ ਦਾ ਦੋਸ਼ ਹੈ। ਫਿਲਹਾਲ ਦੋਵੇਂ ਜ਼ਮਾਨਤ 'ਤੇ ਹਨ। ਰਿਪੋਰਟਾਂ ਮੁਤਾਬਕ ਭਾਰਤੀਸ੍ਰੀ ਨਿਤ ਤੇ ਗਾਇਨ ਦੇ ਨਾਲ ਨਾਲ ਪ੍ਰਵਚਨ ਵੀ ਦਿੰਦੀ ਹੈ। ਆਸਾ ਰਾਮ ਦੀ ਪਤਨੀ ਵੀ ਕਾਫੀ ਸਰਗਰਮ ਹੈ, ਪਰ ਆਸ਼ਰਮ ਦੇ ਕੰਮਾਂ ਵਿਚ ਉਸ ਦੀ ਬਹੁਤੀ ਦਖਲਅੰਦਾਜ਼ੀ ਨਹੀਂ ਹੈ।

ਸਹਿਜੇ ਹੀ ਅੰਦਾਜ਼ਾ ਲੱਗ ਸਕਦਾ ਹੈ ਕਿ ਆਸਾ ਰਾਮ, ਉਸ ਦੀ ਪਤਨੀ, ਧੀ ਤੇ ਪੁੱਤ ਸਾਈ ਕਿਸ ਕਿਸਮ ਦੇ ਅਧਿਆਤਮਕ ਪ੍ਰਚਾਰਕ ਹਨ, ਕਿਹੋ ਜਿਹੇ ਅਧਿਆਤਮਵਾਦ ਦੇ ਇਹ ਪ੍ਰਵਚਨ ਕਰਦੇ ਹੋਣਗੇ ਅਤੇ ਕਿਹੋ ਜਿਹੀ ਨੈਤਿਕਤਾ ਫੈਲਾ ਰਹੇ ਹਨ? ਇਹ ਇੱਕੀਵੀਂ ਸਦੀ ਹੈ ਅਤੇ ਲੋਕ 18ਵੀਂ ਜਾਂ 19ਵੀਂ ਸਦੀ ਵਾਂਗ ਅਨਪੜ੍ਹ ਤੇ ਵਿੱਦਿਆ-ਵਿਹੂਣੇ ਨਹੀਂ ਹਨ। ਮੀਡੀਆ ਦੇ ਯੁੱਗ ਵਿਚ ਕੋਈ ਵੀ ਇਸ ਕਿਸਮ ਦੀ ਘਟਨਾ ਵਾਪਰਦੀ ਹੈ ਤਾਂ ਝੱਟ-ਪੱਟ ਖਬਰ ਦੁਨੀਆਂ ਭਰ ਵਿਚ ਫੈਲ ਜਾਂਦੀ ਹੈ। ਬਹੁਤੇ ਲੋਕ ਇਨ੍ਹਾਂ ਤੱਥਾਂ ਤੋਂ ਜਾਣੂ ਹਨ ਕਿ ਅਜਿਹੇ ਆਸ਼ਰਮਾਂ ਜਾਂ ਇਨ੍ਹਾਂ ਦੇ ਚਲਾਏ ਜਾਂਦੇ ਸਕੂਲਾਂ ਵਿਚ ਕੀ ਕੁਝ ਹੁੰਦਾ ਹੈ ਤੇ ਕਿਵੇਂ ਇਹ ਲੋਕਾਂ ਦਾ ਮਾਨਸਿਕ ਅਤੇ ਸਰੀਰਕ ਸੋਸ਼ਣ ਕਰਦੇ ਹਨ।



ਫਿਰ ਵੀ ਸਾਡੇ ਲੋਕ ਵਹੀਰਾਂ ਘੱਤੀ ਇਨ੍ਹਾਂ ਡੇਰਿਆਂ ਵੱਲ ਦੌੜੇ ਚਲੇ ਜਾਂਦੇ ਹਨ। ਇਹ ਜਰ ਅਤੇ ਜੋਰੂ ਦੇ ਲਾਲਚੀ ਸਾਧ ਕਿਸੇ ਨੂੰ ਕੀ ਅਧਿਆਤਮਕ ਸਿੱਖਿਆ ਦੇਣਗੇ ਜਾਂ ਕਿਸੇ ਦਾ ਕੀ ਪਾਰ-ਉਤਾਰਾ ਕਰਨਗੇ, ਜੋ ਆਪ ਹੀ ਆਤਮਕ ਤੇ ਮਾਨਸਿਕ ਰੋਗੀ ਹਨ ਅਤੇ ਮਾਇਆ ਦੇ ਲਾਲਚ ਵਿਚ ਸਿਰ ਤੋਂ ਪੈਰਾਂ ਤੱਕ ਲਿੱਬੜੇ ਹੋਏ ਹਨ? ਇਹ ਲੋਕਾਂ ਨੂੰ ਮਾਨਸਿਕ ਗੁਲਾਮ ਬਣਾਉਂਦੇ ਹਨ ਅਤੇ ਗੁਲਾਮੀ ਹਮੇਸ਼ਾ ਹੀ ਇੱਕ ਲਾਹਨਤ ਹੁੰਦੀ ਹੈ, ਭਾਵੇਂ ਸਰੀਰਕ ਹੋਵੇ, ਰਾਜਨੀਤਕ ਜਾਂ ਫਿਰ ਮਾਨਸਿਕ। ਇਨ੍ਹਾਂ ਨੇ ਆਪਣੇ ਚੇਲੇ-ਚੇਲੀਆਂ ਰਾਹੀਂ ਅਜਿਹਾ ਜਾਲ ਬੁਣਿਆ ਹੁੰਦਾ ਹੈ ਕਿ ਜੋ ਇੱਕ ਵਾਰ ਫਸ ਜਾਂਦਾ ਹੈ, ਉਸ ਦਾ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ, ਉਸ ਨੂੰ ਫਿਰ ਕਿਸੇ ਰਣਜੀਤ ਸਿੰਘ (ਸੌਦਾ ਸਾਧ ਨਾਲ ਸਬੰਧਤ) ਵਾਂਗ ਆਪਣੇ ਜੀਵਨ ਤੋਂ ਹੀ ਹੱਥ ਧੋਣੇ ਪੈਂਦੇ ਹਨ।

ਸੌਦਾ ਸਾਧ ਤੇ ਆਸਾ ਰਾਮ ਦੇ ਮਾਮਲੇ ਵਿਚ ਆਮ ਸੁਣਨ ਵਿਚ ਆਇਆ ਹੈ ਕਿ ਇਨ੍ਹਾਂ ਦੀ ਹਵਸ ਦਾ ਸ਼ਿਕਾਰ ਕੁੜੀਆਂ-ਔਰਤਾਂ ਗਾਹੇ-ਬਗਾਹੇ ਆਪਣੇ ਪਰਿਵਾਰਾਂ ਨੂੰ ਆਪਣੇ ਨਾਲ ਹੋਏ ਜ਼ੁਲਮ ਬਾਰੇ ਦੱਸਦੀਆਂ ਵੀ ਰਹੀਆਂ ਹਨ, ਪਰ ਪਰਿਵਾਰਾਂ ਦੀਆਂ ਅੱਖਾਂ 'ਤੇ ਅੰਨ੍ਹੀ ਸ਼ਰਧਾ ਦੀ ਅਜਿਹੀ ਪੱਟੀ ਬੰਨ੍ਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਕੁਝ ਨਜ਼ਰ ਹੀ ਨਹੀਂ ਆਉਂਦਾ; ਜਾਂ ਫਿਰ ਇਨ੍ਹਾਂ ਡੇਰਿਆਂ ਦਾ ਖੌਫ ਉਨ੍ਹਾਂ ਦੇ ਮਨਾਂ ਅੰਦਰ ਇਸ ਤਰ੍ਹਾਂ ਦਾ ਬੈਠਾਇਆ ਹੁੰਦਾ ਹੈ ਕਿ ਕੋਈ ਬੋਲਣ ਦੀ ਹਿੰਮਤ ਹੀ ਨਹੀਂ ਕਰਦਾ। ਜੋ ਕਰਦਾ ਹੈ, ਆਪਣੀ ਜਾਨ ਤੋਂ ਹੱਥ ਧੋ ਬੈਠਦਾ ਹੈ।

ਅਧਿਆਤਮਕਤਾ ਦਾ ਪਖੰਡ ਕਰਕੇ ਲੋਕਾਂ ਨੂੰ ਲੁੱਟਣ ਵਾਲੇ ਅਜਿਹੇ ਸਾਧਾਂ ਬਾਰੇ ਭਗਤ ਕਬੀਰ ਨੇ ਆਪਣੀ ਬਾਣੀ ਵਿਚ ਕਿਹਾ ਹੈ ਕਿ ਧਰਮੀ ਹੋਣ ਦਾ ਪਖੰਡ ਕਰਨ ਵਾਲੇ ਅਜਿਹੇ ਬੰਦੇ ਤੇੜ ਸਾਢੇ ਤਿੰਨ ਤਿੰਨ ਗਜ ਦੀਆਂ ਧੋਤੀਆਂ ਪਾਉਂਦੇ ਹਨ ਅਤੇ ਗਲ ਤਿਹਰੀਆਂ ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ, ਜਿਨ੍ਹਾਂ ਦੇ ਗਲਾਂ ਵਿਚ ਮਾਲਾ ਤੇ ਹੱਥ ਵਿਚ ਲਿਸ਼ਕਦੇ ਲੋਟੇ ਫੜੇ ਹੁੰਦੇ ਹਨ, ਕੇਵਲ ਇਨ੍ਹਾਂ ਦਿਖਾਵੇ ਵਾਲੀਆਂ ਕਰਤੂਤਾਂ ਕਾਰਨ ਹੀ, ਮਹਿਜ ਧਾਰਮਿਕ ਚਿੰਨ੍ਹ ਸਰੀਰ 'ਤੇ ਸਜਾ ਲੈਣ ਨਾਲ ਹੀ ਉਨ੍ਹਾਂ ਨੂੰ ਰੱਬ ਦੇ ਭਗਤ ਨਹੀਂ ਮੰਨ ਲੈਣਾ ਚਾਹੀਦਾ। ਅਸਲ ਵਿਚ ਤਾਂ ਅਜਿਹੇ ਮਨੁੱਖ ਬਨਾਰਸੀ ਠੱਗ ਹੁੰਦੇ ਹਨ ਜੋ ਸਾਧ ਜਾਂ ਭਗਤ ਹੋਣ ਦਾ ਦਿਖਾਵਾ ਕਰਕੇ ਲੋਕਾਂ ਨੂੰ ਲੁੱਟਦੇ ਹਨ।

ਭਗਤ ਕਬੀਰ ਕਹਿੰਦੇ ਹਨ, ਮੈਨੂੰ ਅਜਿਹਾ ਦਿਖਾਵਾ ਕਰਨ ਵਾਲੇ ਸੰਤ ਚੰਗੇ ਨਹੀਂ ਲੱਗਦੇ ਜੋ ਮੂਲ ਨੂੰ ਵੀ ਟਹਿਣੀਆਂ ਸਮੇਤ ਖਾ ਜਾਂਦੇ ਹਨ ਅਰਥਾਤ ਮਾਇਆ ਦੇ ਲਾਲਚ ਵਿਚ ਆ ਕੇ ਮਨੁੱਖਾਂ ਨੂੰ ਮਾਰਨ ਤੋਂ ਵੀ ਪਰਹੇਜ਼ ਨਹੀਂ ਕਰਦੇ। ਉਪਰੋਂ ਉਪਰੋਂ ਅਜਿਹੇ ਲੋਕ ਸੱਚੇ ਅਤੇ ਸੁੱਚੇ ਹੋਣ ਦਾ ਦਿਖਾਵਾ ਕਰਦੇ ਹਨ ਤਾਂ ਕਿ ਲੋਕਾਂ 'ਤੇ ਆਪਣਾ ਅਸਰ ਕਾਇਮ ਕਰਨ; ਜਿਵੇਂ ਭਗਤ ਕਬੀਰ ਨੇ ਦੱਸਿਆ ਹੈ ਕਿ ਇਹ ਲੋਕ ਧਰਤੀ ਪੁੱਟ ਕੇ ਦੋ ਚੁਲ੍ਹੇ ਬਣਾਉਂਦੇ ਹਨ, ਫਿਰ ਭਾਂਡੇ ਮਾਂਜ-ਸੁਆਰ ਕੇ ਇਨ੍ਹਾਂ ਚੁੱਲ੍ਹਿਆਂ ਉਤੇ ਰੱਖਦੇ ਹਨ ਤੇ ਹੇਠਾਂ ਲੱਕੜਾਂ ਨੂੰ ਧੋ ਕੇ ਬਾਲਦੇ ਹਨ (ਸੁਚਮ ਦਿਖਾਉਣ ਦੀ ਇੰਤਹਾ ਹੈ ਇਹ) ਪਰ ਕਰਤੂਤਾਂ ਦੇਖੋ ਕਿਹੋ ਜਿਹੀਆਂ ਕਰਦੇ ਹਨ ਕਿ ਸਬੂਤੇ ਮਨੁੱਖਾਂ ਨੂੰ ਖਾ ਜਾਂਦੇ ਹਨ। ਅਜਿਹੇ ਮੰਦੇ ਕਰਮ ਕਰਨ ਤੇ ਸਾਧ ਅਖਵਾਉਣ ਵਾਲੇ ਵਿਕਾਰਾਂ ਵਿਚ ਲਿੱਬੜੇ ਹੁੰਦੇ ਹਨ ਅਤੇ ਸਦਾ ਵਿਕਾਰਾਂ ਵਿਚ ਪਏ ਰਹਿੰਦੇ ਹਨ ਪਰ ਮੂੰਹ ਤੋਂ ਆਪਣੇ ਆਪ ਨੂੰ ਮਾਇਆ ਤੋਂ ਨਿਰਲੇਪ ਅਖਵਾਉਂਦੇ ਹਨ। ਅਹੰਕਾਰ ਵਿਚ ਹਮੇਸ਼ਾ ਡੁੱਬੇ ਰਹਿਣ ਵਾਲੇ ਅਜਿਹੇ ਮੰਦ-ਕਰਮੀ ਲੋਕ ਆਪ ਤਾਂ ਮਾੜੇ ਕਰਮ ਕਰਦੇ ਹੀ ਹਨ, ਆਪਣੇ ਸਾਥੀਆਂ ਨੂੰ ਵੀ ਮੰਦੇ ਕਰਮਾਂ ਵਿਚ ਲਾ ਕੇ ਆਪਣੇ ਨਾਲ ਉਨ੍ਹਾਂ ਦਾ ਵੀ ਬੇੜਾ ਗਰਕ ਕਰਦੇ ਹਨ:

ਗਜ ਸਾਢੇ ਤੈ ਤੈ ਧੋਤੀਆ  
ਤਿਹਰੇ ਪਾਇਨਿ ਤਗ॥  
ਗਲੀ ਜਿਨ੍ਹਾ ਜਪਮਾਲੀਆ  
ਲੋਟੇ ਹਥਿ ਨਿਬਗ॥  
ਓਇ ਹਰਿ ਕੇ ਸੰਤ ਨ ਆਖੀਅਹਿ  
ਬਾਨਾਰਸਿ ਕੇ ਠਗ॥1॥  
ਐਸੇ ਸੰਤ ਨ ਮੋ ਕਉ ਭਾਵਹਿ॥  
ਡਾਲਾ ਸਿਉ ਪੇਡਾ ਗਟਕਾਵਹਿ॥1॥ਰਹਾਉ॥  
ਬਾਸਨ ਮਾਂਜਿ ਚਰਾਵਹਿ  
ਊਪਰਿ ਕਾਠੀ ਧੋਇ ਜਲਾਵਹਿ॥  
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ  
ਸਾਰੇ ਮਾਣਸ ਖਾਵਹਿ॥2॥  
ਓਇ ਪਾਪੀ ਸਦਾ ਫਿਰਹਿ ਅਪਰਾਧੀ  
ਮੁਖਹੁ ਅਪਰਸ ਕਹਾਵਹਿ॥  
ਸਦਾ ਸਦਾ ਫਿਰਹਿ ਅਭਿਮਾਨੀ  
ਸਗਲ ਕੁਟੰਬ ਡੁਬਾਵਹਿ॥3॥  
(ਪੰਨਾ 476)

ਲੋਕਾਂ ਵਿਚ ਇਨ੍ਹਾਂ ਦੇ ਮਕਬੂਲ ਹੋਣ ਦੇ ਕਾਰਨ ਹਨ-ਕਮਜ਼ੋਰ ਮਾਨਸਿਕਤਾ, ਚੇਤੰਨਤਾ ਦੀ ਕਮੀ ਤੇ ਗਰੀਬੀ ਅਤੇ ਸਰਦੇ-ਪੁਜਦੇ ਲੋਕਾਂ ਦਾ ਲਾਲਚ ਜੋ ਆਪਣੇ ਹਿੱਤਾਂ ਖਾਤਰ ਇਨ੍ਹਾਂ ਨਾਲ ਜੁੜੇ ਹੁੰਦੇ ਹਨ ਤੇ ਹੋਰਾਂ ਨੂੰ ਵੀ ਰੰਗ-ਬਰੰਗੀਆਂ ਕਹਾਣੀਆਂ ਸੁਣਾ ਕੇ ਜੋੜਦੇ ਹਨ। ਅਜਿਹੀਆਂ ਮਿਸਾਲਾਂ ਵੀ ਹਨ ਜਦੋਂ ਲੋਕ ਆਪਣੇ ਲੋੜਵੰਦ ਬੱਚਿਆਂ ਜਾਂ ਰਿਸ਼ਤੇਦਾਰਾਂ ਦੀ ਲੋੜ ਵੇਲੇ ਮਦਦ ਨਹੀਂ ਕਰਦੇ ਪਰ ਡੇਰੇਦਾਰਾਂ ਨੂੰ ਹਾੜੀ-ਸੌਣੀ ਬੋਰੀਆਂ/ਟਰਾਲੀਆਂ ਭਰ ਭਰ ਕੇ ਅੰਨ ਦੀਆਂ ਦਿੰਦੇ ਹਨ ਅਤੇ ਇਹ ਵਿਹਲੜ ਸਾਧ ਦੋਹੀਂ ਹੱਥੀਂ ਲੋਕਾਂ ਦੀ ਲੁੱਟ ਕਰਦੇ ਹਨ।

ਪ੍ਰਾਂਤਾਂ ਦੇ ਮੁੱਖ ਮੰਤਰੀ ਮੁਫਤ ਜਾਂ ਕੌਡੀਆਂ ਦੇ ਭਾਅ ਪ੍ਰਾਈਮ ਲੋਕੇਸ਼ਨ 'ਤੇ ਸਰਕਾਰੀ ਜਮੀਨਾਂ ਇਨ੍ਹਾਂ ਦੇ ਨਾਂ ਕਰ ਦਿੰਦੇ ਹਨ ਅਤੇ ਅੱਗੋਂ ਫਿਰ ਜਮੀਨਾਂ ਦੱਬਣ ਅਤੇ ਹਥਿਆਉਣ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਸਰਕਾਰਾਂ ਦੀ ਸਕੂਲਾਂ ਜਾਂ ਹਸਪਤਾਲਾਂ ਵੱਲ ਕੋਈ ਤਵੱਜੋਂ ਨਹੀਂ ਹੁੰਦੀ ਪਰ ਇਨ੍ਹਾਂ ਡੇਰਿਆਂ ਵੱਲ ਖਾਸ ਤਵੱਜੋਂ ਹੁੰਦੀ ਹੈ। ਇਹ ਸਭ ਧੰਦਾ ਉਦੋਂ ਹੀ ਬੰਦ ਹੋ ਸਕਦਾ ਹੈ ਜਦੋਂ ਮੰਤਰੀਆਂ ਦਾ ਡੇਰਿਆਂ ਨਾਲੋਂ ਸਬੰਧ ਸਖਤੀ ਨਾਲ ਖਤਮ ਕੀਤਾ ਜਾਵੇ, ਉਨ੍ਹਾਂ ਦੀ ਡੇਰਿਆਂ ਵੱਲ ਜਾਣ ਤੋਂ ਨਿਆਂਪਾਲਿਕਾ ਜਾਂ ਚੋਣ ਕਮਿਸ਼ਨ ਵੱਲੋਂ ਸਖਤ ਮਨਾਹੀ ਕੀਤੀ ਜਾਵੇ।

ਇੱਕ ਕੰਮ ਹੋਰ ਵੀ ਹੋਣਾ ਚਾਹੀਦਾ ਹੈ ਕਿ ਆਸਾ ਰਾਮ ਜਾਂ ਸੌਦਾ ਸਾਧ ਵਰਗੇ ਮਾਮਲੇ ਜਦੋਂ ਸਾਹਮਣੇ ਆਉਣ ਤਾਂ ਇਨ੍ਹਾਂ ਦੇ ਟਰੱਸਟਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣ। ਇਹ ਜਾਇਦਾਦਾਂ ਲੋਕਾਂ ਨੂੰ ਲੁੱਟ ਕੇ ਜਾਂ ਅਮੀਰਾਂ ਦੇ ਕਾਲੇ ਧਨ ਨਾਲ ਹੀ ਬਣੀਆਂ ਹੁੰਦੀਆਂ ਹਨ; ਇਨ੍ਹਾਂ ਸਾਧਾਂ ਨੇ ਮੱਕੀ ਜਾਂ ਕਣਕ ਵੇਚ ਕੇ ਨਹੀਂ ਬਣਾਈਆਂ ਹੁੰਦੀਆਂ।

## ਗੁਰ ਕੀ ਮੂਰਤਿ ਮਨ ਮਹਿ ਧਿਆਨੁ

ਗੁਰਬਾਣੀ ਗਿਆਨ

**ਗੋਂਡ ਮਹਲਾ 5**

ਗੁਰ ਕੀ ਮੂਰਤਿ ਮਨ ਮਹਿ ਧਿਆਨੁ॥  
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥  
ਗੁਰ ਕੇ ਚਰਨ ਰਿਦੈ ਲੈ ਧਾਰਉ॥  
ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ॥  
ਮਤਿ ਕੋ ਭਰਮਿ ਭੁਲੈ ਸੰਸਾਰਿ॥  
ਗੁਰ ਬਿਨੁ ਕੋਇ ਨ ਉਤਰਸਿ ਪਾਰਿ॥ ਰਹਾਉ॥  
ਭੂਲੇ ਕਉ ਗੁਰਿ ਮਾਰਗਿ ਪਾਇਆ॥  
ਅਵਰ ਤਿਆਗਿ ਹਰਿ ਭਗਤੀ ਲਾਇਆ॥  
ਜਨਮ ਮਰਨ ਕੀ ਤ੍ਰਾਸ ਮਿਟਾਈ॥  
ਗੁਰ ਪੂਰੇ ਕੀ ਬੇਅੰਤ ਵਡਾਈ॥  
ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥  
ਅੰਧਕਾਰ ਮਹਿ ਭਇਆ ਪ੍ਰਗਾਸ॥  
ਜਿਨਿ ਕੀਆ ਸੋ ਗੁਰ ਤੇ ਜਾਨਿਆ॥  
ਗੁਰ ਕਿਰਪਾ ਤੇ ਮੁਗਧ ਮਨੁ ਮਾਨਿਆ॥  
ਗੁਰੁ ਕਰਤਾ ਗੁਰੁ ਕਰਣੈ ਜੋਗੁ॥  
ਗੁਰੁ ਪਰਮੇਸਰੁ ਹੈ ਭੀ ਹੋਗੁ॥  
ਕਹੁ ਨਾਨਕ ਪ੍ਰਭਿ ਇਹੈ ਜਨਾਈ॥  
ਬਿਨੁ ਗੁਰ ਮੁਕਤਿ ਨ ਪਾਈਐ ਭਾਈ॥

ਗੁਰੂ ਅਰਜਨ ਦੇਵ ਉਪਦੇਸ਼ ਦਿੰਦੇ ਹਨ, ਹੇ ਭਾਈ ਗੁਰੂ ਦੀ ਸ਼ਬਦ ਰੂਪ ਮੂਰਤ ਦਾ ਸਦਾ ਹੀ ਮਨ ਵਿਚ ਧਿਆਨ ਧਰੀਏ। ਗੁਰੂ ਦੇ ਸ਼ਬਦ ਦੀ ਸਿਖਿਆ ਨਾਲ ਹੀ ਮੇਰਾ ਮਨ ਨਾਮ-ਮੰਤਰ ਨੂੰ ਉਤਮ ਮੰਤਰ ਮੰਨ ਰਿਹਾ ਹੈ। ਗੁਰੂ ਦੇ ਚਰਨ ਮੈਂ ਤਾਂ ਸਦਾ ਹੀ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹਾਂ, ਅਤੇ ਆਪਣੇ ਗੁਰੂ ਨੂੰ ਪਰਮਾਤਮਾ ਦਾ ਰੂਪ ਜਾਣ ਕੇ ਸਦਾ ਹੀ ਨਮਸਕਾਰ ਕਰਦਾ ਹਾਂ।

ਰਹਾਉ ਦੀ ਪੰਕਤੀ ਵਿਚ ਗੁਰੂ ਜੀ ਸਮਝਾਉਂਦੇ ਹਨ, ਹੇ ਭਾਈ! ਦੁਨੀਆਂ ਦੇ ਭਰਮ-ਭਟਕਣਾ ਵਿਚ ਪਿਆ ਕੋਈ ਮਨੁੱਖ ਕਿਤੇ ਇਹ ਗੱਲ ਭੁਲ ਨਾ ਜਾਵੇ ਤੇ ਸਦਾ ਯਾਦ ਰੱਖੇ ਕਿ ਗੁਰੂ ਤੋਂ ਬਿਨਾ ਕੋਈ ਵੀ ਜੀਵ ਇਸ ਵਿਕਾਰਾਂ ਭਰੇ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘ ਸਕੇਗਾ। ਕੁਰਾਹੇ ਪਏ ਮਨੁੱਖ ਨੂੰ ਗੁਰੂ ਨੇ ਹੀ ਸਦਾ ਸਹੀ ਜੀਵਨ ਦੇ ਰਾਹ ਪਾਇਆ ਹੈ ਤੇ ਹੋਰ ਦੇਵੀ ਦੇਵਤਿਆਂ ਵਲੋਂ ਹਟਾ ਕੇ ਉਸ ਮਿਹਰਬਾਨ ਪ੍ਰਭੂ ਦੀ ਭਗਤੀ ਵਿਚ ਲਾ ਕੇ ਮਨੁੱਖ ਦੇ ਅੰਦਰੋਂ ਜਨਮ ਮਰਨ ਦੇ ਗੇੜ ਦਾ ਡਰ ਹੀ ਮੁਕਾ ਦਿੱਤਾ ਹੈ। ਭਾਈ, ਪੂਰੇ ਗੁਰੂ ਦੀ ਵਡਿਆਈ ਦਾ ਅੰਤ ਨਹੀਂ ਪਾਇਆ ਜਾ ਸਕਦਾ। ਮਨੁੱਖ ਦਾ ਮਾਇਆ ਵਲ ਉਲਟਿਆ ਕਮਲ ਰੂਪੀ ਹਿਰਦਾ ਗੁਰੂ ਦੀ ਕਿਰਪਾ ਨਾਲ ਮੁੜ ਕੇ ਖਿੜ ਪੈਂਦਾ ਹੈ ਅਤੇ ਮਾਇਆ ਦੇ ਮੋਹ ਰੂਪੀ ਘੁਪ ਹਨੇਰੇ ਵਿਚ ਗੁਰੂ ਦੀ ਮਿਹਰ ਦਾ ਚਾਨਣ ਹੋ ਜਾਂਦਾ ਹੈ। ਭਾਈ, ਗੁਰੂ ਰਾਹੀਂ ਉਸ ਜਗਤ ਦੇ ਮਾਲਕ ਨਾਲ ਜਾਣ-ਪਛਾਣ ਬਣ ਜਾਂਦੀ ਹੈ ਅਤੇ ਇਹ ਮੁਗਧ ਮੂਰਖ ਮਨ ਗੁਰੂ ਮਿਹਰ ਸਦਕਾ ਪ੍ਰਭੂ ਦੇ ਚਰਨਾਂ ਵਿਚ ਜੁੜਨਾ ਸਿੱਖ ਜਾਂਦਾ ਹੈ।

ਸ਼ਬਦ ਦੇ ਅਖੀਰ 'ਚ ਗੁਰਦੇਵ ਆਖ ਰਹੇ ਹਨ, ਭਾਈ! ਗੁਰੂ ਉਚੀ ਆਤਮਕ ਅਵਸਥਾ 'ਚ ਕਰਤਾਰ ਨਾਲ ਇਕ ਸੁਰ ਹੋਣ ਕਰਕੇ ਉਸ ਕਰਤਾਰ ਦਾ ਹੀ ਰੂਪ ਹੈ ਜੋ ਸਭ ਕੁਝ ਕਰਨ ਦੇ ਸਮਰੱਥ ਹੈ। ਗੁਰੂ ਉਸ ਪਰਮੇਸ਼ਰ ਦਾ ਰੂਪ ਹੈ ਜੋ ਪਹਿਲਾਂ ਭੀ ਮੌਜੂਦ ਸੀ, ਹੁਣ ਭੀ ਹੈ ਤੇ ਸਦਾ ਕਾਇਮ ਰਹੇਗਾ। ਇਹ ਨਾਨਕ ਆਖਦਾ ਹੈ, ਪ੍ਰਭੂ ਨੇ ਵੀ ਇਹੀ ਗੱਲ ਸਮਝਾਈ ਹੈ ਕਿ ਗੁਰੂ ਦੀ ਸ਼ਰਨ ਪੈਣ ਤੋਂ ਬਿਨਾ ਮੁਕਤੀ ਭਾਵ ਮਾਇਆ ਮੋਹ ਦੇ ਅੰਧਕਾਰ ਤੋਂ ਖਲਾਸੀ ਨਹੀਂ ਹੋ ਸਕਦੀ।

ਆਓ, ਗੁਰੂ ਦੀ ਸ਼ਰਨ ਪਈਏ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਕੱਤਕ ਮਹੀਨੇ ਆਵਣ ਕੂੰਜਾਂ

## ਬਾਰਹਮਾਹ

**ਕੱਤਕ ਦੇ ਮਹੀਨੇ ਅਤੇ ਮੌਸਮ ਦਾ ਆਪਣਾ ਹੀ ਰੰਗ ਹੁੰਦਾ ਹੈ। ਇਹ ਮਹੀਨਾ ਇਕ ਤਰ੍ਹਾਂ ਨਾਲ ਸਿਆਲ ਉਤਰਨ ਦਾ ਪੈਗਾਮ ਲੈ ਕੇ ਆਉਂਦਾ ਹੈ। ਉਂਜ ਵੀ ਇਸ ਮਹੀਨੇ ਤਿਉਹਾਰਾਂ ਦੀ ਖੂਬ ਝੜੀ ਲਗਦੀ ਹੈ। ਬਾਜ਼ਾਰ ਦੇ ਅੱਜ ਦੇ ਦੌਰ ਵਿਚ ਜਾਪਦਾ ਹੈ ਜਿਵੇਂ ਸਾਰੀ ਦੁਨੀਆਂ ਹੀ ਖਰੀਦੋ-ਫਰੋਖਤ 'ਤੇ ਨਿਕਲ ਆਈ ਹੋਵੇ। ਬਾਰਾਹਮਾਹ ਦੇ ਲਿਖਾਰੀ ਆਸਾ ਸਿੰਘ ਘੁਮਾਣ ਨੇ ਦੇਸੀ ਸਾਲ ਦੇ ਇਸ ਅੱਠਵੇਂ ਮਹੀਨੇ ਬਾਰੇ ਆਪਣੇ ਇਸ ਲੇਖ ਵਿਚ ਖੂਬ ਰੌਣਕਾਂ ਲਾਈਆਂ ਹਨ। -ਸੰਪਾਦਕ**

ਕੱਤਕ ਦਾ ਮਹੀਨਾ ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਚੱਲਦਾ ਹੈ। ਪੰਜਾਬ ਵਿਚ ਮੌਸਮ ਦੇ ਲਿਹਾਜ਼ ਨਾਲ ਇਹ ਬਸੰਤ ਜਿੰਨਾ ਹੀ ਸੁਹਾਵਣਾ ਗਿਣਿਆ ਜਾਂਦਾ ਹੈ। ਮੁੱਖ ਫਰਕ ਇਹ ਹੈ ਕਿ ਬਸੰਤ ਪੁੰਗਾਰੇ ਨਾਲ ਸਬੰਧਤ ਹੈ ਜਦਕਿ ਕੱਤਕ ਪਤਝੜ ਨਾਲ। ਇਸ ਮਹੀਨੇ ਦੇ ਅਖੀਰ ਤੱਕ ਨਿੱਕੀ ਨਿੱਕੀ ਸਰਦੀ ਪੈਣ ਲਗਦੀ ਹੈ। ਰਾਤਾਂ ਠੰਢੀਆਂ-ਮਿੱਠੀਆਂ ਤੇ ਲੰਮੀਆਂ ਹੋਣ ਲੱਗਦੀਆਂ ਹਨ। ਲੋਕੀਂ ਵਕਤ ਨਾਲ ਹੀ ਅੰਦਰੀਂ ਦੀਵਾ-ਬੱਤੀ ਜਗਾ ਲੈਂਦੇ ਹਨ।

ਅਸਮਾਨ ਸਾਫ ਹੋਣ ਕਰ ਕੇ ਅਸਮਾਨ ਤੋਂ ਤਾਰੇ ਬਹੁ-ਗਿਣਤੀ ਵਿਚ ਥੱਲੇ ਨੂੰ ਝਾਕਦੇ ਮਾਲੂਮ ਹੁੰਦੇ ਹਨ। ਪੰਜਾਬੀ ਲੋਕ ਗੀਤਾਂ ਵਿਚ ਤਾਰਿਆਂ ਭਰੀਆਂ ਰਾਤਾਂ ਦਾ ਜੋ ਜ਼ਿਕਰ ਆਉਂਦਾ ਹੈ, ਉਹ ਇਸੇ ਮਹੀਨੇ ਦਾ ਹੀ ਹੋ ਸਕਦਾ ਹੈ। ਬਾਕੀ ਸਾਰੇ ਮਹੀਨਿਆਂ ਦੀ ਨਿਸਬਤ ਇਸ ਮਹੀਨੇ ਆਕਾਸ਼ ਵੱਧ ਨਿਰਮਲ ਹੁੰਦਾ ਹੈ। ਬਰਸਾਤ ਨੇ ਬਨਸਪਤੀ ਤੋਂ ਵੀ ਘੱਟਾ-ਮਿੱਟੀ ਝਾੜ ਦਿੱਤਾ ਹੁੰਦਾ ਹੈ, ਇਸ ਲਈ ਆਲਾ-ਦੁਆਲਾ ਸਾਫ-ਸੁਥਰਾ ਲੱਗਦਾ ਹੈ।

**ਆਸਾ ਸਿੰਘ ਘੁਮਾਣ**
**ਫੋਨ: 91-98152-53245**


ਦੁਨਿਆਵੀ ਤੌਰ 'ਤੇ ਕੱਤਕ ਦਾ ਮਹੀਨਾ ਗਤੀ-ਭਰਪੂਰ ਰਹਿੰਦਾ ਹੈ। ਇਸ ਮਹੀਨੇ ਕਿੰਨੇ ਹੀ ਤਿਉਹਾਰ ਆਉਂਦੇ ਹਨ ਜਿਨ੍ਹਾਂ ਵਿਚ ਉਤਰੀ ਭਾਰਤ ਦਾ ਮੁੱਖ ਤਿਉਹਾਰ ਦੀਵਾਲੀ ਵੀ ਸ਼ਾਮਲ ਹੈ ਜੋ ਕੱਤਕ ਦੀ ਮੱਸਿਆ ਦੀ ਰਾਤ ਨੂੰ ਮਨਾਇਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਇਸ ਦਿਨ ਸ੍ਰੀ ਰਾਮ ਚੰਦਰ ਚੌਦਾਂ ਸਾਲ ਦਾ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਪਹੁੰਚੇ ਸਨ। ਅਯੁੱਧਿਆ ਵਾਸੀਆਂ ਨੇ ਘਰਾਂ ਵਿਚ ਦੀਪ-ਮਾਲਾ ਕਰ ਕੇ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਖੁਸ਼ੀ ਵਿਚ ਆਤਸ਼ਬਾਜ਼ੀ ਕੀਤੀ। ਚੌਦਾਂ ਸਾਲਾਂ ਬਾਅਦ ਆਪਣੇ ਭਰਾ ਭਰਤ, ਆਪਣੀਆਂ ਮਾਂਵਾਂ ਅਤੇ ਅਯੁੱਧਿਆ ਵਾਸੀਆਂ ਤੇ ਯਾਰਾਂ ਦੋਸਤਾਂ ਨਾਲ ਮੁੜ-ਮਿਲਾਪ ਵਾਕਿਆ ਹੀ ਬੜਾ ਜਜ਼ਬਾਤੀ ਦ੍ਰਿਸ਼ ਹੋਵੇਗਾ।

ਦੀਵਾਲੀ ਦੇ ਮੌਕੇ 'ਤੇ ਹੀ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਰਾਜਿਆਂ ਨੂੰ ਆਪਣੇ ਨਾਲ ਲੈ ਕੇ ਰਿਹਾ ਹੋਏ ਸਨ, ਇਸ ਲਈ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਕਹਿ ਕੇ ਮਨਾਇਆ ਜਾਂਦਾ ਹੈ। ਇਸ ਤਰ੍ਹਾਂ ਦੀਵਾਲੀ ਦਾ ਤਿਉਹਾਰ ਘਰਾਂ ਨੂੰ ਪਰਤਣ ਦਾ ਤਿਉਹਾਰ ਹੈ।

ਅੱਜ ਵੀ ਉਤਰੀ ਭਾਰਤ ਵਿਚ ਹਰ ਬੰਦਾ ਕੋਸ਼ਿਸ਼ ਕਰਦਾ ਹੈ ਕਿ ਦੀਵਾਲੀ ਮੌਕੇ ਘਰ ਹਾਜ਼ਰ ਹੋਵੇ। ਪਰਵਾਸੀ ਪੰਜਾਬੀ ਤਾਂ ਇਸ ਤਿਉਹਾਰ ਮੌਕੇ ਏਅਰਲਾਈਨਾਂ ਦੀਆਂ ਟਿਕਟਾਂ ਹੀ ਮਹਿੰਗੀਆਂ ਕਰ ਦਿੰਦੇ ਹਨ। ਵਾਪਸ ਪੰਜਾਬ ਆਪਣੇ ਪਰਿਵਾਰਾਂ ਵਿਚ ਆ ਬੈਠਦੇ ਹਨ, ਮੋਮਬੱਤੀਆਂ ਜਗਾਉਂਦੇ, ਪਟਾਕੇ ਚਲਾਉਂਦੇ, ਮਠਿਆਈ ਖਾਂਦੇ, ਖੁਸ਼ੀਆਂ ਮਨਾਉਂਦੇ ਹਨ। ਇਨ੍ਹਾਂ ਦਿਨਾਂ ਵਿਚ ਬਾਜ਼ਾਰਾਂ ਵਿਚ ਪੂਰੀ ਚਹਿਲ-ਪਹਿਲ ਹੁੰਦੀ ਹੈ। ਬਦਕਿਸਮਤੀ ਨਾਲ ਬੱਤੀਆਂ ਬਾਲਣ ਅਤੇ ਪਟਾਕੇ ਚਲਾਉਣ ਵਿਚ ਪੂਰਾ ਮੁਕਾਬਲਾ ਚੱਲਦਾ ਹੈ। ਇਸ ਮੌਕੇ ਮਠਿਆਈ ਸੁਗਾਤ ਵਜੋਂ ਵੰਡੀ ਜਾਂਦੀ ਹੈ, ਲੱਖਾਂ ਟਨ ਮਠਿਆਈ ਬਣਦੀ ਅਤੇ ਵਿਕਦੀ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਮੌਕੇ ਸ੍ਰੀ ਰਾਮ ਚੰਦਰ ਜਾਂ ਸੀਤਾ ਦੇ ਮਹੱਤਵ ਨੂੰ ਘਟਾ ਕੇ ਲੱਛਮੀ ਪੂਜਾ 'ਤੇ ਜ਼ੋਰ ਦਿੱਤਾ ਜਾਂਦਾ ਹੈ ਅਤੇ ਲੱਛਮੀ ਦਾ ਅਰਥ ਸਿਰਫ ਪੈਸਾ ਹੀ ਸਮਝਿਆ ਜਾਂਦਾ ਹੈ। ਚਿੰਤਕ ਲੋਕ ਇਸ ਮੌਕੇ ਹੁੰਦੇ ਵਾਤਾਵਰਣ ਪ੍ਰਦੂਸ਼ਣ ਨੂੰ ਧਿਆਨ ਵਿਚ ਰੱਖਦਿਆਂ ਬੇਹੱਦ ਚਿੰਤਤ ਹਨ। ਹਰ ਸਾਲ ਚੇਤੰਨ ਵਰਗ ਵੱਲੋਂ ਬੇਨਤੀ ਕੀਤੀ ਜਾਂਦੀ ਹੈ।

ਇਸੇ ਮਹੀਨੇ ਔਰਤਾਂ ਆਪਣੇ ਪਤੀ ਦੀ ਸੁੱਖ ਮੰਗਦੀਆਂ ਹਨ ਅਤੇ ਵਰਤ ਰੱਖਦੀਆਂ ਹਨ। ਇਸ ਤਿਉਹਾਰ ਨੂੰ ਕਰਵਾ ਚੌਥ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਤਿਉਹਾਰ ਕੱਤਕ ਦੇ ਹਨੇਰੇ ਪੱਖ ਦੀ ਚੌਥ ਨੂੰ ਆਉਂਦਾ ਹੈ। ਵਿਸ਼ੇਸ਼ ਤੌਰ 'ਤੇ ਉਸੇ ਸਾਲ ਵਿਆਹੀਆਂ ਔਰਤਾਂ ਵਰਤ ਰੱਖ ਕੇ ਆਪਣੇ ਸੁਹਾਗ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ। ਕਰਵਾ ਚੌਥ ਦਾ ਵਰਤ ਕਾਫੀ ਕਠਿਨ ਮੰਨਿਆ ਜਾਂਦਾ ਹੈ ਕਿਉਂਕਿ ਸਾਰਾ ਦਿਨ ਨਾ ਤਾਂ ਅੰਨ ਖਾਣਾ ਹੁੰਦਾ ਹੈ ਤੇ ਨਾ ਹੀ ਪਾਣੀ ਪੀਣਾ ਹੁੰਦਾ ਹੈ। ਸਵੇਰੇ ਤਾਰਿਆਂ ਦੀ ਲੋਅ ਵਿਚ ਸਰਘੀ (ਰੋਟੀ, ਸਬਜ਼ੀ, ਮਠਿਆਈ, ਕੱਚਾ ਨਾਰੀਅਲ ਆਦਿ) ਖਾ ਕੇ ਰਾਤ ਨੂੰ ਚੰਦਰਮਾ ਵੇਖ ਕੇ ਹੀ ਵਰਤ ਤੋੜਿਆ ਜਾਂਦਾ ਹੈ। ਕੁੜੀ ਦੇ ਪੇਕੇ, ਸੱਸ-ਸਹੁਰੇ ਲਈ ਕਈ ਕਿਸਮ ਦੀਆਂ ਖਾਣ ਵਾਲੀਆਂ ਚੀਜ਼ਾਂ ਅਤੇ ਸੁਗਾਤਾਂ ਲੈ ਕੇ ਆਉਂਦੇ ਹਨ। ਨਵ-ਵਿਆਹੀ ਆਪਣੇ ਸੱਸ-ਸਹੁਰੇ ਨੂੰ ਵਿਸ਼ੇਸ਼ ਸੌਗਾਤਾਂ ਨਾਲ ਜਿੱਤਣ ਦੀ ਕੋਸ਼ਿਸ਼ ਕਰਦੀ ਹੈ।

ਸੁਹਾਗਣ ਲਈ ਤਾਂ ਭਾਵੇਂ ਇਹ ਵਰਤ ਔਖਾ ਹੁੰਦਾ ਹੈ ਅਤੇ ਤਪੱਸਿਆ ਵਰਗੀ ਗੱਲ ਹੁੰਦੀ ਹੈ, ਪਰ ਘਰ ਦੇ ਬਾਕੀ ਮੈਂਬਰਾਂ ਨੂੰ ਖਾਣ-ਪੀਣ ਦੀਆਂ ਮੌਜਾਂ ਲੱਗ ਜਾਂਦੀਆਂ ਹਨ। ਬਾਜ਼ਾਰ ਵਿਚ ਵਰਤ ਤੋਂ ਹਫਤਾ ਭਰ ਪਹਿਲਾਂ ਹੀ ਮਠਿਆਈਆਂ, ਫਲਾਂ ਅਤੇ ਨਾਰੀਅਲਾਂ ਦੇ ਢੇਰ ਲੱਗਣੇ ਸ਼ੁਰੂ ਹੋ ਜਾਂਦੇ ਹਨ। ਬਿਊਟੀ ਪਾਰਲਰਾਂ, ਮਹਿੰਦੀ ਸਲੂਨਾਂ ਅਤੇ ਮਨਿਆਰੀ ਦੀਆਂ ਦੁਕਾਨਾਂ 'ਤੇ ਨਵ-ਵਿਆਹੀਆਂ ਜਾਂ ਸੁਹਾਗਣਾਂ ਦੀ ਹੀ ਨਹੀਂ, ਕੁਆਰੀਆਂ ਦੀ ਵੀ ਭੀੜ ਨਜ਼ਰ ਆਉਂਦੀ ਹੈ।



ਪਹਿਲੇ ਸਮਿਆਂ ਵਿਚ ਕੱਤਕ ਦੇ ਮਹੀਨੇ ਪਿੰਡ ਦੇ ਛੱਪੜ, ਛੰਭ ਅਤੇ ਵੇਈਂ ਦੇ ਕੰਢਿਆਂ 'ਤੇ ਕੂੰਜਾਂ ਆ ਡੇਰੇ ਲਾਉਂਦੀਆਂ ਸਨ। ਦੂਰ-ਦੁਰਾਡਿਓਂ ਠੰਢੇ ਮੁਲਕਾਂ 'ਚੋਂ ਲੰਬਾ ਸਫਰ ਕੱਟ ਕੇ ਘੱਟ ਠੰਢ ਵਾਲੇ ਪਿੰਡੀਂ ਆਈਆਂ ਇਹ ਮਨਮੋਹਣੀਆਂ ਪ੍ਰਾਹੁਣੀਆਂ ਚਾਰ-ਪੰਜ ਮਹੀਨਿਆਂ ਲਈ ਆਪਣੀ ਖੁਸ਼-ਆਮਦੀਦ ਹਾਜ਼ਰੀ ਲੁਆਉਂਦੀਆਂ, ਅਤੇ ਪਿੰਡ ਵਾਲਿਆਂ ਦਾ ਵਿਸ਼ੇਸ਼ ਧਿਆਨ ਖਿੱਚਦੀਆਂ। ਸ਼ਾਮ ਨੂੰ ਜਦ ਉਹ ਸਾਫ ਅਸਮਾਨ ਵਿਚ ਕਤਾਰਾਂ ਬੰਨ੍ਹ ਕੇ ਇਕ ਥਾਂ ਤੋਂ ਦੂਜੇ ਥਾਂ ਨੂੰ ਜਾਂਦੀਆਂ ਤਾਂ ਉਨ੍ਹਾਂ ਦਾ ਇਸ ਤਰ੍ਹਾਂ ਨਿਯਮ ਵਿਚ ਚੱਲਣਾ ਬਹੁਤ ਦਿਲਚਸਪ ਲੱਗਦਾ। ਜੇ ਕਿਤੇ ਕੋਈ ਕੂੰਜ ਸ਼ਾਮ ਵੇਲੇ ਆਪਣੇ ਕੁਨਬੇ ਵਿਚੋਂ ਵਿਛੜ ਜਾਵੇ ਤਾਂ ਉਸ ਦੀ ਕਰੁਣਾਮਈ ਆਵਾਜ਼ ਨਾਲ ਸਭ ਦਾ ਮਨ ਪਸੀਜ ਜਾਂਦਾ। ਕਈ ਵਾਰੀ ਇਉਂ ਵੀ ਹੁੰਦਾ ਹੈ ਕਿ ਹਨੇਰੇ ਪਏ ਤੱਕ ਇਹ ਕੂੰਜ ਕਿਸੇ ਟਿਕਾਣੇ ਨਾ ਲੱਗ ਸਕਦੀ ਤੇ ਪਿੰਡ ਉਤੋਂ ਉਡਾਰੀ ਮਾਰਦੀ, ਅਸਮਾਨੋਂ ਕੂਕਦੀ, ਇਧਰ-ਉਧਰ ਭਟਕਦੀ ਫਿਰਦੀ, ਜਿਵੇਂ ਕੋਈ 'ਕੱਲੀ-ਕਾਰੀ ਆਤਮਾ ਪਰਮਾਤਮਾ ਨੂੰ ਪੁਕਾਰ ਰਹੀ ਹੋਵੇ। ਸਾਰੇ ਪਿੰਡ ਦਾ ਧਿਆਨ ਕੂੰਜ ਵੱਲ ਹੋ ਜਾਂਦਾ। ਖਾਸ ਤੌਰ 'ਤੇ ਔਰਤਾਂ ਭਾਵੁਕ ਹੋ ਜਾਂਦੀਆਂ ਜੋ ਖੁਦ ਕਦੀ ਬਾਬਲ ਦਾ ਦੇਸ਼ ਕੂੰਜਾਂ ਵਾਂਗ ਛੱਡ ਆਈਆਂ ਸਨ, ਜਾਂ ਜਿਨ੍ਹਾਂ ਨੂੰ ਹੁਣ ਆਪਣੇ ਧੀਆਂ-ਪੁੱਤਰਾਂ ਨੂੰ ਪਰਦੇਸ ਭੇਜਣਾ ਪਿਆ ਸੀ ਜਾਂ ਜਿਨ੍ਹਾਂ ਦੀਆਂ ਜੁਆਨ ਧੀਆਂ ਨੇ ਕੂੰਜਾਂ ਬਣ ਸਹੁਰੀਂ ਤੁਰ ਜਾਣਾ ਸੀ। ਕੂੰਜਾਂ ਦਾ ਅਜਿਹਾ ਵਿਰਲਾਪ ਗੁਰਬਾਣੀ ਵਿਚ ਵੀ ਦਰਜ ਹੈ:

ਉਡੇ ਉਡਿ ਆਵੈ ਸੈ ਕੋਸਾ
ਤਿਸੁ ਪਾਛੈ ਬਚਰੇ ਛਰਿਆ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ
ਮਨ ਮਹਿ ਸਿਮਰਨੁ ਕਰਿਆ॥

ਕੂੰਜਾਂ ਯੂਰੇਸ਼ੀਆ, ਮੰਗੋਲੀਆ ਅਤੇ ਚੀਨ ਦੀਆਂ ਜੱਦੀ ਵਸਨੀਕ ਹਨ। ਇਹ ਪੰਛੀ ਬਹੁਤਾ ਜੋੜਿਆਂ ਵਿਚ ਰਹਿੰਦੇ ਹਨ ਅਤੇ ਸਰਦੀਆਂ ਕੱਟਣ ਲਈ ਅਤਿ ਕਠਿਨ ਸਫਰ ਕਰ ਕੇ 16000 ਤੋਂ 26000 ਫੁੱਟ ਉਚੀਆਂ ਹਿਮਾਲਾ ਦੀਆਂ ਪਹਾੜੀਆਂ ਉਪਰੋਂ ਉਡਾਣ ਭਰ ਕੇ ਚੋਗੇ ਦੀ ਭਾਲ ਅਤੇ ਠੰਢ ਤੋਂ ਬਚਣ ਲਈ ਮੈਦਾਨਾਂ ਵਿਚ ਪਹੁੰਚਦੀਆਂ ਹਨ। ਇਹ ਵਿਸਾਖੀ ਤੋਂ ਪਹਿਲਾਂ-ਪਹਿਲਾਂ ਆਪਣੇ ਵਤਨੀਂ ਪਰਤ ਜਾਂਦੀਆਂ ਹਨ:

ਕੂੰਜਾਂ ਕਨਕਾਂ ਮਹਿਣਾ
ਜੇ ਕਰ ਰਹਿਣ ਵਿਸਾਖ।

ਪੰਜਾਬੀ ਸਾਹਿਤ ਵਿਚ ਉਨ੍ਹਾਂ ਦਾ ਕਈ ਥਾਂਵੇਂ ਜ਼ਿਕਰ ਹੈ। ਸ਼ੇਖ ਫਰੀਦ ਲਿਖਦੇ ਹਨ:

ਕਤਿਕ ਕੂੰਜਾਂ ਚੇਤਿ ਡਉ
ਸਾਵਣਿ ਬਿਜੁਲੀਆਂ।

ਵੀਹਵੀਂ ਸਦੀ ਦਾ ਮਕਬੂਲ ਨੌਜੁਆਨ ਕਵੀ ਸ਼ਿਵ ਕੁਮਾਰ ਬਟਾਲਵੀ ਕਿਆ ਖੂਬ ਲਿਖਦਾ ਹੈ:

ਵੇਖ ਨਟੇ
ਕਿੰਜ ਵਾਦੀ ਦੇ ਵਿਚ
ਸਵਰ ਹੈ ਗੂੰਜ ਰਿਹਾ
ਸਰਸਵਤੀ ਦੇ ਸਵਰ ਮੰਡਲ ਨੂੰ
ਜਿਉਂ ਕੋਈ ਛੇੜ ਗਿਆ
ਕੱਤਕ ਮਾਹ ਵਿਚ ਕੂੰਜਾਂ ਦਾ
ਜਿਉਂ ਕੰਨੀਂ ਬੋਲ ਪਿਆ।
ਕੋਈ ਬ੍ਰਿਹਣ ਕੂਕਦੀ ਹੈ,
ਵੇ ਮਾਹੀਆ ਕੂੰਜ ਵਾਂਗ ਕੁਰਲਾਨੀ ਆਂ
ਰੋਵਾਂ ਪਾਣੀ ਕੁਮਲਾਨੀ ਜਾਨੀ ਆਂ।

ਕੱਤਕ ਇਕੱਲਾ ਐਸਾ ਮਹੀਨਾ ਹੈ, ਜਿਸ ਦੀ ਮੱਸਿਆ ਵੀ ਵਿਸ਼ੇਸ਼ ਹੈ ਅਤੇ ਪੂਰਨਮਾਸ਼ੀ ਵੀ। ਮੱਸਿਆ ਦੀਵਾਲੀ ਕਰ ਕੇ ਅਤੇ ਪੂਰਨਮਾਸ਼ੀ ਗੁਰੂ ਨਾਨਕ ਦੇਵ ਦੇ ਆਗਮਨ ਪੁਰਬ ਕਰ ਕੇ; ਹਾਲਾਂਕਿ ਵਿਦਵਾਨਾਂ ਅਤੇ ਖੋਜੀਆਂ ਨੇ ਇਹ ਮਤ ਪ੍ਰਵਾਨ ਕਰ ਲਿਆ ਹੈ ਕਿ ਗੁਰੂ ਜੀ ਦਾ ਜਨਮ ਪਹਿਲੀ ਵਿਸਾਖ ਨੂੰ ਹੋਇਆ ਸੀ, ਪਰ ਸਿੱਖ ਸੰਗਤਾਂ ਵਿਚ ਇਹ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਏ ਜਾਣ ਦੀ ਰੀਤ ਹੈ। ਪੂਰਨਮਾਸ਼ੀ ਤੋਂ ਕਾਫੀ ਦਿਨ ਪਹਿਲਾਂ ਪ੍ਰਭਾਤ-ਫੇਰੀਆਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਗੁਰਪੁਰਬ ਮੌਕੇ ਅਖੰਡ ਪਾਠ ਦੇ ਭੋਗ ਪਾਏ ਜਾਂਦੇ ਹਨ, ਕੀਰਤਨ ਦਰਬਾਰ ਸਜਦੇ ਹਨ, ਲੰਗਰ ਲਾਏ ਜਾਂਦੇ ਹਨ ਅਤੇ ਕਈ ਸ਼ਰਧਾਲੂ ਦੀਪਮਾਲਾ ਵੀ ਕਰਦੇ ਹਨ। ਮੌਸਮ ਠੀਕ ਹੋਣ ਅਤੇ ਫਸਲ ਆਈ ਹੋਣ ਕਰ ਕੇ, ਸਿੱਖ ਸੰਗਤਾਂ ਗੁਰੂ ਕੇ ਲੰਗਰ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੀਆਂ ਹਨ।

ਝੋਨੇ ਅਤੇ ਮੱਕੀ ਤੋਂ ਬਿਨਾ ਜਿਨ੍ਹਾਂ ਇਲਾਕਿਆਂ ਵਿਚ ਕਮਾਦ ਦੀ ਫਸਲ ਹੁੰਦੀ ਹੈ, ਉਥੇ ਹਿਰਸਾਂ ਜੁਆਨੀ 'ਤੇ ਆਉਣ ਲੱਗਦੀਆਂ ਹਨ। ਸਦੀਆਂ ਤੋਂ ਕਮਾਦ ਦੀ ਫਸਲ ਪੰਜਾਬ ਵਿਚ ਘਰ ਦੀਆਂ ਲੋੜਾਂ ਵੀ ਪੂਰੀਆਂ ਕਰਦੀ ਰਹੀ ਹੈ ਅਤੇ ਪੈਸੇ-ਧੇਲੇ ਦੀਆਂ ਵੀ। ਕਿਸੇ ਜ਼ਮਾਨੇ ਵਿਚ ਇਹ ਕਿਸਾਨ ਦੀ ਮਿੱਲ ਹੀ ਹੁੰਦੀ ਸੀ। ਗੰਨਾ ਚੂਪਣ ਦੇ ਕੰਮ ਵੀ ਆਉਂਦਾ ਸੀ ਅਤੇ ਗੁੜ-ਸ਼ੱਕਰ ਕੱਢਣ ਦੇ ਵੀ। ਇਸ ਤੋਂ ਬਾਲਣ ਵੀ ਪ੍ਰਾਪਤ ਹੁੰਦਾ ਅਤੇ ਪਸ਼ੂਆਂ ਲਈ ਚਾਰਾ ਵੀ। ਗੰਨੇ ਦੀ ਫਸਲ ਦੂਜੀਆਂ ਫਸਲਾਂ ਤੋਂ ਅਲੱਗ ਹੁੰਦੀ ਹੈ ਕਿਉਂਕਿ ਇਹ ਸਾਲਾਨਾ ਫਸਲ ਹੈ। ਅੱਠ-ਦੱਸ ਫੁੱਟ ਉਚੀ ਫਸਲ ਹੋਣ ਕਰ ਕੇ ਇਹ ਚੋਰੀਆਂ-ਯਾਰੀਆਂ ਦੀ ਠਾਹਰ ਵੀ ਬਣਦੀ ਹੈ ਅਤੇ ਨਾਜਾਇਜ਼ ਨਸ਼ੇ ਕੱਢਣ ਦੀ ਵੀ। ਖਾੜਕੂਵਾਦ ਦੇ ਦਿਨੀਂ ਪੰਜਾਬ ਵਿਚ ਕਈ ਮੁਕਾਬਲੇ ਕਮਾਦ ਦੇ ਖੇਤਾਂ ਦੁਆਲੇ ਹੁੰਦੇ ਰਹੇ ਹਨ। ਕਮਾਦ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੰਜਾਬੀਆਂ ਦਾ ਸਾਰਾ ਸਾਲ ਸਾਥ ਦਿੰਦਾ ਹੈ। ਸਮਝਿਆ ਜਾਂਦਾ ਹੈ ਕਿ ਕਮਾਦ ਦੀ ਫਸਲ ਦੁਨੀਆਂ ਨੂੰ ਭਾਰਤ ਦੀ ਦੇਣ ਹੈ। ਈਸਾ ਤੋਂ ਵੀ 350 ਸਾਲ ਪਹਿਲਾਂ ਸਿਕੰਦਰ ਮਹਾਨ ਦੇ ਸੈਨਿਕ ਹਿੰਦੁਸਤਾਨ ਤੋਂ ਵਾਪਸੀ ਸਮੇਂ ਗੰਨਾ ਇਥੋਂ ਯੂਰਪ ਲੈ ਕੇ ਗਏ ਸਨ। ਸੰਨ 600 ਈਸਾ ਪੂਰਵ ਵਿਚ ਚੀਨ ਵਿਚ ਵੀ ਗੰਨਾ ਭਾਰਤ ਤੋਂ ਹੀ ਗਿਆ। ਉਥੇ ਦੇ ਬਾਦਸ਼ਾਹ ਨੇ ਆਪਣੇ ਵਿਸ਼ੇਸ਼ ਦੂਤ ਇਥੇ ਭੇਜੇ, ਜਿਨ੍ਹਾਂ ਸ਼ੱਕਰ ਬਣਾਉਣ ਦੀ ਕਲਾ ਇਥੇ ਰਹਿ ਕੇ ਸਿੱਖੀ।

ਇਹੀ ਦਿਨ ਕਪਾਹ ਚੁਗਣ ਦੇ ਹੁੰਦੇ ਹਨ:

ਮਹੀਨਾ ਕੱਤੇ ਦਾ ਚੜ੍ਹ ਗਿਆ ਭਰਾਵੋ
ਨਰਮੇ ਕਪਾਹਾਂ ਖਿੜੀਆਂ
ਜਿਨ੍ਹਾਂ ਲੋਕਾਂ ਦੇ ਹੱਥ ਤੰਗ ਸੀ
ਗੇੜਾਂ ਉਨ੍ਹਾਂ ਦੀਆਂ ਰਿੜੀਆਂ
ਦੇਸ਼ ਪੰਜਾਬ ਦੀਆਂ
ਚੁਗਣ ਨਾਰੀਆਂ ਛਿੜੀਆਂ।

ਕਪਾਹ ਉਂਜ ਵੀ ਕਿੰਨੀ ਕਮਾਲ ਦੀ ਫਸਲ ਹੈ! ਹਰੀਆਂ ਹਰੀਆਂ ਛਿੱਟੀਆਂ 'ਤੇ ਲੱਗੇ ਟੀਂਡਿਆਂ ਵਿਚੋਂ ਜਦ ਚਿੱਟੀਆਂ ਫੁੱਟੀਆਂ ਖਿੜਦੀਆਂ ਹਨ, ਤਾਂ ਕਾਦਰ ਦੀ ਵਰਕਸ਼ਾਪ ਤੋਂ ਸਦਕੇ ਜਾਣ ਨੂੰ ਜੀ ਕਰਦਾ ਹੈ। ਉਂਜ ਕਪਾਹ ਸਾਰੇ ਪੰਜਾਬ ਦੀ ਫਸਲ ਨਹੀਂ, ਜ਼ਿਆਦਾਤਰ ਫਿਰੋਜ਼ਪੁਰ-ਫਾਜ਼ਿਲਕਾ ਦੇ ਇਲਾਕੇ ਵਿਚ ਹੀ ਚੰਗਾ ਝਾੜ ਦਿੰਦੀ ਹੈ। ਇਸ 'ਤੇ ਬਿਮਾਰੀਆਂ ਦੇ ਵੀ ਸਭ ਤੋਂ ਵੱਧ ਹੱਲੇ ਹੁੰਦੇ ਹਨ। ਇਸ ਨੂੰ ਸਿਰੇ ਚਾੜ੍ਹਨਾ ਅਤੇ ਫਿਰ ਕਪਾਹ ਚੁਗਣ ਲਈ ਕਾਮਿਆਂ ਦਾ ਪ੍ਰਬੰਧ ਕਰਨਾ ਕਾਫੀ ਮਿਹਨਤ-ਮੁਸ਼ੱਕਤ ਵਾਲਾ ਕੰਮ ਹੈ।

ਇਨ੍ਹੀਂ ਦਿਨੀਂ ਹਾੜ੍ਹੀ ਦੀ ਫਸਲ ਬੀਜਣ ਦਾ ਸਮਾਂ ਹੁੰਦਾ ਹੈ। ਪੈਲੀਆਂ ਦਾ ਵੱਤਰ ਵੇਖਣਾ-ਸਮਝਣਾ, ਵਹਾਈ, ਬਿਜਾਈ ਆਦਿ ਵੱਲ ਧਿਆਨ ਦੇਣਾ ਬੜਾ ਜ਼ਰੂਰੀ ਹੁੰਦਾ ਹੈ। ਕਿਸਾਨਾਂ ਨੂੰ ਸਵੇਰੇ ਹੀ ਖੇਤਾਂ ਵਿਚ ਪਹੁੰਚਣਾ ਪੈਂਦਾ ਹੈ। ਖੇਤ ਕਰਮਾਂ ਸੰਦੜੇ ਤਾਂ ਹੀ ਹੋਣਗੇ, ਜੇ ਕੱਤਕ ਵਿਚ ਚੰਗੀ ਤਰ੍ਹਾਂ ਕਰਮ ਕਮਾਏ ਜਾਣਗੇ, ਜੇ ਖੇਤ ਕਿਸਾਨ ਦੀ ਕਰਮ-ਭੂਮੀ ਬਣਨਗੇ। ਸਾਉਣੀ ਦੀ ਭਰਵੀਂ ਫਸਲ ਵੀ ਉਨ੍ਹਾਂ ਦੇ ਨਸੀਬਾਂ ਵਿਚ ਹੀ ਆਉਂਦੀ ਹੈ, ਜਿਨ੍ਹਾਂ ਕਮਾਈਆਂ ਕੀਤੀਆਂ ਹੁੰਦੀਆਂ ਹਨ:

ਕਤਕਿ ਕਿਰਤੁ ਪਇਆ
ਜੋ ਪ੍ਰਭ ਭਾਇਆ॥
ਦੀਪਕੁ ਸਹਜਿ ਬਲੈ
ਤਤਿ ਜਲਾਇਆ॥
ਦੀਪਕ ਰਸ ਤੇਲੋ ਧਨ ਪਿਰ ਮੇਲੋ
ਧਨ ਓਮਾਹੈ ਸਰਸੀ॥
ਅਵਗੁਣ ਮਾਰੀ ਮਰੈ ਨ ਸੀਝੈ
ਗੁਣਿ ਮਾਰੀ ਤਾ ਮਰਸੀ॥
ਨਾਮੁ ਭਗਤਿ ਦੇ ਨਿਜ ਘਰਿ ਬੈਠੇ
ਅਜਹੁ ਤਿਨਾੜੀ ਆਸਾ॥
ਨਾਨਕ ਮਿਲਹੁ ਕਪਟ ਦਰ ਖੋਲਹੁ
ਏਕ ਘੜੀ ਖਟੁ ਮਾਸਾ॥

ਸਫਲ ਜੀਵਨ ਜਿਉਣ ਲਈ ਬੜੀ ਮਿਹਨਤ-ਮੁਸ਼ੱਕਤ ਕਰਨੀ ਪੈਂਦੀ ਹੈ। ਔਗੁਣ ਤਿਆਗ ਕੇ ਗੁਣ ਗ੍ਰਹਿਣ ਕਰਨੇ ਪੈਂਦੇ ਹਨ। ਇਹ ਸਫਰ ਲਗਾਤਾਰ, ਸਾਰੀ ਉਮਰ ਦਾ ਹੁੰਦਾ ਹੈ। ਸੰਪੂਰਨਤਾ ਪ੍ਰਾਪਤ ਕਰਨ ਦੇ ਇਸ ਉਦਮ ਵਿਚ ਕੋਈ ਮੰਜ਼ਿਲ ਨਹੀਂ ਹੁੰਦੀ: "ਗੋਇਆ ਮੈਂ ਭੀ ਸਫਰ ਮੇਂ ਹੂੰ, ਮੇਰੀ ਮੰਜ਼ਿਲ ਭੀ ਸਫਰ ਮੇਂ ਹੈ।"

ਬੱਸ ਏਦਾਂ ਹੀ ਇਕ ਇਕ ਦਿਨ ਕਰ ਕੇ ਮਹੀਨੇ ਅਤੇ ਸਾਲ ਨਿਕਲੀ ਜਾਂਦੇ ਹਨ। ਧਰਤੀ ਅਤੇ ਸੂਰਜ ਦੇ ਗਰਦਿਸ਼-ਗੇੜਿਆਂ ਵਿਚੋਂ ਰੁੱਤਾਂ ਨਿਕਲੀ ਆਉਂਦੀਆਂ ਹਨ। ਹਰ ਮੌਸਮ, ਹਰ ਰੁੱਤ ਜੀਵਨ ਲੀਲਾ ਨੂੰ ਪ੍ਰਭਾਵਤ ਕਰਦੇ ਜਾਂਦੇ ਹਨ। ਕੱਤਕ ਦੇ ਅੰਤ ਤੱਕ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਆਲੇ ਦਾ ਅਹਿਸਾਸ ਭਾਰੂ ਹੋਣ ਲੱਗਦਾ ਹੈ ਅਤੇ ਅੱਸੂ ਦੀ ਸੰਗਰਾਂਦ ਤੋਂ ਗਰਮੀ ਤੋਂ ਨਿਜਾਤ ਮਿਲਣ ਦੀ ਸ਼ੁਰੂ ਹੋਈ ਉਡੀਕ ਸ਼ੁਕਰ ਸ਼ੁਕਰ ਕਰ ਕੇ ਮੁੱਕਣ ਲੱਗਦੀ ਹੈ।

## ਪੁੱਤ ਪੰਜਾਬ ਦੇ

ਤੁਰਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ।
ਰੁੜ੍ਹਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ।

ਦਿਨ-ਰਾਤ ਮਿਹਨਤ ਕਰਕੇ ਧੀਆਂ-ਪੁੱਤ ਸੀ ਪਾਲੇ।
ਧੀ ਨੂੰ ਛੱਡ, ਪੁੱਤ ਨੂੰ ਦਿੱਤੇ ਅੰਡੇ, ਵਿਚੋਂ ਕੱਢ ਆਲੇ।
ਪੁੱਤਰਾਂ ਨੇ ਤਾਂ ਹਲ ਵਾਹੁਣਾ, ਧੀ ਨੇ ਉਣਨੇ ਨਾਲੇ।
ਪੜ੍ਹਦੇ-ਲਿਖਦੇ ਰਾਹ ਭੁੱਲੇ, ਚੱਲੇ ਨਸ਼ਿਆਂ ਦੇ ਪਰਨਾਲੇ।
'ਨੌਕਰੀਆਂ ਕਰਨਗੇ', ਮਾਪਿਆਂ ਦੇ ਰਹਿ'ਗੇ ਵਹਿਮ ਪਾਲੇ।
ਚਿੱਟੇ ਦੇ ਕੇਸ ਪੈ ਗਏ,
ਜਿਨ੍ਹਾਂ ਦੇ ਮਾਪੇ ਬੈਠੇ ਸੀ ਵਿਚ ਖੁਆਬ ਦੇ।
ਤੁਰਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ।
ਰੁੜ੍ਹਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ।

ਖੁਦਗਰਜ਼ੀਆਂ ਭਾਰੂ, ਕਾਨੂੰਨ-ਕੈਦੇ ਸਿੱਕੇ ਟੰਗ'ਤੇ।
ਜਿਹੜਾ ਸੂਤ ਆਇਆ, ਉਨ੍ਹਾਂ ਕੌਲੇ-ਕੋਠੇ ਰੰਗ'ਤੇ।
ਫੋਕੇ ਟੌਹਰ ਵਿਚ ਕੋਠੀ ਉਤੇ ਹਵਾਈ ਜਹਾਜ਼ ਟੰਗ'ਤੇ।
ਭੇਡ ਚਾਲੇ ਪੈ ਗਏ, ਰਹਿੰਦੇ-ਖੂੰਹਦੇ ਨਸ਼ਿਆਂ ਡੰਗ'ਤੇ।
ਚਿੱਟਾ ਤੇ ਹੋਰ ਨਸ਼ੇ ਖਾਣ, ਜੋ ਖਾਂਦੇ ਸੀ ਗੁੜ ਬੈਠ ਗੰਡ 'ਤੇ।
ਕੇਸ, ਕਰਜ਼ੇ, ਨਸ਼ਿਆਂ ਦੀ ਦਲਦਲ
ਕਿਧਰੇ ਨਾ ਕੋਈ ਜਵਾਬ ਦੇਹ।
ਤੁਰਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ।
ਰੁੜ੍ਹਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ।

ਪੁਲਿਸ ਤੇ ਗੈਂਗ ਆਮੋ-ਸਾਹਮਣੇ, ਕਹਿੰਦੇ ਬਦਲਾ ਲੈਣਾ।
ਚਾਰੇ ਪਾਸਿਓਂ ਨੌਜਵਾਨ ਘਿਰਿਆ, ਕਹਿੰਦਾ ਮੈਂ ਨੀਂ ਏਥੇ ਰਹਿਣਾ।
ਜੇ ਬਾਹਰ ਦੀ ਕੁੜੀ ਮਿਲ'ਜੇ, ਕਰਜ਼ਾ ਚੁੱਕ ਪਾ ਦਿਆਂਗੇ ਗਹਿਣਾ।
ਜੇ ਰਿਸ਼ਤੇ ਵਿਚ ਧੋਖਾ ਹੋ ਗਿਆ, ਅਸਾਂ ਫੇਸਬੁਕ 'ਤੇ ਕਹਿਣਾ।
ਜੇ ਮੈਨੂੰ ਇਨਸਾਫ ਨਾ ਮਿਲਿਆ, ਮੈਂ ਹੈ ਫਾਹਾ ਫਿਰ ਲੈਣਾ।
ਫਿਰ ਵੀ ਕਹਿੰਦੇ ਭਾਵੇਂ ਐਡਮਿਸ਼ਨ ਜਾਂ ਵੈਡਿੰਗ
ਅਸੀਂ ਹੂਟੇ ਲੈਣੇ ਨੇ ਜਹਾਜ਼ ਦੇ।
ਤੁਰਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ।
ਰੁੜ੍ਹਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ।

ਖੇਤੀ ਖਰਚੇ ਬਹੁਤੇ, ਭਾਅ ਥੋੜੇ, ਕਿਸਾਨ ਖੁਦਕੁਸ਼ੀ ਦੇ ਰਾਹ 'ਤੇ।
ਸਿੱਖਿਆ ਬਣੀ ਦੁਕਾਨਦਾਰੀ, ਬੇਰੁਜ਼ਗਾਰ ਬੈਠਾ ਧਰਨੇ ਦੀ ਜਗ੍ਹਾ 'ਤੇ।
ਨਸ਼ਾ, ਰਿਸ਼ਵਤ, ਹੇਰਾਫੇਰੀ ਚਲਦੀ ਪਹਿਰੇਦਾਰਾਂ ਦੀ ਪਨਾਹ 'ਤੇ।
ਬੁੱਧੀਜੀਵੀ ਚੁੱਪ ਬੈਠੇ, ਕੋਈ ਨਾ ਗੌਰ ਕਰਦਾ ਉਨ੍ਹਾਂ ਦੀ ਸਲਾਹ 'ਤੇ।
ਪੱਤਰਕਾਰ ਵੀ ਸਿਆਣੇ ਹੋ ਗਏ, ਕੋਈ ਨੀਂ ਲਾਉਂਦਾ ਜ਼ਿੰਦਗੀ ਦਾ 'ਤੇ।
ਜੇ ਪੁੱਤ ਬਚਾਉਣੇ ਨੇ ਸਾਰੇ ਹਿੱਸਾ ਪਾਉ
ਇਕੱਲੇ ਵੱਸ ਨਹੀਂ ਜਨਾਬ ਦੇ।
ਤੁਰਦੇ ਜਾਂਦੇ ਗੱਭਰੂ ਪੁੱਤ ਪੰਜਾਬ ਦੇ।
ਰੁੜ੍ਹਦੇ ਜਾਂਦੇ ਨਸ਼ਿਆਂ ਵਿਚ ਚਨਾਬ ਦੇ।

*-ਡਾ. ਚਰਨਜੀਤ ਸਿੰਘ ਪੰਨੂੰ, ਫੋਨ: 408-646-3597*

# ਹੁਸ਼ਿਆਰਪੁਰ ਦੀ ਅਮੀਰ ਵਿਰਾਸਤ 'ਤੇ ਇਕ ਝਾਤ

***ਹੁਸ਼ਿਆਰਪੁਰ ਦਾ ਇਤਿਹਾਸ ਭਾਵੇਂ ਬਹੁਤਾ ਪੁਰਾਣਾ ਨਹੀਂ ਪਰ ਇਹ ਸ਼ਹਿਰ ਜਿਸ ਤਰ੍ਹਾਂ ਦੀ ਅਮੀਰ ਵਿਰਾਸਤ ਆਪਣੇ ਅੰਦਰ ਸਮੋਈ ਬੈਠਾ ਹੈ, ਉਸ ਤੋਂ ਸ਼ਾਇਦ ਬਹੁਤ ਘੱਟ ਲੋਕ ਵਾਕਫ ਹੋਣ। 'ਪੰਜਾਬ ਟਾਈਮਜ਼' ਵਿਚ ਪਾਠਕ ਵਾਸਦੇਵ ਸਿੰਘ ਪਰਹਾਰ ਦੇ ਲੇਖ ਅਕਸਰ ਪੜ੍ਹਦੇ ਰਹਿੰਦੇ ਹਨ। ਇਸ ਲੇਖ ਵਿਚ ਉਨ੍ਹਾਂ ਹੁਸ਼ਿਆਰਪੁਰ ਬਾਰੇ ਖੋਜ ਭਰਪੂਰ ਅਤੇ ਦਿਲਚਸਪ ਗੱਲਾਂ ਕੀਤੀਆਂ ਹਨ ਜੋ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਲੇਖ ਦੀ ਸਾਦਗੀ ਨੇ ਇਸ ਦੇ ਸੁਹਜ ਨੂੰ ਚਾਰ ਚੰਨ ਲਾ ਦਿੱਤੇ ਹਨ। -ਸੰਪਾਦਕ***

ਹੁਸ਼ਿਆਰਪੁਰ ਸ਼ਹਿਰ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ ਹੈ। 'ਆਈਨ-ਏ-ਅਕਬਰੀ' ਵਿਚ ਇਸ ਸ਼ਹਿਰ ਦਾ ਕੋਈ ਜ਼ਿਕਰ ਨਹੀਂ। ਉਸ ਸਮੇਂ ਇਹ ਬਜਵਾੜਾ ਮਹਾਲ (ਜ਼ਿਲ੍ਹਾ) ਦਾ ਹਿੱਸਾ ਸੀ। ਇਕ ਵਿਚਾਰ ਇਹ ਹੈ ਕਿ ਇਹ ਸ਼ਹਿਰ ਹਰਿਗੋਬਿੰਦ ਅਤੇ ਰਾਮ ਚੰਦ ਨਾਂ ਦੇ ਦੋ ਦੀਵਾਨਾਂ ਨੇ ਸ਼ਹਿਨਸ਼ਾਹ ਮੁਹੰਮਦ ਤੁਗਲਕ ਦੇ ਸਮੇਂ ਆਬਾਦ ਕੀਤਾ। ਦੂਜੀ ਧਾਰਨਾ ਇਹ ਹੈ ਕਿ ਹੁਸ਼ਿਆਰ ਖਾਂ ਨੇ ਬਜਵਾੜੇ ਤੋਂ ਉਠ ਕੇ ਇਸ ਸ਼ਹਿਰ ਦੀ ਨੀਂਹ ਰੱਖੀ ਅਤੇ ਉਸ ਦੇ ਨਾਂ 'ਤੇ ਹੀ ਸ਼ਹਿਰ ਦਾ ਨਾਂ ਹੁਸ਼ਿਆਰਪੁਰ ਪਿਆ। ਇਹੀ ਗੱਲ ਠੀਕ ਲੱਗਦੀ ਹੈ। 1894 ਲਾਗੇ ਸ਼ਹਿਰ ਵਿਚ ਮੁਸਲਮਾਨਾਂ ਦੀ ਆਬਾਦੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮਿਊਂਸਪਲ ਕਮੇਟੀ ਦੇ ਚੋਣ ਨਿਯਮਾਂ ਅਨੁਸਾਰ ਦਸਾਂ ਵਿਚੋਂ ਚਾਰ ਮੁਸਲਮਾਨ ਮੈਂਬਰ



**ਵਾਸਦੇਵ ਸਿੰਘ ਪਰਹਾਰ**
**ਫੋਨ: 206-434-1155**

ਲਏ ਜਾਣੇ ਜ਼ਰੂਰੀ ਸਨ। 1887 ਵਿਚ ਦੁਸਹਿਰੇ ਅਤੇ ਮੁਹੱਰਮ ਦੇ ਤਿਓਹਾਰਾਂ ਸਮੇਂ ਫਸਾਦ ਹੋਣ ਕਾਰਨ 1894 ਤਕ ਮਿਊਂਸਪਲ ਕਮੇਟੀ ਭੰਗ ਰਹੀ।

ਇਸ ਸ਼ਹਿਰ ਦੇ ਆਬਾਦ ਹੋਣ ਤੋਂ ਪਹਿਲਾਂ ਬਜਵਾੜਾ ਜੋ ਹੁਸ਼ਿਆਰਪੁਰ ਤੋਂ ਦੋ ਕੁ ਮੀਲ ਪੂਰਬ ਵੱਲ ਹੈ, ਮਸ਼ਹੂਰ ਸ਼ਹਿਰ ਸੀ, ਜਿਥੇ ਸ਼ੇਰ ਸ਼ਾਹ ਸੂਰੀ ਅਤੇ ਸੰਗੀਤਕਾਰ ਬੈਜੂ ਬਾਵਰਾ ਦਾ ਜਨਮ ਹੋਇਆ। ਬਜਵਾੜਾ ਵਿਚ ਆਲ੍ਹਾ ਕਿਸਮ ਦੀ ਮਲਮਲ ਤਿਆਰ ਹੁੰਦੀ ਸੀ ਤੇ ਇਹ ਸਾਰੇ ਭਾਰਤ ਵਿਚ ਮਸ਼ਹੂਰ ਸੀ। 'ਹੀਰ' ਵਿਚ ਵਾਰਸ ਸ਼ਾਹ ਨੇ ਲਿਖਿਆ ਹੈ, "ਦਸਤਾਰ ਬਜਵਾੜਿਓਂ ਖੂਬ ਆਵੇ ਅਤੇ ਬਾਵਤਾ ਨਹੀਂ ਕਸੂਰ ਜੇਹਾ।" ਬਜਵਾੜੇ ਦੀ ਮਲਮਲ ਦਸਤਾਰਾਂ ਲਈ ਵਰਤੀ ਜਾਂਦੀ ਸੀ। ਇਹ ਉਹ ਸਮਾਂ ਸੀ ਜਦੋਂ ਹਿੰਦੂ ਅਤੇ ਮੁਸਲਮਾਨ ਸਭ ਹੀ ਸਿਰ 'ਤੇ ਦਸਤਾਰਾਂ ਸਜਾਉਂਦੇ ਸਨ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਤੱਕ ਹੁਸ਼ਿਆਰਪੁਰ ਚੰਗਾ ਸ਼ਹਿਰ ਬਣ ਚੁਕਾ ਸੀ। ਮੁਸਲਮਾਨ ਬਾਦਸ਼ਾਹਾਂ ਦੇ ਰਾਜ ਸਮੇਂ ਸਾਰੇ ਹੀ ਸ਼ਹਿਰਾਂ ਵਿਚ ਨੱਚਣ-ਗਾਉਣ ਵਾਲੀਆਂ ਵੇਸਵਾਵਾਂ ਦੇ ਕੋਠਿਆਂ ਦਾ ਵੱਖਰਾ ਬਾਜ਼ਾਰ ਹੁੰਦਾ ਸੀ। ਭਾਈ ਜੋਗਾ ਸਿੰਘ ਦੇ ਭਟਕ ਕੇ ਇਥੋਂ ਦੇ ਵੇਸਵਾ ਬਾਜ਼ਾਰ ਵਿਚ ਜਾਣ ਦਾ ਜ਼ਿਕਰ ਇਤਿਹਾਸ ਵਿਚ ਮਿਲਦਾ ਹੈ। ਭਾਈ ਜੋਗਾ ਸਿੰਘ ਦੇ ਨਾਂ 'ਤੇ ਸ਼ਹਿਰ ਦੇ ਐਨ ਵਿਚਕਾਰ ਗੁਰਦੁਆਰਾ ਬਣਿਆ ਹੋਇਆ ਹੈ। 1758 ਵਿਚ ਅਦੀਨਾ ਬੇਗ ਪੰਜਾਬ ਦਾ ਗਵਰਨਰ ਬਣਿਆ ਤਾਂ ਉਸ ਨੇ ਆਪਣੇ ਜੱਦੀ ਪਿੰਡ ਖਾਨਪੁਰ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਇਆ। ਖਾਨਪੁਰ ਹੁਸ਼ਿਆਰਪੁਰ ਤੋਂ ਦੋ ਕੁ ਮੀਲ ਪੱਛਮ ਵੱਲ ਟਾਂਡੇ ਵਾਲੀ ਸੜਕ 'ਤੇ ਹੈ। ਅਦੀਨਾ ਬੇਗ ਦੀ ਕਬਰ ਇਸੇ ਪਿੰਡ ਵਿਚ ਹੈ।

ਸਿੱਖ ਮਿਸਲਾਂ ਦੇ ਸਮੇਂ ਇਹ ਫੈਜ਼ਲਪੁਰੀ ਮਿਸਲ ਦੇ ਮੁਖੀ ਭੂਪ ਸਿੰਘ ਦੇ ਅਧੀਨ ਸੀ। ਉਸ ਤੋਂ ਕਾਂਗੜੇ ਦੇ ਰਾਜਾ ਸੰਸਾਰ ਚੰਦ ਨੇ ਖੋਹ ਕੇ ਆਪਣਾ ਕਬਜ਼ਾ ਕਰ ਲਿਆ, ਪਰ ਜਦੋਂ ਨੇਪਾਲ ਦੇ ਜਰਨੈਲ ਅਮਰ ਸਿੰਘ ਥਾਪਾ ਨੇ ਕਾਂਗੜੇ 'ਤੇ ਹਮਲਾ ਕੀਤਾ ਤਾਂ ਰਾਜਾ ਸੰਸਾਰ ਚੰਦ ਨੂੰ ਮਜਬੂਰ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੂੰ ਮਦਦ ਲਈ ਬੇਨਤੀ ਕਰਨੀ ਪਈ। 1809 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਸ਼ਹਿਰ 'ਤੇ ਕਬਜ਼ਾ ਕਰ ਲਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਮਿਸਰ ਰੂਪ ਲਾਲ ਨੂੰ ਦੁਆਬੇ ਦਾ ਗਵਰਨਰ ਨਿਯੁਕਤ ਕੀਤਾ ਤਾਂ ਉਸ ਨੇ ਆਪਣੀ ਰਿਹਾਇਸ਼ ਇਸ ਸ਼ਹਿਰ ਵਿਚ ਰੱਖੀ। ਉਸ ਦੇ ਸਹੁਰੇ ਜਲੰਧਰ ਸਨ, ਇਸ ਲਈ ਉਸ ਨੇ ਆਪਣੇ ਸਹੁਰਿਆਂ ਦੇ ਸ਼ਹਿਰ ਵਿਚ ਰਹਿਣਾ ਪਸੰਦ ਨਾ ਕੀਤਾ।

ਇਹ ਜ਼ਿਲ੍ਹਾ ਵੀ ਪਹਿਲੀ ਐਂਗਲੋ-ਸਿੱਖ ਜੰਗ ਤੋਂ ਤੁਰੰਤ ਬਾਅਦ ਬਾਕੀ ਜਲੰਧਰ ਦੁਆਬ ਵਾਂਗ ਅੰਗਰੇਜ਼ ਸਰਕਾਰ ਦੇ ਅਧੀਨ ਆਇਆ। ਇਸ ਨਵੇਂ ਖਿੱਤੇ ਦੇ ਪਹਿਲੇ ਕਮਿਸ਼ਨਰ ਜਾਨ ਲਾਰੈਂਸ ਮਾਰਚ 1846 ਵਿਚ ਬਣੇ। ਇਹ ਸਿੱਧੇ ਸੁਪਰੀਮ ਸਰਕਾਰ ਦੇ ਅਧੀਨ ਰਹੇ ਅਤੇ 1848 ਵਿਚ ਜਲੰਧਰ ਦੁਆਬ ਦੇ ਕਮਿਸ਼ਨਰ ਨੂੰ ਲਾਹੌਰ ਦੇ ਰੀਜੈਂਟ ਅਧੀਨ ਕਰ ਦਿੱਤਾ ਗਿਆ। 1849 ਵਿਚ ਬਾਕੀ ਪੰਜਾਬ ਵਾਂਗ ਇਹ ਜ਼ਿਲ੍ਹਾ ਵੀ ਬੋਰਡ ਆਫ ਐਡਮਨਿਸਟਰੇਟਰਜ਼ ਦੇ ਅਧੀਨ ਹੋ ਗਿਆ।

ਇਸ ਰੱਦੋਬਦਲ ਨਾਲ ਇਸ ਜ਼ਿਲ੍ਹੇ ਦੇ ਪਹਾੜੀ ਰਾਜਿਆਂ ਨੂੰ ਬਹੁਤ ਮਾਯੂਸੀ ਹੋਈ। ਉਨ੍ਹਾਂ ਦਾ ਵਿਚਾਰ ਸੀ ਕਿ ਮਹਾਰਾਜਾ ਰਣਜੀਤ ਸਿੰਘ ਵੱਲੋਂ ਉਨ੍ਹਾਂ ਦੇ ਖੋਹੇ ਗਏ ਇਲਾਕੇ ਉਨ੍ਹਾਂ ਨੂੰ ਮਿਲ ਜਾਣਗੇ, ਪਰ ਅੰਗਰੇਜ਼ਾਂ ਨੇ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਸ਼ੇਖ ਗੁਲਾਮ ਮਹੀਉਦੀਨ ਦੀਆਂ ਪਰਜਾ ਵਿਰੁਧ ਵਧੀਕੀਆਂ ਕਾਰਨ (ਖਾਸ ਕਰ ਕੇ ਜ਼ਮੀਨ ਦੇ ਸਰਕਾਰੀ ਮਾਮਲੇ ਦੀ ਉਗਰਾਹੀ ਬਾਰੇ) ਉਸ ਦੀ ਥਾਂ ਮਿਸਰ ਰੂਪ ਲਾਲ ਦੀ ਨਿਯੁਕਤੀ ਹੋਈ। ਦੁਆਬੇ ਦੇ ਇੱਜ਼ਤਦਾਰ ਚੌਧਰੀਆਂ ਨੂੰ ਸਰਕਾਰੀ ਮਾਮਲਾ ਸਮੇਂ ਸਿਰ ਜਮ੍ਹਾਂ ਨਾ ਕਰਾਉਣ ਕਾਰਨ ਜਲੰਧਰ ਸ਼ਹਿਰ ਦੇ ਮੁੱਖ ਚੌਕਾਂ ਵਿਚ ਕਾਠ ਮਾਰ ਦਿੱਤਾ ਜਾਂਦਾ ਸੀ। ਕਾਠ ਮਾਰਨ ਦਾ ਤਰੀਕਾ ਇਹ ਸੀ ਕਿ ਲੱਕੜੀ ਦੇ ਦੋ ਭਾਰੀ ਫੱਟਿਆਂ ਵਿਚ ਉਸ ਬੰਦੇ ਦੀ ਇਕ ਲੱਤ ਕੱਸ ਦਿੱਤੀ ਜਾਂਦੀ ਸੀ। ਪਿੰਡ ਡਮੁੰਡਾ ਦੇ ਖੜਕ ਸਿੰਘ ਨੇ ਇਕ ਵਾਰ ਔੜ ਕਾਰਨ ਕਿਸਾਨਾਂ ਤੋਂ ਮਾਮਲਾ ਉਗਰਾਹੁਣ ਵਿਚ ਢਿੱਲ ਕੀਤੀ ਤਾਂ ਉਸ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਭੇਜ ਦਿੱਤਾ ਗਿਆ। ਮਿਸਰ ਰੂਪ ਲਾਲ ਇਮਾਨਦਾਰ ਅਤੇ ਯੋਗ ਸ਼ਾਸਕ ਸੀ। ਉਸ ਦੇ ਸ਼ਾਸਨ ਨੂੰ ਕਿਸਾਨ ਸਲਾਹੁੰਦੇ ਸਨ ਅਤੇ ਭੈੜੇ ਕੰਮ ਕਰਨ ਵਾਲੇ ਉਸ ਦੇ ਨਾਂ ਤੋਂ ਕੰਬਦੇ ਸਨ। ਉਸ ਨੇ ਜ਼ਮੀਨ ਦਾ ਲਗਾਨ ਬਹੁਤ ਘਟਾ ਦਿੱਤਾ ਅਤੇ ਇਸ ਤਰ੍ਹਾਂ ਉਗਰਾਹੀ ਸੌਖਿਆਂ ਹੀ ਹੋ ਜਾਂਦੀ ਸੀ। 1833 ਦੇ ਅਕਾਲ ਵਾਲੇ ਸਾਲ ਵਿਚ ਵੀ ਬਹੁਤ ਘੱਟ ਮਾਮਲਾ ਜ਼ਿਮੀਂਦਾਰਾਂ ਵੱਲ ਬਕਾਇਆ ਰਿਹਾ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1839 ਵਿਚ ਸ਼ੇਖ ਮਹੀਉਦੀਨ ਨੂੰ ਦੁਆਬੇ ਦਾ ਫਿਰ ਚਾਰਜ ਦਿੱਤਾ ਗਿਆ ਤਾਂ ਉਸ ਨੇ ਫਿਰ ਮਨਮਰਜ਼ੀ ਨਾਲ ਮਾਮਲਾ ਜਬਰੀ ਵਸੂਲਣਾ ਸ਼ੁਰੂ ਕਰ ਦਿੱਤਾ। ਸੰਧੀ ਖਾਂ ਨੂੰ ਹੁਸ਼ਿਆਰਪੁਰ ਦਾ ਚਾਰਜ ਮਿਲਿਆ ਜੋ ਅੰਗਰੇਜ਼ ਰਾਜ ਦੇ ਸ਼ੁਰੂ ਹੋਣ ਤੱਕ ਰਿਹਾ।

1857 ਦੇ ਗਦਰ ਸਮੇਂ ਕਰਨਲ ਐਬਟ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਡਾਕਖਾਨਾ ਛਾਉਣੀ ਤੋਂ ਸਿਵਲ ਲਾਈਨਜ਼ ਵਿਚ ਤਬਦੀਲ ਕਰ ਦਿੱਤਾ। ਰਾਤ ਦਾ ਪਹਿਰਾ ਵੀ ਸਖਤ ਕਰ ਦਿੱਤਾ ਗਿਆ ਅਤੇ ਲੈਫਟੀਨੈਂਟ ਪਾਸਕੇ ਅਤੇ ਮਿਲਰ ਨੂੰ ਇਹ ਡਿਊਟੀ ਦਿੱਤੀ ਗਈ। ਸਿਵਲ ਸਟੇਸ਼ਨ ਦੀ ਰਖਵਾਲੀ ਲਈ ਆਹਲੂਵਾਲੀਆਂ ਦੇ 800 ਆਦਮੀ, ਰਾਜੌਰੀ, ਮੰਡੀ ਅਤੇ ਟਿਵਾਣਾ ਦੇ ਸਿਪਾਹੀਆਂ ਤੋਂ ਇਲਾਵਾ ਪੁਲਿਸ ਦੀ ਸ਼ੇਰਦਿਲ ਬਟਾਲੀਅਨ ਲਾਈ ਗਈ। ਸ਼ੇਰਦਿਲ ਬਟਾਲੀਅਨ ਵਿਚ ਉਤਰ-ਪੱਛਮ ਦੇ ਬਹੁਤ ਪਠਾਣ ਸਨ ਜਿਨ੍ਹਾਂ ਨੂੰ ਲੋਕਲ ਆਬਾਦੀ ਨਾਲ ਜ਼ਰਾ ਵੀ ਹਮਦਰਦੀ ਨਹੀਂ ਸੀ। 23 ਮਈ 1857 ਨੂੰ ਹੁਸ਼ਿਆਰਪੁਰ ਜੇਲ੍ਹ ਦੇ ਕੈਦੀਆਂ ਨੂੰ ਬਜਵਾੜੇ ਦੇ ਕਿਲ੍ਹੇ ਵਿਚ ਤਬਦੀਲ ਕਰ ਦਿੱਤਾ ਗਿਆ। ਉਥੇ ਵੀ ਲੋਕਲ 33ਵੀਂ ਬਟਾਲੀਅਨ ਦੀ ਥਾਂ ਪੁਲਿਸ ਦਾ ਪਹਿਰਾ ਲਾਇਆ ਗਿਆ। ਕੈਦੀਆਂ ਵਿਚੋਂ ਪੰਜਾਂ ਨੂੰ ਗਦਰ ਭੜਕਾਉਣ ਦੇ ਦੋਸ਼ ਵਿਚ ਫਾਂਸੀ ਲਾ ਦਿੱਤਾ ਗਿਆ। ਜਸਵਾਂ ਦੇ ਰਾਜਾ ਨੇ 1846 ਵਿਚ ਅੰਗਰੇਜ਼ ਸਰਕਾਰ ਵਿਰੁਧ ਬਗਾਵਤ ਕੀਤੀ। ਊਨੇ ਵਾਲੇ ਬਿਕ੍ਰਮਾ ਸਿੰਘ ਬੇਦੀ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ ਅਤੇ ਉਹ ਆਪਣੀ ਫੌਜ ਲੈ ਕੇ ਹੁਸ਼ਿਆਰਪੁਰ ਵੱਲ ਵਧਿਆ ਪਰ ਮੈਲੀ ਦੇ ਸਥਾਨ 'ਤੇ ਉਸ ਨੂੰ ਜਸਵਾਂ ਦੇ ਰਾਜੇ ਦੀ ਹਾਰ ਦੀ ਖਬਰ ਮਿਲੀ ਤਾਂ ਉਹ ਭੱਜ ਕੇ ਮਹਾਰਾਜਾ ਸ਼ੇਰ ਨਾਲ ਸਿੰਘ ਜਾ ਮਿਲਿਆ।

ਕਰਨੈਲ ਸਾਂਡਰਸ ਐਬਟ ਨੇ 'ਹੁਸ਼ਿਆਰਪੁਰ ਵਿਚ ਬ੍ਰਿਟਿਸ਼ ਰੂਲ ਦੇ ਅੱਠ ਸਾਲ' ਨਾਮੀ ਯਾਦ ਪੱਤਰ ਵਿਚ ਲਿਖਿਆ ਹੈ ਕਿ ਸ਼ਹਿਰ ਦੇ ਨਾਲ ਉਤਰ ਵਾਲੇ ਪਾਸੇ ਵੱਡਾ ਚੋਅ ਵਗਦਾ ਹੈ ਜੋ ਬਰਸਾਤ ਦੇ ਦਿਨਾਂ ਵਿਚ ਹੜ੍ਹਾਂ ਨਾਲ ਸ਼ਹਿਰ ਦਾ ਬਹੁਤ ਨੁਕਸਾਨ ਕਰਦਾ ਹੈ। ਹੜ੍ਹ ਰੋਕਣ ਲਈ ਸ਼ਹਿਰ ਵਾਲੇ ਪਾਸੇ ਬੰਨ੍ਹ ਲਵਾਇਆ ਗਿਆ। ਇਹ ਬੰਨ੍ਹ ਦੋ ਸਾਲ ਹੀ ਕਾਇਮ ਰਿਹਾ। ਭਾਰੀ ਬਾਰਸ਼ ਨਾਲ ਜ਼ਬਰਦਸਤ ਹੜ੍ਹ ਆਇਆ ਜੋ ਬੰਨ੍ਹ ਨੂੰ ਰੋੜ੍ਹ ਕੇ ਲੈ ਗਿਆ। ਫਿਰ ਇਸ ਦੀ ਥਾਂ 1853 ਵਿਚ 8857 ਰੁਪਏ ਦੀ ਲਾਗਤ ਨਾਲ ਪੱਕਾ ਬੰਨ੍ਹ ਬਣਾਇਆ ਗਿਆ ਜਿਸ ਦੀਆਂ ਨੀਹਾਂ ਗਿਆਰਾਂ-ਗਿਆਰਾਂ ਫੁੱਟ ਡੂੰਘੀਆਂ ਰੱਖੀਆਂ ਗਈਆਂ, ਪਰ 1854 ਦੇ ਹੜ੍ਹ ਨੇ ਇਸ ਬੰਨ੍ਹ ਨੂੰ ਵੀ ਕਾਫੀ ਨੁਕਸਾਨ ਪਹੁੰਚਾਇਆ। ਇੱਟਾਂ ਦੇ ਵੱਡੇ-ਵੱਡੇ ਬਲਾਕ ਹੜ੍ਹ ਦੋ-ਦੋ ਸੌ ਫੁੱਟ ਹੜ੍ਹਾ ਕੇ ਲੈ ਗਿਆ। ਇਸੇ ਤੋਂ ਹੜ੍ਹ ਦੀ ਤਾਕਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਫਿਰ ਸ਼ਹਿਰ ਵਾਲੇ ਪਾਸੇ ਬੰਨ੍ਹ ਦੇ ਅੰਦਰ ਨੜਾ ਲਾਇਆ ਗਿਆ ਜਿਸ ਦੀਆਂ ਜੜ੍ਹਾਂ ਨੇ ਬੰਨ੍ਹ ਨੂੰ ਬਚਾਈ ਰੱਖਿਆ। 1901-02 ਵਿਚ ਮਿਊਂਸਪੈਲਿਟੀ ਨੇ ਇਸ ਬੰਨ੍ਹ ਦੀ ਮੁਰੰਮਤ ਉਤੇ 30,000 ਰੁਪਏ ਖਰਚ ਕੀਤੇ ਜਿਸ ਵਿਚੋਂ 15,000 ਰੁਪਏ ਸਰਕਾਰ ਤੋਂ ਕਰਜ਼ਾ ਲਿਆ ਜੋ 1850 ਰੁਪਏ ਸਾਲਾਨਾ ਦੀਆਂ ਕਿਸ਼ਤਾਂ ਵਿਚ ਵਾਪਸ ਕੀਤਾ ਗਿਆ।

ਅੰਗਰੇਜ਼ ਅਫਸਰਾਂ ਦੀ ਰਿਹਾਇਸ਼ ਲਈ ਸ਼ਹਿਰ ਦੇ ਪੂਰਬ ਵੱਲ ਬੰਗਲੇ ਬਣਾਏ ਗਏ ਜਿਨ੍ਹਾਂ ਦੁਆਲੇ ਚੰਗੀ ਹਰਿਆਲੀ ਵਾਲੇ ਦਰਖਤ ਲਾਏ ਗਏ। ਸ਼ਹਿਰ ਦੇ ਦੱਖਣ ਵੱਲ ਦੋ ਕੁ ਮੀਲ 'ਤੇ ਫੌਜੀ ਛਾਉਣੀ ਪਹਿਲਾਂ ਬਣਾਈ ਗਈ ਸੀ। 1857 ਦੇ ਗਦਰ ਸਮੇਂ ਇਹ ਖਾਲੀ ਕਰ ਦਿੱਤੀ ਗਈ ਸੀ। ਹੁਣ ਵੀ ਇਸ ਛਾਉਣੀ ਦੀਆਂ ਨਿਸ਼ਾਨੀਆਂ ਗੋਰਿਆਂ ਦੀਆਂ ਕਬਰਾਂ ਅਤੇ ਚਰਚ ਹਨ। ਚਰਚ ਦੀਆਂ ਕੇਵਲ ਦੀਵਾਰਾਂ ਹੀ ਖੜ੍ਹੀਆਂ ਹਨ। ਹੁਸ਼ਿਆਰਪੁਰ ਮਿਊਂਸਪਲ ਕਮੇਟੀ ਦੀ ਆਮਦਨ 1903-04 ਵਿਚ 58467 ਰੁਪਏ ਅਤੇ ਖਰਚ 44831 ਰੁਪਏ ਸੀ। ਆਮਦਨੀ ਦਾ ਮੁੱਖ ਭਾਗ, ਭਾਵ 33460 ਰੁਪਏ ਸ਼ਹਿਰ ਵਿਚ ਆਉਣ ਵਾਲੇ ਸਾਲ ਦੀ ਚੁੰਗੀ ਤੋਂ ਪ੍ਰਾਪਤ ਹੋਇਆ। ਚੁੰਗੀ ਜ਼ਿਆਦਾ ਹੋਣ ਦੀਆਂ ਡਿਪਟੀ ਕਮਿਸ਼ਨਰ ਨੂੰ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਸਨ। ਕਮੇਟੀ ਨੇ ਸ਼ਹਿਰ ਦੀ ਸਫਾਈ ਆਦਿ 'ਤੇ 17763 ਰੁਪਏ ਖਰਚ ਕੀਤੇ। ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਮੇਟੀ ਨੇ ਸ਼ਹਿਰ ਦੇ ਵਸਨੀਕਾਂ 'ਤੇ ਆਮਦਨੀ ਲਈ ਟੈਕਸ ਦਾ ਭਾਰ ਹਲਕਾ ਹੀ ਰੱਖਿਆ।

ਅੰਗਰੇਜ਼ ਰਾਜ ਸ਼ੁਰੂ ਹੋਣ 'ਤੇ ਹੀ ਸ਼ਹਿਰ ਵਿਚ ਜ਼ਿਲ੍ਹਾ ਕਚਹਿਰੀ, ਜੇਲ੍ਹ, ਹਸਪਤਾਲ, ਪੁਲਿਸ ਸਟੇਸ਼ਨ, ਜ਼ੈਲ ਘਰ ਅਤੇ ਸਕੂਲ ਦੀ ਬਿਲਡਿੰਗ ਬਣਾਈ ਗਈ। ਉਸ ਸਮੇਂ ਸ਼ਹਿਰ ਦੀ ਬਹੁਤੀ ਵਸੋਂ ਵਪਾਰੀ ਵਰਗ ਨੂੰ ਛੱਡ ਕੇ ਅਰਾਈਂ, ਗੁੱਜਰ ਅਤੇ ਰਾਜਪੂਤਾਂ ਦੀ ਸੀ। ਸ਼ਹਿਰ ਅਤੇ ਆਲੇ ਦੁਆਲੇ ਨਾਰੂ ਗੋਤ ਦੇ ਮੁਸਲਮਾਨਾਂ ਦਾ ਜ਼ੋਰ ਸੀ। ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੰਜਾਹ ਦੇ ਕਰੀਬ ਚੋਅ ਵਗਦੇ ਹਨ। ਇਹ ਜ਼ਿਲ੍ਹਾ ਚੋਆਂ ਅਤੇ ਚੌਧਰੀਆਂ ਕਰ ਕੇ ਮਸ਼ਹੂਰ ਹੈ। ਆਮ ਤੌਰ 'ਤੇ ਰਾਜਸੀ ਨੇਤਾਵਾਂ ਦੇ ਨਾਂ ਅੱਗੇ ਚੌਧਰੀ ਲਿਖਿਆ ਮਿਲਦਾ ਸੀ। ਚੌਧਰੀ ਅਮਰ ਸਿੰਘ, ਚੌਧਰੀ ਕਰਤਾਰ ਸਿੰਘ ਅਤੇ ਚੌਧਰੀ ਬਲਬੀਰ ਸਿੰਘ ਇਸ ਸ਼ਹਿਰ ਦੇ ਨਾਮੀ ਲੀਡਰ ਸਨ ਜੋ ਆਪਣੇ ਸਮੇਂ ਵਿਚ ਆਪਣਾ ਡੰਕਾ ਵਜਾ ਗਏ।

ਕਾਂਗੜਾ ਜ਼ਿਲ੍ਹੇ ਦੇ ਪਹਾੜੀ ਇਲਾਕੇ ਅਤੇ ਊਨੇ ਨੂੰ ਹਰ ਤਰ੍ਹਾਂ ਦਾ ਮਾਲ ਇਸ ਸ਼ਹਿਰ ਤੋਂ ਹੋ ਕੇ ਹੀ ਜਾਂਦਾ ਹੈ, ਕਿਉਂਕਿ ਪਹਾੜੀ ਇਲਾਕੇ ਵਿਚ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਦੀ ਪੈਦਾਵਾਰ ਘੱਟ ਹੁੰਦੀ ਹੈ। ਵੀਹਵੀਂ ਸਦੀ ਦੇ ਅੱਧ ਤੱਕ ਸ਼ਹਿਰ ਵਿਚ ਬੱਸਾਂ ਦੇ ਕਈ ਅੱਡੇ ਸਨ। ਜਲੰਧਰ, ਫਗਵਾੜਾ, ਊਨਾ, ਭਰਵਾਈਂ, ਮੁਕੇਰੀਆਂ, ਟਾਂਡਾ ਅਤੇ ਧਰਮਸ਼ਾਲਾ ਲਈ ਵੱਖ-ਵੱਖ ਅੱਡਿਆਂ ਤੋਂ ਨਾਲ ਲੱਗਦੇ ਪਿੰਡ ਫਤਿਹਗੜ੍ਹ, ਬਸੀ ਖਵਾਜਾ, ਪੁਰਹੀਰਾਂ, ਪਿੱਪਲਾਂਵਾਲਾ, ਬਹਾਦਰਪੁਰ, ਇਸਲਾਮਾਬਾਦ, ਬਜਵਾੜਾ ਖੁਰਦ ਵਗੈਰਾ ਤਾਂ ਹੁਣ ਮੁੱਖ ਸ਼ਹਿਰ ਦਾ ਹਿੱਸਾ ਹੀ ਬਣ ਗਏ ਹਨ। ਸ਼ਹਿਰ ਦੇ ਪੁਰਾਣੇ ਹਿੱਸੇ ਵਿਚ ਪੁਰਾਣੇ ਮਕਾਨ ਤੋੜ ਕੇ ਵੱਡੀਆਂ-ਵੱਡੀਆਂ ਮਾਲਾਂ ਉਸਾਰੀਆਂ ਜਾ ਰਹੀਆਂ ਹਨ। ਸ਼ਹਿਰ ਦੇ ਮੁੱਖ ਬਾਜ਼ਾਰ ਵਿਚੋਂ ਕਾਰਾਂ ਦਾ ਲੰਘਣਾ ਰੇਹੜੀਆਂ ਅਤੇ ਦੁਕਾਨਾਂ ਅੱਗੇ ਸਾਮਾਨ ਕਰ ਕੇ ਬੜਾ ਕਠਿਨ ਹੈ। ਵੀਹ ਕੁ ਸਾਲ ਪਹਿਲਾਂ ਜਦੋਂ ਕਾਰ ਵਿਰਲੇ-ਵਿਰਲੇ ਕੋਲ ਹੁੰਦੀ ਸੀ ਤਾਂ ਮਿਊਂਸਪਲ ਲਾਇਬਰੇਰੀ ਅੱਗੇ ਪੰਜ-ਛੇ ਕਾਰਾਂ ਦੀ ਪਾਰਕਿੰਗ ਲਈ ਥਾਂ ਬਣਾਈ ਗਈ ਸੀ, ਪਰ ਅੱਜ ਕੱਲ੍ਹ ਇਹ ਕਾਰ ਪਾਰਕਿੰਗ ਲੇਬਰ ਦਾ ਅੱਡਾ ਬਣਿਆ ਹੋਇਆ ਹੈ।



*ਘੰਟਾ ਘਰ ਹੁਸ਼ਿਆਰਪੁਰ*

### ਕਲਾ ਤੇ ਦਸਤਕਾਰੀ

ਪੁਰਾਣੇ ਸਮੇਂ ਤੋਂ ਹੀ ਇਹ ਸ਼ਹਿਰ ਖੱਡੀ ਦੇ ਬੁਣੇ ਹੋਏ ਕੱਪੜੇ ਲਈ ਮਸ਼ਹੂਰ ਸੀ। ਖਾਨਪੁਰ ਪਿੰਡ ਦੀਆਂ ਲੁੰਗੀਆਂ ਅਤੇ ਰੰਗਦਾਰ ਪੱਗਾਂ ਦੀ ਦੂਰ-ਦੂਰ ਤੱਕ ਮਸ਼ਹੂਰੀ ਸੀ। ਇੰਗਲੈਂਡ ਤੋਂ ਕੱਪੜਾ ਆਉਣ ਨਾਲ ਦੇਸੀ ਹੱਥ ਖੱਡੀ ਦੇ ਬਣੇ ਕੱਪੜੇ ਦੀ ਕਦਰ ਘਟ ਗਈ ਅਤੇ ਹੌਲੀ-ਹੌਲੀ ਇਸ ਦਾ ਵਪਾਰ ਖਤਮ ਹੋ ਗਿਆ। ਮੰਜਿਆਂ ਲਈ ਵਾਣ ਸਾਰੇ ਪੰਜਾਬ ਨੂੰ ਇਥੋਂ ਹੀ ਜਾਂਦਾ ਸੀ। ਰੱਸੀਆਂ ਦੇ ਬਣੇ ਤੱਪੜ, ਬਾਂਸ ਦੀਆਂ ਟੋਕਰੀਆਂ ਅਤੇ ਬਹਾਦਰਪੁਰ ਵਿਖੇ ਪਿੱਤਲ ਦੇ ਬਰਤਨ ਬਣਦੇ ਸਨ। ਟਾਹਲੀ ਦੀ ਲੱਕੜੀ ਦੇ ਮੰਜਿਆਂ ਦੇ ਪਾਵੇ, ਲੱਕੜੀ 'ਤੇ ਹਾਥੀ ਦੰਦ ਦਾ ਕੰਮ ਕਰ ਕੇ ਤਿਆਰ ਫਰਨੀਚਰ ਲਈ ਇਹ ਸ਼ਹਿਰ ਇੰਗਲੈਂਡ ਤਕ ਮਸ਼ਹੂਰ ਸੀ। ਹੁਣ ਵੀ ਹਾਥੀ ਦੰਦ ਦੀ ਥਾਂ ਸਫੈਦ ਪਲਾਸਟਿਕ ਨੂੰ ਲੱਕੜੀ ਵਿਚ ਵੇਲ-ਬੂਟਿਆਂ ਦੀ ਸ਼ਕਲ ਵਿਚ ਜੜ ਕੇ ਮੇਜ਼, ਡਰੈਸਿੰਗ ਟੇਬਲ ਆਦਿ ਬਣਾਏ ਜਾਂਦੇ ਹਨ। ਕੈਨੇਡਾ, ਅਮਰੀਕਾ ਨੂੰ ਲੋਕ ਇਥੋਂ ਇਹੋ ਜਿਹਾ ਫਰਨੀਚਰ ਲੈ ਕੇ ਜਾਂਦੇ ਹਨ। ਇਸ ਸ਼ਹਿਰ ਵਿਚ ਜੁੱਤੀਆਂ ਦੀਆਂ ਬਹੁਤ ਦੁਕਾਨਾਂ ਸਨ। ਦਿੱਲੀ ਤਕ ਜੁੱਤੀਆਂ ਇਥੋਂ ਭੇਜੀਆਂ ਜਾਂਦੀਆਂ ਹਨ।

ਫੁਲਕਾਰੀ ਅਤੇ ਕੱਪੜੇ ਦੀ ਕਢਾਈ ਦਾ ਕੰਮ ਭਾਬੜਾ ਬਰਾਦਰੀ ਦੀਆਂ ਗਰੀਬ ਔਰਤਾਂ ਕਰਦੀਆਂ ਸਨ। ਕੱਪੜੇ ਦੀ ਕਢਾਈ ਦੇ ਮਰਦ ਕਾਰੀਗਰ ਵੀ ਬਹੁਤ ਸਨ। ਵਿਦੇਸ਼ੀ ਕੱਪੜੇ ਦੇ ਆਉਣ ਨਾਲ ਇਹ ਕਿੱਤੇ ਅਲੋਪ ਹੋ ਗਏ। ਕਿਸੇ ਸਮੇਂ ਇਥੇ ਹਾਥੀ ਦੰਦ ਦੇ ਚੂੜੇ ਵੀ ਬਣਦੇ ਸਨ। ਅੰਗਰੇਜ਼ ਅਫਸਰ ਇਥੋਂ ਬਣੇ ਹਾਥੀ ਦੰਦ ਜੜਿਆ ਫਰਨੀਚਰ ਇੰਗਲੈਂਡ ਲੈ ਕੇ ਜਾਂਦੇ ਸਨ।

ਹੁਸ਼ਿਆਰਪੁਰ ਦੀ ਦਸਤਕਾਰੀ ਫੇਲ੍ਹ ਹੋਣ ਦੇ ਕਾਰਨ 'ਡਿਸਟ੍ਰਿਕਟ ਗਜ਼ਟੀਅਰ' ਦੇ ਪੰਨਾ 443 ਉਤੇ ਇਸ ਤਰ੍ਹਾਂ ਦਰਜ ਹਨ: "ਅਖੌਤੀ ਜਾਤ ਅਭਿਮਾਨ ਅਤੇ ਉਦਮ ਦੀ ਘਾਟ ਕਰ ਕੇ ਇਥੇ ਇੰਡਸਟਰੀ ਦੀ ਤਰੱਕੀ ਨਹੀਂ ਹੋ ਸਕੀ। ਜੱਟ ਆਮ ਮਜ਼ਦੂਰ ਦੇ ਤੌਰ 'ਤੇ ਤਾਂ ਕੰਮ ਕਰੇਗਾ, ਪਰ ਕਦੇ ਵੀ ਵਾਧੂ ਕਮਾਈ ਵਾਲੇ ਜੁੱਤੀਆਂ ਦੀ ਕਢਾਈ ਵਾਲੇ ਕਿੱਤੇ ਨੂੰ ਨਹੀਂ ਅਪਨਾਏਗਾ ਜੋ ਸਿਰਾਜ ਅਤੇ ਰਾਮਦਾਸੀਆਂ ਦਾ ਕਿੱਤਾ ਸਮਝਿਆ ਜਾਂਦਾ ਹੈ। ਘੁਮਾਰ ਬਰਸਾਤ ਦੇ ਦਿਨਾਂ ਵਿਚ ਵਿਹਲਾ ਬੈਠਾ ਰਹੇਗਾ, ਪਰ ਸਿਰਾਜ ਦਾ ਕਿੱਤਾ ਨਹੀਂ ਸਿੱਖੇਗਾ। ਸੈਣੀ ਔਰਤ ਸੂਤ ਕੱਤ ਕੇ ਇਕ ਪੈਸਾ ਰੋਜ਼ ਦਾ ਕਮਾਵੇਗੀ, ਪਰ ਭਾਬੜਾ ਔਰਤ ਵਾਂਗ ਕਢਾਈ ਦਾ ਕੰਮ ਕਰ ਕੇ ਦੋ ਆਨੇ ਰੋਜ਼ ਦੇ ਨਹੀਂ ਕਮਾਵੇਗੀ। ਹਿੰਦੂ ਵਪਾਰੀਆਂ ਨੇ ਚਮੜੇ ਦਾ ਵਪਾਰ ਸ਼ੇਖਾਂ ਅਤੇ ਖੋਜਿਆਂ ਲਈ ਛੱਡਿਆ ਹੋਇਆ ਹੈ। ਕੁਝ ਕੁ ਲੋਕ ਕੰਮ ਆਪਣੇ ਪਿਤਾ-ਪੁਰਖੀ ਕਿੱਤੇ ਤੋਂ ਹਟ ਕੇ ਕਰਨ ਲੱਗ ਪਏ ਹਨ, ਜਿਵੇਂ ਕਿਸਾਨ ਵਿਆਜ 'ਤੇ ਕਰਜ਼ੇ ਦੇਣ ਲੱਗ ਪਏ ਹਨ। ਰਾਜਪੂਤ ਹਲ ਵਾਹੁਣ ਲੱਗ ਪਏ ਹਨ। ਪਹਿਲਾਂ ਜੇ ਕੋਈ ਰਾਜਪੂਤ ਹਲ ਵਾਹੇ ਤਾਂ ਉਸ ਨੂੰ ਬਰਾਦਰੀ 'ਚੋਂ ਖਾਰਜ ਕਰ ਦਿੰਦੇ ਸਨ। ਖਾਨਪੁਰ ਦੇ ਪਠਾਣਾਂ ਦਾ ਕੱਪੜੇ ਦੀ ਬੁਣਾਈ ਅਤੇ ਜੁੱਤੀਆਂ ਬਣਾਉਣ ਦਾ ਕਿੱਤਾ ਉਨ੍ਹਾਂ ਦੀ ਪਠਾਣੀ ਸ਼ਾਨ ਦੇ ਰਾਹ ਵਿਚ ਅੜਿੱਕਾ ਨਹੀਂ ਬਣਿਆ।"

ਇਸ ਸ਼ਹਿਰ ਵਿਚ ਕੋਈ ਵੀ ਵੱਡਾ ਕਾਰਖਾਨਾ ਨਾ ਲੱਗਿਆ। ਘਰੇਲੂ ਦਸਤਕਾਰੀ ਵਿਦੇਸ਼ੀ ਮਾਲ ਦੀ ਕੁਆਲਿਟੀ ਦਾ ਮੁਕਾਬਲਾ ਨਾ ਕਰ ਸਕੀ। ਭੁੱਖੇ ਮਰਦੇ ਕਾਰਿੰਦਿਆਂ ਨੇ ਵੀ ਆਪਣੀ ਔਲਾਦ ਨੂੰ ਇਨ੍ਹਾਂ ਕਿੱਤਿਆਂ ਵਿਚ ਨਾ ਪਾਇਆ ਤੇ ਇਹ ਲੋਕ ਭਾਰਤ ਦੇ ਹੋਰ ਹਿੱਸਿਆਂ ਵਿਚ ਰੋਜ਼ੀ-ਰੋਟੀ ਦੀ ਭਾਲ ਵਿਚ ਨਿਕਲ ਗਏ। 1978 ਵਿਚ ਸ਼ਹਿਰ ਤੋਂ ਬਾਹਰ ਫਗਵਾੜਾ ਰੋਡ 'ਤੇ ਸਪਿਨਿੰਗ ਮਿੱਲ ਅਤੇ ਪ੍ਰੈਸ਼ਰ ਕੁੱਕਰ ਬਣਾਉਣ ਦੀ ਫੈਕਟਰੀ ਲੱਗਣ ਨਾਲ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲਿਆ। ਸੋਨਾਲੀਕਾ ਟਰੈਕਟਰਾਂ ਦੀ ਫੈਕਟਰੀ ਜਲੰਧਰ ਰੋਡ 'ਤੇ ਇਥੋਂ ਦੇ ਇਕ ਉਦਮੀ ਦੀ ਮਿਸਾਲ ਹੈ ਕਿ ਕਿਸ ਤਰ੍ਹਾਂ ਕਣਕ ਦੀਆਂ ਗਹਾਈ ਮਸ਼ੀਨਾਂ ਸਾਰੇ ਭਾਰਤ ਵਿਚ ਸਪਲਾਈ ਕਰ ਕੇ ਤਰੱਕੀ ਕੀਤੀ ਅਤੇ ਫਿਰ ਆਪਣੇ ਉਦਮ ਨਾਲ ਸੋਨਾਲੀਕਾ ਬਰਾਂਡ ਦਾ ਟਰੈਕਟਰ ਮਾਰਕਿਟ 'ਚ ਭੇਜਿਆ। ਚਿੰਤਪੁਰਨੀ ਰੋਡ 'ਤੇ ਫਗਵਾੜੇ ਦੀ ਜੇ.ਸੀ.ਟੀ. ਮਿੱਲ ਵਾਲਿਆਂ ਨੇ ਵੀ ਆਪਣੀ ਫੈਕਟਰੀ ਲਾ ਲਈ ਹੈ।

### ਬੱਬਰ ਅਕਾਲੀ ਲਹਿਰ ਦੀ ਨੀਂਹ


ਬੱਬਰ ਅਕਾਲੀ ਲਹਿਰ ਦੀ ਨੀਂਹ ਇਸ ਸ਼ਹਿਰ ਵਿਚ ਰੱਖੀ ਗਈ। ਮਾਰਚ 1921 ਵਿਚ ਸਿੱਖ ਵਿਦਿਅਕ ਕਾਨਫਰੰਸ ਰੱਖੀ ਗਈ ਪਰ ਸ਼ਹਿਰ ਵਿਚ ਸਰਕਾਰ ਨੇ ਦਫਾ 144 ਲਾ ਦਿੱਤੀ। ਇਸ ਕਰ ਕੇ ਕਾਨਫਰੰਸ ਲਾਗਲੇ ਪਿੰਡ ਪੁਰਹੀਰਾਂ ਦੇ ਖਾਲਸਾ ਸਕੂਲ ਵਿਚ ਬਦਲ ਦਿੱਤੀ ਗਈ। ਇਸ ਮੀਟਿੰਗ ਵਿਚ ਆਏ ਕੁਝ ਗਰਮ ਖਿਆਲੀਏ ਸਿੱਖ ਗੱਭਰੂਆਂ ਨੇ ਆਪਣੀ ਵੱਖਰੀ ਮੀਟਿੰਗ ਮਾਸਟਰ ਮੋਤਾ ਸਿੰਘ ਵਾਸੀ ਪਿੰਡ ਪਤਾਰਾ ਜ਼ਿਲ੍ਹਾ ਜਲੰਧਰ ਦੀ ਪ੍ਰਧਾਨਗੀ ਹੇਠ ਕੀਤੀ ਅਤੇ ਮਤਾ ਪਾਸ ਕੀਤਾ ਕਿ ਸਾਕਾ ਨਨਕਾਣਾ ਸਾਹਿਬ ਨਾਲ ਸਬੰਧਤ ਅੰਗਰੇਜ਼ ਸਰਕਾਰ ਦੇ ਸਾਰੇ ਪਿੱਠੂ ਗੱਡੀ ਚਾੜ੍ਹੇ ਜਾਣ। ਇਸ ਮੀਟਿੰਗ ਵਿਚ ਪਾਸ ਕੀਤੇ ਮਤੇ 'ਤੇ ਅਮਲ ਕਰਦਿਆਂ ਇਨ੍ਹਾਂ ਗੱਭਰੂਆਂ ਨੇ ਆਪਣੀਆਂ ਜਵਾਨੀਆਂ ਜੇਲ੍ਹਾਂ ਵਿਚ ਰੋਲੀਆਂ, ਕਈਆਂ ਨੇ ਫਾਂਸੀ ਦੇ ਰੱਸੇ ਚੁੰਮੇ, ਕਈਆਂ ਨੇ ਕਾਲੇ ਪਾਣੀ ਦੀਆਂ ਬੁੱਚੜਖਾਨੇ ਵਰਗੀਆਂ ਜੇਲ੍ਹਾਂ ਵਿਚ ਤਸੀਹੇ ਝੱਲੇ, ਪਰ ਅੰਗਰੇਜ਼ ਸਰਕਾਰ ਦੀਆਂ ਦੁਆਬਾ ਬਿਸਤ ਜਲੰਧਰ ਵਿਚੋਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ।

### ਗੁਰਦੁਆਰਾ ਭਾਈ ਜੋਗਾ ਸਿੰਘ

*(ਅਗਲੇ ਸਫੇ 'ਤੇ ਜਾਰੀ)*

(ਪਿਛਲੇ ਸਫੇ ਦੀ ਬਾਕੀ)

ਗੁਰੂ ਗੋਬਿੰਦ ਸਿੰਘ ਦੇ ਸਿੱਖ ਭਾਈ ਜੋਗਾ ਸਿੰਘ ਦੀ ਯਾਦਗਾਰ ਵਜੋਂ ਪਿਸ਼ਾਵਰ ਤੋਂ ਬਾਅਦ ਹੁਸ਼ਿਆਰਪੁਰ ਸ਼ਹਿਰ ਵਿਚ ਮੁਹੱਲਾ ਸ਼ੇਖ਼ਾਂ ਵਿਚ ਇਤਿਹਾਸਕ ਗੁਰਦੁਆਰਾ ਮੌਜੂਦ ਹੈ। ਘੰਟਾ ਘਰ ਦੇ ਨਾਲ ਜਿਥੇ ਅੱਜ ਕੱਲ੍ਹ ਥਾਣਾ ਹੈ, ਮੁਗ਼ਲ ਰਾਜ ਸਮੇਂ ਸਰਾਂ ਹੁੰਦੀ ਸੀ। ਪਿਸ਼ਾਵਰ ਤੋਂ ਆਪਣੇ



ਗੁਰਦੁਆਰਾ ਭਾਈ ਜੋਗਾ ਸਿੰਘ

ਵਿਆਹ ਦੀਆਂ ਲਾਵਾਂ ਵਿਚੇ ਹੀ ਛੱਡ ਕੇ ਭਾਈ ਜੋਗਾ ਸਿੰਘ ਗੁਰੂ ਜੀ ਦਾ ਹੁਕਮਨਾਮਾ ਪੜ੍ਹ ਕੇ ਅਨੰਦਪੁਰ ਨੂੰ ਚੱਲ ਪਿਆ ਸੀ। ਮੰਜ਼ਲਾਂ ਤੈਅ ਕਰਦਾ ਉਹ ਇਕ ਸ਼ਾਮ ਹੁਸ਼ਿਆਰਪੁਰ ਪੁੱਜਾ ਤਾਂ ਇਸ ਮੁਗਲ ਸਰਾਂ ਵਿਚ ਠਹਿਰਨ ਲਈ ਰੁਕਿਆ। ਸਰਾਂ ਦੇ ਨਾਲ ਹੀ ਸ਼ੇਖਾਂ ਮੁਹੱਲੇ ਵਿਚ ਵੇਸਵਾਵਾਂ ਦੇ ਮਕਾਨ ਸਨ। ਭਾਈ ਜੋਗਾ ਸਿੰਘ ਕਿਸ ਤਰ੍ਹਾਂ ਭਟਕਣ ਤੋਂ ਬਚੇ, ਇਹ ਕਹਾਣੀ ਆਮ ਲੋਕਾਂ ਨੂੰ ਪਤਾ ਹੈ। ਉਸ ਸਮੇਂ ਹੁਸ਼ਿਆਰਪੁਰ ਦੇ ਕੇਵਲ ਤਿੰਨ ਮੁਹੱਲੇ ਸਨ: (1) ਮਰਵਾਹਿਆਂ ਦਾ ਮੁਹੱਲਾ। ਇਹ ਮਰਵਾਹੇ ਖੱਤਰੀ ਜਮੀਨ ਦੇ ਮਾਲਕ ਸਨ। (2) ਬਾਲਮੀਕੀਆਂ ਦਾ ਮੁਹੱਲਾ। (3) ਵੇਸਵਾਵਾਂ ਦਾ ਮੁਹੱਲਾ। ਬਾਕੀ ਸਾਰਾ ਸ਼ਹਿਰ ਬਾਅਦ ਵਿਚ ਹੋਂਦ ਵਿਚ ਆਇਆ। 1947 ਵਿਚ ਦੇਸ਼ ਦੀ ਵੰਡ ਸਮੇਂ ਸ਼ਹਿਰ ਦੇ ਸਾਰੇ ਮੁਸਲਮਾਨ ਪਾਕਿਸਤਾਨ ਚਲੇ ਗਏ। ਜਿਸ ਵੇਸਵਾ ਦੇ ਘਰ ਜੋਗਾ ਸਿੰਘ ਨੇ ਜਾਣ ਦੀ ਕੋਸ਼ਿਸ਼ ਕੀਤੀ ਸੀ, ਉਹ ਮਕਾਨ ਕੁਝ ਮੁੱਖ ਸਿੱਖਾਂ ਨੇ ਪੈਸਾ ਇਕੱਠਾ ਕਰ ਕੇ 17 ਮਰਲੇ ਦੀ ਰਜਿਸਟਰੀ ਕਰਵਾ ਲਈ। ਨਿੱਕੀਆਂ ਇੱਟਾਂ ਦਾ ਮਕਾਨ ਢਾਹ ਕੇ ਨਵੀਂ ਇਮਾਰਤ ਦੀ ਉਸਾਰੀ ਸ਼ੁਰੂ ਹੋਈ। 1966 ਵਿਚ ਗੁਰੂ ਗੋਬਿੰਦ ਸਿੰਘ ਦੇ ਇਤਿਹਾਸਕ ਸ਼ਸਤਰ ਜਦੋਂ ਇੰਗਲੈਂਡ ਤੋਂ ਲਿਆਂਦੇ ਗਏ ਤਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸ਼ਰਮ ਸਿੰਘ ਨੇ 2 ਮਾਰਚ 1966 ਨੂੰ ਨੀਂਹ ਪੱਥਰ ਰੱਖਿਆ। ਗੁਰਦੁਆਰੇ ਦੀ ਬਿਲਡਿੰਗ ਮੁਕੰਮਲ ਹੈ।

**ਸ਼ੀਸ਼ ਮਹਿਲ ਹੁਸ਼ਿਆਰਪੁਰ**

ਇਸ ਸ਼ਹਿਰ ਵਿਚ ਦੇਖਣਯੋਗ ਬਿਲਡਿੰਗ ਸ਼ੀਸ਼ ਮਹਿਲ ਦੀ ਹੈ। ਬਾਜ਼ਾਰ ਵਕੀਲਾਂ ਤੋਂ ਉਤਰ ਵੱਲ ਦੀ ਗਲੀ ਵਿਚ ਸਥਿਤ ਬਿਲਡਿੰਗ ਅਤੇ ਮੂਰਤੀਆਂ ਦਾ ਨਿਰਮਾਣ ਹੰਸ ਰਾਜ ਜੈਨ ਜੋ ਬੜਾ ਅਮੀਰ ਸੀ, ਨੇ ਰੁਪਈਆ ਪਾਣੀ ਵਾਂਗ ਵਹਾ ਕੇ ਕਈ ਸਾਲਾਂ ਵਿਚ ਕਰਵਾਇਆ। ਉਸ ਨੇ ਇਹ ਕਲਾਕ੍ਰਿਤੀ ਇਸ ਕਰ ਕੇ ਬਣਵਾਈ ਤਾਂ ਕਿ ਲੋਕ ਉਸ ਨੂੰ ਯਾਦ ਕਰਨ। ਇਸ ਦੇ ਵੱਖ-ਵੱਖ ਕਮਰਿਆਂ ਵਿਚ ਮੂਰਤੀਆਂ ਜਿਉਂਦੀਆਂ-ਜਾਗਦੀਆਂ ਲੱਗਦੀਆਂ ਹਨ। ਅੰਗਰੇਜ਼ ਰਾਜ ਦਰਬਾਰ, ਜਾਰਜ ਪੰਜਮ ਦੀ ਤਾਜਪੋਸ਼ੀ ਦਾ ਸੀਨ, ਕਿਸੇ ਕਲਪਿਤ ਰਾਜੇ ਦਾ ਦਰਬਾਰ, ਦੁਰਗਾ ਮਾਤਾ ਦਾ ਦ੍ਰਿਸ਼, ਕ੍ਰਿਸ਼ਨ ਲੀਲ੍ਹਾ ਆਦਿ ਦੇ ਸੀਨ ਬਣਾਏ ਗਏ ਹਨ। ਇਸ ਮੂਰਤੀ ਕਲਾ ਦੇ ਮੁੱਖ ਕਲਾਕਾਰ ਦਾ ਨਾਂ ਜਾਨ ਮੁਹੰਮਦ ਸੀ। 1947 ਤੋਂ ਬਾਅਦ ਵੀ ਜਾਨ ਮੁਹੰਮਦ ਦੋ ਵਾਰ ਪਾਕਿਸਤਾਨ ਤੋਂ ਇਸ ਸ਼ਹਿਰ ਆਇਆ। ਉਹ ਆਪਣੀ ਕਲਾ ਦੀ ਸੰਭਾਲ ਵੇਖ ਕੇ ਖੁਸ਼ ਹੋਇਆ।

ਹੰਸ ਰਾਜ ਜੈਨ ਨੇ ਇਸ ਕਲਾ ਭਵਨ ਦੀ ਦੇਖ-ਭਾਲ ਲਈ ਕਾਫੀ ਰੁਪਈਆ ਔਪਰ ਬਾਰੀ ਦੁਆਬ ਬੈਂਕ ਲਿਮਟਿਡ ਵਿਚ ਜਮ੍ਹਾਂ ਕਰਵਾਇਆ ਸੀ, ਪਰ ਇਹ ਬੈਂਕ ਫੇਲ੍ਹ ਹੋਣ ਕਰ ਕੇ ਇਹ ਰਕਮ ਡੁੱਬ ਗਈ। ਉਨ੍ਹਾਂ ਜੈਨ ਬਰਾਦਰੀ ਦਾ ਟਰੱਸਟ ਬਣਾ ਦਿੱਤਾ ਤਾਂ ਜੋ ਉਨ੍ਹਾਂ ਦੀ ਮੌਤ ਪਿਛੋਂ ਉਹ ਇਸ ਕਲਾ ਭਵਨ ਦੀ ਹਾਲਤ ਠੀਕ-ਠਾਕ ਰੱਖਣ ਅਤੇ ਜਨਤਾ ਨੂੰ ਦੇਖਣ ਦੇਣ।

**ਸਾਧੂ ਆਸ਼ਰਮ ਹੁਸ਼ਿਆਰਪੁਰ**

ਹੁਸ਼ਿਆਰਪੁਰ ਸ਼ਹਿਰ ਤੋਂ ਨੰਗਲ-ਭਾਖੜਾ ਜਾਣ ਵਾਲੀ ਸੜਕ 'ਤੇ ਸ਼ਹਿਰ ਤੋਂ ਬਾਹਰ ਸਾਧੂ ਆਸ਼ਰਮ ਹੈ। ਵਿਦਵਾਨ ਸੈਲਾਨੀਆਂ ਲਈ ਹੁਸ਼ਿਆਰਪੁਰ ਵਿਚ ਇਹ ਸਭ ਤੋਂ ਉਤਮ ਸਥਾਨ ਹੈ। 1947 ਤੋਂ ਪਹਿਲਾਂ ਪੁਰਾਣੀਆਂ ਵਸਤਾਂ ਅਤੇ ਕਿਤਾਬਾਂ ਤੇ ਗ੍ਰੰਥ ਜੋ ਭੋਜ ਪੱਤਰ ਅਤੇ ਤਾੜ ਪੱਤਰ 'ਤੇ ਲਿਖੇ ਹੋਏ ਸਨ, ਲਾਹੌਰ ਵਿਖੇ ਇਕੱਤਰ ਕੀਤੇ ਗਏ ਸਨ। ਜਦੋਂ ਦੇਸ਼ ਦੀ ਵੰਡ ਯਕੀਨੀ ਹੋ ਗਈ ਤਾਂ ਵਿਸ਼ਵਬੰਧੂ ਨੇ ਦੂਰ-ਅੰਦੇਸ਼ੀ ਤੋਂ ਕੰਮ ਲੈਂਦਿਆਂ ਪੁਰਾਣੀਆਂ ਕਿਤਾਬਾਂ, ਭੋਜ ਪੱਤਰ 'ਤੇ ਲਿਖੀਆਂ ਹੱਥ ਲਿਖਤਾਂ, ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਅਤੇ ਹੋਰ ਵੀ ਦੁਰਲੱਭ ਹੱਥ ਲਿਖਤਾਂ, ਜਿਨ੍ਹਾਂ ਦਾ ਮੁੱਲ ਦੁਨਿਆਵੀ ਸਿੱਕਿਆਂ ਵਿਚ ਮਿਥਿਆ ਹੀ ਨਹੀਂ ਜਾ ਸਕਦਾ, ਬੋਰੀਆਂ ਵਿਚ ਬੰਦ ਕਰ ਕੇ ਹੁਸ਼ਿਆਰਪੁਰ ਭੇਜ ਦਿੱਤੀਆਂ। ਜੇ ਉਹ ਇਹ ਉਦਮ ਨਾ ਕਰਦੇ ਤਾਂ ਹੋ ਸਕਦਾ ਹੈ ਕਿ ਇਸ ਅਨਮੋਲ ਖਜ਼ਾਨੇ ਨੂੰ ਅਗਨ ਭੇਟ ਕਰ ਦਿੱਤਾ ਜਾਂਦਾ। ਸਾਧੂ ਆਸ਼ਰਮ ਤਾਂ ਪਹਿਲਾਂ ਹੀ ਸੀ, ਪਰ ਸ੍ਰੀ ਵਿਸ਼ਵੇਸ਼ਵਰ ਆਨੰਦ ਨੇ ਉਨ੍ਹਾਂ ਸਾਧੂਆਂ ਤੋਂ ਇਥੇ ਇਹ ਅਨਮੋਲ ਵਸਤਾਂ ਰੱਖਣ ਦੀ ਇਜਾਜ਼ਤ ਲੈ ਲਈ। ਇਥੇ ਲਿਆਂਦੀਆਂ ਹੱਥ ਲਿਖਤਾਂ ਸੰਸਕ੍ਰਿਤ, ਮਲਿਆਲਮ ਅਤੇ ਤੇਲਗੂ ਤੇ ਪਾਲੀ ਭਾਸ਼ਾਵਾਂ ਵਿਚ ਸਨ। ਇਹ ਲੋਹੇ ਦੇ ਪੈਨ ਨਾਲ ਭੋਜ ਪੱਤਰਾਂ 'ਤੇ ਉਕਰੀਆਂ ਹੋਈਆਂ ਹਨ ਜੋ ਹਜ਼ਾਰਾਂ ਸਾਲ ਉਮਰ ਭੋਗ ਕੇ ਅਜੇ ਤੱਕ ਸਹੀ ਸਲਾਮਤ ਹਨ। ਇਨ੍ਹਾਂ 'ਤੇ ਲਿਖਾਈ ਐਨੀ ਬਾਰੀਕ ਹੈ ਕਿ ਲਿਖਣ ਵਾਲਿਆਂ ਦੇ ਹੁਨਰ ਦੀ ਦਾਦ ਦੇਣੀ ਪੈਂਦੀ ਹੈ। ਪੰਜਾਬ ਯੂਨੀਵਰਸਿਟੀ ਨੇ ਆਪਣਾ ਕੈਂਪਸ ਇਸ ਸਥਾਨ ਨੂੰ ਬਣਾਇਆ। ਜਲੰਧਰ ਵਾਲਾ ਓਰੀਐਂਟਲ ਕਾਲਜ ਇਥੇ ਤਬਦੀਲ ਕੀਤਾ ਗਿਆ। ਇਥੇ ਵਿਦਿਆਰਥੀ ਵੇਦਾਂ ਦੀ ਖੋਜ, ਪਾਲੀ ਭਾਸ਼ਾ ਅਤੇ ਹੋਰ ਵਿਸ਼ਿਆਂ ਬਾਰੇ ਥੀਸਸ ਲਿਖ ਕੇ ਪੀਐਚ.ਡੀ. ਕਰ ਰਹੇ ਹਨ। ਗਾਈਡ ਇਸ ਸੰਸਥਾ ਦੇ ਪ੍ਰੋਫੈਸਰ ਬਣਦੇ ਹਨ। ਪਰਾਗ ਸ਼ਾਸਤਰੀ, ਸ਼ਾਸਤਰੀ, ਅਚਾਰੀਆ, ਪ੍ਰਭਾਕਰ ਅਤੇ ਐਮ.ਏ. ਸੰਸਕ੍ਰਿਤ ਦੀ ਪੜ੍ਹਾਈ ਵੀ ਹੁੰਦੀ ਹੈ। ਪੰਜਾਬ ਯੂਨੀਵਰਸਿਟੀ ਵੱਲੋਂ ਵਿਸ਼ਵੇਸ਼ਵਰਾਨੰਦ ਇੰਸਟੀਚਿਊਟ ਆਫ ਸੰਸਕ੍ਰਿਤ ਐਂਡ ਇੰਡੋਲਾਜੀਕਲ ਸਟੱਡੀਜ਼ ਨਾਮੀ ਸੰਸਥਾ ਚਲਾਈ ਜਾ ਰਹੀ ਹੈ। ਇਸ ਵਿਚ ਪੁਰਾਤਨ ਹੱਥ ਲਿਖਤਾਂ ਦੀ ਵੱਡੀ ਲਾਇਬ੍ਰੇਰੀ ਹੈ।

ਇਸ ਸਥਾਨ 'ਤੇ ਪੁਰਾਤਨ ਮੂਰਤੀਆਂ ਲਈ ਵੱਖਰਾ ਅਜਾਇਬ ਘਰ ਬਣਾਇਆ ਹੋਇਆ ਹੈ, ਜਿਸ ਵਿਚ ਪੰਜਾਬ ਸਟੇਟ ਆਰਕਿਆਲੋਜੀਕਲ ਵਿਭਾਗ ਵੱਲੋਂ 1968 ਵਿਚ ਢੋਲਬਾਹਾ ਵਿਚ ਖੁਦਾਈ ਦੌਰਾਨ ਮਿਲੀਆਂ ਪੁਰਾਤਨ ਮੂਰਤੀਆਂ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਨ੍ਹਾਂ ਮੂਰਤੀਆਂ ਵਿਚ ਸ਼ਿਵ ਪਾਰਵਤੀ, ਗਣੇਸ਼ ਦੀਆਂ ਮੂਰਤੀਆਂ, ਕੁਝ ਗੁਪਤ ਕਾਲ ਦੀਆਂ ਅਤੇ ਕੁਝ ਦਸਵੀਂ ਸਦੀ ਦੀਆਂ ਹਨ। ਵਿਸ਼ਨੂੰ ਦੇ ਸਿਰ ਦਾ ਇਕ ਨਮੂਨਾ ਬਣਾ ਕੇ ਇਥੇ ਰੱਖਿਆ ਹੋਇਆ ਹੈ ਜਿਸ ਦਾ ਅਸਲੀ ਰੂਪ ਸਰਕਾਰੀ ਅਜਾਇਬ ਘਰ ਪਟਿਆਲਾ ਨੂੰ ਭੇਜਿਆ ਗਿਆ ਸੀ। ਰਾਹੋਂ ਲਾਗੇ ਦਰਿਆ ਸਤਲੁਜ ਲਾਗਲੇ ਪਿੰਡ ਮਲ੍ਹਣ ਅਤੇ ਲੁਧਿਆਣਾ ਤੋਂ ਚੰਡੀਗੜ੍ਹ ਵਾਲੀ ਸੜਕ 'ਤੇ ਸਥਿਤ ਪਿੰਡ ਸੰਘੋਲ ਤੋਂ ਪ੍ਰਾਪਤ ਕੁਝ ਮੂਰਤੀਆਂ ਵੀ ਇਥੇ ਸੰਭਾਲ ਕੇ ਰੱਖੀਆਂ ਗਈਆਂ ਹਨ। ਢੋਲਬਾਹਾ ਦੀ ਖੁਦਾਈ ਤੋਂ ਪ੍ਰਾਪਤ ਬਹੁਤ ਵੱਡੇ ਆਕਾਰ ਦਾ ਸ਼ਿਵਲਿੰਗ ਅਤੇ ਆਮਲਕੇ (ਆਮਲੇ ਦੀ ਸ਼ਕਲ ਦਾ ਗੁੰਬਦ) ਵੀ ਇਥੇ ਸੰਭਾਲ ਕੇ ਰੱਖਿਆ ਗਿਆ ਹੈ।

ਇਸ ਆਸ਼ਰਮ ਦੇ ਵਿਹੜੇ ਵਿਚ ਪੰਜ ਮਹਾਤਮਾਵਾਂ ਨੇ ਆਪਣੇ ਕਰ-ਕਮਲਾਂ ਨਾਲ ਜੋ ਪਿੱਪਲ, ਬੋਹੜ, ਵਦ, ਅੰਬ ਅਤੇ ਮੌਲਸਰੀ ਦੇ ਬੂਟੇ ਲਾਏ, ਉਹ ਕਾਫੀ ਵੱਡੇ ਹੋ ਗਏ ਹਨ। ਇਨ੍ਹਾਂ ਦੀ ਸੰਘਣੀ ਛਾਂਵੇਂ ਬੈਠਣ ਲਈ ਬਹੁਤ ਸੁੰਦਰ ਜਗ੍ਹਾ ਬਣਾਈ ਗਈ ਹੈ। ਇਸ ਸੰਸਥਾ ਨੇ ਕਿਤਾਬਾਂ ਦੀ ਛਪਾਈ ਲਈ ਆਪਣੀ ਪ੍ਰੈਸ ਲਾਈ ਹੋਈ ਹੈ। ਇਤਿਹਾਸ ਦੇ ਖੋਜੀਆਂ ਲਈ ਇਹ ਦਿਲਕਸ਼ ਥਾਂ ਹੈ ਜਿਥੇ ਉਹ ਰਿਸਰਚ ਦਾ ਕੰਮ ਬੜੇ ਸ਼ਾਂਤਮਈ ਵਾਤਾਵਰਣ ਵਿਚ ਕਰ ਸਕਦੇ ਹਨ। 1947 ਵਿਚ ਇਹ ਆਸ਼ਰਮ ਸ਼ਹਿਰ ਤੋਂ ਦੋ ਮੀਲ ਬਾਹਰ ਸੀ, ਪਰ ਹੁਣ ਤਾਂ ਸ਼ਹਿਰ ਇਸ ਤੋਂ ਵੀ ਅੱਗੇ ਨੰਗਲ ਵਾਲੀ ਸੜਕ 'ਤੇ ਵਧ ਗਿਆ ਹੈ।

**ਬਹਾਦਰਪੁਰ ਮਹੰਤਾਂ ਦਾ ਡੇਰਾ**

ਪਿੰਡ ਬਹਾਦਰਪੁਰ ਅੱਜ ਕੱਲ੍ਹ ਹੁਸ਼ਿਆਰਪੁਰ ਸ਼ਹਿਰ ਦੇ ਅੰਦਰ ਆ ਗਿਆ ਹੈ। ਇਥੇ ਉਦਾਸੀਨ ਸਾਧੂਆਂ ਦਾ ਡੇਰਾ ਹੈ ਜਿਸ ਨੂੰ ਬਾਬਾ ਸ੍ਰੀਚੰਦ (ਗੁਰੂ ਨਾਨਕ ਪੁੱਤਰ) ਦੇ ਪੜਪੋਤੇ ਚਰਨ ਸ਼ਾਹ ਨੇ 1733 ਬਿਕਰਮੀ ਵਿਚ ਸ਼ੁਰੂ ਕੀਤਾ। ਭਗਤੀ ਕਰਨ ਵਾਲੀਆਂ ਹਸਤੀਆਂ ਦੀ ਦੇਖ-ਰੇਖ ਵਿਚ ਇਹ ਆਸ਼ਰਮ ਚਲਦਾ ਰਿਹਾ। ਮਹਾਰਾਜਾ ਰਣਜੀਤ ਸਿੰਘ ਕਾਂਗੜੇ ਦੀ ਮੁਹਿੰਮ 'ਤੇ ਜਾਂਦਿਆਂ ਇਥੇ ਰੁਕੇ ਸਨ। ਆਸ਼ਰਮ ਵਾਲਿਆਂ ਦੀ ਸੇਵਾ ਭਗਤੀ ਤੋਂ ਖੁਸ਼ ਹੋ ਕੇ ਮਹਾਰਾਜੇ ਨੇ ਕਾਫੀ ਜਮੀਨ ਇਸ ਡੇਰੇ ਦੇ ਨਾਂ ਕਰ ਦਿੱਤੀ ਸੀ।

ਸ਼ਹਿਰ ਤੋਂ ਬਾਹਰ ਚੋਅ ਤੋਂ ਪਾਰ ਉਤਰ ਵੱਲ ਅੱਧ ਕੁ ਮੀਲ 'ਤੇ ਇਸ ਡੇਰੇ ਦੀ ਜਮੀਨ ਹੈ ਜਿਸ ਵਿਚ ਆਪਣੇ ਆਪ ਉਗੇ ਵੱਖ-ਵੱਖ ਕਿਸਮਾਂ ਦੇ ਦਰਖਤਾਂ ਦੀ ਸੰਘਣੀ ਝਿੜੀ ਹੈ। ਇਥੇ ਦਰਖਤ ਐਨੇ ਸੰਘਣੇ ਹਨ ਕਿ ਦਿਨੇ ਵੀ ਸੂਰਜ ਦੀਆਂ ਕਿਰਨਾਂ ਧਰਤੀ 'ਤੇ ਨਹੀਂ ਪਹੁੰਚਦੀਆਂ ਅਤੇ ਰਾਤ ਵਰਗਾ ਹਨੇਰਾ ਲੱਗਦਾ ਹੈ। ਇਥੋਂ ਕੋਈ ਦਰਖਤ ਕੱਟਿਆ ਨਹੀਂ ਜਾਂਦਾ। ਆਪਣੇ ਆਪ ਸੁੱਕ ਕੇ ਡਿੱਗੇ ਦਰਖਤ ਵੀ ਦੇਖਣ ਨੂੰ ਮਿਲਦੇ ਹਨ। ਇਸ ਝਿੜੀ ਵਿਚ ਅੰਬ, ਜਾਮਣ, ਮੌਲਸਰੀ, ਖਜੂਰ ਆਦਿ ਦੇ ਦਰਖਤ ਹਨ। ਕੁਝ ਮਹੰਤਾਂ ਦੀਆਂ ਸਮਾਧਾਂ ਅਤੇ ਪੀਰ ਦੀ ਜਗ੍ਹਾ ਵੀ ਹੈ। ਇਹੋ ਜਿਹੀ ਝਿੜੀ ਜੰਗਲੀ ਜਾਨਵਰਾਂ ਲਈ ਸੁਰੱਖਿਅਤ ਘਰ ਹੈ। ਇਸ ਨੂੰ ਇਸੇ ਤਰ੍ਹਾਂ ਕਾਇਮ ਰੱਖਣਾ ਵਾਤਾਵਰਣ ਦੇ ਪ੍ਰੇਮੀਆਂ ਦਾ ਫਰਜ਼ ਬਣਦਾ ਹੈ। ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚ ਇਹੋ ਜਿਹੀ ਸੰਘਣੀ ਝਿੜੀ ਸ਼ਾਇਦ ਹੀ ਕੋਈ ਹੋਵੇ।



ਸ਼ੀਸ਼ ਮਹੱਲ ਦੀ ਬਾਹਰੀ ਝਲਕ

# ਭਾਰਤੀ ਮਾਰਕਸੀ ਪਾਰਟੀ ਦਾ ਅਹਿਮ ਫੈਸਲਾ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਮਾਰਕਸਵਾਦੀ ਪਾਰਟੀ ਦਾ ਜਨਰਲ ਸਕੱਤਰ ਸੀਤਾ ਰਾਮ ਯੈਚੁਰੀ ਪਾਰਟੀ ਦੇ ਬਹੁਗਿਣਤੀ ਦ੍ਰਿਸ਼ਟੀਕੋਣ ਨਾਲੋਂ ਵੱਖਰੀ ਰਾਇ ਰੱਖਣ ਕਾਰਨ ਖਬਰਾਂ ਵਿਚ ਰਿਹਾ ਹੈ। ਉਸ ਦਾ ਮੱਤ ਹੈ ਕਿ ਭਾਰਤ ਦੀ ਏਕਤਾ, ਅਖੰਡਤਾ ਤੇ ਸੰਵਿਧਾਨ ਦੀ ਰਾਖੀ ਲਈ ਵਿਰੋਧੀ ਸਿਆਸੀ ਪਾਰਟੀਆਂ ਨੂੰ ਇੱਕ ਮੁੱਠ ਹੋ ਕੇ ਲੜਨ ਦੀ ਲੋੜ ਹੈ। ਦੇਸ਼ ਦੀ ਵਰਤਮਾਨ ਸਰਕਾਰ ਨੇ ਬਹੁਗਿਣਤੀ ਫਿਰਕੇ ਦੀਆਂ ਭਾਵਨਾਵਾਂ ਨੂੰ ਏਨਾ ਉਲਾਰ ਕਰ ਛੱਡਿਆ ਹੈ ਕਿ ਦੇਸ਼ ਦਾ ਸਭਿਆਚਾਰਕ, ਆਰਥਕ ਤੇ ਰਾਜਨੀਤਕ ਤਾਣਾ ਬਾਣਾ ਡਾਂਵਾਂਡੋਲ ਹੋ ਚੁਕਾ ਹੈ। ਇਸ ਨੂੰ ਠੀਕ ਲੀਹਾਂ ਉਤੇ ਪਾਉਣ ਲਈ ਕਾਂਗਰਸ ਪਾਰਟੀ ਨਾਲ ਕਿਸੇ ਕਿਸਮ ਦਾ ਹਾਂ ਪੱਖੀ ਸਮਝੌਤਾ ਕੀਤੇ ਬਗੈਰ ਅਹਿਮ ਸਮਝਦਾਰੀ ਬਣਾਈ ਰੱਖਣੀ ਸੰਭਵ ਨਹੀਂ।

ਪਾਰਟੀ ਵਾਸਤੇ ਇਹ ਪਹੁੰਚ ਅਪਨਾਉਣੀ ਬੜੀ ਕਠਿਨ ਸੀ, ਪਰ ਯੈਚੁਰੀ ਦੀ ਦਲੀਲ ਨੂੰ ਰੱਦ ਕਰਨਾ ਵੀ ਸੌਖਾ ਨਹੀਂ। ਨਤੀਜੇ ਵਜੋਂ ਹੈਦਰਾਬਾਦ ਵਿਖੇ ਹੋਈ ਪਾਰਟੀ ਦੀ 22ਵੀਂ ਕਾਂਗਰਸ ਵਿਚ ਯੈਚੁਰੀ ਦੀ ਪਹੁੰਚ ਵੀ ਪ੍ਰਵਾਨ ਕੀਤੀ ਗਈ ਹੈ ਅਤੇ ਉਸ ਨੂੰ ਦੂਜੀ ਵਾਰ ਪਾਰਟੀ ਦਾ ਜਨਰਲ ਸਕੱਤਰ ਵੀ ਚੁਣ ਲਿਆ ਗਿਆ ਹੈ। ਉਸ ਕੋਲ ਇਹ ਜਿੰਮੇਵਾਰੀ ਤਿੰਨ ਸਾਲ ਰਹਿਣੀ ਹੈ।

ਵੇਖਣ ਵਾਲੀ ਗੱਲ ਇਹ ਹੈ ਕਿ ਕਾਂਗਰਸ ਪਾਰਟੀ ਦਾ ਨਵਾਂ ਪ੍ਰਧਾਨ ਰਾਹੁਲ ਗਾਂਧੀ ਕਿਹੋ ਜਿਹਾ ਹੁੰਗਾਰਾ ਭਰਦਾ ਹੈ। ਇਹ ਗੱਲ ਜੱਗ ਜਾਹਰ ਹੈ ਕਿ ਕਾਂਗਰਸ ਆਪਣੇ ਬਲਬੂਤੇ ਉਤੇ ਅਜੋਕੀ ਰਾਜਨੀਤੀ ਦਾ ਟਾਕਰਾ ਨਹੀਂ ਕਰ ਸਕਦੀ। ਇਸ ਨੂੰ ਸੋਨੀਆ ਗਾਂਧੀ ਵਾਲੀ ਉਹੀਓ ਪਹੁੰਚ ਅਪਨਾਉਣੀ ਪਵੇਗੀ ਜੋ ਪਾਰਟੀ ਪ੍ਰਧਾਨ ਹੁੰਦਿਆਂ ਸੋਨੀਆਂ ਗਾਂਧੀ ਨੇ ਉਸ ਵੇਲੇ ਦੇ ਨੇਤਾ ਹਰਕਿਸ਼ਨ ਸਿੰਘ ਸੁਰਜੀਤ ਨਾਲ ਮਿਲ ਕੇ ਅਪਨਾਈ ਸੀ। ਜੇ ਯੈਚੁਰੀ ਸੁਰਜੀਤ ਦੇ ਪੈਰ ਚਿੰਨ੍ਹਾਂ ਉਤੇ ਚਲ ਰਿਹਾ ਹੈ ਤਾਂ ਰਾਹੁਲ ਨੂੰ ਵੀ ਸੋਨੀਆ ਵਾਲਾ ਪੈਂਤੜਾ



ਸੀਤਾ ਰਾਮ ਯੈਚੁਰੀ

ਅਪਨਾਇਆਂ ਹੀ ਸਫਲਤਾ ਮਿਲ ਸਕੇਗੀ।

**ਜੋ ਨਾ ਬਲਖ ਨਾ ਬੁਖਾਰੇ, ਖਾਵੇ ਛੱਜੂ ਦੇ ਚੁਬਾਰੇ:** ਦਾਸ ਨੇ ਕਸੌਲੀ ਹਿਲਜ਼ ਦੇ ਘੇਰੇ ਵਿਚ ਧਰਮਪੁਰ ਸਬਾਠੂ ਮਾਰਗ ਤੋਂ ਡੇਢ ਕਿਲੋਮੀਟਰ ਹਟਵੇਂ ਚੀਲ ਦੇ ਰੁੱਖਾਂ ਵਿਚ ਇੱਕ ਕੁਟੀਆ ਬਣਾਈ ਹੈ। ਸੰਧੂ ਕਾਟੇਜ ਨਾਂ ਦੀ ਇਹ ਕੁਟੀਆ ਜਾਣੇ-ਪਛਾਣੇ ਰਿਜ਼ਾਰਟ ਪਾਈਨਲੈਂਡ ਦੇ ਮੁੱਖ ਦੁਆਰ ਉਤੇ ਸਥਿਤ ਹੈ, ਜਿੱਥੇ ਦਿਨ ਭਰ ਦੇ ਖਾਣੇ-ਪੀਣੇ ਦਾ ਯੋਗ ਪ੍ਰਬੰਧ ਹੈ। ਕੁੱਲੀ ਵਿਚ ਬੁੱਧੀਜੀਵੀਆਂ ਲਈ ਚੋਣਵੀਆਂ ਪੁਸਤਕਾਂ ਤੇ ਮਿਰਜ਼ਾ ਗਾਲਿਬ ਦਾ ਦੀਵਾਨ ਪਹੁੰਚ ਚੁਕਾ ਹੈ। ਜੇ ਬਾਰਸ਼ ਨਾ ਹੋਵੇ ਤਾਂ ਠੰਢੀ ਹਵਾ ਵਿਚ ਕੋਸੀ ਧੁੱਪ ਮਾਣ ਸਕੋਗੇ। ਦਰਸ਼ਨ ਦਿਓ ਤੇ ਖੁਸ਼ੀਆਂ ਬਖਸ਼ੋ। ਰਿਜ਼ਾਰਟ ਦਾ ਕਿਨਾਰਾ ਹੈ, ਛੱਜੂ ਦਾ ਚੁਬਾਰਾ ਹੈ।

**ਬਾਬਾ ਬੁੱਧ ਸਿੰਘ ਢਾਹਾਂ ਦੇ ਅੰਗ ਸੰਗ:** 1986 ਦੀ ਗੱਲ ਹੈ। ਪੰਜਾਬੀ ਟ੍ਰਿਬਿਊਨ 'ਚ ਮੇਰੇ ਦਫਤਰ ਵਿਚ ਇੱਕ ਮਧਰੇ ਕੱਦ ਦਾ ਕੇਸਾਧਾਰੀ ਸਰਦਾਰ ਆਪਣਾ ਨਾਂ ਦਸ ਕੇ ਮੇਰੇ ਕੋਲ ਆ ਬੈਠਿਆ। ਦਾੜ੍ਹੀ ਖੁੱਲ੍ਹੀ, ਜਿਸਮ ਫੁਰਤੀਲਾ। ਉਸ ਨੇ ਆਪਣੀ ਜਾਣ-ਪਛਾਣ ਕੈਨੇਡਾ ਨਿਵਾਸੀ ਗਿਆਨੀ ਕੇਸਰ ਸਿੰਘ ਦਾ ਹਵਾਲਾ ਦੇ ਕੇ ਕਰਵਾਈ। ਉਹ ਢਾਹਾਂ ਕਲੇਰਾਂ ਦਾ ਜੰਮਪਲ ਸੀ, ਬੁੱਧ ਸਿੰਘ। ਉਹ ਆਪਣੇ ਪਿੰਡ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਦੀ ਸਥਾਪਨਾ ਕਰ ਚੁਕਾ ਸੀ ਤੇ ਮੇਰੀ ਸੇਵਾ ਮੁਕਤ ਪਤਨੀ ਸੁਰਜੀਤ ਕੌਰ ਨੂੰ ਹਸਪਤਾਲ ਦੀ ਨਿਰਦੇਸ਼ਕ ਬਣਾਉਣਾ ਚਾਹੁੰਦਾ ਸੀ। ਦੁਆਬੇ ਦੇ ਇੱਕ ਪਿੰਡ ਵਿਚ ਮੈਡੀਕਲ ਹਸਪਤਾਲ ਦਾ ਸੁਪਨਾ ਵੱਡਾ ਸੀ ਪਰ ਉਸ ਨੇ ਸਾਹਿਤ ਦੇ ਪ੍ਰਿੰਸੀਪਲ ਹਰਭਜਨ ਸਿੰਘ ਦਾ ਪ੍ਰਮਾਣ ਦੇ ਕੇ ਮੈਨੂੰ ਕਾਇਲ ਕਰ ਲਿਆ। ਇਹ ਵੀ ਦੱਸਿਆ ਕਿ ਉਹ ਆਪਣਾ ਸੁਪਨਾ ਸਾਕਾਰ ਕਰਨ ਲਈ ਕੈਨੇਡਾ ਛੱਡ ਆਇਆ ਹੈ।

ਮੈਂ ਸੁਰਜੀਤ ਤੋਂ ਟੈਲੀਫੋਨ ਉਤੇ ਸਹਿਮਤੀ ਲੈ ਕੇ ਹਾਂ ਕਰ ਦਿੱਤੀ। ਉਹ ਹਾਜ਼ਰ ਹੋਣ ਲਈ ਇਕ ਹਫਤੇ ਦਾ ਸਮਾਂ ਦੇ ਕੇ ਤੁਰ ਗਿਆ। ਸੁਰਜੀਤ ਦਸਦੀ ਹੈ ਕਿ ਉਹ ਨੇੜਲੇ ਪਿੰਡਾਂ ਦੇ ਖੁਸ਼ੀ-ਗਮੀ ਦੇ ਭੋਗਾਂ ਵਿਚ ਸ਼ਿਰਕਤ ਕਰਕੇ ਹਰ ਥਾਂ ਤੋਂ ਬਣਦੀ ਸਰਦੀ ਰਕਮ ਹਸਪਤਾਲ ਦੀ ਉਸਾਰੀ ਲਈ ਦਾਨ ਵਜੋਂ ਲੈ ਆਉਂਦਾ। ਉਹ ਇਮਾਰਤਾਂ ਦੀ ਉਸਾਰੀ, ਨਰਸਿੰਗ ਕਾਲਜ ਦੀ ਸਥਾਪਨਾ ਤੇ ਟਰਾਮਾ ਸੈਂਟਰ ਦੀ ਵਿਉਂਤਬੰਦੀ ਕਰਦੇ ਸਮੇਂ ਫੋਰਾ ਨਾ ਲਾਉਂਦਾ। ਚਹੁੰ ਕੁ ਸਾਲਾਂ ਵਿਚ ਹਰਮਨ ਪਿਆਰਾ ਹਸਪਤਾਲ ਪੇਂਡੂ ਮਰੀਜ਼ਾਂ ਨਾਲ ਭਰ ਗਿਆ। ਤੇ ਫੇਰ ਇੱਕ ਦਿਨ ਕਿਸੇ ਕਾਰਨ ਉਸ ਨੂੰ ਆਪਣੀ ਏਡੀ ਵੱਡੀ ਪ੍ਰਾਪਤੀ ਨੂੰ ਛੱਡਣਾ ਪੈ ਗਿਆ, ਪਰ ਉਸ ਨੇ ਹੌਸਲਾ ਨਹੀਂ ਹਾਰਿਆ।

ਬੁੱਧ ਸਿੰਘ ਨੇ ਚਾਰ ਛੇ ਮਹੀਨੇ ਵਿਚ ਗੜ੍ਹਸ਼ੰਕਰ ਤੋਂ ਅਨੰਦਪੁਰ ਸਾਹਿਬ ਵਾਲੀ ਸੜਕ ਉਤੇ ਪੈਂਦੇ ਪਿੰਡ ਕੁੱਕੜ ਮਜਾਰਾ ਦੇ ਵਸਨੀਕਾਂ ਨਾਲ ਗੱਲ ਬਾਤ ਕਰਕੇ ਪਹਿਲਾਂ ਵਾਂਗ ਹੀ ਸੜਕ ਦੇ ਕੰਢੇ ਜਮੀਨ ਲੈ ਕੇ ਗੁਰੂ ਨਾਨਕ ਇੰਟਰਨੈਸ਼ਨਲ ਚੈਰੀਟੇਬਲ ਟਰੱਸਟ ਅਧੀਨ ਨਵਾਂ ਹਸਪਤਾਲ ਸਥਾਪਤ ਕਰਨ ਦੀ ਵਿਉਂਤ ਬਣਾ ਲਈ ਤੇ ਇਸ ਦੀ ਉਸਾਰੀ ਵਿਚ ਜੁਟ ਗਿਆ।

ਇਹ ਹਸਪਤਾਲ ਵੀ ਪਹਿਲੇ ਵਾਂਗ ਹੀ ਚੱਲ ਰਿਹਾ ਹੈ। ਵੱਡੀ ਗੱਲ ਇਹ ਕਿ ਕੰਢੀ ਦੇ ਪਛੜੇ ਹੋਏ ਇਲਾਕੇ ਵਿਚ ਇਸ ਦੀ ਸਥਾਪਨਾ ਹੋਰ ਵੀ ਵੱਡੇ ਅਰਥ ਰੱਖਦੀ ਹੈ। ਕੰਢੀ ਤੇ ਦੁਆਬਾ ਨਿਵਾਸੀਆਂ ਲਈ ਉਸ ਦਾ ਤੁਰ ਜਾਣਾ ਅਜਿਹਾ ਖੱਪਾ ਹੈ ਜੋ ਪੂਰਨਾ ਅਸੰਭਵ ਹੈ। ਇਹ ਚੰਗੀ ਗੱਲ ਹੈ ਕਿ ਉਸ ਨੇ ਆਪਣੇ ਜਿਉਂਦੇ ਜੀਅ ਦਿਨ ਰਾਤ ਇੱਕ ਕਰਕੇ ਇਸ ਨੂੰ ਸਫਲਤਾ ਦੀ ਲੀਹੇ ਤੋਰਿਆ ਤੇ ਲੋੜੀਂਦੇ ਉਤਰ-ਅਧਿਕਾਰੀ ਤਿਆਰ ਕੀਤੇ। 93 ਵਰ੍ਹੇ ਦਾ ਭਰਪੂਰ ਜੀਵਨ ਜਿਉਂ ਕੇ ਦੋ ਵੱਡੀਆਂ ਸੰਸਥਾਵਾਂ ਸਮਾਜ ਨੂੰ ਦੇਣ ਵਾਲੀ ਇਸ ਹਸਤੀ ਨੂੰ ਸਲਾਮ।

ਮੈਂ ਤੇ ਸੁਰਜੀਤ ਪਿਛਲੇ ਤੀਹ ਸਾਲ ਤੋਂ ਉਸ ਵੱਡੇ ਬੰਦੇ ਦੇ ਉਦਮ ਦਾ ਗੁਣ ਗਾਇਨ ਕਰਕੇ ਤਿਲ ਫੁੱਲ ਸੇਵਾ ਦਾ ਦਾਨ ਵੀ ਕਰਦੇ ਰਹੇ ਹਾਂ। ਅਸੀਂ ਖੁਸ਼ ਹਾਂ ਕਿ ਨਵੇਂ ਹਸਪਤਾਲ ਵਿਚ ਉਸ ਦੇ ਸਹਿਯੋਗੀ ਨੇ ਉਸ ਨੂੰ ਉਸ ਦੇ ਅੰਤਲੇ ਦਮ ਤੱਕ ਸੰਭਾਲਿਆ ਤੇ ਸੇਵਾ ਕੀਤੀ। ਮੇਰਾ ਨਿਸ਼ਚਾ ਹੈ ਕਿ ਇਹ ਲੋਕ ਉਸ ਦੇ ਜਾਣ ਪਿਛੋਂ ਵੀ ਮਨਚਿੱਤ ਲਾ ਕੇ ਹਸਪਤਾਲ ਦੀਆਂ ਥੰਮ੍ਹੀਆਂ ਬਣੇ ਰਹਿਣਗੇ ਤੇ ਬਾਬਾ ਬੁੱਧ ਸਿੰਘ ਦੀ ਆਤਮਾ ਨੂੰ ਚੜ੍ਹਦੀ ਕਲਾ ਪ੍ਰਦਾਨ ਕਰਨਗੇ।

**ਅੰਤਿਕਾ: ਮੌਲਾਨਾ ਹਾਲੀ**

ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਨਨਾ
ਮਗਰ ਇਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ।

# ਸਿੱਖ ਗੁਰੂ ਅਤੇ ਮੁਗਲ ਸ਼ਾਸਕ

**ਉਘੇ ਵਿਦਵਾਨ ਰਾਜਮੋਹਨ ਗਾਂਧੀ ਨੇ ਪੰਜਾਬ ਦਾ ਇਤਿਹਾਸ ਲਿਖਿਆ ਹੈ। ਅੰਗਰੇਜ਼ੀ ਵਿਚ ਲਿਖੀ ਇਸ ਕਿਤਾਬ ਦਾ ਅਨੁਵਾਦ ਪ੍ਰੋਫੈਸਰ ਹਰਪਾਲ ਸਿੰਘ ਪੰਨੂ (ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੇਟਨ ਤੱਕ ਦਾ ਇਤਿਹਾਸ) ਨੇ ਕੀਤਾ ਹੈ। ਇਸ ਕਿਤਾਬ ਦਾ ਇਕ ਹਿੱਸਾ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ ਜਿਸ ਵਿਚ ਔਰੰਗਜ਼ੇਬ ਤੋਂ ਬਾਅਦ ਦੀਆਂ ਘਟਨਾਵਾਂ ਬਾਰੇ ਚਾਨਣਾ ਪਾਇਆ ਗਿਆ ਹੈ। ਇਸ ਵਿਚ ਸਿੱਖਾਂ ਅਤੇ ਮੁਗਲ ਸ਼ਾਸਕਾਂ ਵਿਚਕਾਰ ਤਾਲਮੇਲ ਤੇ ਟਕਰਾਓ ਦੇ ਹਵਾਲੇ ਵੀ ਹਨ। -ਸੰਪਾਦਕ**



ਰਾਜਮੋਹਨ ਗਾਂਧੀ
ਅਨੁਵਾਦ: ਹਰਪਾਲ ਸਿੰਘ ਪੰਨੂ

1574 ਵਿਚ ਪੰਜਾਬ ਨੇ ਇਕ ਘਟਨਾ ਦੇਖੀ। ਗੁਰੂ ਨਾਨਕ ਦੇਵ ਦੇ ਸਿੱਖਾਂ ਨੂੰ ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਉਸਾਰਨ ਲਈ ਅਕਬਰ ਨੇ ਜਮੀਨ ਦਿੱਤੀ। ਅਕਬਰ ਦੇ ਜਨਮ ਤੋਂ ਤਿੰਨ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੋਤੀ ਜੋਤ ਸਮਾ ਗਏ ਸਨ, ਉਦੋਂ ਤੱਕ ਸਿੱਖਾਂ ਦੀ ਹੋਂਦ ਦਿਖਾਈ ਦੇਣ ਲੱਗ ਪਈ ਸੀ। ਸਿੱਖ ਗੁਰੂ ਸਾਹਿਬਾਨ ਦਾ ਆਦਿ ਅੰਤ ਮੁਗਲਾਂ ਦੇ ਆਦਿ ਅੰਤ ਦੇ ਇਤਿਹਾਸਕ ਕ੍ਰਮ ਨਾਲ ਬਰਾਬਰ ਚਲਦਾ ਜਾਂਦਾ ਹੈ। ਗੁਰੂ ਨਾਨਕ ਦੇਵ ਦੇ ਵਕਤ ਬਾਬਰ ਆਉਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਵਕਤ ਔਰੰਗਜ਼ੇਬ ਦੀ ਮੌਤ ਹੋਈ। 17ਵੀਂ ਸਦੀ ਵਿਚ ਸਿੱਖਾਂ ਦਾ ਮੁਗਲਾਂ ਨਾਲ ਟਕਰਾਉ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇਵ 1539 ਵਿਚ ਜੋਤੀ ਜੋਤ ਸਮਾ ਗਏ ਪਰ 1570 ਤੱਕ ਹਿੰਦੂ, ਮੁਸਲਮਾਨ-ਦੋਵੇਂ ਉਨ੍ਹਾਂ ਨੂੰ ਸਤਿਕਾਰ ਨਾਲ ਯਾਦ ਕਰਦਿਆਂ ਬਾਬਾ ਨਾਨਕ ਆਖਦੇ। ਉਨ੍ਹਾਂ ਦੀ ਹਮਦਰਦੀ, ਸਪਸ਼ਟਤਾ, ਕਰਮਕਾਂਡ ਨਾਲੋਂ ਦਿਲ ਵਿਚ ਨਿਮਰਤਾ ਨੂੰ ਪਹਿਲ ਆਦਿਕ ਗੱਲਾਂ ਚੰਗੀਆਂ ਲੱਗੀਆਂ। ਉਨ੍ਹਾਂ ਦੱਸਿਆ, ਰੱਬ ਅਕਾਲ ਮੂਰਤਿ ਹੈ, ਸਤਿ ਹੈ, ਨਾਮ ਸਿਮਰਨ ਰਾਹੀਂ ਉਸ ਨੂੰ ਪਾਇਆ ਜਾ ਸਕਦਾ ਹੈ।

ਹਿੰਦੂ, ਮੁਸਲਮਾਨ ਸਭ ਉਨ੍ਹਾਂ ਨੂੰ ਪਿਆਰ ਕਰਦੇ ਸਨ ਪਰ ਸਿੱਖਾਂ ਦਾ ਆਪਣਾ ਸਮਾਜ ਬਣ ਗਿਆ ਜੋ ਆਖਦਾ ਸੀ, ਅਸੀਂ ਹਿੰਦੂਆਂ ਤੇ ਮੁਸਲਮਾਨਾਂ ਤੋਂ ਵੱਖਰੇ ਹਾਂ ਤੇ ਗੁਰੂ ਨਾਨਕ ਸਾਡਾ ਪ੍ਰਥਮ ਗੁਰੂ ਹੈ। ਜਦੋਂ ਤੀਜੇ ਗੁਰੂ ਅਮਰ ਦਾਸ ਦੀ ਬੇਟੀ 1574 ਵਿਚ ਹੋਣ ਵਾਲੇ ਗੁਰੂ ਰਾਮਦਾਸ ਨਾਲ ਵਿਆਹੀ ਜਾ ਰਹੀ ਸੀ ਤਾਂ ਬਾਦਸ਼ਾਹ ਨੇ ਬਾਰੀ ਦੁਆਬ ਵਿਚ ਸ਼ਗਨ ਵਜੋਂ ਜਮੀਨ ਦਿੱਤੀ ਜਿਸ ਦਾ ਨਾਂ ਉਦੋਂ ਅੰਮ੍ਰਿਤਸਰ ਨਹੀਂ ਸੀ ਪਿਆ।

ਅਸੀਂ ਜ਼ਿਕਰ ਕਰ ਆਏ ਹਾਂ, ਉਨ੍ਹਾਂ ਤੋਂ ਬਹੁਤ ਪਹਿਲਾਂ ਇਕ ਹੋਰ ਏਨਾ ਹੀ ਸਤਿਕਾਰਯੋਗ ਬਾਬਾ ਪੰਜਾਬ ਵਿਚ ਹੋਇਆ ਜਿਸ ਦਾ ਨਾਂ ਸ਼ੇਖ ਫਰੀਦ (1173-1266) ਸੀ, ਹਿੰਦੂਆਂ ਤੇ ਮੁਸਲਮਾਨਾਂ-ਸਭ ਦਾ ਪਿਆਰਾ। ਉਹ ਪੈਗੰਬਰ ਦੇ ਖਲੀਫਾ ਉਮਰ ਦੇ ਬੰਸ ਵਿਚੋਂ ਸੀ ਅਤੇ ਰਈਸ ਪਰਿਵਾਰ, ਦਿੱਲੀ ਦੇ ਸੁਲਤਾਨ ਬਲਬਨ ਦਾ ਜਵਾਈ। ਉਸ ਦੇ ਵਡੇਰੇ ਗਜ਼ਨੀ ਤੋਂ ਚੱਲ ਕੇ ਮੁਲਤਾਨ ਆ ਵਸੇ ਸਨ। ਉਸ ਨੇ ਕਿਹਾ ਕਿ ਬੰਦਗੀ ਰਾਹੀਂ ਅੱਲਾ ਦੀ ਪ੍ਰਾਪਤੀ ਹੋ ਸਕਦੀ ਹੈ। ਉਹ ਤਿਆਗੀ ਫਕੀਰ ਅਤੇ ਮਿੱਠਾ ਸ਼ਾਇਰ ਸੀ ਜਿਸ ਨੂੰ ਪੰਜਾਬੀਆਂ ਦੇ ਦੁੱਖਾਂ ਸੁੱਖਾਂ ਦਾ ਪੂਰਾ ਪਤਾ ਸੀ। ਉਨ੍ਹਾਂ ਜਿਸ ਪੰਜਾਬੀ ਜ਼ਬਾਨ ਵਿਚ ਸ਼ਾਇਰੀ ਰਚੀ, ਪਿਛੋਂ ਗੁਰੂ ਨਾਨਕ ਦੇਵ ਨੇ ਅਜਿਹਾ ਹੀ ਕੀਤਾ। ਉਦੋਂ ਇਸ ਨੂੰ ਮੁਲਤਾਨੀ ਜਾਂ ਲਾਹੌਰੀ ਵੀ ਕਿਹਾ ਜਾਂਦਾ ਸੀ। ਉਨ੍ਹਾਂ ਪਿਛੋਂ ਗੁਰੂ ਨਾਨਕ ਦੇਵ ਨੇ ਕਿਹਾ, ਹਿੰਦੂ ਮੁਸਲਮਾਨ ਦੋਵੇਂ ਮਨੁੱਖ ਹੋਣ ਦਾ ਇਕੋ ਜਿਹਾ ਦਰਦ ਹੰਢਾਉਂਦੇ ਹਨ, ਫਿਰ ਇਨ੍ਹਾਂ ਵਿਚ ਫਰਕ ਕੇਹਾ?

ਪਰੰਪਰਾ ਰਹੀ ਹੈ, ਗੁਰੂ ਨਾਨਕ ਦੇਵ ਤੋਂ ਬਾਅਦ ਉਨ੍ਹਾਂ ਦੇ ਨੌਂ ਜਾਨਸ਼ੀਨਾਂ ਦਾ ਜ਼ਿਕਰ ਕੀਤਾ ਜਾਵੇ, ਇਵੇਂ ਹੀ ਬਾਬਾ ਫਰੀਦ ਦੇ ਸਿਲਸਿਲੇ ਦੇ ਚਾਰ ਫਕੀਰਾਂ ਦਾ। ਬਾਬਾ ਫਰੀਦ ਦਾ ਦੇਹਾਂਤ 1266 ਅਜੋਧਨ 'ਚ ਹੋਇਆ ਜਿਸ ਦਾ ਨਾਂ ਹੁਣ ਪਾਕਿਪਟਨ ਹੈ, ਮੁਲਤਾਨ ਤੋਂ ਸੌ ਮੀਲ ਸਤਲੁਜ ਦੇ ਪੱਛਮੀ ਕੰਢੇ 'ਤੇ ਸਥਿਤ ਹੈ। ਉਨ੍ਹਾਂ ਦੇ ਪ੍ਰਸਿਧ ਮੁਰਸ਼ਦ ਸਾਈਂ ਬਖਤਿਆਰ ਕਾਕੀ ਦਾ ਦੇਹਾਂਤ 1236 ਦਿੱਲੀ 'ਚ ਹੋਇਆ। ਬਾਬਾ ਫਰੀਦ ਦੇ ਮੁਰੀਦ ਨਿਜ਼ਾਮੁੱਦੀਨ ਦਾ ਦੇਹਾਂਤ 1335 ਨੂੰ ਦਿੱਲੀ 'ਚ ਅਤੇ ਕੁਤਬਦੀਨ ਐਬਕ ਦੇ ਮੁਰਸ਼ਦ ਮੁਈਨੁਦੀਨ ਚਿਸ਼ਤੀ ਦਾ ਦੇਹਾਂਤ 1233 ਨੂੰ ਅਜਮੇਰ ਵਿਚ ਹੋਇਆ।

ਬਾਬਾ ਫਰੀਦ ਨਾਲ ਗੁਰੂ ਨਾਨਕ ਦੇਵ ਦਾ ਸਬੰਧ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਕਬਰ ਨੇ ਇਸ ਦੀ ਪਛਾਣ ਕਰ ਲਈ ਸੀ। ਸਭ ਨੂੰ ਪਤਾ ਸੀ, ਗੁਰੂ ਨਾਨਕ ਜੀ ਨੇ ਅਜੋਧਨ ਦੀ ਜ਼ਿਆਰਤ ਕੀਤੀ ਸੀ। ਅਕਬਰ ਕਈ ਵਾਰ ਅਜੋਧਨ ਗਿਆ। ਬਾਬਾ ਫਰੀਦ ਦਾ ਕਲਾਮ ਸਿੱਖ ਬੜੇ ਪਿਆਰ ਨਾਲ ਗਾਉਂਦੇ, ਬਾਅਦ ਵਿਚ ਇਹ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ। ਅਕਬਰ ਦੀ ਮੌਤ ਤੋਂ ਇਕ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਦਾ ਅੰਮ੍ਰਿਤਸਰ ਵਿਚ ਪ੍ਰਕਾਸ਼ ਹੋਇਆ। ਗੁਰੂ ਰਾਮਦਾਸ ਜੀ ਵਲੋਂ ਤਿਆਰ ਕੀਤੇ ਸਰੋਵਰ ਵਿਚ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵਾਸਤੇ ਗੁਰੂ ਅਰਜਨ ਦੇਵ ਜੀ ਦੇ ਸੱਦੇ ਤੇ ਲਾਹੌਰੋਂ ਸੂਫੀ ਸਾਈਂ ਮੀਆਂ ਮੀਰ (1550-1635) ਆਏ।

ਸੂਬਾ ਲਾਹੌਰ 'ਚ ਅੰਮ੍ਰਿਤਸਰ ਸ਼ਹਿਰ ਖ਼ੁਦਮੁਖਤਾਰ ਹੋ ਕੇ ਦਿਸਣ ਲੱਗਾ ਜਿਸ ਦੇ ਪ੍ਰਬੰਧਕ ਗੁਰੂ ਅਰਜਨ ਦੇਵ ਖ਼ੁਦ ਸਨ। ਅਕਬਰ ਦੇ ਦੇਹਾਂਤ ਦੇ ਇਕ ਸਾਲ ਪਿਛੋਂ ਅਕਬਰ ਦੇ ਬਣਾਏ ਕਿਲ੍ਹੇ ਵਿਚ ਲਾਹੌਰ ਵਿਖੇ ਗੁਰੂ ਅਰਜਨ ਦੇਵ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਅਕਬਰ ਦੇ ਬੇਟੇ ਅਤੇ ਵਾਰਸ ਜਹਾਂਗੀਰ ਦੇ ਹੁਕਮ ਨਾਲ ਸ਼ਹਾਦਤ ਹੋਈ। ਜਹਾਂਗੀਰ ਦਾ ਆਪਣਾ ਲਿਖਤੀ ਰਿਕਾਰਡ ਮੌਜੂਦ ਹੈ ਕਿ ਉਹ ਗੁਰੂ ਜੀ ਦੀ ਚੜ੍ਹਤ ਤੋਂ ਖਿਝ ਗਿਆ ਸੀ। ਬਾਗੀ ਖੁਸਰੋ ਗੁਰੂ ਜੀ ਨੂੰ ਮਿਲਿਆ ਸੀ, ਇਸ ਗੱਲ ਨੇ ਉਸ ਨੂੰ ਪੂਰਾ ਭੜਕਾ ਦਿੱਤਾ: "ਫਕੀਰ ਦੇ ਲਿਬਾਸ ਵਿਚ ਉਹ (ਗੁਰੂ ਅਰਜਨ ਦੇਵ) ਸਾਦ ਮੁਰਾਦੇ ਹਿੰਦੂਆਂ, ਜਾਹਲ ਤੇ ਮੂਰਖ ਮੁਸਲਮਾਨਾਂ ਨੂੰ ਕੁਰਾਹੇ ਪਾ ਰਿਹਾ ਹੈ। ਉਸ ਨੂੰ ਗੁਰੂ ਆਖਦਿਆਂ ਭੀੜ ਉਸ ਦੀ ਪੂਜਾ ਕਰਦੀ ਹੈ। ਆਖਰ ਜਦੋਂ ਖੁਸਰੋ ਇਧਰੋਂ ਲੰਘਿਆ, ਇਹ ਨਾਚੀਜ਼ ਉਸ ਨੂੰ ਅਸੀਸ ਦੇਣ ਬਾਹਰ ਆਇਆ ਤਾਂ ਮੈਂ ਹੁਕਮ ਦੇ ਦਿੱਤਾ ਕਿ ਇਸ ਨੂੰ ਕਤਲ ਕਰ ਦਿਉ।"

ਬਾਗੀ ਪੁੱਤਰ ਦੀ ਮਦਦ ਕਰਨਾ ਸੰਗੀਨ ਜੁਰਮ ਹੈ, ਮੁਜਰਮ ਹਰਮਨ ਪਿਆਰਾ ਹੋਵੇ, ਫਿਰ ਤਾਂ ਹੋਰ ਵੀ ਮੰਦੇ ਭਾਗ। ਖੁਸਰੋ ਦੇ ਸੱਤ ਸੌ ਮਦਦਗਾਰ ਫੜ ਕੇ ਲਾਹੌਰ ਵਿਚ ਕਤਲ ਕੀਤੇ। ਇਹ ਸੱਭੇ ਮੁਸਲਮਾਨ ਸਨ ਤੇ ਜਹਾਂਗੀਰ ਦੇ ਹੁਕਮ ਨਾਲ ਕਤਲ ਹੋਏ।

---

ਜਹਾਂਗੀਰ ਦੀ ਰਾਜਪੂਤ ਰਾਣੀ (ਜੋਧਾ ਬਾਈ) ਨੇ ਲਾਹੌਰ ਸ਼ਾਹ ਜਹਾਨ ਨੂੰ 1592 ਵਿਚ ਜਨਮ ਦਿੱਤਾ ਜਿਥੇ ਜਹਾਂਗੀਰ ਦੀ ਦੂਜੀ ਪਤਨੀ ਨੂਰ ਜਹਾਨ ਅਤੇ ਉਸ ਦੇ ਭਰਾ ਆਸਿਫ ਖਾਨ ਦਾ ਪੂਰਾ ਸਿਆਸੀ ਦਬਦਬਾ ਸੀ। ਆਸਿਫ ਲਾਹੌਰ ਦਾ ਸੂਬੇਦਾਰ ਸੀ। ਇਨ੍ਹਾਂ ਦੇ ਮਾਪੇ ਕੰਧਾਰ ਸ਼ਹਿਰ, ਇਰਾਨ ਦੇ ਸਨ, ਉਥੋਂ ਭੱਜ ਕੇ ਅਕਬਰ ਦੀ ਸ਼ਰਨ ਵਿਚ ਆ ਗਏ ਸਨ। ਸਾਲ 1612 'ਚ ਸ਼ਾਹ ਜਹਾਨ ਨੇ ਆਪਣੇ ਮਾਮੇ ਆਸਿਫ ਦੀ ਸੋਹਣੀ ਧੀ ਮੁਮਤਾਜ ਨਾਲ ਨਿਕਾਹ ਕੀਤਾ।

1628 ਵਿਚ ਕਸ਼ਮੀਰ ਵਿਚ ਜਹਾਂਗੀਰ ਦੀ ਮੌਤ ਹੋਈ ਤਾਂ ਉਹ ਸ਼ਾਹ ਜਹਾਨ ਨੂੰ ਵਾਰਸ ਥਾਪ ਕੇ ਨਹੀਂ ਗਿਆ ਸੀ। ਵੱਡਾ ਭਰਾ ਖੁਸਰੋ ਬੇਸ਼ਕ ਬਗਾਵਤ ਕਾਰਨ ਕਤਲ ਹੋ ਗਿਆ ਸੀ, ਨੂਰ ਜਹਾਨ ਆਪਣੇ ਜਵਾਈ ਸ਼ਹਰਯਾਰ ਨੂੰ ਤਖਤ ਦੇਣਾ ਚਾਹੁੰਦੀ ਸੀ। ਜਹਾਂਗੀਰ ਤੋਂ ਕੋਈ ਸੰਤਾਨ ਨਾ ਹੋਈ, ਪਹਿਲੇ ਵਿਆਹ ਵਿਚੋਂ ਇਕ ਧੀ ਸੀ। ਇਸ ਧੀ ਦੇ ਪਤੀ ਨੂੰ ਆਪਣੇ ਖਾਵੰਦ ਪਿਛੋਂ ਤਾਕਤ ਸੌਂਪਣ ਦੀ ਇੱਛੁਕ ਸੀ ਪਰ ਨੂਰ ਜਹਾਨ ਦਾ ਭਰਾ ਆਪਣੇ ਜਵਾਈ ਸ਼ਾਹ ਜਹਾਨ ਦੇ ਹਿਤ 'ਚ ਸਕੀਮਾਂ ਘੜ ਰਿਹਾ ਸੀ, ਹਾਲਾਂਕਿ ਜਹਾਂਗੀਰ ਨੇ ਜਵਾਈ ਸ਼ਹਰਯਾਰ ਦੇ ਹੱਕ 'ਚ ਵਸੀਅਤ ਲਿਖ ਦਿੱਤੀ ਸੀ।

ਆਸਿਫ ਦੀ ਫੌਜ ਨੇ ਸ਼ਹਰਯਾਰ ਅਤੇ ਖੁਸਰੋ ਦਾ ਬੇਟਾ ਦਾਵਰ ਬਖਸ਼ ਫੜ ਲਏ ਤੇ ਗਲ ਘੁੱਟ ਕੇ ਮਰਵਾ ਦਿੱਤੇ। ਜਹਾਂਗੀਰ ਦੇ ਬਾਕੀ ਪੋਤੇ ਕਤਲ ਕੀਤੇ ਤੇ ਨੂਰ ਜਹਾਨ ਕੈਦ ਕਰ ਲਈ। ਸੁਲਤਾਨਾ ਅਤੇ ਮੁਗਲਾਂ ਦੇ ਰਾਜ ਵਿਚ ਗੱਦੀ ਹਥਿਆਉਣ ਲਈ ਧੋਖਾ, ਜੰਗ, ਭਰਾਵਾਂ ਦੇ ਕਤਲ, ਨੇੜੇ ਦੇ ਵਿਰੋਧੀ ਰਿਸ਼ਤੇਦਾਰਾਂ ਦੀਆਂ ਅੱਖਾਂ ਕਢਵਾਉਣਾ ਆਮ ਵਰਤਾਰਾ ਸੀ। ਇਕ ਕੰਮ ਵਿਚ ਨੂਰ ਜਹਾਨ ਸਫਲ ਹੋਈ। ਤਾਕਤਵਰ ਮਹਾਰਾਣੀ ਵਜੋਂ ਭਾਰਤ 'ਤੇ ਰਾਜ ਕਰਦਿਆਂ ਉਸ ਨੇ ਲਾਹੌਰ ਦੇ ਬਾਹਰ ਆਪਣੇ ਪਿਤਾ ਗਿਆਸ ਬੇਗ ਜਿਸ ਨੂੰ ਇਤਮਾਦ-ਉਦ-ਦੌਲਾ ਕਹਿੰਦੇ ਸਨ, ਦਾ ਸ਼ਾਨਦਾਰ ਮਕਬਰਾ ਉਸਾਰਿਆ। ਰਾਵੀ ਪਾਰ ਇਸੇ ਥਾਂ ਜਹਾਂਗੀਰ, ਨੂਰ ਜਹਾਨ ਅਤੇ ਆਸਿਫ ਖਾਨ ਦਫਨਾਏ ਗਏ। ਸ਼ਾਹ ਜਹਾਨ ਦੀ ਨਿਗਰਾਨੀ ਵਿਚ ਉਸਰਿਆ ਇਹ ਮਕਬਰਾ ਲਾਹੌਰ ਸ਼ਹਿਰ ਦੀ ਸ਼ਾਨ ਹੈ।

ਸ਼ਾਹ ਜਹਾਨ ਦੀ ਕਬਰ ਮੁਮਤਾਜ ਦੀ ਕਬਰ ਦੇ ਨੇੜੇ ਤਾਜ ਮਹਿਲ ਵਿਚ ਬਣਾਈ ਗਈ ਜੋ ਇਸ ਤੋਂ ਪੈਂਤੀ ਸਾਲ ਪਹਿਲਾਂ ਚੱਲ ਵਸੀ ਸੀ। ਲਾਹੌਰ ਨਾਲੋਂ ਉਸ ਨੂੰ ਦਿੱਲੀ ਵਧੇਰੇ ਪਸੰਦ ਸੀ ਜਿਸ ਨੂੰ ਆਗਰੇ ਦੀ ਥਾਂ ਰਾਜਧਾਨੀ ਬਣਾ ਕੇ ਇਸ ਦਾ ਨਾਂ ਸ਼ਾਹ ਜਹਾਨਾਬਾਦ ਰੱਖ ਦਿੱਤਾ। ਇਥੇ ਉਸ ਨੇ ਲਾਲ ਕਿਲ੍ਹਾ ਤੇ ਜਾਮਾ ਮਸਜਿਦ ਬਣਵਾਏ। ਇਧਰ ਆਬਾਦੀ ਤੇ ਵਪਾਰ 'ਚ ਲਾਹੌਰ ਮੁਲਤਾਨ ਨੂੰ ਪਿਛੇ ਛੱਡ ਗਿਆ। ਘੱਗਰ ਸੁੱਕ ਗਿਆ, ਸਿੰਧ 'ਚ ਗਾਰ ਰਹਿ ਗਈ। ਮੁਲਤਾਨ ਦੀਆਂ ਵਪਾਰੀ ਕਿਸ਼ਤੀਆਂ ਰੁਕ ਗਈਆਂ। ਪਹਿਲਾਂ ਮੁਲਤਾਨ, ਤੇ ਫਿਰ 17ਵੀਂ ਸਦੀ ਵਿਚ ਲਾਹੌਰ ਦਾ ਵਪਾਰ ਵੀ ਮੰਦਾ ਹੋ ਗਿਆ।

ਲਾਹੌਰ ਸ਼ਹਿਰ ਵਾਸਤੇ, ਖਾਸ ਕਰ ਜੋ ਉਥੇ ਬਾਗ ਲੁਆਏ ਸਨ, ਸ਼ਾਹ ਜਹਾਨ ਨੇ ਅੱਪਰ ਬਾਰੀ ਦੁਆਬ 'ਚ ਨਹਿਰ ਖੁਦਵਾਈ ਜਿਸ ਵਿਚ ਕਸ਼ਮੀਰੀ ਪਰਬਤਾਂ ਦਾ ਪਾਣੀ ਆਉਂਦਾ ਸੀ। ਅਕਬਰ ਅਤੇ



ਸੂਫੀ ਸੰਤ ਮੀਆਂ ਮੀਰ ਜਿਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ

ਸ਼ਾਹ ਜਹਾਨ ਦੀ ਅਮਨ ਮਈ ਹਕੂਮਤ ਦੌਰਾਨ ਸੂਬਾ ਲਾਹੌਰ ਦੇ 28 ਹਜ਼ਾਰ ਪਿੰਡ ਸਨ ਤੇ ਮੁਲਤਾਨ ਦੇ ਦਸ ਹਜ਼ਾਰ। ਲਾਹੌਰ ਸ਼ਾਹ ਜਹਾਨ ਦੀ ਜਨਮ ਭੂਮੀ ਹੈ, ਇਥੇ ਹੀ ਮੁਮਤਾਜ ਨਾਲ ਉਸ ਦੀ ਸ਼ਾਦੀ ਹੋਈ। ਇਸ ਸ਼ਹਿਰ ਨਾਲ ਉਸ ਦੀ ਗਹਿਰੀ ਸਾਂਝ ਰਹੀ। ਇਥੇ ਅਤੇ ਕਸ਼ਮੀਰ ਵਿਚ ਉਸ ਨੇ ਸ਼ਾਲੀਮਾਰ ਬਾਗ ਲੁਆਏ। ਆਪਣੇ ਬਾਬੇ ਅਕਬਰ ਦੇ ਉਸਾਰੇ ਲਾਹੌਰ ਕਿਲ੍ਹੇ ਅੰਦਰ ਮਹਿਲ ਬਣਾਏ। ਇਨ੍ਹਾਂ ਉਸਾਰੀਆਂ ਲਈ ਸ਼ਾਹ ਜਹਾਨ ਦਾ ਚੀਫ ਇੰਜੀਨੀਅਰ ਕੁਰਦ ਜਰਨੈਲ ਅਲੀ ਮਰਦਾਨ ਖਾਨ ਸੀ। ਮਰਦਾਨ ਖਾਨ ਨੇ ਕੰਧਾਰ ਜਹਾਂਗੀਰ ਤੋਂ ਖੋਹ ਲਿਆ ਤੇ ਉਥੋਂ ਦਾ ਸੂਬੇਦਾਰ ਹੋ ਗਿਆ ਪਰ ਸ਼ਾਹ ਜਹਾਨ ਨੇ ਸੱਤਾ ਸੰਭਾਲੀ ਤਾਂ ਮਰਦਾਨ ਖਾਨ ਨੇ ਨਵੇਂ ਬਾਦਸ਼ਾਹ ਦੀ ਤਾਬਿਆਦਾਰੀ ਕਬੂਲ ਕਰ ਲਈ ਤੇ ਮੁਗਲ ਰਾਜ ਵਿਚ ਮਿਲਾ ਦਿੱਤਾ। ਚੀਫ ਇੰਜੀਨੀਅਰ ਬੇਸ਼ਕ ਵਿਦੇਸ਼ੀ ਸੀ, ਪਰ ਉਸ ਅਤੇ ਉਸ ਦੇ ਦੇਸੀ ਸਹਿਯੋਗੀਆਂ ਨੇ ਭਵਨ ਨਿਰਮਾਣ ਕਲਾ ਰਾਹੀਂ ਲਾਹੌਰ ਦੀ ਕਾਇਆ ਕਲਪ ਕਰ ਦਿੱਤੀ। ਕਲਾਸੀਕਲ ਇਮਾਰਤਾਂ ਤੇ ਬਾਗਾਂ ਨੇ ਬਹਾਰਾਂ ਲਿਆ ਦਿੱਤੀਆਂ। ਹੋ ਸਕਦਾ ਹੈ, ਲਾਹੌਰ ਦੀ ਇਸੇ ਟੀਮ ਨੇ ਰਾਜ ਮਹਿਲਾਂ ਦੇ ਨੈਣ ਨਕਸ਼ ਘੜੇ ਹੋਣ।

ਇਰਾਕੀਆਂ ਦੀ ਮਦਦ ਨਾਲ ਕੰਧਾਰ ਅਤੇ ਕਾਬਲ ਨੇ ਫਿਰ ਮੁਗਲ ਸਰਕਾਰ 'ਤੇ ਜ਼ਬਰਦਸਤ ਵਾਰ ਕੀਤਾ। ਦਿੱਲੀ ਸੈਨਾਵਾਂ ਨਾਲ ਹਿੰਦੂ ਰਾਜਪੂਤ ਰਾਜਿਆਂ ਨੇ ਬਗਾਵਤ ਦਬਾਉਣ ਲਈ ਖਤਰਨਾਕ ਮੁਹਿੰਮਾਂ ਵਿਢੀਆਂ ਪਰ ਪਖਤੂਨ ਦੇਸ਼ ਦਿੱਲੀ ਦੀ ਗੁਲਾਮੀ ਤੋਂ ਮੁਨਕਰ ਸੀ। ਬਾਦਸ਼ਾਹ ਖੁਦ ਅਤੇ ਉਸ ਦਾ ਬੇਟਾ ਔਰੰਗਜ਼ੇਬ ਫੌਜਾਂ ਦੀ ਕਮਾਨ ਕਰਨ ਆਇਆ। ਔਰੰਗਜ਼ੇਬ ਦਾ ਵੱਡਾ ਭਰਾ ਦਾਰਾ ਸ਼ਿਕੋਹ ਲਾਹੌਰ ਰਹਿੰਦਾ ਸੀ ਜੋ ਲਾਹੌਰ ਅਤੇ ਕਾਬਲ ਵਾਸਤੇ ਦਿੱਲੀ ਵਲੋਂ ਵਾਇਸਰਾਇ ਸੀ।

ਸ਼ਾਹ ਜਹਾਨ ਲੋਕਾਂ ਤੋਂ ਜੋ ਕਰ ਵਸੂਲਦਾ, ਬੇਦਰਦੀ ਨਾਲ ਅੱਯਾਸ਼ੀ 'ਤੇ ਖਰਚ ਕਰਦਾ। ਬੈਲਜੀਅਮ ਯਾਤਰੂ ਫਰਾਂਕੁਇਸ ਲਿਖਦਾ ਹੈ: ਤਾਜ ਮਹਿਲ ਬਣਾਉਣ ਵਾਸਤੇ ਹਰ ਰੋਜ਼ ਵੀਹ ਹਜ਼ਾਰ ਮਜ਼ਦੂਰ ਕੰਮ ਕਰਦੇ ਸਨ ਤੇ ਇਸ ਨੂੰ ਪੂਰਾ ਹੋਣ 'ਚ 22 ਸਾਲ ਲੱਗੇ। ਤਿੱਬਤ, ਖੈਬਰ ਤੇ ਕਸ਼ਮੀਰ ਦੀਆਂ ਮੁਹਿੰਮਾਂ ਦੇ ਤਾਂ ਖਰਚ ਹੁੰਦੇ ਹੀ, ਸ਼ਾਹ ਜਹਾਨ ਨੇ ਉਸਾਰੀ ਦੇ ਹੋਰ ਬੜੇ ਪ੍ਰਾਜੈਕਟ ਅਰੰਭੇ ਹੋਏ ਸਨ। ਦੋ ਲੱਖ ਫੌਜ ਅਤੇ ਸ਼ਾਨਦਾਰ ਦਰਬਾਰ ਆਪਣੇ ਥਾਂ ਬੜੇ ਵੱਡੇ ਵਿੱਤੀ ਬੋਝ ਸਨ। ਤਾਂ ਵੀ ਜਦੋਂ ਤੀਹ ਸਾਲ ਦੀ ਹਕੂਮਤ ਪਿਛੋਂ ਸ਼ਾਹ ਜਹਾਨ ਦੀ ਮੌਤ ਹੋਈ, ਖਜਾਨੇ ਵਿਚ ਬਥੇਰਾ ਸੋਨਾ, ਚਾਂਦੀ, ਮੋਤੀ ਅਤੇ ਧਨ ਬਚਿਆ ਪਿਆ ਸੀ।

ਅਕਬਰ, ਜਹਾਂਗੀਰ ਅਤੇ ਸ਼ਾਹ ਜਹਾਨ ਦੀਆਂ ਹਕੂਮਤਾਂ ਵੇਲੇ, ਦਾਰਾ ਦੀ ਵਾਇਸਰਾਇ ਵਜੋਂ ਤੈਨਾਤੀ ਦੌਰਾਨ ਪੰਜਾਬ ਮੁਗਲ ਰਾਜ ਦਾ ਮਜ਼ਬੂਤ ਹਿੱਸਾ ਰਿਹਾ। ਬੇਗਾਨੇ ਮੁਗਲਾਂ ਨੇ ਪੰਜਾਬੀਆਂ ਨੂੰ ਆਪਣੀ ਸ਼ਾਨ ਨਾਲ ਪ੍ਰਭਾਵਿਤ ਕੀਤਾ। ਇਸ ਸ਼ਾਨ 'ਤੇ ਖਰਚਾ ਪੰਜਾਬੀਆਂ ਦੀ ਜੇਬ 'ਚੋਂ ਜਾਂਦਾ ਪਰ ਇਸ ਬਦਲੇ ਸੁਰੱਖਿਆ ਤਾਂ ਮਿਲੀ। ਸ਼ਾਹ ਜਹਾਨ ਦੇ ਅੰਤ ਸਮੇਂ ਪੰਜਾਬੀਆਂ ਨੂੰ ਲੱਗਣ ਲੱਗਾ, ਮੁਗਲ ਛਤਰੀ ਹੁਣ ਵਿਦੇਸ਼ੀ ਨਹੀਂ ਰਹੀ। ਬੇਸ਼ੱਕ ਮੁਗਲਾਂ ਨੇ ਪੰਜਾਬੀ ਦੀ ਥਾਂ ਫਾਰਸੀ, ਦਰਬਾਰ ਦੀ ਜ਼ਬਾਨ ਰੱਖੀ ਤਾਂ ਵੀ ਕੋਈ ਗੱਲ ਨਹੀਂ।

ਝਨਾਂ ਦੇ ਦੱਖਣੀ ਕੰਢੇ 'ਤੇ ਲਾਹੌਰ ਤੋਂ 110 ਮੀਲ ਦੂਰ ਵਸੇ ਨਗਰ ਚਿਨਿਓਟ ਦੇ ਵਾਸੀ ਹਕੀਮ ਅਲੀਮੁੱਦੀਨ ਦੇ ਰੋਲ ਨਾਲ ਨਵਾਂ ਰਿਸ਼ਤਾ ਸਮਝ ਵਿਚ ਆਏਗਾ। ਸ਼ਾਹ ਜਹਾਨ ਜਦੋਂ ਸ਼ਹਿਜ਼ਾਦਾ ਸੀ, ਲਾਹੌਰ ਵਿਚ ਉਸ ਦੀ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਇਸ ਹਕੀਮ ਦੀ ਸੀ। ਜਦੋਂ ਸ਼ਾਹ ਜਹਾਨ ਹੱਥ ਹਕੂਮਤ ਆ ਗਈ, ਹਕੀਮ ਨੂੰ ਉਸ ਨੇ ਲਾਹੌਰ ਦਾ ਸੂਬੇਦਾਰ ਥਾਪ ਦਿੱਤਾ। ਪਹਿਲੋਂ ਹਕੀਮ ਆਪਣਾ ਇਲਾਕਾ ਕੇਵਲ ਚਿਨਿਓਟ ਨੂੰ ਮੰਨਦਾ ਸੀ, ਜਿਥੇ ਉਸ ਨੇ ਹਸਪਤਾਲ, ਸਰਾਂ, ਮਸਜਿਦ ਅਤੇ ਮਦਰੱਸਾ ਉਸਾਰੇ। ਉਸ ਦਾ ਰਹਿਣ ਸਹਿਣ ਬਿਲਕੁਲ ਸਾਦਾ ਸੀ। ਉਹ ਲਾਹੌਰ ਦਾ ਪਹਿਲਾ ਪੰਜਾਬੀ ਸੂਬੇਦਾਰ ਸੀ, ਬੇਸ਼ਕ ਉਸ ਦੇ ਵਡੇਰੇ ਵੀ ਬਾਹਰੋਂ ਆ ਕੇ ਵਸੇ ਸਨ।

ਉਸ ਦਾ ਨਾਂ ਹੁਣ ਵਜ਼ੀਰ ਖਾਨ ਰੱਖ ਦਿੱਤਾ। 1634 ਵਿਚ ਉਸ ਨੇ ਅਜਿਹੀ ਸ਼ਾਨਦਾਰ ਇਮਾਰਤ ਉਸਾਰੀ ਜਿਸ ਨੂੰ ਲਾਹੌਰ ਦਾ ਨਗ ਕਿਹਾ ਗਿਆ। ਉਸ ਨੇ ਜੋ ਮਸਜਿਦ ਉਸਾਰੀ, ਇਮਾਰਤਸਾਜ਼ੀ ਦਾ ਅਜੂਬਾ ਸੀ। ਇਸ ਦਾ ਨਾਂ ਵਜ਼ੀਰਖਾਨ ਮਸਜਿਦ ਰੱਖਿਆ ਗਿਆ। ਜਮੀਨ ਦਾ ਵੱਡਾ ਟੁਕੜਾ ਲਿਆ ਤਾਂ ਕਿ ਭਵਿੱਖ 'ਚ ਇਥੇ ਜਿਲਦਸਾਜ਼, ਚਿੱਤਰਕਾਰ ਅਤੇ ਲੇਖਕ ਆਪੋ ਆਪਣੇ ਕੰਮ ਕਰ ਸਕਣ।

---

ਮੌਤ ਤੋਂ 8 ਸਾਲ ਪਹਿਲਾਂ ਨਾਮੁਰਾਦ ਬਿਮਾਰੀ ਕਾਰਨ 1657 ਵਿਚ ਸ਼ਾਹ ਜਹਾਨ ਦੀ ਹਕੂਮਤ ਜਾਂਦੀ ਰਹੀ। ਦਾਰੇ ਨੇ ਆਰਜ਼ੀ ਤੌਰ 'ਤੇ ਕੰਮ ਚਲਾਉਣਾ ਸ਼ੁਰੂ ਕੀਤਾ, ਕਿਉਂਕਿ ਭਰਾਵਾਂ ਵਿਚੋਂ ਸਭ ਤੋਂ ਵੱਡਾ ਸੀ ਪਰ ਮੁਰਾਦ (ਦੂਜੀ ਥਾਂ), ਸ਼ੁਜਾ (ਤੀਜੀ ਥਾਂ) ਅਤੇ ਔਰੰਗਜ਼ੇਬ (ਚੌਥੇ ਥਾਂ, ਸਭ ਤੋਂ ਛੋਟਾ) ਹੱਥ 'ਤੇ ਹੱਥ ਧਰੀ ਨਹੀਂ ਬੈਠੇ ਸਨ। ਔਰੰਗਜ਼ੇਬ ਵਲੋਂ ਮੁਰਾਦ ਨੂੰ ਲਿਖੇ ਖਤ ਵਿਚ ਸੰਕੇਤ ਹੈ ਕਿ ਉਹ ਤਾਜਪੋਸ਼ੀ ਦੀ ਦੌੜ ਵਿਚ ਸ਼ਾਮਲ ਨਹੀਂ। ਲਿਖਿਆ: ਇਸ ਧੋਖਾਧੜੀ ਅਤੇ ਅਸਥਿਰ ਸੰਸਾਰ ਵਿਚ ਮੈਂ ਹਕੂਮਤ ਦਾ ਇੱਛੁਕ ਨਹੀਂ। ਚਾਰ ਭਰਾ ਅਤੇ ਦੋ ਭੈਣਾਂ ਰੌਸ਼ਨ ਆਰਾ ਤੇ ਜਹਾਂ ਆਰਾ, ਮੁਮਤਾਜ ਦੀ ਸੰਤਾਨ ਸਨ। ਮੁਮਤਾਜ ਆਪਣੇ ਪੁੱਤਰਾਂ ਦੀ ਖਾਨਾਜੰਗੀ ਨਾ ਦੇਖ ਸਕੀ। ਸ਼ਾਹ ਜਹਾਨ ਕੈਦ 'ਚ ਖਬਰਾਂ ਸੁਣ ਰਿਹਾ ਸੀ ਕਿ ਦਾਰਾ ਸ਼ਿਕੋਹ ਨੂੰ ਕਤਲ ਕਰ ਦਿੱਤਾ, ਸ਼ੁਜਾ ਬੰਗਾਲ ਦੇ ਜੰਗਲਾਂ 'ਚ ਜਾ ਛੁਪਿਆ ਤੇ ਕਦੀ ਨਾ ਮੁੜਿਆ ਅਤੇ ਮੁਰਾਦ ਨੂੰ ਕਤਲ ਕਰ ਦਿੱਤਾ। ਕੈਦ 'ਚ ਜਾਣ ਤੋਂ ਪਹਿਲਾਂ ਸ਼ਾਹ ਜਹਾਨ ਤਾੜ ਗਿਆ ਸੀ ਕਿ ਫੌਜ ਤਿੰਨ ਵੱਡੇ ਭਰਾਵਾਂ ਅਤੇ ਬਾਦਸ਼ਾਹ ਦੇ ਖਿਲਾਫ ਹੋ ਚੁਕੀ ਹੈ। ਉਹ ਦਾਰਾ ਲਈ ਸੋਨੇ ਚਾਂਦੀ ਦੀ ਲੱਦੇ ਊਠ ਭੇਜਦਾ ਰਿਹਾ ਤਾਂ ਕਿ ਸ਼ਹਿਜ਼ਾਦਾ ਨਵੀਂ ਭਰਤੀ ਕਰ ਸਕੇ।

ਆਗਰਾ ਅਤੇ ਦਿੱਲੀ ਦੇ ਫੌਜੀ ਕਮਾਂਡਰਾਂ ਨੇ ਔਰੰਗਜ਼ੇਬ ਦੇ ਹੱਕ ਵਿਚ ਐਲਾਨ ਕਰ ਦਿੱਤਾ ਤਾਂ ਦਾਰਾ ਲਾਹੌਰ ਭੱਜ ਗਿਆ। ਉਸੇ ਮਹਿਲ 'ਚ ਰਿਹਾ ਜਿਥੇ ਜਨਮ ਹੋਇਆ ਤੇ ਮਾਂ ਮੁਮਤਾਜ ਨਾਲ ਰਹਿੰਦਾ ਹੁੰਦਾ ਸੀ। ਇਹ ਮਹਿਲ ਦਾਰੇ ਦੇ ਨਾਨੇ ਮਨਸਬਦਾਰ ਆਸਿਫ ਨੇ ਬਣਵਾਇਆ ਸੀ। ਆਸਿਫ ਦੀ ਮੌਤ ਪਿਛੋਂ ਮਹਿਲ ਸਰਕਾਰ ਦੇ ਕਬਜ਼ੇ 'ਚ ਚਲਾ ਗਿਆ। ਲਾਹੌਰ ਦੇ ਵਾਇਸਰਾਇ ਵਜੋਂ ਦਾਰਾ ਪਰਜਾ ਵਿਚ ਬੜਾ ਲੋਕਪ੍ਰਿਅ ਸੀ। ਇਥੇ ਉਸ ਨੇ ਸਤਿਕਾਰਯੋਗ ਸੂਫੀ ਫਕੀਰ ਹਜ਼ਰਤ ਮੀਆਂ ਮੀਰ ਦੀ ਜੀਵਨੀ ਲਿਖੀ ਜਿਸ ਦਾ ਦੇਹਾਂਤ ਲਾਹੌਰ ਵਿਚ 1635 ਨੂੰ ਹੋਇਆ। ਮੀਆਂ ਮੀਰ ਦਾ ਸ਼ਾਗਿਰਦ ਮੁੱਲਾ ਸ਼ਾਹ, ਦਾਰੇ ਦਾ ਅਧਿਆਪਕ ਸੀ। ਉਸ ਦੀ ਵੀ ਮੌਤ ਹੋ ਚੁਕੀ ਸੀ। ਦਾਰੇ ਨੇ ਆਪਣੇ ਮੁਰਸ਼ਦ ਦਾ ਸ਼ਾਨਦਾਰ ਮਕਬਰਾ ਉਸਾਰਿਆ ਤੇ ਮੀਆਂ ਮੀਰ ਦਾ ਮਕਬਰਾ ਵੀ ਬਹੁਤ ਸੋਹਣਾ ਉਸਾਰਨ ਦੀ ਯੋਜਨਾ ਸੀ।

ਆਪਣੇ ਬਾਬੇ ਅਕਬਰ ਵਾਂਗ ਦਾਰਾ ਵੀ ਹਿੰਦੂਆਂ ਵਿਚ ਆਪਣੀ ਚੰਗੀ ਸਾਖ ਬਣਾ ਰਿਹਾ ਸੀ। ਜਿਥੇ ਬਾਬਾ ਅਨਪੜ੍ਹ, ਉਥੇ ਦਾਰਾ ਵਿਦਵਾਨ ਸੀ। ਉਸ ਨੇ ਰਹੱਸਵਾਦ ਉਪਰ ਕਿਤਾਬ ਸਿਰਰਇ ਅਕਬਰ (ਮਹਾਨ ਰਹੱਸ) ਲਿਖੀ, ਦੂਜੀ ਮਜਮਾ ਅਲ-ਬਹਰਾਇਨ (ਸਾਗਰਾਂ ਦਾ ਸੰਗਮ) ਸੀ। ਹਿੰਦੂ ਚਿੰਤਕ ਬਾਬਾ ਲਾਲ ਨਾਲ ਦਾਰੇ ਦੀ ਲੰਮੀ ਗੁਫਤਗੂ ਚੰਦਰਭਾਨ ਦੀ ਹਵੇਲੀ ਵਿਚ ਹੋਈ; ਵਿਸ਼ੇ ਸਨ-ਜਾਤਾਂ, ਸਮਾਜਾਂ ਤੇ ਧਰਮਾਂ ਵਿਚ, ਹਿੰਦੂ ਮੱਤ ਤੇ ਇਸਲਾਮ ਵਿਚ ਵਿੱਥ ਕਿਵੇਂ ਦੂਰ ਹੋਵੇ। ਇਹ ਗੁਫਤਗੂ ਚੰਦਰਭਾਨ ਨੇ ਰਿਕਾਰਡ ਕੀਤੀ। ਸ਼ਹਿਜ਼ਾਦਾ ਪਾਦਰੀ ਫਾਦਰ ਬੁਜ਼ੀ ਦਾ ਵੀ ਦੋਸਤ ਸੀ।

ਇਸ ਵੱਡੇ ਸ਼ਹਿਰ ਨਾਲ ਦਾਰਾ ਦੀਆਂ ਭਾਵਨਾਵਾਂ ਉਸ ਦੀ ਇਸ ਕਵਿਤਾ 'ਚ ਦਰਜ ਹਨ:

ਖ਼ੁਦਾ ਪੰਜਾਬ ਨੂੰ ਖ਼ੁਸ਼ਹਾਲ ਰੱਖੇ,
ਫਕੀਰਾਂ ਦੇ ਇਸ ਸ਼ਹਿਰ ਨੂੰ ਸਲਾਮਤ ਰੱਖੇ।
ਮੇਰੇ ਲਾਹੌਰ 'ਤੇ ਰਹਿਮਤਾਂ ਦੀ ਹੋਵੇ ਬਾਰਸ਼
ਪਲੇਗ ਤੇ ਮੌਤ ਨੂੰ ਨਾ ਮਿਲੇ ਕਿਤੇ ਵਾਰਸ।

ਲਾਹੌਰ ਵੀ ਦਾਰੇ ਨੂੰ ਪਿਆਰ ਕਰਦਾ ਸੀ, ਅਨੇਕ ਲਾਹੌਰੀ ਦਿਲਾਂ 'ਚ ਦਾਰਾ ਵਸਿਆ ਹੋਇਆ ਹੈ। ਲੱਗਦਾ ਸੀ, ਲਾਹੌਰ ਦਾਰੇ ਨੂੰ ਕੇਵਲ ਪਨਾਹ ਹੀ ਨਹੀਂ, ਫੌਜੀ ਮਦਦ ਵੀ ਦਏਗਾ ਪਰ ਔਰੰਗਜ਼ੇਬ ਬੇਸ਼ੁਮਾਰ ਫੌਜ ਲੈ ਕੇ ਲਾਹੌਰ ਆ ਧਮਕਿਆ ਤੇ ਉਸ ਨੂੰ ਖਦੇੜ ਕੇ ਮੁਲਤਾਨ, ਸਿੰਧ ਵੱਲ ਧੱਕ ਦਿੱਤਾ। ਦਾਰੇ ਨੇ ਸਿੰਧ ਤੇ ਗੁਜਰਾਤ ਆਪਣੇ ਹਮਾਇਤੀਆਂ ਤੋਂ ਮਦਦ ਮੰਗੀ। ਔਰੰਗਜ਼ੇਬ ਨੂੰ ਖਬਰ ਮਿਲੀ ਕਿ ਬੰਗਾਲ ਵੱਲੋਂ ਸ਼ੁਜਾ ਨੇ ਦਿੱਲੀ ਵੱਲ ਕੂਚ ਕਰ ਦਿੱਤਾ ਹੈ। ਅਲਾਹਾਬਾਦ ਪੁੱਜ ਕੇ ਔਰੰਗਜ਼ੇਬ ਨੇ ਉਸ ਦੀਆਂ ਫੌਜਾਂ ਵਾਪਸ ਬੰਗਾਲ ਵੱਲ ਧੱਕ ਦਿੱਤੀਆਂ। ਪੂਰਬੀ ਸਿੰਧ ਦੇ ਜੂੰਨ ਇਲਾਕੇ ਵਿਚ ਦਾਰੇ ਦੀ ਪਤਨੀ ਬਿਮਾਰ ਹੋ ਕੇ ਚੱਲ ਵਸੀ। ਉਸ ਨੇ ਆਪਣੇ ਸਹਿਯੋਗੀਆਂ ਨੂੰ ਕਿਹਾ ਕਿ ਬੇਗਮ ਨੂੰ ਲਾਹੌਰ ਲਿਜਾ ਕੇ ਦਫਨ ਕਰ ਦਿਉ। ਦਾਰੇ ਦੀ ਯੋਜਨਾ ਕੰਧਾਰ ਜਾਣ ਦੀ ਸੀ ਪਰ ਵੱਡੇ ਇਨਾਮ ਦੇ ਲਾਲਚ ਵਸ ਜੂੰਨ ਦੇ ਸ਼ਾਸਕ ਨੇ ਪਿਉ ਪੁੱਤਰ-ਦੋਵਾਂ ਨੂੰ ਫੜ ਕੇ ਔਰੰਗਜ਼ੇਬ ਦੇ ਬੰਦਿਆਂ ਹਵਾਲੇ ਕਰ ਦਿੱਤਾ।

ਸੰਗਲਾਂ ਵਿਚ ਜਕੜ ਕੇ ਉਸ ਨੂੰ ਦਿੱਲੀ ਲਿਆਂਦਾ ਗਿਆ। ਬੇਇੱਜਤ ਕਰਨ ਲਈ ਮਸਖਰਿਆਂ ਦੇ ਲਿਬਾਸ ਵਿਚ ਹਾਥੀ 'ਤੇ ਬਿਠਾ ਕੇ ਘੁਮਾਇਆ ਗਿਆ। ਮੁਕੱਦਮਾ ਚਲਾ ਕੇ ਇਸ ਫਿਲਾਸਫਰ ਸ਼ਹਿਜ਼ਾਦੇ ਨੂੰ ਕਾਫਰ ਐਲਾਨਿਆ ਗਿਆ; ਕਿਉਂਕਿ ਉਸ ਨੇ ਲਿਖਿਆ ਸੀ ਕਿ ਹਿੰਦੂ ਵੀ ਇਕ ਈਸ਼ਵਰ ਨੂੰ ਮੰਨਦੇ ਹਨ ਅਤੇ ਹਿੰਦੂ ਮੱਤ ਤੇ ਇਸਲਾਮ ਵਿਚ ਬਹੁਤਾ ਫਰਕ ਨਹੀਂ। ਫਟਾਫਟ ਫਤਵਾ ਸੁਣਾਇਆ ਗਿਆ। ਸਿਪਾਹੀ ਉਸ ਨੂੰ ਕਤਲ ਕਰਨ ਲਈ ਅੱਗੇ ਵਧੇ ਤਾਂ ਉਸ ਨੇ ਚਾਕੂ ਨਾਲ ਹਮਲਾ ਕਰ ਦਿੱਤਾ। ਸਿਪਾਹੀਆਂ ਨੇ ਕਾਬੂ ਕਰ ਕੇ ਥਾਏਂ ਕਤਲ ਕਰ ਦਿੱਤਾ। ਦੇਹ ਪਰਜਾ ਨੂੰ ਦਿਖਾਉਣ ਵਾਸਤੇ ਹਾਥੀ 'ਤੇ ਲੱਦ ਕੇ ਘੁਮਾਈ ਗਈ, ਸਿਰ ਔਰੰਗਜ਼ੇਬ ਕੋਲ ਸ਼ਨਾਖਤ ਕਰਨ ਵਾਸਤੇ ਭੇਜ ਦਿੱਤਾ। ਔਰੰਗਜ਼ੇਬ ਦੀ ਹਾਜ਼ਰੀ ਵਿਚ ਉਸ ਦਾ ਮੂੰਹ ਧੋ ਕੇ ਦਿਖਾਇਆ। ਜਦੋਂ ਸੰਤੁਸ਼ਟ ਹੋ ਗਿਆ ਕਿ ਹਾਂ, ਇਹ ਦਾਰੇ ਦਾ ਸਿਰ ਹੈ, ਹੰਝੂ ਵਹਾਏ।

ਲੋਕਾਂ ਦੇ ਦਿਲਾਂ ਵਿਚੋਂ ਦਾਰੇ ਦੀ ਯਾਦ ਮੱਠੀ ਕਰਨ ਲਈ ਔਰੰਗਜ਼ੇਬ ਨੇ ਆਪਣੇ ਬੇਟੇ ਅਕਬਰ ਵਾਸਤੇ ਦਾਰੇ ਦੀ ਧੀ ਦਾ ਰਿਸ਼ਤਾ ਮੰਗਿਆ। ਸ਼ਾਹ ਜਹਾਨ ਨੇ ਇਸ ਵਿਉਂਤ ਦਾ ਡਟ ਕੇ ਵਿਰੋਧ ਕੀਤਾ ਅਤੇ ਕੁੜੀ ਨੇ ਕਿਹਾ ਕਿ ਔਰੰਗਜ਼ੇਬ ਦੀ ਨੂੰਹ ਹੋਣ ਨਾਲੋਂ ਮੈਂ ਖ਼ੁਦਕੁਸ਼ੀ ਕਰ ਲਵਾਂਗੀ। ਆਗਰੇ ਦੇ ਕਿਲ੍ਹੇ ਵਿਚ ਨਜ਼ਰਬੰਦ ਪਿਤਾ, ਧੀ ਤੇ ਪੋਤੀ, ਮੁਮਤਾਜ ਦਾ ਮਕਬਰਾ ਤਾਜ ਮਹੱਲ ਦੇਖਦੇ ਜਿਹੜੀ 38 ਸਾਲ ਦੀ ਉਮਰੇ ਪੂਰੀ ਹੋ ਗਈ ਸੀ। ਉਥੇ ਹੀ 1666 ਵਿਚ 74 ਸਾਲ ਦੇ ਸ਼ਾਹ ਜਹਾਨ ਨੂੰ ਦਫਨਾਇਆ ਗਿਆ। ਬਹੁਤ ਵੱਡੇ ਕਾਰਵਾਂ ਵਿਚ ਉਦਾਸ ਹੰਝੂਆਂ ਭਰੀਆਂ ਅੱਖਾਂ ਨਾਲ ਤੁਰਦਾ ਔਰੰਗਜ਼ੇਬ ਲੋਕਾਂ ਨੇ ਦੇਖਿਆ।

# ਖੀਸੇ 'ਚ ਟਿਮਕਦੇ ਜੁਗਨੂੰ

## ਸਵੈ ਜੀਵਨੀ

**ਕੈਨੇਡਾ ਵੱਸਦਾ ਇਕਬਾਲ ਰਾਮੂਵਾਲੀਆ ਇਸ ਫਾਨੀ ਸੰਸਾਰ ਨੂੰ ਆਖਰੀ ਅਲਵਿਦਾ ਕਹਿ ਗਿਆ ਹੈ। ਪਹਿਲਾਂ-ਪਹਿਲ ਉਹਨੇ ਕਵਿਤਾ ਲਿਖੀ, ਫਿਰ ਨਾਵਲ ਤੇ ਕਹਾਣੀ। ਦੋ ਭਾਗਾਂ ਵਿਚ ਸਵੈ-ਜੀਵਨੀ 'ਸੜਦੇ ਸਾਜ਼ ਦੀ ਸਰਗਮ' ਅਤੇ 'ਬਰਫ ਵਿਚੋਂ ਉਗਦਿਆਂ' ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕ ਉਸ ਦੀਆਂ ਲਿਖਤਾਂ ਦਾ ਅਨੰਦ ਮਾਣ ਚੁਕੇ ਹਨ। ਉਹਦੀ ਸਵੈ-ਜੀਵਨੀ (ਭਾਗ ਦੂਜਾ) ਵਿਚੋਂ ਇਕ ਲੇਖ 'ਖੀਸੇ 'ਚ ਟਿਮਕਦੇ ਜੁਗਨੂੰ' ਛਾਪ ਰਹੇ ਹਾਂ। ਇਸ ਲੇਖ ਵਿਚ ਕਮਾਲ ਦਾ ਦ੍ਰਿਸ਼ ਚਿਤਰਨ ਹੈ। ਜਾਪਦਾ ਹੈ, ਉਹ ਸਮਾਂ ਤੁਹਾਡੇ ਅੰਗ-ਸੰਗ ਖਹਿ ਕੇ ਲੰਘਿਆ ਹੋਵੇ! ਇਹੀ ਇਕਬਾਲ ਦੀਆਂ ਲਿਖਤਾਂ ਦੀ ਤਾਕਤ ਹੈ। -ਸੰਪਾਦਕ**

'ਜਾਵਾ' ਦਾ ਮੂਹਰਲਾ ਚੱਕਾ ਜਦੋਂ ਨੂੰ ਸੜਕ ਤੋਂ ਸੁਧਾਰ ਦੇ ਖਾਲਸਾ ਕਾਲਜ ਦੇ ਮੇਨ ਗੇਟ ਵੱਲੀਂ ਮੁੜਿਆ, ਰਾਤ ਆਪਣੇ ਸਿਖਰ ਤੋਂ ਐਵੇਂ ਦਸ ਕੁ ਮਿੰਟ ਉਰਲੇ ਪਾਸੇ ਸੀ। ਖੱਬੇ ਪਾਸੇ ਬਣੀ ਕਾਲਜ ਦੀ ਵਿਸ਼ਾਲ ਬਿਲਡਿੰਗ ਦੀ ਨੀਂਦਰ ਨੂੰ ਉਚੇੜਦਾ ਅਤੇ ਸੱਜੇ ਪਾਸੇ ਓਪਨ-ਏਅਰ ਸਟੇਡੀਅਮ 'ਚ ਸੰਘਣੇ ਹਨੇਰੇ ਹੇਠ ਤ੍ਰੇਲ ਓੜ ਕੇ ਸੁੱਤੇ ਘਾਹ ਨੂੰ ਝੰਜੋੜਦਾ ਸਾਡਾ 'ਜਾਵਾ' ਜਿਉਂ ਹੀ ਪ੍ਰੋਫੈਸਰਾਂ ਲਈ ਬਣੇ ਰਿਹਾਇਸ਼ੀ ਕੁਆਟਰਾਂ ਦੇ ਝੁੰਡ ਵੱਲੀਂ ਵਧਿਆ, ਉਹਦੇ ਭੂਖਣੇ 'ਚੋਂ ਨਿਕਲਦੀ 'ਗੁੱਡ ਗੁੱਡ, ਗੁੱਡ



ਇਕਬਾਲ ਰਾਮੂਵਾਲੀਆ

ਗੁੱਡ' ਫਲੈਟਾਂ ਦੇ ਵਰਾਂਡਿਆਂ ਨਾਲ ਟਕਰਾ ਕੇ ਸਾਡੇ ਵੱਲੀਂ ਜਵਾਬੀ-ਲਲਕਾਰੇ ਸੁੱਟਣ ਲੱਗੀ। ਘੂਕ ਸੁੱਤੇ ਕੁਆਟਰਾਂ 'ਚ ਖੁਰਦੁੱਬ ਮੱਚਣ ਲੱਗਾ।

'ਜਾਵਾ' ਅਖੀਰ ਸਾਡੇ ਫਲੈਟ ਦੇ ਸਾਹਮਣੇ ਖਲੋਤਾ ਸੀ! ਉਸ ਦੇ ਸਿਰ 'ਚ ਖੁੱਭੀ ਕੁੰਜੀ ਖੱਬੇ ਪਾਸੇ ਵੱਲ ਨੂੰ ਗਿੜੀ ਹੀ ਸੀ ਕਿ ਉਸ ਦੇ ਮੱਥੇ 'ਚ ਦਗਦੇ ਸਿਖਰ ਦੁਪਹਿਰੇ ਕਾਲੀ ਰਾਤ ਝੁੱਕੀ ਗਈ! ਦਸ-ਪੰਦਰਾਂ ਸਕਿੰਟਾਂ ਲਈ ਸਾਡੇ ਫਲੈਟ ਦੇ ਆਲੇ-ਦੁਆਲੇ ਉਪਰ ਕਾਲੀ ਚਾਦਰ ਵਿਛ ਗਈ।

'ਜਾਵਾ' ਦੇ ਚੁੱਪ ਹੁੰਦਿਆਂ ਹੀ ਫਲੈਟਾਂ ਦੇ ਸਮੂਹ 'ਚ ਪਸਰੇ ਹਨੇਰੇ ਨੂੰ ਝੰਬ ਰਹੀ ਜਵਾਬੀ 'ਗੁੱਡ-ਗੁੱਡ' ਨੇ ਵੀ ਹਥਿਆਰ ਸੁੱਟ ਦਿੱਤੇ।

"ਉਏ ਮੁੜ ਵੀ ਆਏ ਐਡੀ ਛੇਤੀ?" ਫਲੈਟ ਦਾ ਦਰਵਾਜ਼ਾ ਖੁਲ੍ਹਦਿਆਂ ਹੀ ਰਛਪਾਲ ਦੀਆਂ ਅੱਖਾਂ 'ਚ ਸੁਆਲ ਬੁੜਬੁੜਾਇਆ।

ਫਲੈਟ ਦੇ ਦਰਵਾਜ਼ੇ 'ਚ ਹੋ ਰਹੀ ਕੜਿੱਕ-ਕੜਿੱਕ ਤੇ ਦਗੜ-ਦਗੜ ਸੁਣ ਕੇ ਅੱਖਾਂ ਮਲਦਾ ਪ੍ਰੋਫੈਸਰ ਸੁਰਿੰਦਰ ਵੀ ਡਰਾਇੰਗ ਰੂਮ ਵਿਚ ਆ ਵੜਿਆ।

"ਪਈ ਐ ਘੁੱਟ?" ਮੈਂ ਰਛਪਾਲ ਵੱਲੀਂ ਝਾਕਿਆ।

"ਤੂੰ ਪਹਿਲਾਂ, ਯਾਰ ਇਹ ਦੱਸ ਬਈ ਪਿਆਰਾ ਪੰਨੂੰ ਮਿਲ ਗਿਆ ਕਿ ਨਹੀਂ ਫੋਨ 'ਤੇ!" ਰਛਪਾਲ ਆਪਣੇ ਜੂੜੇ ਨੂੰ ਸੰਵਾਰਦਿਆਂ ਬੋਲਿਆ।

ਮੈਂ ਆਪਣੀ ਦਾਹੜੀ ਦੀ ਗੁੱਟੀ ਉਦਾਲਿਓਂ ਧਾਗੇ ਨੂੰ ਉਧੇੜਨ ਲੱਗਾ।

"ਪਈ ਮਿਹਨਤ ਪੱਲੇ?" ਸੁਰਿੰਦਰ ਨੇ ਪੰਜੇ ਨਾਲ ਉਬਾਸੀ ਨੂੰ ਬੋਚਦਿਆਂ ਪੁੱਛਿਆ।

"ਪਹਿਲਾਂ ਲਾ ਤਾਂ ਲਈਏ ਘੁੱਟ!"

ਰਛਪਾਲ ਕਿਚਨ ਵੱਲ ਨੂੰ ਹੋ ਤੁਰਿਆ।

"ਪੈਸੇ ਇਕੱਠੇ ਕਰਨੇ ਪੈਣੇ ਐ, ਸੁਰਿੰਦਰ ਸਿਆਂ!" ਮੈਂ ਆਪਣੀਆਂ ਅੱਖਾਂ ਵਿਚਲਾ ਸਵਾਲੀਆ-ਨਿਸ਼ਾਨ ਸੁਰਿੰਦਰ ਵੱਲੀਂ ਮੋੜਿਆ।

ਅਗਲੀ ਸਵੇਰ ਸੁਧਾਰ ਤੋਂ ਕੱਚੇ ਰਾਹਾਂ 'ਤੇ 'ਭੁੱਗ-ਭੁੱਗ' ਘਰਕਦਾ 'ਜਾਵਾ' ਸਾਢੇ ਅੱਠ ਵਜਦੇ ਨੂੰ, ਦੋ ਕੁ ਸਾਲ ਪਹਿਲਾਂ ਖੇਤ ਵਿਚ ਉਸਾਰੇ ਸਾਡੇ ਘਰ ਦੇ ਵਿਹੜੇ 'ਚ ਜਾ ਕੇ ਚੁੱਪ ਹੋ ਗਿਆ।

ਪੈਸੇ ਇਕੱਠੇ ਕਰਨ ਦੀ ਗੱਲ ਸੁਣਦਿਆਂ ਹੀ ਵਿਹੜੇ 'ਚ ਮੁੰਜ ਦੇ ਮੰਜੇ ਉਪਰ ਬੈਠੇ ਬਾਪੂ ਪਾਰਸ ਦੇ ਹੱਥ 'ਚ ਫੜਿਆ ਚਾਹ ਦਾ ਗਲਾਸ ਥਿੜਕਣ ਲੱਗਾ।

"ਵੱਡੀ ਰਕਮ ਐ, ਮੁੰਡਿਓ!" ਬਾਪੂ ਨੇ ਗਲਾਸ ਨੂੰ ਦੋ ਮੰਜਿਆਂ ਵਿਚਕਾਰ ਖਲੋਤੇ ਸਟੂਲ 'ਤੇ ਟਿਕਾਇਆ। "ਐਸ ਮਕਾਨ ਨੂੰ ਉਸਾਰਨ ਲਈ ਪੈਸੇ ਫੜੇ ਸੀ ਆਪਾਂ ਆੜ੍ਹਤੀਏ ਤੋਂ!" ਬਾਪੂ ਆਪਣੇ ਸਿਰ ਨੂੰ ਸੱਜੇ-ਖੱਬੇ ਗੇੜਨ ਲੱਗਾ। "ਕਿਸ਼ਤਾਂ ਕਰ'ਲੀਆਂ ਸੀ, ਆੜ੍ਹਤੀਏ ਨਾਲ...।"

ਬਲਵੰਤ ਨੇ ਬੈਗ 'ਚੋਂ ਕਾਪੀ ਕੱਢੀ ਅਤੇ ਦੋਸਤਾਂ-ਰਿਸ਼ਤੇਦਾਰਾਂ ਦੇ ਨਾਮ ਲੱਭਣ ਲਈ ਅੱਖਾਂ ਮੀਟ ਕੇ ਉਹ ਆਪਣੇ ਦਿਮਾਗ ਵਿਚ ਦੌੜਨ ਲੱਗਾ।

ਬਾਪੂ ਦੀਆਂ ਅੱਖਾਂ 'ਚ ਪਲ-ਪਲ ਸੰਘਣੇ ਹੋ ਰਹੇ ਸੰਸੇ ਨੂੰ ਦੇਖ ਕੇ ਮੈਂ ਦੋ ਸਾਲ ਪਹਿਲਾਂ, ਜੂਨ 1970 ਦੀ ਇੱਕ ਆਥਣ ਵੱਲ ਨੂੰ ਪਰਤ ਗਿਆ: ਸਾਡੇ ਖੇਤ 'ਚ ਮੋਟਰ ਦੇ ਲਾਗੇ ਖਲੋਤੇ ਤੂਤਾਂ ਕੋਲ ਧਰਤੀ ਉਪਰ ਵਿਛੀਆਂ ਪੱਟੀਆਂ ਅਤੇ ਚਾਦਰਾਂ ਉਜਾਗਰ ਹੋਣ ਲੱਗੀਆਂ। ਪੱਟੀਆਂ-ਚਾਦਰਾਂ ਉਤੇ ਇੱਕ ਪਾਸੇ ਚੌਂਕੜੀਆਂ ਮਾਰੀ ਬੈਠੀਆਂ ਔਰਤਾਂ ਤੇ ਕੁੜੀਆਂ ਦੀਆਂ ਰੰਗ-ਬਰੰਗੀਆਂ ਚੁੰਨੀਆਂ ਅਤੇ ਕੁੜਤੀਆਂ, ਤੇ ਉਨ੍ਹਾਂ 'ਚੋਂ ਇੱਕ-ਦੂਜੀ 'ਚ ਇੱਕ-ਮਿੱਕ ਹੋ ਰਹੀ ਪਸੀਨੇ ਦੀ ਅਤੇ ਟੈਲਕਮ ਪਾਊਡਰ ਦੀ ਗੰਧ-ਸੁਗੰਧ! ਦੂਸਰੇ ਪਾਸੇ, ਮੋਢਿਆਂ-ਬਗਲਾਂ ਕੋਲ ਪਸੀਨੇ ਨਾਲ ਸਿੱਲ੍ਹੀਆਂ ਹੋਈਆਂ ਕਮੀਜ਼ਾਂ ਵਾਲੇ ਮੇਰੇ ਦੋਸਤ ਤੇ ਰਿਸ਼ਤੇਦਾਰ ਆਪਣੀਆਂ ਟੂਟੀਦਾਰ ਪੱਗਾਂ ਦੇ ਅੱਖਾਂ ਲਾਗਲੇ ਲੜਾਂ ਦੀ ਸਿੱਲ੍ਹ ਉਪਰ ਰੁਮਾਲ ਫੇਰਦੇ ਜਾਂ ਪਰਨਿਆਂ ਦੀ ਝੱਲ ਮਾਰ ਕੇ ਪਸੀਨੇ ਨੂੰ ਸੁਕਾਉਣ ਦਾ ਭਰਮ ਪਾਲਦੇ!

ਮੇਰੇ ਸਾਹਮਣੇ ਚੌਂਕੜੀ ਮਾਰੀ ਬੈਠਾ ਬਾਪੂ ਪਾਰਸ ਲਗਾਤਾਰ ਹੇਠਾਂ-ਉਪਰ ਹਿੱਲ ਰਹੇ ਆਪਣੇ ਗੋਡਿਆਂ ਤੋਂ ਬੇਖਬਰ! ਉਪਰ ਵੱਲ ਨੂੰ ਖਿੱਚੀ ਹੋਈ ਉਹਦੇ ਮੱਥੇ ਦੀ ਚਮੜੀ ਅਤੇ ਹਲਕੀ ਜਿਹੀ ਮੁਸਕਾਨ ਬਣਨ ਦੀ ਕੋਸ਼ਿਸ਼ ਕਰ ਰਹੀਆਂ ਬੁੱਲ੍ਹਾਂ ਦੀਆਂ ਕੰਨੀਆਂ! ਬੁੱਲ੍ਹਾਂ ਲਾਗਲੇ ਵਾਲਾਂ ਦੀ ਕਰੜ-ਬਰੜ ਨੂੰ ਆਪਣੀ ਉਂਗਲ ਤੇ ਅੰਗੂਠੇ 'ਚ ਮਸਲਦਾ ਹੋਇਆ ਬਾਪੂ ਪਾਰਸ ਕਦੇ ਮੇਰੇ ਵੱਲ ਤੇ ਕਦੇ ਘੁਡਾਣੀ ਵਾਲੇ ਬਾਪੂ ਜੀ (ਮੇਰੇ ਸਹੁਰਾ ਜੀ) ਵੱਲ ਦੇਖੀ ਜਾ ਰਿਹਾ ਸੀ।

ਘੁਡਾਣੀ ਵਾਲੇ ਬਾਪੂ ਜੀ ਨੇ ਆਪਣੀਆਂ ਨਜ਼ਰਾਂ ਉਨ੍ਹਾਂ ਦੇ ਨਾਲ ਆਏ ਸਰਪੰਚ ਚਾਚਾ ਜੀ (ਗੁਰਬਚਨ ਸਿੰਘ) ਵੱਲੀਂ ਫੇਰੀਆਂ। ਚਿੱਟ-ਕੱਪੜੀਏ ਲਾਗੀ ਨੇ ਆਪਣਾ ਹੱਥ ਵਾਰੋ-ਵਾਰੀ ਦੋ ਤਿੰਨ ਝੋਲਿਆਂ ਵਿਚ ਉਤਾਰ ਦਿੱਤਾ ਤੇ ਉਨ੍ਹਾਂ 'ਚੋਂ ਛੁਹਾਰਿਆਂ, ਬਦਾਮਾਂ, ਮਖਾਣਿਆਂ ਤੇ ਸੌਂਗੀ ਦੇ ਮਿਲਗੋਭੇ ਦੀਆਂ ਮੁੱਠਾਂ, ਘੁਡਾਣੀਓਂ ਆਈਆਂ ਗਿਆਰਾਂ ਥਾਲੀਆਂ 'ਚ ਖੁਲ੍ਹਣ ਲੱਗ ਪਈਆਂ। ਫੇਰ ਉਸ ਨੇ ਇੱਕ ਤਕੜਾ ਬੁੱਕ ਮੋਢੇ ਉਪਰੋਂ ਮੇਰੀ ਚੌਂਕੜੀ ਵੱਲੀਂ ਲਮਕਦੇ ਮੇਰੇ ਪਰਨੇ ਦੀ ਝੋਲੀ 'ਚ ਵੀ ਕੇਰ ਦਿੱਤਾ। ਘੁਡਾਣੀ ਵਾਲੇ ਬਾਪੂ ਜੀ ਨੇ ਸੋਨੇ ਦੇ ਕੜੇ ਅਤੇ ਮੁੰਦਰੀ ਨੂੰ ਸਰਪੰਚ ਚਾਚਾ ਜੀ ਵੱਲੀਂ ਵਧਾਉਣ ਤੋਂ ਮਗਰੋਂ, ਲਾਗੀ ਦੇ ਹੱਥਾਂ 'ਚ ਪਕੜੀ ਥਾਲੀ 'ਚੋਂ ਇੱਕ ਛੁਹਾਰਾ ਚੁੱਕ ਕੇ ਮੇਰੇ ਮੂੰਹ ਕੋਲ ਲੈ ਆਂਦਾ।

ਦੂਸਰੀ ਮੁੰਦਰੀ ਘੁਡਾਣੀ ਵਾਲੇ ਬਾਪੂ ਜੀ ਦੇ ਹੱਥ ਵਿਚੋਂ ਸਰਪੰਚ ਚਾਚਾ ਜੀ ਦੀਆਂ ਉਂਗਲਾਂ ਵੱਲ ਵਧੀ ਅਤੇ ਬਾਪੂ ਪਾਰਸ ਵੱਲੀਂ ਉਮੀਦੀਆ-ਅੰਦਾਜ਼ 'ਚ ਝਾਕਣ ਲੱਗ ਪਈ।

ਮੁੰਦੀ ਪੁਆਉਣ ਤੋਂ ਪਹਿਲਾਂ ਬਾਪੂ ਪਾਰਸ



ਇਕਬਾਲ ਦਾ ਭਰਾ ਬਲਵੰਤ

ਨੇ ਆਪਣੀਆਂ ਛਲਕ ਰਹੀਆਂ ਅੱਖਾਂ ਮਲੀਆਂ ਅਤੇ ਘੁਡਾਣੀ ਵਾਲੇ ਬਾਪੂ ਜੀ ਨੂੰ ਆਪਣੀਆਂ ਬਾਹਾਂ ਵਿਚ ਵਲ਼ ਲਿਆ।

"ਕਰਨੈਲ ਦੀ ਝੋਲੀ ਤੂੰ ਆਵਦੀ 'ਪਰੋਫੈਸਰ' ਕੁੜੀ ਪਾ'ਤੀ, ਰਣਧੀਰ ਸਿਆਂ!" ਬਾਪੂ ਘੁੱਟੇ-ਹੋਏ ਗਲੇ 'ਚੋਂ ਘਘਿਆਇਆ।

ਘੁਡਾਣੀ ਵਾਲੇ ਬਾਪੂ ਜੀ ਨੇ ਹੱਥ ਜੋੜ ਕੇ ਆਪਣੀਆਂ ਅੱਖਾਂ ਮੀਟ ਲਈਆਂ।

"ਇੱਕ ਬੇਨਤੀ ਕਰਨੀ ਐਂ ਘੁਡਾਣੀ ਵਾਲੀ ਪੰਚਾਇਤ ਨੂੰ।" ਬਾਪੂ ਪਾਰਸ ਨੇ ਵੀ ਹੱਥ ਜੋੜ ਲਏ।

ਆਪਣੇ ਸਿਰ ਨੂੰ ਝਟਕਾ ਮਾਰ ਕੇ ਮੈਂ ਸਾਡੇ ਤੂਤਾਂ ਹੇਠ ਜੁੜੀ ਰੌਣਕ ਵਿਚੋਂ ਬਾਹਰ ਨਿਕਲਿਆ।

ਸਟੂਲ 'ਤੇ ਖਲੋਤੇ ਬਾਪੂ ਪਾਰਸ ਦੇ ਚਾਹ ਵਾਲੇ ਗਲਾਸ ਉਪਰ ਭਿਣਕ ਰਹੀਆਂ ਮੱਖੀਆਂ ਕਦੇ ਗਲਾਸ ਦੇ ਕਿਨਾਰਿਆਂ ਉਪਰ ਝੁਰਮਟ ਬਣਾ



ਬਾਪੂ ਕਰਨੈਲ ਸਿੰਘ ਪਾਰਸ

ਲੈਂਦੀਆਂ ਤੇ ਕਦੇ ਉਹ ਸਾਰੀਆਂ ਹੀ ਉਡ ਕੇ ਪਾਸਿਆਂ ਵੱਲ ਨੂੰ ਖਿੱਲਰ ਜਾਂਦੀਆਂ।

"ਐਸ ਮਕਾਨ ਦਾ ਪੰਗਾ ਬਾਪੂ ਜੀ, ਆਪਾਂ ਸਾਲ-ਦੋ ਸਾਲ ਅਟਕ ਕੇ ਲੈ ਲੈਂਦੇ ਤਾਂ ਵਧੀਆ ਰਹਿਣਾ ਸੀ!" ਮੈਂ ਗਲਾਸ ਤੋਂ ਮੱਖੀਆਂ ਉਡਾਉਣ ਲਈ ਆਪਣਾ ਪੰਜਾ ਸਟੂਲ ਉਤੇ ਝੱਲਿਆ।

"ਮੇਰੇ ਮੰਗਣੇ 'ਤੇ ਤੁਸੀਂ ਐਵੇਂ ਈ ਜਜ਼ਬਾਤੀ ਹੋ ਕੇ ਹੱਥ ਜੋੜ ਲਏ ਤੇ ਘੁਡਾਣੀ ਵਾਲੀ ਪੰਚਾਇਤ ਨੂੰ ਆਖਣ ਲੱਗ ਪੇ, ਸੁਖਸਾਗਰ ਦੀ ਡੋਲੀ ਮੈਂ ਖੇਤ 'ਚ ਨਵਾਂ ਘਰ ਉਸਾਰ ਕੇ ਉਤਾਰਨੀ ਐ!"

ਪਰ ਆਪਣੇ ਹੇਠਲੇ ਬੁੱਲ੍ਹ ਨੂੰ ਦੰਦਾਂ ਵਿਚਕਾਰ ਜਕੜ ਕੇ ਬੈਠਾ ਬਾਪੂ ਤਾਂ ਆਪਣੇ ਸਿਰ ਵਿਚ ਇੱਕ ਰਿਸ਼ਤੇਦਾਰ/ਦੋਸਤ ਦੇ ਘਰ 'ਚੋਂ ਨਿਕਲ ਕੇ ਦੂਸਰੇ ਦੇ ਵੜ ਰਿਹਾ ਸੀ, ਤੇ ਦੂਸਰੇ 'ਚੋਂ ਤੀਸਰੇ ਦੇ।

"ਪੰਜ ਹਜ਼ਾਰ ਹਵਾਈ ਜਹਾਜ਼ ਦੇ ਟਿਕਟ ਲਈ ਤੇ ਨੌਂ ਹਜ਼ਾਰ ਰੁਪਈਆ ਡਾਲਰਾਂ ਲਈ।" ਬਲਵੰਤ ਮੱਥੇ ਉਪਰ ਪੰਜਾ ਘਸਾਉਂਦਿਆਂ ਬੁੜਬੁੜਾਇਆ।

"ਪੰਜ ਜਮ੍ਹਾਂ ਨੌਂ, ਇਹ ਬਣਗੇ ਚੌਦਾਂ!"

"ਤੂੰ ਦੱਸ, ਢੋਲਾ, ਕਿੰਨੇ ਲੈ ਕੇ ਆਵੇਂਗਾ ਘੁਡਾਣੀਓਂ?" ਬਾਪੂ ਪਾਰਸ ਅੱਖਾਂ ਸੁੰਗੇੜ ਕੇ ਮੇਰੇ ਵੱਲੀਂ ਝਾਕਿਆ।

ਬਾਪੂ ਦਾ ਸੁਆਲ ਸੁਣਦਿਆਂ ਹੀ ਮੈਂ ਘੁਡਾਣੀ ਵਾਲੇ ਬੀ ਜੀ ਦੇ ਸਾਹਮਣੇ ਜਾ ਬੈਠਾ। ਬੀ ਜੀ ਸੌਣ-ਕਮਰੇ ਵਾਲੀ ਅਲਮਾਰੀ ਦੇ ਜਿੰਦਰੇ ਦੀ ਚਾਬੀ ਲੱਭਣ ਲਈ ਆਪਣੇ ਪਰਸ ਨੂੰ ਫਰੋਲਣ ਲੱਗ ਪਏ।

"ਬੋਲ ਬਈ ਇਕਬਾਲ ਸਿਆਂ!" ਬਾਪੂ ਪਾਰਸ ਨੇ ਆਪਣੀਆਂ ਅੱਖਾਂ ਨੂੰ ਸੁੰਗੇੜ ਲਿਆ। "ਚੁੱਪ ਕਿਉਂ ਕਰ ਗਿਆ?"

"ਪੱਚੀ ਸੌ ਲਿਖ ਲੋ ਘੁਡਾਣੀਓਂ।" ਮੈਂ ਆਪਣੇ ਸਿਰ ਨੂੰ ਉਪਰੋਂ ਹੇਠਾਂ ਵੱਲ ਨੂੰ ਹਿਲਾਇਆ।

ਬਾਪੂ ਦੇ ਚਿਹਰੇ 'ਚ ਲਾਲੀ ਘੁਲਣ ਲੱਗੀ।

"ਬਾਕੀ ਰਕਮ ਦਾ ਇੰਤਜ਼ਾਮ ਕਰਨਾ ਪੈਣੈ ਦੋ ਚਾਰ ਦਿਨਾਂ 'ਚ!" ਬਲਵੰਤ ਨੇ ਆਪਣੀਆਂ ਅੱਖਾਂ ਬਾਪੂ ਜੀ ਦੇ ਚਿਹਰੇ ਵਿਚ ਗੱਡ ਦਿੱਤੀਆਂ।

ਬਾਪੂ ਪਾਰਸ ਆਪਣੇ ਮੱਥੇ 'ਚ ਹੁਣ ਹੋਰ ਡੂੰਘਾ ਉਤਰ ਗਿਆ। ਮੈਨੂੰ ਪਤਾ ਸੀ ਜੌਹਰੀ ਮੱਲ ਆੜ੍ਹਤੀ ਆਪਣੀ ਵਹੀ ਲੈ ਕੇ ਬਾਪੂ ਪਾਰਸ ਦੇ ਮੱਥੇ 'ਚ ਆ ਵੜਿਆ ਹੋਵੇਗਾ।

"ਅੱਠ ਹਜ਼ਾਰ ਬਕਾਇਆ ਪਿਐ ਮਕਾਨ ਵਾਲੀ ਰਕਮ 'ਚੋਂ, ਕਰਨੈਲ ਸਿਆਂ!" ਜੌਹਰੀ ਮੱਲ ਆਪਣੀਆਂ ਐਨਕਾਂ ਦੇ ਫਰੇਮ ਉਪਰੋਂ ਦੀ ਬਾਪੂ ਵੱਲੀਂ ਝਾਕਿਆ ਹੋਵੇਗਾ। "ਬਾਕੀ ਮੁੰਡਾ ਜੇ ਤੇਰਾ ਐ ਤਾਂ ਸਾਡਾ ਵੀ ਤਾਂ ਕੁਸ਼ ਲਗਦੈ; ਆਪਣਾ ਵਿਆਰ ਐ ਕਿੰਨੇ ਵਰ੍ਹਿਆਂ ਤੋਂ...।"

ਬਾਪੂ ਨੇ ਮੱਥੇ ਨੂੰ ਝਟਕਾ ਮਾਰ ਕੇ ਆਪਣੀਆਂ ਅੱਖਾਂ ਖੋਲ੍ਹੀਆਂ।

"ਚੱਲੋ ਜੌਹਰੀ ਮੱਲ ਦੇ ਹੁਣੇ ਈਂ!" ਉਹ ਚੁਟਕੀ ਮਾਰ ਕੇ ਆਪਣੇ ਪੈਰਾਂ ਨੂੰ ਜੁੱਤੀ 'ਚ ਉਤਾਰਨ ਲੱਗਾ।

ਤੀਜੇ ਦਿਨ ਆਥਣ ਦੀ ਧੁੱਪ 'ਚ ਪਸੀਨਾ ਪੂੰਝਦਾ ਰਛਪਾਲ ਵੀ ਟੈਂਪੂ ਤੋਂ ਉਤਰ ਕੇ ਘਰ ਵੱਲ ਨੂੰ ਆਉਂਦਾ ਦਿਸਿਆ। ਰੁਮਾਲ ਵਿਚ ਬੰਨ੍ਹੀ ਰੁਪਈਆਂ ਦੀ ਥੱਬੀ ਨੂੰ, ਆਪਣੇ ਬੈਗ ਵਿਚੋਂ ਕੱਢ ਕੇ ਬਾਪੂ ਵੱਲੀਂ ਵਧਾਉਂਦਿਆਂ ਬੋਲਿਆ, "ਰਜਿੰਦਰ (ਰਛਪਾਲ ਦੀ ਮੰਗੇਤਰ) ਦੇ ਮਾਮਾ ਜੀ ਸੁਦਾਗਰ ਸਿਓਂ ਨੇ ਆਹ ਰਕਮ ਭੇਜੀ ਐ, ਜਹਾਜ਼ ਦੇ ਕਿਰਾਏ ਲਈ!"

ਤੀਜੇ ਦਿਨ ਰਛਪਾਲ ਤੇ ਰਜਿੰਦਰ ਗੁਰੂ ਗ੍ਰੰਥ ਦੇ ਸਾਹਮਣੇ ਬੈਠੇ ਸਨ ਤੇ ਪਾਠੀ ਸਿੰਘ ਹਰੇਕ ਲਾਂਵ ਨੂੰ ਮੁਕਾਉਣ ਪਿੱਛੋਂ ਗੁਰੂ ਗ੍ਰੰਥ ਸਾਹਿਬ ਉਪਰ ਚੌਰ ਝੁਲਾਅ ਰਿਹਾ ਸੀ।

ਅਗਲੀ ਰਾਤ ਰਛਪਾਲ ਦੇ ਹੱਥ 'ਚ ਟਿਕਟ ਤੇ ਪਾਸਪੋਰਟ, ਤੇ ਮੋਢੇ ਉਪਰ ਹੈਂਡਬੈਗ; ਦਿੱਲੀ ਹਵਾਈ ਅੱਡੇ ਦੇ ਅੰਦਰ, ਚੈਕ-ਇਨ ਕਾਊਂਟਰ ਦੇ ਸਾਹਮਣੇ ਉਹ ਯਾਤਰੀਆਂ ਦੀ ਕਤਾਰ 'ਚ ਖਲੋਤਾ ਸੀ।

ਰਛਪਾਲ ਦੇ ਜਹਾਜ਼ ਚੜ੍ਹਨ ਤੋਂ ਤੀਜੇ ਦਿਨ ਮੇਰੀ ਨੀਂਦਰ ਤੜਕੇ ਦੋ-ਢਾਈ ਵਜੇ ਹੀ ਤਿੜਕ ਗਈ। ਛੱਤ ਤੋਂ ਲਟਕਦਾ ਪੱਖਾ, ਕਮਰੇ ਅੰਦਰਲੇ ਸੰਘਣੇ ਹਨੇਰੇ ਨੂੰ ਰਿੜਕਣ ਦੇ ਨਾਲ ਨਾਲ ਮੇਰੇ ਅੰਦਰ ਵੀ ਵਾਵਰੋਲੇ ਘੁੰਮਾਉਣ ਲੱਗਾ। ਮੈਂ ਆਪਣੀਆਂ ਅੱਖਾਂ ਨੂੰ ਚੌੜੀਆਂ ਕਰ-ਕਰ ਕੇ ਸੰਘਣੀ ਕਾਲੋਂ ਵਿਚ ਪੱਖੇ ਨੂੰ, ਕੁਰਸੀ ਅਤੇ ਬੁਝੀ ਬੱਤੀ ਲੱਭਣ ਲੱਗਾ।

'ਵੀਜ਼ਾ ਰਫਿਊਜ਼ ਵੀ ਤਾਂ ਹੋ ਸਕਦੈ, ਰਛਪਾਲ ਨੂੰ?' ਸੰਘਣਾ ਹਨੇਰਾ ਮੇਰੇ ਮੱਥੇ 'ਚ ਕਾਨਾਫੂਸੀ ਕਰਨ ਲੱਗਾ।

ਮੇਰੇ ਅੰਦਰੋਂ ਜਿਵੇਂ ਸਾਰਾ ਕੁਝ ਹੀ ਬਾਹਰ ਵੱਲ ਨੂੰ ਵਹਿਣ ਲੱਗ ਪਿਆ ਸੀ!

'ਅਪੀਲ ਕਰਨੀ ਪਊ ਜੇ ਵੀਜ਼ਾ ਨਾ ਮਿਲਿਆ!' ਹਨੇਰਾ ਬੁੜਬੁੜਾਇਆ। 'ਪਰ ਹੋ ਸਕਦੈ ਪਿਆਰਾ ਪੰਨੂੰ ਏਅਰਪੋਰਟ 'ਤੇ ਪਹੁੰਚਿਆ ਈ ਨਾ ਹੋਵੇ?'

ਮੇਰੇ ਸਾਹ ਲੰਮੇ ਹੋਣ ਲੱਗੇ, ਤੇ ਮੱਥੇ ਉਪਰ ਉਭਰ ਰਿਹਾ ਪਸੀਨਾ ਮੇਰੇ ਕੰਨਾਂ ਵੱਲ ਨੂੰ ਵਗਣ ਲੱਗਾ।

"ਕੀ ਕਰੂ ਰਛਪਾਲ ਪਰਾਏ ਮੁਲਕ 'ਚ? ਕਿੱਥੇ ਜਾਊ?"

ਮੇਰੀਆ ਅੱਖਾਂ ਦੀਆਂ ਪਲਕਾਂ ਭਾਰੀਆਂ ਭਾਰੀਆਂ ਹੋਣ ਲੱਗੀਆਂ। ਪਤਾ ਹੀ ਨਾ ਲੱਗਾ ਕਦੋਂ ਮੇਰੇ ਆਲੇ-ਦੁਆਲੇ ਤਣਿਆ ਹਨੇਰਾ ਮੇਰੇ ਮੱਥੇ ਦੇ ਅੰਦਰਲੇ ਪਾਸੇ ਸੰਘਣੀ ਧੁੰਦ ਬਣ ਕੇ ਲਟਕ ਗਿਆ, ਲੁੱਕ ਵਰਗੀ ਚਿਪਚਿਪੀ ਧੁੰਦ। ਉਸ ਧੁੰਦ 'ਚ ਹੁਣ ਮੈਨੂੰ ਰਛਪਾਲ ਦਿਸਣ ਲੱਗਾ, ਵਿਲਕਿਆ ਹੋਇਆ ਮੂੰਹ ਤੇ ਕਿਰੂੰ-ਕਿਰੂੰ ਕਰਦੇ ਪਗੜੀ ਦੇ ਲੜ! ਉਹ ਕਾਲਜ ਦੇ ਗੇਟ ਤੋਂ ਸਟੇਡੀਅਮ ਦੇ ਕੋਲ ਦੀ ਹੁੰਦਾ ਸਾਡੇ ਫਲੈਟ ਵੱਲ ਨੂੰ ਡਿਕੋਡੋਲੇ ਖਾਂਦਾ ਆ ਰਿਹਾ ਸੀ-ਮੋਢੇ ਉਪਰ ਲਮਕਾਏ ਹੈਂਡਬੈਗ ਦੀ ਵਧਰੀ ਨੂੰ ਵਾਰ ਵਾਰ ਉਪਰ ਵੱਲ ਨੂੰ ਖਿਚਦਾ ਹੋਇਆ। ਉਹ ਹੁਣ ਫਲੈਟ ਦੇ ਦਰਵਾਜ਼ੇ ਕੋਲ ਅੱਪੜ ਗਿਆ ਸੀ। ਮੇਰੀ ਅਰਧ-ਸੁਰਤ ਅਵਸਥਾ 'ਚ ਜੌਹਰੀ ਮੱਲ ਦੀ ਵਹੀ ਦੇ ਵਰਕੇ ਖੜਕਣ ਲੱਗੇ, 'ਦੋ ਰੁਪਏ ਸੈਂਕੜਾ ਸਾਲਾਨਾ ਵਿਆਜ!' ਬਾਪੂ ਪਾਰਸ ਦੀ ਪਗੜੀ ਦੇ ਪੇਚਾਂ ਵਿਚੋਂ ਰੇਤਾ ਕਿਰਨ ਲੱਗਾ।

"ਮਸਾਂ ਛੁਡਾਈ ਸੀ ਜ਼ਮੀਨ ਗਿਰਵੀਦਾਰਾਂ ਤੋਂ!" ਮੈਂ ਮੇਰੇ ਮੱਥੇ 'ਚ ਗਸ਼ਤ ਕਰ ਰਹੇ ਹਨੇਰੇ ਨੂੰ ਦੱਸਣ ਲੱਗਾ।

ਜ਼ਮੀਨ ਦਾ ਚੇਤਾ ਆਉਂਦਿਆ ਹੀ, ਸਾਡੇ ਖੂਹ ਲਾਗਲੇ ਦੋ ਕਿੱਲਿਆਂ 'ਚ ਸੁਦਾਗਰ ਸਿਉਂ 'ਸਰਮਾਏਦਾਰ' ਦੇ ਸੀਰੀ ਉਸ ਦੇ ਬਲਦਾਂ ਅਤੇ ਹਲਾਂ ਨੂੰ ਲੈ ਆਏ; ਹਲਾਂ ਦੀਆਂ ਚੌਆਂ ਨਾਲ ਬਾਪੂ ਪਾਰਸ ਦੀ ਖੋਪੜੀ 'ਚ ਸਿਆੜ ਨਿਕਲਣ ਲੱਗੇ।

ਮੇਰਾ ਸਿਰ ਕੰਬਿਆ!

ਫਿਰ ਜਾਗੋ-ਮੀਟੀ 'ਚ ਕਦੇ ਮੇਰਾ ਬਟੂਆ ਗੁਆਚ ਜਾਂਦਾ, ਕਦੇ ਸਾਡੇ ਪਿੰਡ ਵਾਲੇ ਘਰ 'ਚ ਬਿਜਲੀ ਦੇ ਬਲਬ ਟੁੱਟਣ ਲਗਦੇ, ਤੇ ਕਦੇ ਬਾਪੂ ਦੇ ਖੀਸੇ 'ਚ ਮੋਰੀਆਂ ਹੋ ਜਾਂਦੀਆਂ।

"ਕੀ ਗੱਲ, ਉਠਣਾ ਨੀ ਅੱਜ?" ਸੁਰਿੰਦਰ ਨੇ ਮੇਰਾ ਮੋਢਾ ਹਲੂਣਿਆ।

ਮੈਂ ਅੱਖਾਂ ਪੱਟ ਕੇ ਕਾਹਲੀ-ਕਾਹਲੀ ਸੱਜੇ-ਖੱਬੇ ਵੱਲ ਝਾਕਣ ਲੱਗਾ।

"ਉਠ ਕੇ ਨਹਾ ਲੈ।" ਸੁਰਿੰਦਰ ਆਪਣੀ ਫਿਫਟੀ ਨੂੰ ਥਾਂ-ਸਿਰ ਕਰਦਿਆਂ ਬੋਲਿਆ।

"ਚਾਹ ਬਣਾ ਲੀ ਐ ਮੈਂ, ਤੇਰੇ ਵਾਸਤੇ ਵੀ!"

"ਮੈਂ ਨੀ ਜਾਣਾ ਅੱਜ ਕਾਲਜ।" ਉਬਾਸੀ ਲੈਂਦਿਆਂ, ਚਾਹ ਦੀ ਪਿਆਲੀ ਵੱਲ ਨਿਗ੍ਹਾ ਮੋੜ ਕੇ ਮੈਂ ਆਪਣਾ ਸਿਰ ਸੱਜੇ-ਖੱਬੇ ਫੇਰਿਆ।

ਸੁਰਿੰਦਰ ਫਲੈਟ ਤੋਂ ਬਾਹਰ ਹੋਇਆ ਹੀ ਸੀ ਕਿ ਗੁਸਲਖਾਨੇ 'ਚ ਟੂਟੀ 'ਚੋਂ ਬਾਲਟੀ ਵਿਚ ਤ੍ਰਿਪ ਤ੍ਰਿਪ ਕਿਰਦੇ ਤੁਪਕੇ 'ਆ ਜਾ ਅੰਦਰ, ਆ ਜਾ ਅੰਦਰ!' ਕਰਨ ਲੱਗੇ।

ਗੁਸਲਖਾਨੇ 'ਚੋਂ ਨਿਕਲ ਕੇ, ਡਰਾਇੰਗ ਰੂਮ ਵਿਚ ਪਈ ਕੁਰਸੀ ਉਪਰ ਬੈਠਣ ਬਾਰੇ ਮੈਂ ਹਾਲੇ ਸੋਚ ਹੀ ਰਿਹਾ ਸਾਂ ਕਿ ਦਰਵਾਜ਼ੇ ਉਪਰ ਹੋ ਰਹੀ 'ਠੱਕ ਠੱਕ' ਨੇ ਮੇਰੇ ਹੱਥ ਨੂੰ ਤਖਤੇ ਦੀ ਅਰਲ ਵੱਲੀਂ ਖਿੱਚ ਲਿਆ।

ਦਰਵਾਜ਼ਾ ਖੁਲ੍ਹਦਿਆਂ ਹੀ ਮੇਰਾ ਸਰੀਰ ਕੰਬ ਉਠਿਆ: ਸੁਧਾਰ ਦੇ ਡਾਕਖਾਨੇ ਵਾਲੇ ਵੱਡੇ ਬਾਬੂ ਜੀ ਦੀ ਨੀਲੀ ਦਸਤਾਰ ਦੇ ਸਲੀਕੇ ਨਾਲ ਚਿਣੇ ਲੜਾਂ 'ਚੋਂ ਚਿੰਤਾ ਚੋਣ ਲੱਗੀ। ਬਾਬੂ ਜੀ ਨੇ, ਫੌਜੀ-ਅੰਦਾਜ਼ ਵਿਚ ਪੁੱਠੇ-ਲੋਟ, ਡੋਰੀ 'ਚ ਬੰਨ੍ਹੀ ਦਾੜ੍ਹੀ ਨੂੰ ਆਪਣੇ ਪੰਜਿਆਂ ਨਾਲ ਥਪ-ਥਪਾਇਆ, ਅਤੇ 'ਸਾ ਸ੍ਰੀ 'ਕਾਲ, ਪ੍ਰੋਫੈਸਰ ਸਾਹਿਬ' ਆਖ ਕੇ ਉਹ ਡਰਾਇੰਗ ਰੂਮ ਦੀਆਂ ਕੁਰਸੀਆਂ ਵੱਲ ਨੂੰ ਵਧ ਆਏ।

ਲੰਮਾਂ ਸਾਹ ਫੇਫੜਿਆਂ ਵੱਲ ਨੂੰ ਖਿੱਚ ਕੇ ਮੈਂ ਆਪਣੀਆਂ ਨਜ਼ਰਾਂ ਬਾਬੂ ਜੀ ਦੀਆਂ ਅੱਖਾਂ ਵੱਲੀਂ ਸੇਧ ਦਿੱਤੀਆਂ।

"ਮੈਂ ਸੋਚਿਆ ਡਾਕੀਏ ਨੂੰ ਕਾਹਨੂੰ ਘੱਲਣੈ; ਆਪ ਈ ਚਲਦੇ ਆਂ!" ਤੇ ਬਾਬੂ ਜੀ ਨੇ ਇੱਕ ਖਾਕੀ ਲਿਫਾਫਾ ਮੇਰੇ ਵੱਲ ਵਧਾ ਦਿੱਤਾ।

"ਇਹ ਕੀ?" ਮੇਰੀ ਆਵਾਜ਼ ਕੰਬਣ ਲੱਗੀ।

"ਖੋਲ੍ਹਣ ਦੀ ਲੋੜ ਨੀ ਲਿਫਾਫੇ ਨੂੰ, ਗਿੱਲ ਸਾਅਬ!" ਬਾਬੂ ਜੀ ਦੀਆਂ ਉਂਗਲਾਂ ਉਨ੍ਹਾਂ ਦੀਆਂ ਮੁੱਛਾਂ ਉਤੇ ਫਿਰਨ ਲੱਗੀਆਂ।

"ਸਮਝ ਤਾਂ ਮੈਂ ਗਿਆਂ, ਬਾਬੂ ਜੀ।" ਮੈਂ ਆਪਣੇ ਸਿਰ ਨੂੰ ਉਪਰ-ਹੇਠਾਂ ਹਿਲਾਇਆ। "ਪਰ ਲਿਖਿਆ ਕੀ ਐ ਇਸ 'ਚ?"

"ਅੱਜ ਸ਼ਾਮ ਨੂੰ ਮਹਿਫਿਲ ਦਾ ਇੰਤਜ਼ਾਮ ਕਰੋ, ਸਰ ਜੀ!"

"ਅੱਛਾ?" ਮੇਰੀਆਂ ਅੱਖਾਂ ਛਤਰੀ ਵਾਂਗ ਖੁਲ੍ਹ ਗਈਆਂ।

"ਅੱਜ...।"

"ਓ ਛੱਡੋ, ਗਿੱਲ ਸਾਅਬ, ਅੱਜ ਅੱਜ ਨੂੰ...।"

"ਨਹੀਂ, ਬਾਬੂ ਜੀ, ਅੱਜ ਤਾਂ ਮਹਿਫਿਲ ਲੱਗ'ਗੀ ਰਾਮੂਵਾਲੇ ਬਾਪੂ ਪਾਰਸ ਆਲੇ ਕਮਰੇ 'ਚ! ਓਥੇ ਸਾਰਾ ਟੱਬਰ ਫਿਕਰ 'ਚ ਡੁੱਬਿਆ ਪਿਆ ਹੋਣੈ!"

ਬਾਬੂ ਜੀ ਦੇ ਚਲੇ ਜਾਣ ਤੋਂ ਬਾਅਦ ਮੈਨੂੰ ਬਾਪੂ ਪਾਰਸ ਦੇ ਖੀਸੇ 'ਚ ਜੁਗਨੂੰਆਂ ਦੀਆਂ ਟਿਮਕਣੀਆਂ ਨਜ਼ਰ ਆਉਣ ਲੱਗੀਆਂ।

## ਕਹਾਣੀ

# ਤਾਸ਼ ਦੀ ਆਦਤ

ਨਾਨਕ ਸਿੰਘ

“ਰਹੀਮੋ!” ਸ਼ੇਖ ਅਬਦੁਲ ਹਮੀਦ ਸਬ ਇੰਸਪੈਕਟਰ ਨੇ ਘਰ ਦਾ ਬੂਹਾ ਵੜਦਿਆਂ ਹੀ ਨੌਕਰ ਨੂੰ ਆਵਾਜ਼ ਦਿਤੀ, “ਬਸ਼ੀਰ ਨੂੰ ਮੇਰੇ ਕਮਰੇ ਵਿਚ ਭੇਜ ਜ਼ਰਾ!” ਤੇ ਉਹ ਸ਼ਪਾ ਸ਼ਪ ਆਪਣੇ ਪ੍ਰਾਈਵੇਟ ਕਮਰੇ ਵਿਚ ਪੁਜੇ, ਕੋਟ ਤੇ ਪੇਟੀ ਲਾਹ ਕੇ ਕਿੱਲੀ ਉਤੇ ਟੰਗੀ ਅਤੇ ਮੇਜ਼ ਦੇ ਅਗੇ ਜਾ ਬੈਠੇ।

ਮੇਜ਼ ਉਤੇ ਬਹੁਤ ਸਾਰਾ ਖਿੱਲਰ ਖਲੇਰਾ ਪਿਆ ਹੋਇਆ ਸੀ। ਇਕ ਨੁੱਕਰੇ ਕੁਝ ਮੋਟੀਆਂ ਪਤਲੀਆਂ, ਕਾਨੂੰਨੀ ਅਤੇ ਗੈਰ ਕਾਨੂੰਨੀ ਆਦਿ ਕਿਤਾਬਾਂ ਉਸਰੀਆਂ ਹੋਈਆਂ ਸਨ। ਦੂਜੀ ਨੁੱਕਰੇ ਚਿੱਟੇ ਪੀਲੇ ਉਘੜ-ਦੁਘੜ ਕਾਗਜ਼ਾਂ ਨਾਲ ਤੁਸੀਆਂ ਹੋਈਆਂ ਕਈ ਫਾਈਲਾਂ। ਵਿਚਕਾਰ ਕਲਮਦਾਨ ਅਤੇ ਉਸ ਦੇ ਲਾਗੇ ਕਰ ਕੇ ਅੱਜ ਦੀ ਆਈ ਹੋਈ ਡਾਕ ਪਈ ਸੀ, ਜਿਸ ਵਿਚ ਪੰਜ ਛੇ ਲਫਾਫੇ, ਦੋ ਤਿੰਨ ਪੋਸਟ ਕਾਰਡ ਅਤੇ ਇਕ ਦੋ ਅਖਬਾਰਾਂ ਵੀ ਸਨ। ਪਿੰਨ ਕੁਸ਼ਨ, ਬਲਾਟਿੰਗ ਪੇਪਰ, ਪੇਪਰ ਵੇਟ, ਟੈਗਾਂ ਦਾ ਇਕ ਮੁੱਠਾ ਅਤੇ ਹੋਰ ਇਹੋ ਜਿਹਾ ਨਿੱਕਤ ਸੁੱਕਤ ਥਾਉਂ ਥਾਈਂ ਪਿਆ ਸੀ।

ਬੈਠਦਿਆਂ ਹੀ ਸ਼ੇਖ ਹੋਰਾਂ ਨੇ ਦੂਰ ਦੀ ਐਨਕ ਉਤਾਰ ਕੇ ਮੇਜ਼ ਦੀ ਸਾਹਮਣੀ ਬਾਹੀ, ਜਿਹੜੀ ਕੁਝ ਖਾਲੀ ਸੀ, ਉਤੇ ਟਿਕਾ ਦਿਤੀ ਅਤੇ ਜੇਬ ਵਿਚੋਂ ਨੇੜੇ ਦੀ ਐਨਕ ਲਾ ਕੇ ਡਾਕ ਵੇਖਣ ਲਗੇ। ਉਨ੍ਹਾਂ ਨੇ ਅਜੇ ਦੋ ਕੁ ਲਫਾਫੇ ਹੀ ਖੋਲ੍ਹੇ ਸਨ ਕਿ ਪੰਜਾਂ ਕੁ ਵਰ੍ਹਿਆਂ ਦਾ ਇਕ ਮੁੰਡਾ ਅੰਦਰ ਆਉਂਦਾ ਦਿਸਿਆ।

ਮੁੰਡਾ, ਵੇਖਣ ਵਿਚ ਬੜਾ ਚੁਸਤ ਚਲਾਕ ਅਤੇ ਸ਼ਰਾਰਤੀ ਜਿਹਾ ਸੀ, ਪਰ ਪਿਉ ਦੇ ਕਮਰੇ ਵਿਚ ਵੜਦਿਆਂ ਹੀ ਉਸ ਦਾ ਸੁਭਾਉ ਇਕਦਮ ਬਦਲ ਗਿਆ। ਚੰਚਲ ਅਤੇ ਫੁਰਤੀਲੀਆਂ ਅੱਖਾਂ ਨਿਉਂ ਗਈਆਂ। ਸਰੀਰ ਵਿਚ ਜਿਵੇਂ ਸਾਹ ਸਤ ਹੀ ਨਹੀਂ ਸੀ।

“ਬੈਠ ਜਾਹ ਸਾਹਮਣੀ ਕੁਰਸੀ ਉਤੇ।” ਇਕ ਲੰਮੀ ਚਿੱਠੀ ਪੜ੍ਹਦਿਆਂ ਸ਼ੇਰ ਵਾਂਗ ਭਬਕ ਕੇ ਸ਼ੇਖ ਹੋਰਾਂ ਹੁਕਮ ਦਿੱਤਾ।

“ਤੱਕ ਮੇਰੇ ਵੱਲ”, ਚਿੱਠੀ ਵਲੋਂ ਧਿਆਨ ਹਟਾ ਕੇ ਸ਼ੇਖ ਹੋਰੀ ਕੜਕੇ, “ਤੂੰ ਅੱਜ ਤਾਸ਼ ਖੇਡੀ ਸੀ, ਸੁਣਿਆ ਏ?”

“ਨਹੀਂ ਅੱਬਾ ਜੀ।” ਮੁੰਡੇ ਨੇ ਡਰਦਿਆਂ ਕਿਹਾ।

“ਡਰ ਨਾ”, ਸ਼ੇਖ ਹੋਰਾਂ ਆਪਣੀ ਆਦਤ ਦੇ ਵਿਰੁਧ ਕਿਹਾ, “ਸਚੋ ਸੱਚ ਦੱਸ ਦੇ, ਮੈਂ ਤੈਨੂੰ ਕਹਿੰਦਾ ਕੁਝ ਨਹੀਂ। ਮੈਂ ਖੁਦ ਤੈਨੂੰ ਅੱਖੀਂ ਵੇਖਿਆ ਸੀ, ਅਬਦਲੇ ਦੇ ਮੁੰਡੇ ਨਾਲ ਉਨ੍ਹਾਂ ਦੇ ਵਿਹੜੇ ਵਿਚ ਤੂੰ ਪਿਆ ਖੇਡਦਾ ਸੈਂ। ਦੱਸ ਖੇਡੀ ਸੀ ਕਿ ਨਹੀਂ?”

ਮੁੰਡਾ ਮੂੰਹੋਂ ਤਾਂ ਨਾ ਬੋਲਿਆ ਪਰ ਉਸ ਨੇ ਹਾਂ ਵਿਚ ਸਿਰ ਹਿਲਾਇਆ।

“ਸ਼ਾਬਾਸ਼!” ਸ਼ੇਖ ਹੋਰੀਂ ਹੋਰ ਨਰਮੀ ਨਾਲ ਬੋਲੇ, “ਮੈਂ ਤੇਰੇ ਉਤੇ ਬੜਾ ਖੁਸ਼ ਹਾਂ ਕਿ ਤੂੰ ਆਖਰ ਸੱਚ ਦੱਸ ਦਿੱਤਾ। ਅਸਲ ਵਿਚ ਬਸ਼ੀਰ, ਮੈਂ ਆਪ ਤਾਂ ਨਹੀਂ ਸੀ ਵੇਖਿਆ, ਕਿਸੇ ਤੋਂ ਸੁਣਿਆ ਸੀ। ਇਹ ਤਾਂ ਤੈਥੋਂ ਇਕਬਾਲ ਕਰਾਉਣ ਦਾ ਇਕ ਤਰੀਕਾ ਸੀ। ਬਹੁਤ ਸਾਰੇ ਮੁਲਜ਼ਮਾਂ ਨੂੰ ਅਸੀਂ ਇਸੇ ਤਰ੍ਹਾਂ ਬਕਾ ਲੈਂਦੇ ਹਾਂ। ਖੈਰ, ਪਰ ਮੈਂ ਤੈਨੂੰ ਅੱਜ ਕੁਝ ਜ਼ਰੂਰੀ ਗੱਲਾਂ ਸਮਝਾਉਣੀਆਂ ਨੇ, ਜ਼ਰਾ ਖਿਆਲ ਨਾਲ ਸੁਣ।”

“ਖਿਆਲ ਨਾਲ ਸੁਣ”, ਕਹਿਣ ਤੋਂ ਬਾਅਦ ਉਨ੍ਹਾਂ ਨੇ ਬਸ਼ੀਰ ਵੱਲ ਤੱਕਿਆ। ਉਹ ਮੇਜ਼ ਉਤੇ ਪਈ ਪਿਉ ਦੀ ਐਨਕ ਨੂੰ ਫੜ ਕੇ ਉਸ ਦੀਆਂ ਕਮਾਨੀਆਂ ਹੇਠਾਂ ਉਤੇ ਕਰ ਰਿਹਾ ਸੀ।

ਐਨਕ ਉਸ ਦੇ ਹਥੋਂ ਫੜ ਕੇ ਨਾਲ ਹੀ ਫਾਈਲ ਵਿਚੋਂ ਇਕ ਵਾਰੰਟ ਦਾ ਮਜ਼ਮੂਨ ਦਿਲ ਵਿਚ ਪੜ੍ਹਦੇ ਹੋਏ ਸ਼ੇਖ ਹੋਰੀਂ ਬੋਲੇ, “ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਗੁਨਾਹ ਬਹੁਤ ਸਾਰੇ ਗੁਨਾਹਾਂ ਦਾ ਪੇਸ਼ ਖੇਮਾ ਹੁੰਦਾ ਹੈ, ਜਿਸ ਦੀ ਜ਼ਿੰਦਾ ਮਿਸਾਲ ਇਹ ਹੈ ਕਿ ਤਾਸ਼ ਖੇਡਣ ਦਾ ਗੁਨਾਹ ਲੁਕਾਉਣ ਲਈ ਤੈਨੂੰ ਝੂਠ ਬੋਲਣਾ ਪਿਆ। ਯਾਨਿ ਇਕ ਦੇ ਥਾਂ ਤੂੰ ਦੋ ਗੁਨਾਹ ਕੀਤੇ।”

ਵਾਰੰਟ ਨੂੰ ਮੁੜ ਫਾਈਲ ਵਿਚ ਨੱਥੀ ਕਰਦਿਆਂ ਸ਼ੇਖ ਹੋਰਾਂ ਮੁੰਡੇ ਵਲ ਤਕਿਆ। ਬਸ਼ੀਰ ਪਿੰਨ ਕੁਸ਼ਨ ਵਿਚੋਂ ਪਿੰਨ ਕਢ ਕਢ ਕੇ ਟੇਬਲ ਕਲਾਥ ਵਿਚ ਖੁਭੋ ਰਿਹਾ ਸੀ।

“ਮੇਰੇ ਵਲ ਧਿਆਨ ਕਰ”, ਉਸ ਦੇ ਹੱਥੋਂ ਪਿੰਨ ਖੋਹ ਕੇ ਸ਼ੇਖ ਹੋਰੀਂ ਇਕ ਅਖਬਾਰ ਦੇ ਵਰਕੇ ਫੋਲਦਿਆਂ ਬੋਲੇ, “ਤਾਸ਼ ਵੀ ਇਕ ਕਿਸਮ ਦਾ ਜੂਆ ਹੁੰਦਾ ਹੈ, ਜੂਆ! ਏਸੇ ਤੋਂ ਵਧਦੀ ਵਧਦੀ ਆਦਮੀ ਨੂੰ ਜੂਏ ਦੀ ਆਦਤ ਪੈ ਜਾਂਦੀ ਏ। ਸੁਣਿਆ ਈ? ਤੇ ਇਹ ਆਦਤ ਨਾ ਸਿਰਫ ਆਪਣੇ ਤੱਕ ਹੀ ਮਹਿਦੂਦ ਰਹਿੰਦੀ ਏ, ਬਲਕਿ ਇਕ ਆਦਮੀ ਪਾਸੋਂ ਦੂਜੇ ਨੂੰ, ਦੂਜੇ ਪਾਸੋਂ ਤੀਜੇ ਨੂੰ ਪੈ ਜਾਂਦੀ ਏ, ਜਿਸ ਤਰ੍ਹਾਂ ਖਰਬੂਜ਼ੇ ਨੂੰ ਵੇਖ ਕੇ ਖਰਬੂਜ਼ਾ ਰੰਗ ਫੜਦਾ ਏ।”

ਕਲਮਦਾਨ ਵਿਚੋਂ ਉਂਗਲ ਨਾਲ ਸਿਆਹੀ ਲਾ ਕੇ ਬਸ਼ੀਰ ਇਕ ਕੋਰੇ ਕਾਗਜ਼ ਉਤੇ ਚੀਚ ਵਰੋਲੇ



ਵਾਹ ਰਿਹਾ ਸੀ। ਖਰਬੂਜ਼ੇ ਦਾ ਨਾਂ ਸੁਣਦਿਆਂ ਹੀ ਉਹਨੇ ਉਂਗਲ ਨੂੰ ਮੇਜ਼ ਦੀ ਹੇਠਲੀ ਬਾਹੀ ਨਾਲ ਪੂੰਝ ਕੇ ਪਿਉ ਵਲ ਇਸ ਤਰ੍ਹਾਂ ਤਕਿਆ, ਜਿਵੇਂ ਸੱਚ ਮੁੱਚ ਕੋਈ ਹਥ ਵਿਚ ਖਰਬੂਜ਼ਾ ਲਈ ਬੈਠਾ ਹੋਵੇ।

“ਬਸ਼ੀਰ!” ਉਸ ਦੇ ਅਗੋਂ ਕਲਮਦਾਨ ਚੁੱਕ ਕੇ ਪਰੇ ਰਖਦਿਆਂ ਸ਼ੇਖ ਹੋਰੀਂ ਬੋਲੇ, “ਮੇਰੀ ਗੱਲ ਧਿਆਨ ਨਾਲ ਸੁਣ!” ਅਜੇ ਉਹ ਏਨੀ ਗੱਲ ਕਰ ਸਕੇ ਸਨ ਕਿ ਟੈਲੀਫੋਨ ਦੀ ਘੰਟੀ ਵੱਜੀ। ਸ਼ੇਖ ਹੋਰਾਂ ਨੇ ਉਠ ਕੇ ਰਿਸੀਵਰ ਫੜਿਆ, “ਹੈਲੋ! ਕਿਥੋਂ ਬੋਲਦੇ ਜੇ? ਬਾਬੂ ਪਰਸ਼ੋਤਮ ਦਾਸ? ਆਦਾਬ-ਅਰਜ਼! ਸੁਣਾਓ ਕੀ ਹੁਕਮ ਹੈ? ਲਾਟਰੀ ਦੀਆਂ ਟਿਕਟਾਂ? ਉਹ ਅੱਜ ਮੈਂ ਸ਼ਾਮ ਨੂੰ ਪੂਰ ਕਰਕੇ ਭੇਜ ਦਿਆਂਗਾ! ਕਿੰਨੇ ਰੁਪਏ ਨੇ ਪੰਜ ਟਿਕਟਾਂ ਦੇ? ਪੰਜਾਹ? ਖੈਰ...ਪਰ ਕਦੇ ਕੱਢੀ ਵੀ ਜੇ ਅੱਜ ਤੀਕ? ਕਿਸਮਤ ਖਬਰੇ ਕਦੋਂ ਜਾਗ ਪਵੇਗੀ। ਤੇ ਤੁਸੀਂ ਕਿਸ ਮਰਜ਼ ਦੀ ਦੁਆ ਹੋਏ! ਅੱਛਾ, ਆਦਾਬ ਅਰਜ਼!”

ਰਿਸੀਵਰ ਰਖ ਕੇ ਉਹ ਮੁੜ ਆਪਣੀ ਥਾਂ ਉਤੇ ਆ ਬੈਠੇ ਅਤੇ ਬੋਲੇ, “ਵੇਖ ਸ਼ਰਾਰਤਾਂ ਨਾ ਕਰ, ਪੇਪਰ ਵੇਟ ਭੁੰਜੇ ਡਿਗ ਕੇ ਟੁਟ ਜਾਏਗਾ। ਏਸ ਨੂੰ ਰਖ ਦੇਹ ਤੇ ਧਿਆਨ ਨਾਲ ਮੇਰੀ ਗੱਲ ਸੁਣ।...ਹਾਂ, ਮੈਂ ਕੀ ਕਹਿ ਰਿਹਾ ਸਾਂ!” ਇਕ ਹੋਰ ਫਾਈਲ ਦਾ ਫੀਤਾ ਖੋਲ੍ਹਦਿਆਂ ਸ਼ੇਖ ਹੋਰੀਂ ਬੋਲੇ, “ਤਾਸ਼ ਦੀਆਂ ਬੁਰਾਈਆਂ ਦਸ ਰਿਹਾ ਸਾਂ। ਤਾਸ਼ ਤੋਂ ਜੂਆ, ਜੂਏ ਤੋਂ ਚੋਰੀ, ਤੇ ਚੋਰੀ ਤੋਂ ਬਾਅਦ? ਪਤਾ ਈ ਕੀ ਹਾਸਲ ਹੁੰਦਾ ਏ?” ਬਸ਼ੀਰ ਵਲ ਤਕਦਿਆਂ ਉਹ ਬੋਲੇ, “ਜੇਲ੍ਹ ਯਾਨਿ ਕੈਦ ਦੀ ਸਜ਼ਾ।”

ਫਾਈਲ ਵਿਚੋਂ ਬਾਹਰ ਨਿਕਲੇ ਹੋਏ ਇਕ ਪੀਲੇ ਕਾਗਜ਼ ਨੂੰ ਬਸ਼ੀਰ ਡੰਕ ਦੀ ਚੁੰਝ ਨਾਲ ਛੇਕ ਪਾ ਰਿਹਾ ਸੀ।

“ਨਾਲਾਇਕ, ਪਾਜੀ”, ਸ਼ੇਖ ਹੋਰੀਂ ਉਸ ਦੇ ਹੱਥੋਂ ਡੰਕ ਖਿਚਦੇ ਹੋਏ ਬੋਲੇ, ਛੱਡ ਇਨ੍ਹਾਂ ਵਿਹਲੇ ਕੰਮਾਂ ਨੂੰ ਤੇ ਮੇਰੀ ਗੱਲ ਧਿਆਨ ਨਾਲ ਸੁਣ। ਤੈਨੂੰ ਪਤਾ ਏ, ਕਿੰਨੇ ਚੋਰਾਂ ਦਾ ਸਾਨੂੰ ਹਰ ਰੋਜ਼ ਚਲਾਨ ਕਰਨਾ ਪੈਂਦਾ ਏ? ਤੇ ਇਹ ਸਾਰੇ ਚੋਰ ਤਾਸ਼ਾਂ ਖੇਡ ਖੇਡ ਕੇ ਹੀ ਚੋਰੀ ਕਰਨੀ ਸਿਖਦੇ ਨੇ। ਜੇ ਐਹ ਕਾਨੂੰਨ ਦਾ ਡੰਡਾ ਇਨ੍ਹਾਂ ਦੇ ਸਿਰ ਉਤੇ ਨਾ ਹੋਵੇ ਤਾਂ ਖਬਰੇ ਕੀ ਕਿਆਮਤ ਬਰਪਾ ਕਰ ਦੇਣ।” ਤੇ ਸ਼ੇਖ ਹੋਰਾਂ ਮੇਜ਼ ਦੀ ਨੁਕਰੇ ਪਈ ਤਾਜ਼ੀਰਾਤੇ ਹਿੰਦ ਵੱਲ ਬਸ਼ੀਰ ਨੂੰ ਤਕਾਇਆ। ਪਰ ਬਸ਼ੀਰ ਦਾ ਧਿਆਨ ਇਕ ਹੋਰ ਕਿਤਾਬ ਵੱਲ ਸੀ। ਉਸ ਦੇ ਉਤਲੇ ਗੱਤੇ ਤੋਂ ਜਿਲਦ ਦਾ ਕੱਪੜਾ ਥੋੜ੍ਹਾ ਜਿਹਾ ਉਖੜਿਆ ਹੋਇਆ ਸੀ, ਜਿਸ ਨੂੰ ਖਿਚਦਿਆਂ ਖਿਚਦਿਆਂ ਬਸ਼ੀਰ ਨੇ ਅੱਧਾ ਕੁ ਗੱਤਾ ਨੰਗਾ ਕਰ ਦਿਤਾ ਸੀ।

“ਬੇਵਕੂਫ, ਗਧਾ!” ਕਿਤਾਬ ਉਸ ਦੇ ਲਾਗਿਓਂ ਚੁੱਕ ਕੇ ਪਰ੍ਹੇ ਰਖਦਿਆਂ ਸ਼ੇਖ ਹੋਰੀਂ ਬੋਲੇ, “ਤੈਨੂੰ ਜਿਲਦਾਂ ਉਖੇੜਨ ਲਈ ਸੱਦਿਆ ਸੀ? ਖਿਆਲ ਨਾ ਸੁਣ।” ਤੇ ਕੁਝ ਸੰਮਨਾਂ ਉਤੇ ਦਸਤਖਤ ਕਰਦਿਆਂ ਉਨ੍ਹਾਂ ਨੇ ਫੇਰ ਲੜੀ ਜੋੜੀ, “ਸਾਨੂੰ ਪੁਲਿਸ ਅਫਸਰਾਂ ਨੂੰ ਜੁ ਸਰਕਾਰ ਇੰਨੀਆਂ ਤਨਖਾਹਾਂ ਤੇ ਪੈਨਸ਼ਨਾਂ ਦਿੰਦੀ ਏ, ਤੈਨੂੰ ਪਤਾ ਏ ਕਿਉਂ ਦਿੰਦੀ ਏ? ਸਿਰਫ ਇਸ ਲਈ ਕਿ ਅਸੀਂ ਮੁਲਕ ਵਿਚੋਂ ਜੁਰਮਾਂ ਤੇ ਮੁਜਰਮਾਂ ਦੀ ਬਹੁਤਾਤ ਨੂੰ ਰੋਕੀਏ। ਪਰ ਜੇ ਸਾਡੇ ਹੀ ਬੱਚੇ ਤਾਸ਼ਾਂ ਜੂਏ ਖੇਡਣ ਲੱਗ ਪੈਣ ਤਾਂ ਦੁਨੀਆਂ ਕੀ ਕਹੇਗੀ। ਤੇ ਅਸੀਂ ਹੀ ਆਪਣਾ ਨਿਮਕ ਕਿਸ ਤਰ੍ਹਾਂ ਹਲਾਲ...।”

ਗੱਲ ਅਜੇ ਅਧਵਾਟੇ ਹੀ ਸੀ ਕਿ ਪਿਛਲੇ ਬੂਹੇ ਥਾਣੀਂ ਉਨ੍ਹਾਂ ਦਾ ਇਕ ਉਚਾ ਲੰਮਾ ਨੌਕਰ ਆਇਆ। ਇਹ ਇਕ ਸਿਪਾਹੀ ਸੀ। ਸ਼ੇਖ ਹੋਰੀਂ ਹਮੇਸ਼ਾ ਇਹੋ ਜਿਹੇ ਦੋ ਤਿੰਨ ਵਫਾਦਾਰ ਸਿਪਾਹੀ ਘਰ ਵਿਚ ਰਖਿਆ ਕਰਦੇ ਸਨ ਜਿਨ੍ਹਾਂ ਵਿਚੋਂ ਇਕ ਡੰਗਰਾਂ ਨੂੰ ਪੱਠਾ-ਦੱਥਾ ਪਾਉਣ ਤੇ ਮਹੀਆਂ ਚੋਣ ਲਈ ਸੀ, ਦੂਜਾ ਰਸੋਈ ਦੇ ਕੰਮ ਵਿਚ ਮਦਦ ਦੇਣ ਲਈ ਸੀ ਅਤੇ ਤੀਜਾ ਜਿਹੜਾ ਅੰਦਰ ਆਇਆ ਸੀ, ਅਸਾਮੀਆਂ ਨਾਲ ਰਕਮਾਂ ਖਰੀਆਂ ਕਰਨ ਲਈ ਸੀ। ਉਸ ਨੇ ਝੁਕ ਕੇ ਸਲਾਮ ਕਰਦਿਆਂ ਕਿਹਾ, “ਉਹ ਆਏ ਬੈਠੇ ਨੇ ਜੀ।”

“ਕੌਣ?”

“ਉਹ ਬੁਘੀ ਬਦਮਾਸ਼ ਦੇ ਆਦਮੀ, ਜਿਨ੍ਹਾਂ ਨੇ ਦੁਸਹਿਰੇ ਦੇ ਮੇਲੇ ਵਿਚ ਡੈਸ਼ ਲਾਉਣ ਲਈ ਅਰਜ਼ ਕੀਤੀ ਸੀ।”

“ਫਿਰ ਤੂੰ ਆਪੇ ਈ ਗੱਲ ਕਰ ਲੈਣੀ ਸੀ।”

“ਮੈਂ ਤਾਂ ਉਨ੍ਹਾਂ ਨੂੰ ਕਹਿ ਦਿਤਾ ਸੀ ਕਿ ਸ਼ੇਖ ਹੋਰੀਂ ਢਾਈ ਸੌ ਤੋਂ ਘੱਟ ਨਹੀਂ ਮੰਨਦੇ, ਪਰ...।”

“ਫੇਰ ਉਹ ਕੀ ਕਹਿੰਦੇ ਨੇ?”

“ਉਹ ਕਹਿੰਦੇ ਨੇ, ਅਸੀਂ ਇਕ ਵਾਰੀ ਖੁਦ ਸ਼ੇਖ ਹੋਰਾਂ ਦੀ ਕਦਮ ਬੋਸੀ ਕਰਨੀ ਚਾਹੁਨੇ ਆਂ। ਜੇ ਤਕਲੀਫ ਨਾ ਹੋਵੇ ਤਾਂ ਦੋ ਮਿੰਟਾਂ ਲਈ ਚਲੇ ਚਲੋ। ਬੜੇ ਚਿਰ ਦੇ ਉਡੀਕ ਰਹੇ ਨੇ।”

“ਹੱਛਾ, ਚਲੋ,” ਕਹਿ ਕੇ ਸ਼ੇਖ ਹੋਰੀਂ ਜਦੋਂ ਉਠਣ ਲਗੇ ਤਾਂ ਉਨ੍ਹਾਂ ਨੇ ਬਸ਼ੀਰ ਵੱਲ ਤੱਕਿਆ।

ਉਹ ਊਂਘ ਰਿਹਾ ਸੀ। ਜੇ ਝੱਟ ਪੱਟ ਦਬਕਾ ਮਾਰ ਕੇ ਉਸ ਨੂੰ ਜਗਾ ਨਾ ਦਿੰਦੇ ਤਾਂ ਉਸ ਦਾ ਮੱਥਾ ਮੇਜ਼ ਨਾਲ ਜਾ ਵਜਣਾ ਸੀ।

“ਜਾਹ ਆਰਾਮ ਕਰ ਜਾ ਕੇ।” ਸ਼ੇਖ ਹੋਰੀਂ ਕੋਟ ਅਤੇ ਬੈਲਟ ਸੰਭਾਲਦੇ ਹੋਏ ਬੋਲੇ, “ਬਾਕੀ ਨਸੀਹਤਾਂ ਤੈਨੂੰ ਸ਼ਾਮ ਨੂੰ ਦਿਆਂਗਾ। ਮੁੜ ਕੇ ਤਾਸ਼ ਨਾ ਖੇਡੀਂ।”

ਤੇ ਉਹ ਬਾਹਰ ਨਿਕਲ ਗਏ।

ਮੁੰਡੇ ਨੇ ਖੜ੍ਹੇ ਕੇ ਇਕ ਦੋ ਆਕੜਾਂ ਤੇ ਉਬਾਸੀਆਂ ਲਈਆਂ, ਅੱਖਾਂ ਮਲੀਆਂ ਅਤੇ ਫਿਰ ਨੱਚਦਾ ਭੁੜਕਦਾ ਬਾਹਰ ਨਿਕਲ ਗਿਆ।

# ਤੇਰਾ ਕਮਰਾ ਮੇਰਾ ਕਮਰਾ

ਦਲੀਪ ਕੌਰ ਟਿਵਾਣਾ

ਦਫਤਰ ਵਿਚ ਮੇਰਾ ਕਮਰਾ ਤੇ ਤੇਰਾ ਕਮਰਾ ਨਾਲੋ-ਨਾਲ ਹਨ। ਫਿਰ ਵੀ ਨਾ ਇਹ ਕਮਰਾ ਉਸ ਵੱਲ ਜਾ ਸਕਦਾ ਹੈ ਤੇ ਨਾ ਉਹ ਕਮਰਾ ਇਸ ਵੱਲ ਆ ਸਕਦਾ ਹੈ। ਦੋਹਾਂ ਦੀ ਆਪਣੀ ਆਪਣੀ ਸੀਮਾ ਹੈ। ਦੋਹਾਂ ਦੇ ਵਿਚਕਾਰ ਇਕ ਦੀਵਾਰ ਹੈ। ਦੀਵਾਰ ਬੜੀ ਪਤਲੀ ਜਿਹੀ ਹੈ। ਭੁੱਲ ਭੁਲੇਖੇ ਵੀ ਜੇ ਉਧਰ ਤੇਰਾ ਹੱਥ ਵਜਦਾ ਹੈ ਤਾਂ ਆਵਾਜ਼ ਮੇਰੇ ਕਮਰੇ ਵਿਚ ਪਹੁੰਚ ਜਾਂਦੀ ਹੈ। ਇਕ ਦਿਨ ਖਬਰੇ ਕੋਈ ਇਸ ਦੀਵਾਰ ਵਿਚ ਤੇਰੇ ਵਾਲੇ ਪਾਸੇ ਕਿੱਲ ਗੱਡ ਰਿਹਾ ਸੀ, ਮੇਰੇ ਕਮਰੇ ਦੀਆਂ ਸਾਰੀਆਂ ਦੀਵਾਰਾਂ ਧਮਕ ਰਹੀਆਂ ਸਨ। ਮੈਂ ਉਠ ਕੇ ਬਾਹਰ ਗਈ ਕਿ ਦੇਖਾਂ, ਪਰ ਤੇਰੇ ਕਮਰੇ ਦੇ ਬੂਹੇ ਉਤੇ ਭਾਰੀ ਪਰਦਾ ਲਟਕ ਰਿਹਾ ਸੀ। ਮੈਂ ਪਰਤ ਆਈ। ਅੱਜ ਕਲ੍ਹ ਲੋਕੀਂ ਆਮ ਹੀ ਬੂਹੇ ਬਾਰੀਆਂ ਉਤੇ ਭਾਰੇ ਪਰਦੇ ਲਾਈ ਰਖਦੇ ਹਨ, ਤਾਂ ਜੋ ਬਾਹਰੋਂ ਕਿਸੇ ਨੂੰ ਕੁਝ ਨਾ ਦਿੱਸੇ। ਪਰਦਾ ਤਾਂ ਮੇਰੇ ਕਮਰੇ ਦੇ ਬੂਹੇ ਅੱਗੇ ਵੀ ਹੈ, ਮੈਨੂੰ ਖਿਆਲ ਆਇਆ।

ਕਦੇ ਕਦੇ ਜਦੋਂ ਕਿਸੇ ਗੱਲੋਂ ਤੂੰ ਚਪੜਾਸੀ ਨਾਲ ਉਚਾ ਬੋਲਦਾ ਹੈਂ, ਮੈਂ ਕੰਮ ਕਰਦੀ ਕਰਦੀ ਕਲਮ ਰੱਖ ਕੇ ਬੈਠ ਜਾਂਦੀ ਹਾਂ। ਮੇਰਾ ਮਨ ਕਰਦਾ ਹੈ ਤੈਨੂੰ ਪੁੱਛਾਂ, “ਕੀ ਗੱਲ ਹੋਈ?” ਪਰ ਫਿਰ ਖਿਆਲ ਆਉਂਦਾ ਹੈ, ਤੈਨੂੰ ਸ਼ਾਇਦ ਇਹ ਚੰਗਾ ਨਾ ਲੱਗੇ ਕਿ ਜਦੋਂ ਤੂੰ ਚਪੜਾਸੀ ਨਾਲ ਉਚਾ ਬੋਲ ਰਿਹਾ ਸੈਂ ਤਾਂ ਮੈਂ ਸੁਣ ਰਹੀ ਸਾਂ। ਤੈਨੂੰ ਤਾਂ ਇਹ ਖਿਆਲ ਵੀ ਨਹੀਂ ਰਹਿੰਦਾ ਕਿ ਤੂੰ ਡੂੰਘਾ ਸਾਹ ਵੀ ਭਰੇਂ ਤਾਂ ਨਾਲ ਦੇ ਕਮਰੇ ’ਚ ਸੁਣ ਜਾਂਦਾ ਹੈ।

ਇਕ ਦਿਨ ਕੰਮ ਕਰਦਿਆਂ ਮੇਰੇ ਹੱਥੋਂ ਕਲਮ ਡਿੱਗ ਪਈ। ਨਿੱਬ ਵਿੰਗੀ ਹੋ ਗਈ। ਉਸ ਦਿਨ ਮੈਨੂੰ ਖਿਆਲ ਆਇਆ ਸੀ ਤੇਰੇ ਕਮਰੇ ਵਿਚੋਂ ਕੋਈ ਕਲਮ ਮੰਗਵਾ ਲਵਾਂ। ਪਰ ਇਸ ਡਰੋਂ ਕਿ ਖਬਰੇ ਤੂੰ ਆਖ ਭੇਜੇਂ ਕਿ ਮੇਰੇ ਕੋਲ ਵਾਧੂ ਕਲਮ ਨਹੀਂ, ਮੈਂ ਇਹ ਹੌਸਲਾ ਨਾ ਕਰ ਸਕੀ। ਬਹੁਤ ਵਾਰੀ ਇਓਂ ਹੀ ਹੁੰਦਾ ਹੈ ਕਿ ਅਸੀਂ ਆਪ ਹੀ ਸਵਾਲ ਕਰਦੇ ਹਾਂ ਤੇ ਆਪ ਹੀ ਉਸ ਦਾ ਜਵਾਬ ਦੇ ਲੈਂਦੇ ਹਾਂ।

ਕਦੇ ਕਦੇ ਮੈਂ ਸੋਚਦੀ ਹਾਂ ਕਿ ਜੇ ਭਲਾ ਦੋਹਾਂ ਕਮਰਿਆਂ ਦੇ ਵਿਚਕਾਰਲੀ ਇਹ ਦੀਵਾਰ ਟੁੱਟ ਜਾਵੇ। ਪਰ ਇਸ ਨਾਲ ਤੇਰਾ ਕਮਰਾ ਸਾਬਤ ਨਹੀਂ ਰਹਿ ਜਾਵੇਗਾ, ਮੇਰਾ ਕਮਰਾ ਵੀ ਸਾਬਤ ਨਹੀਂ ਰਹਿ ਜਾਵੇਗਾ। ਫਿਰ ਤਾਂ ਇਓਂ ਹੀ ਲਗਿਆ ਕਰੇਗਾ, ਜਿਵੇਂ ਖੁਲ੍ਹਾ ਸਾਰਾ, ਵੱਡਾ ਜਿਹਾ ਇਕੋ ਕਮਰਾ ਹੋਵੇ। ਪਰ ਇਓਂ ਕਰਨਾ ਸ਼ਾਇਦ ਠੀਕ ਨਾ ਹੋਵੇ। ਬਣਾਉਣ ਵਾਲੇ ਨੇ ਕੁਝ ਸੋਚ ਕੇ ਹੀ ਇਹ ਵਖੋ ਵਖ ਕਮਰੇ ਬਣਾਏ ਹੋਣੇ ਨੇ।

ਕਦੇ ਕਦੇ ਮੈਨੂੰ ਇਓਂ ਲਗਦਾ ਹੈ ਜਿਵੇਂ ਮੈਂ ਇਸ ਪੱਕੀ ਸੀਮਿੰਟ ਦੀਵਾਰ ਦੇ ਵਿਚੋਂ ਦੀ ਦੇਖ ਸਕਦੀ ਹਾਂ। ਤਦ ਹੀ ਤਾਂ ਮੈਨੂੰ ਪਤਾ ਲਗ ਜਾਂਦਾ ਹੈ ਕਿ ਅੱਜ ਤੂੰ ਕੰਮ ਨਹੀਂ ਕਰ ਰਿਹਾ। ਕਦੇ ਛੱਤ ਵਲ ਤੱਕਣ ਲਗ ਜਾਂਦਾ ਏਂ ਤੇ ਕਦੇ ਹੱਥ ਦੀਆਂ ਲਕੀਰਾਂ ਵਲ। ਕਦੇ ਫਾਈਲਾਂ ਖੋਲ੍ਹ ਲੈਂਦਾ ਏਂ। ਕਦੇ ਬੰਦ ਕਰ ਦੇਂਦਾ ਏਂ। ਕਦੇ ਬੂਟ ਲਾਹ ਲੈਂਦਾ ਏਂ ਤੇ ਕਦੇ ਪਾ ਲੈਂਦਾ ਏਂ।

ਕਦੇ ਕਦੇ ਤੂੰ ਬਹੁਤ ਖੁਸ਼ ਹੋ ਰਿਹਾ ਹੁੰਦਾ ਏਂ। ਉਦੋਂ ਮੇਜ਼ ਉਤੇ ਪਏ ਪੇਪਰ ਵੇਟ ਨੂੰ ਘੁਮਾਉਣ ਲਗ ਜਾਂਦਾ ਏਂ, ਹੌਲੀ ਹੌਲੀ ਸੀਟੀ ਮਾਰਦਾ ਏਂ। ਇਸ ਕੰਧ ਉਤੇ ਹੱਥ ਲਾ ਕੇ ਕੁਰਸੀ ਉਤੇ ਬੈਠਾ, ਧਰਤੀ ਉਤੋਂ ਪੈਰ ਚੁੱਕ ਲੈਂਦਾ ਏਂ, ਉਸ ਵੇਲੇ ਮੈਂ ਇਧਰ ਜ਼ਰਾ ਵੀ ਖੜਾਕ ਨਹੀਂ ਹੋਣ ਦੇਂਦੀ ਮਤਾਂ ਤੂੰ ਚੌਂਕ ਪਵੇਂ।

ਕਦੇ ਕਦੇ ਆਉਣ ਜਾਣ ਵੇਲੇ ਤੂੰ ਮੈਨੂੰ ਕਮਰੇ ਤੋਂ ਬਾਹਰ ਮਿਲ ਪੈਂਦਾ ਏਂ। “ਸੁਣਾਓ ਕੀ ਹਾਲ ਹੈ?” ਤੂੰ ਪੁੱਛਦਾ ਏਂ।

“ਠੀਕ ਹੈ,” ਮੈਂ ਜ਼ਰਾ ਕੁ ਹੱਸ ਕੇ ਆਖਦੀ ਹਾਂ। ਤੇ ਤੂੰ ਆਪਣੇ ਕਮਰੇ ਵਿਚ ਚਲਿਆ ਜਾਂਦਾ ਏਂ ਤੇ ਮੈਂ ਆਪਣੇ ਕਮਰੇ ਵਿਚ। ਨਾ ਉਹ ਕਮਰਾ ਇਧਰ ਆ ਸਕਦਾ ਹੈ, ਨਾ ਇਹ ਕਮਰਾ ਉਧਰ ਜਾ ਸਕਦਾ ਹੈ। ਦੋਹਾਂ ਦੀ ਆਪੋ-ਆਪਣੀ ਸੀਮਾ ਹੈ। ਦੋਹਾਂ ਦੇ ਵਿਚਕਾਰ ਇਕ ਦੀਵਾਰ ਹੈ।

ਇਕ ਦਿਨ ਮੇਰੇ ਕਮਰੇ ਵਿਚ ਚਲਦਾ ਚਲਦਾ ਪੱਖਾ ਬੰਦ ਹੋ ਗਿਆ। ਸ਼ਾਇਦ ਬਿਜਲੀ ਚਲੀ ਗਈ



ਸੀ। ਕੁਝ ਮਿੰਟ ਮੈਂ ਉਡੀਕਦੀ ਰਹੀ। ਫਿਰ ਗਰਮੀ ਤੋਂ ਘਬਰਾ ਕਮਰੇ ਤੋਂ ਬਾਹਰ ਬਰਾਂਡੇ ਵਿਚ ਆ ਗਈ ਜੋ ਦੋਹਾਂ ਕਮਰਿਆਂ ਦੇ ਅੱਗੇ ਸਾਂਝਾ ਹੈ। ਮੈਨੂੰ ਪਤਾ ਸੀ, ਤੇਰੇ ਕਮਰੇ ਦਾ ਪੱਖਾ ਵੀ ਬੰਦ ਹੋ ਗਿਆ ਹੋਵੇਗਾ। ਫਿਰ ਵੀ ਮੈਂ ਜ਼ਰਾ ਕੁ ਤੇਰੇ ਕਮਰੇ ਅੰਦਰ ਝਾਕ ਕੇ ਪੁੱਛਿਆ, “ਤੁਹਾਡਾ ਪੱਖਾ ਚਲਦਾ ਹੈ?” ਮੇਰਾ ਭਾਵ ਸੀ ਜੇ ਨਹੀਂ ਚਲਦਾ ਤਾਂ ਤੂੰ ਵੀ ਸਾਂਝੇ ਬਰਾਂਡੇ ਆ ਜਾਵੇਂ। ਜਦੋਂ ਅੰਦਰ ਹੁੰਮਸ ਹੋਵੇ, ਪਲ ਦੋ ਪਲ ਲਈ ਬਾਹਰ ਆ ਜਾਣ ਵਿਚ ਕੋਈ ਹਰਜ ਨਹੀਂ ਹੁੰਦਾ।

“ਨਹੀਂ, ਪੱਖਾ ਤਾਂ ਨਹੀਂ ਚਲਦਾ, ਪਰ ਮੈਂ ਪਿਛਲੀ ਬਾਰੀ ਖੋਲ੍ਹ ਲਈ ਹੈ।” ਤੂੰ ਆਖਿਆ। ਪਰ ਮੈਨੂੰ ਖਬਰੇ ਪਿਛਲੀ ਬਾਰੀ ਦਾ ਖਿਆਲ ਹੀ ਨਹੀਂ ਸੀ ਆਇਆ, ਇਸੇ ਲਈ ਮੈਂ ਕਮਰੇ ਤੋਂ ਬਾਹਰ ਆ ਗਈ ਸੀ।

ਵਿਚਕਾਰ ਭਾਵੇਂ ਦੀਵਾਰ ਹੈ ਫਿਰ ਵੀ ਜਿਸ ਦਿਨ ਤੂੰ ਦਫਤਰ ਨਾ ਆਵੇਂ, ਆਪਣੇ ਕਮਰੇ ਵਿਚ ਨਾ ਬੈਠਾ ਹੋਵੇਂ, ਮੈਨੂੰ ਕੁਝ ਅਜੀਬ ਅਜੀਬ ਜਿਹਾ ਲਗਦਾ ਹੈ। ਉਸ ਦਿਨ ਮੈਂ ਕਈ ਵਾਰੀ ਘੜੀ ਦੇਖਦੀ ਹਾਂ। ਮੈਂ ਕਈ ਵਾਰੀ ਪਾਣੀ ਪੀਂਦੀ ਹਾਂ। ਮੈਂ ਕਈ ਵਾਰੀ ਟੈਲੀਫੋਨ ਕਰਦੀ ਰਹਿੰਦੀ ਹਾਂ। ਇਕੱਠਾ ਹੋਇਆ ਪਿਛਲਾ ਕੰਮ ਵੀ ਮੁਕਾ ਸੁਟਦੀ ਹਾਂ। ਅਜ ਸਾਹਬ ਨਹੀਂ ਆਏ? ਉਧਰੋਂ ਲੰਘਦੀ ਤੇਰੇ ਚਪੜਾਸੀ ਨੂੰ ਪੁਛਦੀ ਹਾਂ। ਫਿਰ ਉਹ ਆਪ ਹੀ ਦਸ ਦਿੰਦਾ ਹੈ ਕਿ ਸਾਹਬ ਬਾਹਰ ਗਏ ਹੋਏ ਹਨ, ਕਿ ਸਾਹਬ ਦੇ ਰਿਸ਼ਤੇਦਾਰ ਆਏ ਹੋਏ ਹਨ, ਕਿ ਸਾਹਬ ਦੀ ਤਬੀਅਤ ਠੀਕ ਨਹੀਂ, ਕਿ ਸਾਹਬ ਨੇ ਕਿੰਨੇ ਦਿਨ ਦੀ ਛੁੱਟੀ ਲਈ ਹੈ।

ਇਨ੍ਹਾਂ ਦਿਨਾਂ ਵਿਚ ਮੈਨੂੰ ਬੜੀਆਂ ਫ਼ਜ਼ੂਲ ਫਜ਼ੂਲ ਗੱਲਾਂ ਸੁਝਦੀਆਂ ਰਹਿੰਦੀਆਂ ਨੇ, ਕਿ ਅੱਜ ਤੋਂ ਸੌ ਸਾਲ ਪਹਿਲਾਂ ਇਸ ਕਮਰੇ ਵਿਚ ਕੌਣ ਬੈਠਦਾ ਹੋਵੇਗਾ? ਨਾਲ ਵਾਲੇ ਕਮਰੇ ਵਿਚ ਵੀ ਕੋਈ ਬੈਠਦਾ ਹੋਵੇਗਾ? ਅੱਜ ਤੋਂ ਸੌ ਸਾਲ ਨੂੰ ਇਸ ਕਮਰੇ ਵਿਚ ਕੌਣ ਬੈਠਾ ਹੋਵੇਗਾ? ਨਾਲ ਵਾਲੇ ਕਮਰੇ ਵਿਚ ਕੌਣ ਬੈਠਾ ਹੋਵੇਗਾ? ਬੰਦੇ ਮਰ ਕਾਹਤੋਂ ਜਾਂਦੇ ਨੇ? ਫੇਰ ਖਿਆਲ ਆਉਂਦਾ ਹੈ, ਬੰਦੇ ਪੈਦਾ ਕਾਹਤੋਂ ਹੁੰਦੇ ਨੇ? ਤੇ ਫਿਰ ਇਨ੍ਹਾਂ ਗੱਲਾਂ ਤੋਂ ਘਬਰਾ ਕੇ ਮੈਂ ਦਫਤਰ ਵਿਚ ਕੰਮ ਕਰਨ ਵਾਲੀਆਂ ਹੋਰਨਾਂ ਨੂੰ ਮਿਲਣ ਤੁਰੀ ਰਹਿੰਦੀ ਹਾਂ।

“ਆਏ ਨਹੀਂ ਇੰਨੇ ਦਿਨ?” ਪਤਾ ਹੋਣ ਦੇ ਬਾਵਜੂਦ ਮੈਂ ਤੈਨੂੰ ਪੁੱਛਦੀ ਹਾਂ।

“ਬੀਮਾਰ ਸੀ।” ਤੂੰ ਆਖਦਾ ਹੈਂ।

“ਹੁਣ ਤਾਂ ਠੀਕ ਹੋ?”

“ਹਾਂ ਠੀਕ ਹਾਂ, ਮਿਹਰਬਾਨੀ,” ਆਖ ਤੂੰ ਆਪਣੇ ਕਮਰੇ ਵਿਚ ਚਲਿਆ ਜਾਂਦਾ ਏਂ ਤੇ ਮੈਂ ਆਪਣੇ ਕਮਰੇ ਵਿਚ। ਤੂੰ ਆਪਣਾ ਕੰਮ ਕਰਨ ਲਗ ਜਾਂਦਾ ਏਂ ਤੇ ਮੈਂ ਆਪਣਾ।

ਇਕ ਵਾਰੀ ਮੈਂ ਕਈ ਦਿਨ ਛੁੱਟੀ ਉਤੇ ਰਹੀ। “ਬੀਬੀ ਜੀ ਆ ਨਹੀਂ ਰਹੇ?” ਤੂੰ ਮੇਰੇ ਚਪੜਾਸੀ ਨੂੰ ਪੁੱਛਿਆ।

“ਉਹ ਜੀ ਬੀਮਾਰ ਨੇ।” ਉਸ ਨੇ ਦਸਿਆ।

“ਅੱਛਾ...ਅੱਛਾ...!” ਆਖ ਤੂੰ ਆਪਣੇ ਕਮਰੇ ਵਿਚ ਚਲਿਆ ਗਿਆ।

ਘਰ ਡਾਕ ਦੇਣ ਆਏ ਚਪੜਾਸੀ ਨੇ ਮੈਨੂੰ ਇਹ ਦਸਿਆ। ਅਗਲੇ ਦਿਨ ਜਦੋਂ ਬੁਖਾਰ ਜ਼ਰਾ ਘੱਟ ਸੀ, ਮੈਂ ਦਫਤਰ ਆ ਗਈ।

ਤੈਨੂੰ ਸ਼ਾਇਦ ਪਤਾ ਨਹੀਂ ਸੀ। ਉਸ ਦਿਨ ਤੂੰ ਦੋ ਤਿੰਨ ਵਾਰ ਚਪੜਾਸੀ ਨੂੰ ਡਾਂਟਿਆ। ਕਈ ਵਾਰ ਕਾਗਜ਼ ਪਾੜੇ, ਜਿਵੇਂ ਗਲਤ ਲਿਖਿਆ ਗਿਆ ਹੋਵੇ। ਇਕ ਦੋ ਮਿਲਣ ਆਇਆਂ ਨੂੰ ਵੀ ਕਹਾ ਭੇਜਿਆ ਕਿ ਕਿਸੇ ਦਿਨ ਫਿਰ ਆਉਣਾ।

ਕਿਸੇ ਕੰਮ ਤੂੰ ਕਮਰੇ ਤੋਂ ਬਾਹਰ ਗਿਆ। ਮੈਂ ਵੀ ਕਿਸੇ ਕੰਮ ਬਾਹਰ ਨਿਕਲੀ।

“ਆਏ ਨਹੀਂ ਕਈ ਦਿਨ?” ਤੂੰ ਜਾਣਦਿਆਂ ਹੋਇਆਂ ਵੀ ਪੁਛਿਆ।

“ਬੀਮਾਰ ਸੀ।”

“ਹੁਣ ਤਾਂ ਠੀਕ ਹੋ?”

“ਹਾਂ ਠੀਕ ਹਾਂ, ਮਿਹਰਬਾਨੀ,” ਆਖ ਮੈਂ ਆਪਣੇ ਕਮਰੇ ਵਿਚ ਚਲੀ ਗਈ ਤੇ ਤੂੰ ਆਪਣੇ ਕਮਰੇ ਵਿਚ। ਨਾ ਇਹ ਕਮਰਾ ਉਧਰ ਜਾ ਸਕਦਾ ਹੈ, ਨਾ ਉਹ ਕਮਰਾ ਇਧਰ ਆ ਸਕਦਾ ਹੈ। ਦੋਹਾਂ ਦੀ ਆਪੋ ਆਪਣੀ ਸੀਮਾ ਹੈ। ਦੋਹਾਂ ਵਿਚਾਲੇ ਇਕ ਦੀਵਾਰ ਹੈ। ਇਕ ਕਮਰਾ ਤੇਰਾ ਹੈ, ਇਕ ਕਮਰਾ ਮੇਰਾ ਹੈ। ਫਿਰ ਵੀ ਮੈਂ ਸੋਚਦੀ ਹਾਂ ਕਿ ਏਨਾ ਵੀ ਕੀ ਘੱਟ ਹੈ ਕਿ ਦੋਂਹ ਕਮਰੇ ਨਾਲੋ-ਨਾਲ ਹਨ, ਵਿਚਕਾਰ ਸਿਰਫ ਇਕ ਦੀਵਾਰ ਹੀ ਤਾਂ ਹੈ।

# ਹਬੀਬ ਜਾਲਿਬ ਨੂੰ ਯਾਦ ਕਰਦਿਆਂ

***ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜਨਮਿਆ ਹਬੀਬ ਜਾਲਿਬ (24 ਮਾਰਚ 1928-12 ਮਾਰਚ 1993) ਵੰਡ ਵੇਲੇ 19 ਵਰ੍ਹਿਆਂ ਦਾ ਸੀ। ਉਸ ਨੇ ਆਪਣੀ ਕਵਿਤਾ ਅੰਦਰ ਪੀੜਾਂ ਪਰੁੰਨੀ ਲੋਕਾਈ ਦੀ ਬਾਤ ਪਾਈ ਅਤੇ ਹਾਕਮਾਂ ਨੂੰ ਸਿੱਧਾ ਲਲਕਾਰਿਆ। ਇਹ ਲਲਕਾਰੇ ਉਹਦੀ ਕਵਿਤਾ ਦੀ ਜਿੰਦ-ਪ੍ਰਾਣ ਹਨ ਅਤੇ ਇਹ ਬਿਨਾ ਕੋਈ ਸਮਝੌਤਾ ਕੀਤਿਆਂ ਅਖੀਰ ਤੱਕ ਜਾਰੀ ਰਹੇ। ਸ਼ਾਹਰਾਮ ਅਜ਼ਹਰ ਨੇ ਇਸ ਲੇਖ ਵਿਚ ਹਬੀਬ ਜਾਲਿਬ ਦੇ ਮਿਸਾਲੀ ਜੀਵਨ 'ਤੇ ਨਿੱਗਰ ਝਾਤ ਪਵਾਈ ਹੈ। -ਸੰਪਾਦਕ***

1982 ਦੇ ਹੁਨਾਲ ਦੇ ਸ਼ੁਰੂ ਵਿਚ ਹੀ ਲਾਹੌਰ ਜੇਲ੍ਹ ਦੇ ਫਰਸ਼ ਉਤੇ ਢਲਦੀ ਉਮਰ ਦਾ ਪਰ ਅਜੇ ਵੀ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਹੱਥਾਂ ਵਿਚ ਕਲਮ ਅਤੇ ਕਾਗਜ਼ ਦੀਆਂ ਕੁਝ ਸ਼ੀਟਾਂ ਲਈ ਬੈਠਾ ਸੀ। ਉਹ ਰੁਕ-ਰੁਕ ਕੇ ਆਪਣੀ ਹੀ ਲੋਰ ਵਿਚ ਲਿਖ ਰਿਹਾ ਸੀ। ਉਹ ਕੁਝ ਪੰਕਤੀਆਂ ਲਿਖਦਾ, ਖੜ੍ਹਾ ਹੁੰਦਾ, ਆਪਣੀ ਕੋਠੜੀ ਵਿਚ ਚੱਕਰ ਲਾਉਂਦਾ, ਅਸਪਸ਼ਟ ਪਰ ਸੁਣਾਈ ਦੇਣ ਵਾਲੀ ਆਵਾਜ਼ ਵਿਚ ਗੁਣਗੁਣਾਉਂਦਾ, ਆਪਣੀ ਵਿਛਾਈ ਦਰੀ ਉਤੇ ਵਾਪਸ ਆਉਂਦਾ ਅਤੇ ਜੋ ਪਹਿਲਾਂ ਲਿਖਿਆ ਸੀ, ਉਸ ਨੂੰ ਕੱਟ ਕੇ ਦੁਬਾਰਾ ਲਿਖਣ ਲੱਗ ਪੈਂਦਾ। ਉਸ ਦੀ ਕੋਠੜੀ ਵਿਚ ਉਸ ਨਾਲ ਰਹੇ ਉਸ ਦੇ ਸੰਗੀਆਂ ਜਿਨ੍ਹਾਂ ਨੂੰ ਮੈਂ ਕਈ ਸਾਲਾਂ ਬਾਅਦ ਮਿਲਿਆ, ਨੇ ਦੱਸਿਆ ਕਿ ਕਿਸ ਤਰ੍ਹਾਂ ਉਸ ਨੇ ਆਪਣੇ-ਆਪ ਨੂੰ ਜਿਉਂਦਾ ਰੱਖਿਆ ਅਤੇ

**ਸ਼ਾਹਰਾਮ ਅਜ਼ਹਰ**

ਕਿਸ ਤਰ੍ਹਾਂ ਕੈਦਖਾਨੇ ਦੇ ਉਸ ਘੁਟਣ ਭਰੇ ਮਾਹੌਲ ਅੰਦਰ ਉਸ ਨੇ ਹੋਰਾਂ ਨੂੰ ਜਿਉਣ ਵਿਚ ਸਹਾਇਤਾ ਕੀਤੀ। ਘੁਟਣ ਦੇ ਇਸ ਮਾਹੌਲ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਦੇਸ਼ ਵਾਸੀਆਂ ਦੀਆਂ ਜ਼ਿੰਦਗੀਆਂ ਨੂੰ ਪ੍ਰਭਾਵਿਤ ਕੀਤਾ ਸੀ। ਉਸ ਬੰਦੇ ਨੇ ਆਪਣੀਆਂ ਕਾਵਿਕ ਰਚਨਾਵਾਂ ਵਿਚ ਉਸ ਸੰਘਰਸ਼ ਦਾ ਵਰਨਣ ਕੀਤਾ ਜਿਸ ਬਦਲੇ ਉਸ ਅਤੇ ਉਸ ਦੇ ਸਾਥੀਆਂ ਨੂੰ ਜੇਲ੍ਹ ਵਿਚ ਡੱਕਿਆ ਗਿਆ ਸੀ। ਇਹ ਸਾਧਾਰਨ ਜਿਹਾ ਰੂਪਕ 'ਗੁੰਬਦ-ਏ-ਬੇਦਾਰ' ਉਨ੍ਹਾਂ ਸਮਿਆਂ ਦੀਆਂ ਤੁਰਸ਼ੀਆਂ 'ਤੇ ਪੰਛੀ ਝਾਤ ਪਵਾ ਦਿੰਦਾ ਹੈ। ਨਾਲ ਹੀ ਇਹ ਰੂਪਕ ਉਸ ਦੀ ਸ਼ਾਇਰੀ ਦੀ ਤੀਜੀ ਕਿਤਾਬ ਦਾ ਸਿਰਲੇਖ ਵੀ ਬਣਨ ਵਾਲਾ ਸੀ।

ਉਹ ਬੰਦਾ ਹਬੀਬ ਜਾਲਿਬ ਸੀ ਅਤੇ ਜੇਲ੍ਹ ਉਸ ਲਈ ਕੋਈ ਓਪਰੀ ਜਗ੍ਹਾ ਨਹੀਂ ਸੀ। ਇਹ 17ਵੀਂ ਵਾਰ ਸੀ ਜਦੋਂ ਜਾਲਿਬ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਜਾ ਰਿਹਾ ਸੀ, ਪਰ ਮੁੜ ਕੁਝ ਸਾਲਾਂ ਬਾਅਦ 18ਵੀਂ ਵਾਰ ਫਿਰ ਪਰਤਣ ਲਈ। ਮਾਰਸ਼ਲ ਲਾਅ ਵਾਲੇ ਪ੍ਰਸ਼ਾਸਨ ਮੁਤਾਬਕ ਉਸ ਦਾ 'ਜੁਰਮ' ਇਹ ਸੀ ਕਿ ਉਸ ਨੇ 'ਭੜਕਾਊ' ਕਵਿਤਾ ਲਿਖੀ ਸੀ ਜੋ ਪਾਕਿਸਤਾਨ ਦੀ ਸੁਰੱਖਿਆ ਲਈ 'ਖਤਰਾ' ਬਣ ਸਕਦੀ ਸੀ। ਜਾਲਿਬ ਲਈ ਭਾਵੇਂ ਅਜਿਹੀ ਨਕਲੀ 'ਸੁਰੱਖਿਆ' ਅਤੇ 'ਸਥਿਰਤਾ' ਜੋ ਜਨਰਲ ਜ਼ਿਆ-ਉਲ-ਹੱਕ ਦੀ ਮਾਰਸ਼ਲ ਸਰਕਾਰ ਵੱਲੋਂ ਖੜ੍ਹੀ ਕੀਤੀ ਗਈ ਸੀ, ਨੂੰ ਢਾਹ ਲਾਉਣਾ ਕੋਈ ਤੁੱਛ ਮਸਲਾ ਨਹੀਂ ਸੀ। ਇਸ ਨੂੰ ਤੁਰੰਤ ਅਤੇ ਇਕਸਾਰਤਾ ਨਾਲ ਢੇਰੀ ਕਰਨਾ ਬਣਦਾ ਸੀ, ਜੇ ਪਾਕਿਸਤਾਨ ਨੂੰ ਇਸਲਾਮੀ ਮੂਲਵਾਦੀਆਂ, ਫੌਜੀ ਤਾਨਾਸ਼ਾਹਾਂ ਅਤੇ ਅਮਰੀਕੀ ਸਾਮਰਾਜਵਾਦ ਦੀ



*ਪੁਲਿਸ ਵੱਲੋਂ 1981 ਵਿਚ ਹਬੀਬ ਜਾਲਿਬ ਦੀ ਕੀਤੀ ਜਾ ਰਹੀ ਖਿੱਚ-ਧੂਹ ਦੀ ਤਸਵੀਰ*


ਤਿੱਕੜੀ ਤੋਂ ਬਚਾਉਣਾ ਸੀ।

ਬਦਕਿਸਮਤੀ ਨਾਲ ਅੱਜ ਅਸੀਂ ਐਸੇ ਸਮਿਆਂ ਵਿਚ ਰਹਿ ਰਹੇ ਹਾਂ ਜਦੋਂ ਜਾਲਿਬ ਦੇ ਤੌਖਲਿਆਂ ਨੂੰ ਅਸੀਂ ਆਪਣੇ ਸਾਹਮਣੇ ਹਕੀਕਤ ਵਿਚ ਬਦਲਦੇ ਹੋਏ ਦੇਖ ਰਹੇ ਹਾਂ: ਧਾਰਮਿਕ ਕੱਟੜਪੁਣਾ, ਖੁੱਲ੍ਹੇ ਵਿਚਾਰਾਂ ਦੇ ਇਜ਼ਹਾਰ ਕਰਨ ਉਤੇ ਰੋਕਾਂ, ਬੇਤੁਕਾ ਕੌਮਵਾਦ, ਗਰੀਬੀ, ਆਰਥਿਕ ਅਤੇ ਸਿਆਸੀ ਆਜ਼ਾਦੀ ਦਾ ਵਿਦੇਸ਼ੀ ਤਾਕਤਾਂ ਅਤੇ ਏਜੰਸੀਆਂ ਮੂਹਰੇ ਲਗਾਤਾਰ ਗੋਡੇ ਟੇਕਣਾ; ਇਹ ਅੱਜ ਦੇ ਪਾਕਿਸਤਾਨ ਦੀਆਂ ਵਿਸ਼ੇਸ਼ਤਾਵਾਂ ਹਨ। ਇਸ ਲਈ ਹੁਣ ਹੋਰ ਵੀ ਜ਼ਰੂਰੀ ਬਣ ਗਿਆ ਹੈ ਕਿ ਉਹ ਨੌਜਵਾਨ ਲੋਕ ਜੋ ਇਨ੍ਹਾਂ ਮਾੜੀਆਂ ਹਾਲਤਾਂ ਨੂੰ ਬਦਲਣਾ ਚਾਹੁੰਦੇ ਹਨ, ਉਹ ਅੱਜ ਫਿਰ ਤੋਂ ਜਾਲਿਬ ਵੱਲ ਪਰਤਣ, ਤਾਂ ਕਿ ਇਸ ਸ਼ਾਇਰ ਦੇ ਵਿਚਾਰਾਂ ਨੂੰ ਸਮਝਿਆ ਜਾ ਸਕੇ। ਉਸ ਦੀ ਮੌਤ ਦੇ ਢਾਈ ਦਹਾਕਿਆਂ ਬਾਅਦ ਇਹ ਜ਼ਰੂਰੀ ਹੈ ਕਿ ਉਸ ਦੇ ਜੀਵਨ ਅਤੇ ਉਨ੍ਹਾਂ ਇਤਿਹਾਸਕ ਤੇ ਵਿਅਕਤੀਗਤ ਹਾਲਤਾਂ ਦੇ ਜੋੜ ਨੂੰ ਸਮਝਿਆ ਜਾਵੇ ਜਿਨ੍ਹਾਂ ਦਾ ਪ੍ਰਭਾਵ ਜਾਲਿਬ ਉਪਰ ਪਿਆ ਅਤੇ ਉਹ ਵਿਦਰੋਹੀ ਅਤੇ ਮਨਸੂਰ ਹੱਲਾਜ ਜਿਹੀ ਰੂਹ ਵਾਲਾ ਕਮਿਊਨਿਸਟ ਬਣ ਸਕਿਆ।

1928 ਵਿਚ ਪੂਰਬੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਜਨਮੇ ਹਬੀਬ ਅਹਿਮਦ ਦੀ ਅਹਿਮਦ ਤੋਂ 'ਜਾਲਿਬ' (ਜਾਲਿਬ ਦਾ ਸ਼ਾਬਦਿਕ ਅਰਥ ਹੈ ਮਕਸਦ) ਵੱਲ ਤਬਦੀਲੀ ਅਜਿਹੇ ਦੌਰ ਅੰਦਰ ਹੋਈ ਜਦੋਂ ਬਰਤਾਨਵੀ ਬਸਤੀਵਾਦ ਦੇ ਪਤਨ ਅਤੇ ਹਿੰਦੋਸਤਾਨ ਦੀ ਵੰਡ ਨਾਲ ਪਾਕਿਸਤਾਨ ਹੋਂਦ ਵਿਚ ਆਇਆ। ਜਿਵੇਂ-ਜਿਵੇਂ ਇਹ ਦੌਰ ਅੱਗੇ ਵਧਿਆ, ਉਵੇਂ ਹੀ ਆਜ਼ਾਦੀ ਅਤੇ ਬਰਾਬਰੀ ਦੇ ਜਿਨ੍ਹਾਂ ਆਦਰਸ਼ਾਂ ਨੂੰ ਲੈ ਕੇ ਬਸਤੀਵਾਦੀ ਵਿਰੋਧੀ ਲਹਿਰਾਂ ਚੱਲੀਆਂ ਸਨ, ਉਨ੍ਹਾਂ ਆਦਰਸ਼ਾਂ ਦਾ ਲਗਾਤਾਰ ਘਾਣ ਹੋਇਆ। 1947 ਦੀ ਵੰਡ ਤੋਂ ਬਾਅਦ ਭੜਕੇ ਫਿਰਕੂ ਪਾਗਲਪਨ ਦੇ ਵਿਚਕਾਰ, 19 ਸਾਲਾ ਅਹਿਮਦ ਨੂੰ ਵੀ ਲੱਖਾਂ ਲੋਕਾਂ ਵਾਂਗ ਆਪਣਾ ਜੱਦੀ ਪਿੰਡ ਛੱਡਣਾ ਪਿਆ। ਅਹਿਮਦ ਜਿਹੇ ਨੌਜਵਾਨਾਂ, ਜਿਨ੍ਹਾਂ ਦੀ ਪਰਵਰਿਸ਼ ਬਸਤੀਵਾਦੀ ਗੁਲਾਮੀ ਦੇ ਦੌਰਾਨ ਹੋਈ ਸੀ, ਨੂੰ ਆਜ਼ਾਦੀ ਤੋਂ ਬਾਅਦ ਨਵੀਂ ਦੁਨੀਆਂ ਦੇ ਵਾਅਦੇ ਕੀਤੇ ਗਏ ਸਨ। ਉਸ ਨੂੰ ਭਾਵੇਂ ਆਪਣੇ ਬਚਪਨ ਦੇ ਮਿੱਤਰਾਂ ਅਤੇ ਯਾਦਾਂ ਦੇ ਗੁਆਚ ਜਾਣ ਦਾ ਬੇਹਦ ਗ਼ਮ ਸੀ, ਪਰ ਨਾਲ ਹੀ ਨਾਲ ਇਕ ਉਮੀਦ ਵੀ ਸੀ ਕਿ ਨਵੇਂ ਬਣੇ ਮੁਲਕ ਪਾਕਿਸਤਾਨ ਅੰਦਰ ਮਿਲੀ ਨਵੀਂ 'ਆਜ਼ਾਦੀ' ਅਤੇ ਸਮੇਂ ਦੇ ਪ੍ਰਭਾਵ ਨਾਲ ਇਹ ਘਾਟੇ ਪੂਰ ਲਏ ਜਾਣਗੇ। ਸਾਲਾਂ ਬਾਅਦ ਜਾਲਿਬ ਨੇ ਆਪਣੀ ਜ਼ਿੰਦਗੀ ਦੇ ਇਨ੍ਹਾਂ ਸਮਿਆਂ ਨੂੰ ਯਾਦ ਕਰਦਿਆਂ ਕਿਹਾ ਸੀ ਕਿ ਇਹ "ਪਰਵਾਸ ਅਤੇ ਤਿੜਕੇ ਸੁਪਨਿਆਂ ਦੀ ਕਹਾਣੀ" ਸੀ। ਆਪਣੀ ਮੁੱਢਲੀ ਜ਼ਿੰਦਗੀ ਨੂੰ ਯਾਦ ਕਰਦਿਆਂ ਜਾਲਿਬ ਨੇ 1975 ਵਿਚ ਇਕ ਮਸਨਵੀ ਲਿਖੀ ਜੋ ਬਾਅਦ ਵਿਚ ਉਸ ਦੀ ਦੂਜੀ ਮੁੱਖ ਲਿਖਤ 'ਜ਼ਿਕਰ ਵਹਿੰਦੇ ਲਹੂ ਦਾ' ਵਿਚ ਵੀ ਛਪੀ:

> ਇੱਕ ਹਸੀਨ ਗਾਓਂ ਥਾ ਕਿਨਾਰੇ-ਆਬ,
> ਕਿਤਨਾ ਦਿਲਦਾਰ ਥਾ, ਦਿਆਰੇ-ਆਬ।
> ਕਿਆ ਅਜਬ, ਬੇਨਿਆਜ਼ ਬਸਤੀ ਥੇ,
> ਮੁਫਲਿਸੀ ਮੇਂ ਭੀ ਏਕ ਮਸਤੀ ਥੇ।
> ਕਿਤਨੇ ਦਿਲਦਾਰ ਥੇ ਹਮਾਰੇ ਦੋਸਤ,
> ਵੋ ਬੇਚਾਰੇ, ਵੋ ਬੇਸਹਾਰੇ ਦੋਸਤ।

ਪਾਕਿਸਤਾਨ ਪਹੁੰਚ ਕੇ ਜਾਲਿਬ ਕਰਾਚੀ ਰਹਿਣ ਲੱਗੇ ਅਤੇ ਉਥੇ ਉਰਦੂ ਅਖਬਾਰ 'ਇਮਰੋਜ਼' ਵਿਚ ਸੋਧਕ ਦੇ ਤੌਰ ਉਤੇ ਕੰਮ ਕਰਨ ਲੱਗੇ। ਇਮਰੋਜ਼ ਦੇ ਮੁੱਖ ਸੰਪਾਦਕ 'ਲੈਨਿਨ ਅਮਨ ਪੁਰਸਕਾਰ' ਨਾਲ ਸਨਮਾਨਿਤ ਲੇਖਕ ਫੈਜ਼ ਅਹਿਮਦ ਫੈਜ਼ ਸਨ। ਫੈਜ਼ ਨਾਲ ਇਨ੍ਹਾਂ ਮੁਲਾਕਾਤਾਂ ਦਾ ਜਾਲਿਬ ਉਪਰ ਡੂੰਘਾ ਪ੍ਰਭਾਵ ਪਿਆ ਅਤੇ ਉਨ੍ਹਾਂ ਦੀ ਕਲਾ ਬਾਰੇ ਸਮਝ ਅਤੇ ਸਮਾਜ ਵਿਚ ਇਸ ਦੇ ਮਕਸਦ ਬਾਰੇ ਸਮਝ ਵਿਚ ਮਿਸਾਲੀ ਬਦਲਾਓ ਆਇਆ। ਇਹ ਫੈਜ਼ ਅਤੇ ਉਨ੍ਹਾਂ ਦੇ ਪ੍ਰਗਤੀਸ਼ੀਲ ਲੇਖਕ ਸੰਘ ਵਿਚਲੇ ਸਾਥੀਆਂ ਨਾਲ ਸੰਗਤ ਹੀ ਸੀ ਜਿਸ ਨੇ ਜਾਲਿਬ ਅੰਦਰ ਮਿਆਰੀ ਅਤੇ ਉਸਾਰੂ ਕਲਾ ਸਿਰਜਣ ਦੀ ਤਾਂਘ ਪੈਦਾ ਕੀਤੀ। ਅਜਿਹੀ ਕਲਾ ਜਿਸ ਦਾ ਮਕਸਦ ਬੁਰਜੁਆਜ਼ੀ ਦੇ ਨਿਠੱਲੇ ਚਿੰਤਨ ਨੂੰ ਪੱਠੇ ਪਾਉਣਾ ਨਹੀਂ ਸਗੋਂ ਆਮ ਲੋਕਾਂ ਅੰਦਰ ਇਹ ਧਾਰਨਾ ਕਾਇਮ ਕਰਨਾ ਸੀ ਕਿ ਵਿਦਰੋਹ ਨਿਆਂਸੰਗਤ ਹੈ। ਸਿੱਟੇ ਵਜੋਂ, ਜਾਲਿਬ ਜੋ ਸਕੂਲ ਦੇ ਦਿਨਾਂ ਤੋਂ



*ਹਬੀਬ ਜਾਲਿਬ*

ਹੀ ਉਰਦੂ ਸ਼ਾਇਰੀ ਕਰ ਰਿਹਾ ਸੀ, ਨੇ ਆਪਣੀ ਸ਼ਾਇਰੀ ਨੂੰ ਨਿਜਵਾਦੀ ਰੁਮਾਂਸਾਂ ਤੋਂ ਮੋੜ ਕੇ ਮਨੁੱਖਤਾ ਦੀ ਮੁਕਤੀ ਦੇ ਵਡੇਰੇ ਕਾਰਜ ਵੱਲ ਸੇਧਿਆ। ਇਸ ਕਰ ਕੇ ਜਾਲਿਬ ਦੇ ਕਈ ਸਮਕਾਲੀਆਂ ਨੂੰ ਉਸ ਨਾਲ ਇਤਰਾਜ਼ ਵੀ ਹੋਇਆ ਕਿਉਂ ਜੋ ਉਨ੍ਹਾਂ ਦਾ ਮੰਨਣਾ ਸੀ ਕਿ ਕਲਾਕਾਰ ਨੂੰ ਟਕਸਾਲੀ ਉਰਦੂ ਰਵਾਇਤਾਂ ਦੇ ਮੁਤਾਬਕ ਚਲਦਿਆਂ ਆਪਣਾ ਧਿਆਨ ਨਿੱਜੀ ਪ੍ਰੇਮ ਦੇ ਦੁੱਖਾਂ-ਸੁੱਖਾਂ ਤੇ ਵਲਵਲਿਆਂ ਤੱਕ ਹੀ ਸੀਮਤ ਕਰਨਾ ਚਾਹੀਦਾ ਹੈ ਅਤੇ ਸ਼ਾਇਰੀ ਦਾ ਇਸਤੇਮਾਲ ਜ਼ਿੰਦਗੀ ਤੇ ਪ੍ਰੇਮ ਦੇ ਸੁਖਾਂਤਕ ਪਹਿਲੂਆਂ ਨੂੰ ਦਰਸਾਉਣ ਲਈ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਜਾਲਿਬ ਵੱਲੋਂ ਆਪਣੀ ਲਿਖਣ-ਸ਼ੈਲੀ ਵਿਚ ਆਮ ਲਹਿਜਾ ਅਪਨਾਏ ਜਾਣ ਦੀ ਆਲੋਚਨਾ ਕੀਤੀ ਕਿਉਂ ਜੋ ਉਨ੍ਹਾਂ ਮੁਤਾਬਕ ਇਹ 'ਵਿਦਵਾਨ' ਸ਼ਾਇਰ ਨੂੰ ਸ਼ੋਭਾ ਨਹੀਂ ਸੀ ਦਿੰਦਾ। ਇਸ ਆਲੋਚਨਾ ਦਾ ਜਾਲਿਬ ਨੇ ਇਉਂ ਜਵਾਬ ਦਿੱਤਾ:

> ਜੋ ਸਦਾਏਂ ਸੁਨ ਰਹਾ ਹੂੰ,
> ਮੁਝੇ ਬਸ ਉਨ੍ਹੀਂ ਕਾ ਗ਼ਮ ਹੈ।
> ਤੁਮਹੇਂ ਸ਼ੇਅਰ ਕੀ ਪੜੀ ਹੈ,
> ਮੁਝੇ ਆਦਮੀ ਕਾ ਗ਼ਮ ਹੈ।

1951 ਦੇ ਰਾਵਲਪਿੰਡੀ ਸਾਜ਼ਿਸ਼ ਕੇਸ ਤੋਂ ਬਾਅਦ ਕਮਿਊਨਿਸਟ ਪਾਰਟੀ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਉਪਰ ਕਾਨੂੰਨੀ ਰੋਕ ਲੱਗਣ ਨਾਲ ਪਾਕਿਸਤਾਨ ਵਿਚ ਯਥਾ-ਸਥਿਤੀ ਵਿਰੋਧੀ ਲਿਖਤਾਂ ਲਿਖਣਾ ਅਤੇ ਉਨ੍ਹਾਂ ਦਾ ਪ੍ਰਚਾਰ ਕਰਨਾ ਜੁਰਮ ਮੰਨਿਆ ਜਾਣ ਲੱਗਾ। ਜੋ ਫੌਜੀ ਤਾਨਾਸ਼ਾਹੀ ਨੇ ਇਹ ਗੁਮਾਨ ਕੀਤਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਵਿਰੋਧ ਦੀਆਂ ਸੁਰਾਂ ਨੂੰ ਦਬਾਇਆ ਜਾ ਸਕੇਗਾ ਤਾਂ ਉਹ ਮੁਗਾਲਤੇ ਵਿਚ ਹੀ ਸੀ। 1958 ਵਿਚ ਅਯੂਬ ਦੀ ਤਾਨਾਸ਼ਾਹੀ ਨੂੰ ਅਜੇ ਮਹਿਜ਼ ਸਾਲ ਹੀ ਹੋਇਆ ਸੀ ਕਿ ਰੇਡੀਓ ਪਾਕਿਸਤਾਨ ਵੱਲੋਂ ਕਰਵਾਏ ਅਤੇ ਪ੍ਰਸਾਰਿਤ ਕੀਤੇ ਮੁਸ਼ਾਇਰੇ ਵਿਚ ਇਹ ਬੋਲ ਸੁਣਾਈ ਦਿੱਤੇ:

> ਕਹੀਂ ਗੈਸ ਕਾ ਧੂੰਆਂ ਹੈ,
> ਕਹੀਂ ਗੋਲਿਓਂ ਕੀ ਬਾਰਿਸ਼,
> ਸ਼ਬ-ਏ-ਅਹਿਦ-ਏ-ਕਮ ਨਿਗਾਹੀ,
> ਤੁਝੇ ਕਿਸ ਤਰਹਿ ਸਰਾਹੇਂ।

ਜਾਲਿਬ ਨੂੰ ਫੌਰਨ ਗ੍ਰਿਫਤਾਰ ਕਰ ਲਿਆ ਗਿਆ ਅਤੇ ਰੇਡੀਓ ਪਾਕਿਸਤਾਨ ਦੇ ਕਿਸੇ ਵੀ ਜਨਤਕ ਪ੍ਰੋਗਰਾਮ ਵਿਚ ਉਸ ਦੇ ਹਿੱਸਾ ਲੈਣ ਉਤੇ ਰੋਕ ਲਗਾ ਦਿੱਤੀ ਗਈ ਪਰ ਇਉਂ ਜਾਲਿਬ ਦੀ ਕਲਮ ਨੂੰ ਰੋਕਿਆ ਨਹੀਂ ਸੀ ਜਾ ਸਕਦਾ ਅਤੇ ਤਿੰਨ ਸਾਲ ਬਾਅਦ ਹੀ 1962 ਵਿਚ ਉਸ ਨੂੰ ਫਿਰ ਗ੍ਰਿਫਤਾਰ ਕਰ ਲਿਆ ਗਿਆ। ਇਸ ਵਾਰ ਅਯੂਬ ਵੱਲੋਂ ਪਾਸ ਕੀਤੇ ਲੋਕ ਵਿਰੋਧੀ ਸੰਵਿਧਾਨ ਦੇ ਵਿਰੋਧ ਵਿਚ ਦਸਤੂਰ ਨਜ਼ਮ ਪੜ੍ਹਨ ਬਦਲੇ। ਇਹ ਨਜ਼ਮ ਪੂਰੇ ਪਾਕਿਸਤਾਨ ਅੰਦਰ ਅੱਗ ਵਾਂਗੂ ਫੈਲ ਗਈ। ਕੁਝ ਹੀ ਦਿਨਾਂ ਅੰਦਰ 'ਮੈਂ ਨਹੀਂ ਮਾਨਤਾ, ਮੈਂ ਨਹੀਂ ਜਾਨਤਾ' ਦਾ ਨਾਅਰਾ ਪੂਰੇ ਪਾਕਿਸਤਾਨ ਅੰਦਰ ਜਨਰਲ ਅਯੂਬ ਖਾਨ ਦੀ ਤਾਨਾਸ਼ਾਹੀ ਖਿਲਾਫ ਲੋਕਾਂ ਦੇ ਵਿਰੋਧ ਦਾ ਪ੍ਰਤੀਕ ਬਣ ਗਿਆ। ਜਮਹੂਰੀਅਤ ਪੱਖੀ ਤਾਕਤਾਂ ਅਤੇ ਤਾਨਾਸ਼ਾਹੀ ਦਰਮਿਆਨ ਇਹ ਮੁਕਾਬਲਾ 1965 ਵਿਚ ਅਯੂਬ ਬਨਾਮ ਫਾਤਿਮਾ ਜਿਨਾਹ ਦੇ ਚੋਣ ਪ੍ਰਚਾਰ ਨਾਲ ਆਪਣੀ ਸਿਖਰ ਉਤੇ ਪਹੁੰਚਿਆ ਜਿਸ ਵਿਚ ਜਾਲਿਬ ਨੇ ਫਾਤਿਮਾ ਜਿਨਾਹ ਦਾ ਸਾਥ ਦਿੱਤਾ। ਚੋਣਾਂ ਵਿਚ ਧਾਂਦਲੀ ਜ਼ਰੀਏ ਅਯੂਬ, ਫਾਤਿਮਾ ਨੂੰ ਹਰਾਉਣ ਵਿਚ ਕਾਮਯਾਬ ਰਿਹਾ ਪਰ ਇਸ ਨਾਲ ਫੌਜੀ ਤਾਨਾਸ਼ਾਹੀ ਲੋਕਾਂ ਦੇ ਉਸ ਉਬਾਲ ਨੂੰ ਨਾ ਰੋਕ ਸਕੀ ਜਿਸ ਦਾ ਸਿੱਟਾ 1968-69 ਦੀ ਲੋਕਾਂ ਅਤੇ ਵਿਦਿਆਰਥੀਆਂ ਦੀ ਬਗਾਵਤ ਵਿਚ ਨਿਕਲਿਆ। ਜਾਲਿਬ ਵੱਲੋਂ ਇਸ ਦੌਰ ਦੌਰਾਨ ਲਿਖੀ ਸ਼ਾਇਰੀ ਉਸ ਸਮੇਂ ਦੇ ਸਮਾਜੀ ਅਤੇ ਸਿਆਸੀ ਪ੍ਰਸੰਗਾਂ ਨੂੰ ਸਮਝਣ ਲਈ ਅਹਿਮ ਕੜੀ ਹੈ। ਇਸ ਦੌਰ ਦੀ ਸ਼ਾਇਰੀ ਨੂੰ ਉਸ ਦੇ ਪਹਿਲੇ ਸੰਗ੍ਰਿਹ 'ਸਰ-ਏ-ਮਕਤਲ' ਵਿਚ ਛਾਪਿਆ ਗਿਆ।

ਜਨਰਲ ਯਾਹੀਆ ਖਾਨ ਅਤੇ ਫਿਰ ਜ਼ੁਲਫਿਕਾਰ ਅਲੀ ਭੁੱਟੋ ਦੇ ਉਭਾਰ ਦੇ ਨਾਲ ਹੀ 1971 ਵਿਚ ਪਾਕਿਸਤਾਨ ਵੀ ਵੰਡਿਆ ਗਿਆ। ਜਾਲਿਬ ਨੇ ਇਸ ਵੰਡ ਨੂੰ ਦੋ ਕਾਰਨਾਂ ਦੇ ਸਿੱਟੇ ਵਜੋਂ ਸਮਝਿਆ: ਜਗੀਰੂ ਤਾਕਤਾਂ ਦੀ ਇਜਾਰੇਦਾਰੀ ਵਾਲੀ ਕੇਂਦਰੀ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ



***ਹਬੀਬ ਜਾਲਿਬ ਦੀ ਧੀ ਤਾਹਿਰਾ ਹਬੀਬ ਆਪਣੇ ਅੱਬਾ ਦੀ ਮਸ਼ਹੂਰ ਕਵਿਤਾ 'ਦਸਤੂਰ' ਪੜ੍ਹਦੀ ਹੋਈ***

ਰਹੀਆਂ ਕੌਮੀ ਭੇਦ-ਭਾਵ ਦੀਆਂ ਨੀਤੀਆਂ ਅਤੇ ਅਜਿਹੀ ਫੌਜੀ ਤਾਕਤ ਜੋ ਖਰੀਆਂ ਕੌਮੀ ਲਹਿਰਾਂ ਨੂੰ ਸਿਆਸੀ ਆਜ਼ਾਦੀ ਦੇਣ ਲਈ ਤਿਆਰ ਨਹੀਂ ਸੀ। ਹਾਲਾਂਕਿ ਕਈ ਖੱਬੇ ਪੱਖੀ ਬੁੱਧੀਜੀਵੀ ਭੁੱਟੋ ਦੇ "ਸਮਾਜਵਾਦੀ" ਸੁਧਾਰਾਂ ਤੋਂ ਪ੍ਰਭਾਵਿਤ ਹੋ ਰਹੇ ਸਨ ਪਰ ਜਾਲਿਬ ਨੇ ਪੂਰੀ ਦ੍ਰਿੜਤਾ ਨਾਲ ਆਲੋਚਨਾਤਮਕ ਪੈਂਤੜਾ ਕਾਇਮ ਰੱਖਿਆ। ਇਕ ਖਾਸ ਮੌਕੇ ਉਤੇ ਭੁੱਟੋ ਨੇ ਜਾਲਿਬ ਨੂੰ ਪਾਕਿਸਤਾਨ ਪੀਪਲਜ਼ ਪਾਰਟੀ ਨਾਲ ਜੁੜਨ ਲਈ ਵੀ ਕਿਹਾ ਸੀ, ਜਿਸ ਦੇ ਜਵਾਬ ਵਿਚ ਹਬੀਬ ਜਾਲਿਬ ਨੇ ਕਿਹਾ ਸੀ: "ਕਿਤੇ ਸਮੁੰਦਰ ਵੀ ਦਰਿਆਵਾਂ ਵਿਚ ਉਤਰੇ ਨੇ?"

ਭੁੱਟੋ ਸਰਕਾਰ ਦੀਆਂ ਨੀਤੀਆਂ ਦੇ ਜ਼ੋਰਦਾਰ ਆਲੋਚਕ ਹੋਣ ਦੇ ਬਾਵਜੂਦ ਜਾਲਿਬ ਆਪਣੇ ਵਿਸ਼ਵਾਸਾਂ ਉਤੇ ਖਰਾ ਸੀ ਅਤੇ 1977 ਵਿਚ ਜ਼ਿਆ-ਉਲ-ਹੱਕ ਵੱਲੋਂ ਭੁੱਟੋ ਸਰਕਾਰ ਦਾ ਤਖਤਾ ਪਲਟ ਕੀਤੇ ਜਾਣ ਦੇ ਖਿਲਾਫ ਜਮਹੂਰੀਅਤ ਦੀ ਬਹਾਲੀ ਲਈ ਚੱਲੀ ਲਹਿਰ ਦਾ ਹਿੱਸਾ ਬਣ ਗਿਆ। ਜ਼ਿਆ-ਉਲ-ਹੱਕ ਦੇ 11 ਸਾਲਾਂ ਦੇ ਸ਼ਾਸਨ ਦਾ ਬਹੁਤਾ ਸਮਾਂ ਜਾਲਿਬ ਜੇਲ੍ਹ ਵਿਚ ਹੀ ਰਿਹਾ; ਇਸ ਸਮੇਂ ਦੌਰਾਨ ਉਸ ਦੀਆਂ ਕਿਤਾਬਾਂ 'ਜ਼ਿਕਰ ਬਹਿਤੇ ਖੂਨ ਕਾ' ਤੇ 'ਗੁੰਬਦ-ਏ-ਬੇਦਾਰ' ਛਪੀਆਂ ਅਤੇ ਤੁਰੰਤ ਹੀ ਇਨ੍ਹਾਂ ਉਪਰ ਰੋਕ ਵੀ ਲਗਾ ਦਿੱਤੀ ਗਈ। 1988-89 ਵਿਚ ਜ਼ਿਆ-ਉਲ-ਹੱਕ ਦੀ ਮੌਤ ਮਗਰੋਂ ਜਮਹੂਰੀਅਤ ਦੀ ਹੋਈ ਵਾਪਸੀ ਵੇਲੇ ਜਾਲਿਬ ਨੇ ਮੁੜ ਲੋਕਾਂ ਨੂੰ ਚੇਤਾ ਕਰਵਾਇਆ ਕਿ ਇਹ ਕੋਈ ਅੰਤਿਮ ਟੀਚਾ ਨਹੀਂ ਸੀ ਸਗੋਂ ਇਹ ਤਾਂ ਟੀਚੇ ਵੱਲ ਜਾਣ ਦਾ ਜ਼ਰੀਆ ਮਾਤਰ ਸੀ।

ਹਬੀਬ ਜਾਲਿਬ ਦੀ ਮੌਤ 13 ਮਾਰਚ 1993 ਨੂੰ 64 ਸਾਲਾਂ ਦੀ ਉਮਰ ਵਿਚ ਹੋਈ। ਹੁਸ਼ਿਆਰਪੁਰ ਅਤੇ ਜਲੰਧਰ ਦੇ ਉਨ੍ਹਾਂ ਹੀ ਜ਼ਿਲ੍ਹਿਆਂ ਜਿਥੋਂ ਦਾ ਜਾਲਿਬ ਖੁਦ ਸੀ, ਦੇ ਪਰਵਾਸੀਆਂ ਦੀ ਤੀਜੀ ਪੀੜ੍ਹੀ ਦੀ ਔਲਾਦ ਹੋਣ ਕਰ ਕੇ ਮੈਨੂੰ ਜਾਲਿਬ ਦੀ ਸ਼ਾਇਰੀ ਵਿਚ ਉਨ੍ਹਾਂ ਹੀ ਬਿਖਰੇ ਸੁਪਨਿਆਂ ਅਤੇ ਇਕੱਲੇਪਣ ਦਾ ਜਵਾਬ ਲੱਭਦਾ ਹੈ ਜਿਨ੍ਹਾਂ ਬਾਰੇ ਮੇਰੇ ਪੁਰਖੇ ਗੱਲਾਂ ਕਰਦੇ ਹੁੰਦੇ ਸਨ ਪਰ ਜਾਲਿਬ ਨੇ ਆਪਣੇ-ਆਪ ਨੂੰ ਮਹਿਜ਼ ਸੰਸਾਰ ਦੀ ਵਿਆਖਿਆ ਕਰਨ ਤੱਕ ਹੀ ਸੀਮਤ ਨਹੀਂ ਰੱਖਿਆ। ਉਹ ਕੋਈ ਸ਼ਾਂਤੀਵਾਦੀ ਨਹੀਂ ਸੀ ਜੋ 'ਵਿਆਖਿਆ' ਤੱਕ ਹੀ ਸੀਮਤ ਰਹਿੰਦਾ ਸੀ। ਸੱਚ ਤਾਂ ਇਹ ਹੈ ਕਿ ਜਾਲਿਬ ਨੇ ਮਾਰਕਸਵਾਦ ਦੀ ਇਹ ਅਖੌਤ, ਕਿ ਸਾਨੂੰ ਕੇਵਲ ਸੰਸਾਰ ਦੀ ਵਿਆਖਿਆ ਤੱਕ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਇਸ ਨੂੰ ਸਰਗਰਮੀ ਜ਼ਰੀਏ ਬਦਲਣ ਵੱਲ ਵੀ ਵਧਣਾ ਚਾਹੀਦਾ ਹੈ, ਨੂੰ ਆਪਣੇ ਅੰਦਰ ਸਾਕਾਰ ਕਰ ਲਿਆ ਸੀ। ਇਸ ਲਈ ਅੱਜ ਜਾਲਿਬ ਨੂੰ ਲਾਜ਼ਮੀ ਹੀ ਪੜ੍ਹਿਆ ਅਤੇ ਗਾਇਆ ਜਾਣਾ ਚਾਹੀਦਾ ਹੈ ਤੇ ਉਸ ਦੇ ਸੁਨੇਹੇ ਨੂੰ ਵਿਆਪਕ ਲੋਕਾਈ ਵਿਚ ਲਿਜਾਣਾ ਚਾਹੀਦਾ ਹੈ। ਇਹ ਕਾਰਜ ਪਹਿਲਾਂ ਨਾਲੋਂ ਅੱਜ ਕਿਤੇ ਜ਼ਿਆਦਾ ਜ਼ਰੂਰੀ ਹੈ।

## ਮਾਂ ਬੋਲੀ

ਪੁੱਤਰਾਂ ਤੇਰੀ ਚਾਦਰ ਲਾਹੀ।
ਹੋਰ ਕਿਸੇ ਦਾ ਦੋਸ਼ ਨਾ ਮਾਈ।

ਗੈਰਾਂ ਕਰੋਧ ਦੀ ਉਹ ਅੱਗ ਬਾਲੀ।
ਸੀਨੇ ਹੋ ਗਏ ਪਿਆਰ ਤੋਂ ਖਾਲੀ।
ਪੁੱਤਰਾਂ ਨੂੰ ਤੂੰ ਲੱਗੇਂ ਗਾਲੀ।
ਤੈਨੂੰ ਬੋਲਣ ਤੋਂ ਸ਼ਰਮਾਵਣ।
ਗੈਰਾਂ ਐਸੀ 'ਵਾ ਵਗਾਈ,
ਪੁੱਤਰਾਂ ਤੇਰੀ ਚਾਦਰ ਲਾਹੀ।

ਇਨ੍ਹਾਂ ਕੋਲ ਜ਼ਮੀਨਾਂ ਵੀ ਨੇ
ਇਨ੍ਹਾਂ ਹੱਥ ਸੰਗੀਨਾਂ ਵੀ ਨੇ।
ਦੌਲਤ ਬੈਂਕ ਮਸ਼ੀਨਾਂ ਵੀ ਨੇ।
ਨਾ ਇਹ ਤੇਰੇ ਨਾ ਇਹ ਮੇਰੇ
ਇਹ ਲੋਕੀਂ ਯੂਸੁਫ ਦੇ ਭਾਈ।
ਪੁੱਤਰਾਂ ਤੇਰੀ ਚਾਦਰ ਲਾਹੀ।
ਹੋਰ ਕਿਸੇ ਦਾ ਦੋਸ਼ ਨਾ ਮਾਈ।

***(ਯੂਸੁਫ ਦੇ ਦਸ ਮਤਰੇਏ ਭਾਈਆਂ ਨੇ ਉਸ ਨੂੰ ਈਰਖਾ ਵਸ ਹੋ ਕੇ ਬਹੁਤ ਤਸੀਹੇ ਦਿੱਤੇ ਸਨ)***

---

## ਬੂਟਾਂ ਦੀ ਸਰਕਾਰ

ਡਾਕੂਆਂ ਦਾ ਜੇ ਸਾਥ ਨਾ ਦਿੰਦਾ
ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ
ਜਿੱਤ ਨਾ ਬਣਦੀ ਹਾਰ।
ਪੱਗਾਂ ਆਪਣੇ ਗਲ ਵਿਚ ਪਾ ਲਓ
ਟੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ
ਬੂਟਾਂ ਦੀ ਸਰਕਾਰ।

**-ਹਬੀਬ ਜਾਲਿਬ**

# ਟਿੱਲਾ ਗੁਰੂ ਗੋਰਖ ਨਾਥ

ਕਿਸੇ ਰੋਜ਼ਾਨਾ ਪੰਜਾਬੀ ਅਖਬਾਰ ਵਿਚ ਛਪੀ ਖਬਰ ਨੇ ਇਕਦਮ ਧਿਆਨ ਖਿੱਚਿਆ: 'ਟਿੱਲਾ ਗੋਰਖ ਨਾਥ ਦਾ ਮੇਲਾ ਧੂਮਧਾਮ ਨਾਲ ਸਮਾਪਤ।' ਇਹ ਖਬਰ ਅੰਬਾਲੇ ਤੋਂ ਲੱਗੀ ਸੀ ਪਰ ਮੇਲਾ ਕਿਥੇ ਭਰਿਆ? ਟਿੱਲਾ ਗੋਰਖ ਨਾਥ ਤਾਂ ਪਾਕਿਸਤਾਨ ਵਿਚ ਹੈ, ਅੰਬਾਲੇ ਮੇਲਾ ਕਿਸ ਤਰ੍ਹਾਂ ਭਰਿਆ? ਮਗਰੋਂ ਪਤਾ ਲੱਗਿਆ ਕਿ ਅੱਜ ਕੱਲ੍ਹ ਇਹ ਗੱਦੀ ਅੰਬਾਲੇ ਚੱਲ ਰਹੀ ਹੈ।

ਬਚਪਨ ਵਿਚ ਬਜ਼ੁਰਗਾਂ ਤੋਂ ਨਾਥਾਂ ਬਾਰੇ ਬੜੀਆਂ ਦਿਲਚਸਪ ਗੱਲਾਂ ਸੁਣਦੇ ਹੁੰਦੇ ਸਾਂ। ਪੂਰਨ ਭਗਤ ਦੀ ਕਹਾਣੀ ਦਿਲਚਸਪ ਲਗਦੀ। ਰਾਜਾ ਸਲਵਾਨ ਨੇ ਆਪਣੇ ਬੇਟੇ ਪੂਰਨ ਨੂੰ ਮਤਰੇਈ ਮਾਂ ਦੀ ਚੁੱਕ ਵਿਚ ਆਉਂਦਿਆਂ ਹੱਥ ਪੈਰ ਕਟਵਾ ਕੇ ਖੂਹ ਵਿਚ ਸੁੱਟ ਦਿੱਤਾ ਸੀ। ਉਦੋਂ ਗੁਰੂ ਗੋਰਖਨਾਥ ਨੇ ਪੂਰਨ ਨੂੰ ਖੂਹ ਵਿਚੋਂ ਕੱਢ ਕੇ ਪਹਿਲਾਂ ਉਸ ਦੇ ਹੱਥ ਪੈਰ ਸਬੂਤੇ ਕੀਤੇ, ਫਿਰ ਆਪਣਾ ਚੇਲਾ ਬਣਾ ਕੇ ਨਾਲ ਲੈ ਗਿਆ। ਵੱਡੇ ਹੋ ਕੇ ਸੱਯਦ ਵਾਰਿਸ ਸ਼ਾਹ ਦੀ ਹੀਰ ਪੜ੍ਹੀ, ਜਿਸ ਵਿਚ 'ਰਾਂਝੇ ਦਾ ਜੋਗੀ

ਹਰਨੇਕ ਸਿੰਘ ਘੜੂੰਆਂ

ਬਣਨਾ' ਅਤੇ 'ਬਾਲ ਨਾਥ ਨਾਲ ਸਵਾਲ ਜਵਾਬ ਕਰਨੇ' ਪੜ੍ਹੇ। ਇਉਂ ਬਚਪਨ ਤੋਂ ਲੈ ਕੇ ਅੱਜ ਤੱਕ ਮੇਰੀ ਜੋਗੀਆਂ ਦੇ ਟਿੱਲੇ ਲਈ ਲਗਾਤਾਰ ਦਿਲਚਸਪੀ ਬਣੀ ਹੋਈ ਸੀ। ਖਬਰ ਪੜ੍ਹ ਕੇ ਕੁਝ ਦਿਨਾਂ ਬਾਅਦ ਜੋਗੀਆਂ ਦਾ ਡੇਰਾ ਲੱਭਣ ਅੰਬਾਲੇ ਪਹੁੰਚ ਗਿਆ। ਮੈਂ ਸੋਚਦਾ ਜਾ ਰਿਹਾ ਸੀ। ਮੈਲੇ ਕੁਚੈਲੇ ਕੱਪੜਿਆਂ ਤੇ ਨਸ਼ਿਆਂ ਵਿਚ ਗਲਤਾਨ ਹੋਏ ਕਿਸੇ ਪੁਰਾਣੇ ਡੇਰੇ ਵਿਚ ਰਹਿੰਦੇ ਸਾਧੂ ਪਤਾ ਨਹੀਂ ਕਿਹੋ ਜਿਹਾ ਵਰਤਾਉ ਕਰਨਗੇ? ਜਿਉਂ ਹੀ ਪੁੱਛਦਾ-ਪੁਛਾਉਂਦਾ ਜੋਗੀਆਂ ਦੇ ਡੇਰੇ ਪਹੁੰਚਿਆ, ਹੈਰਾਨੀ ਦੀ ਹੱਦ ਨਾ ਰਹੀ। ਸਾਹਮਣੇ ਸਾਫ ਸੁਥਰਾ ਤਿੰਨ ਟੀਸੀਆਂ ਵਾਲਾ ਸਨਾਤਨੀ ਸ਼ੈਲੀ ਵਿਚ ਬਣਿਆ ਮੰਦਿਰ ਤੇ ਨਾਲ ਹੀ ਸ਼ਿਵ ਜੀ ਦਾ ਪੰਦਰਾਂ-ਅਠਾਰਾਂ ਫੁੱਟ ਉਚਾ ਬੁੱਤ। ਇਸ ਡੇਰੇ ਨੂੰ ਜੋਗੀਆਂ ਦੀ ਭਾਸ਼ਾ ਵਿਚ ਦਰਗਾਹ ਕਹਿੰਦੇ ਹਨ। ਦਰਗਾਹ ਦੇ ਇਕ ਹਿੱਸੇ ਵਿਚ ਗੁਰੂ ਦੀ ਰਿਹਾਇਸ਼, ਲੰਗਰ ਅਤੇ ਕੁਝ ਹੋਰ ਕਮਰੇ ਹਨ।

ਅੰਦਰ ਵੜਦਿਆਂ ਸਾਰ ਸਾਹਮਣੇ ਗੋਲ ਕਮਰੇ 'ਤੇ ਲਿਖਿਆ ਹੈ: ਪੂਰਨ ਦਾ ਖੂਹ। ਦਰਗਾਹ ਵਿਚ ਵੜਨ ਤੋਂ ਪਹਿਲਾਂ ਜੁੱਤੀਆਂ ਉਤਾਰਨੀਆਂ ਜ਼ਰੂਰੀ ਹਨ। ਪਤਾ ਲੱਗਾ ਕਿ ਗੱਦੀ 'ਤੇ ਬਿਰਾਜਮਾਨ ਬਾਬਾ ਜੀ ਕਿਤੇ ਬਾਹਰ ਗਏ ਹਨ ਅਤੇ ਕਈ ਦਿਨਾਂ ਪਿਛੋਂ ਪਰਤਣਗੇ। ਕੁਝ ਦਿਨਾਂ ਬਾਅਦ ਦੁਬਾਰਾ ਦਰਗਾਹ ਪਹੁੰਚਿਆ, ਫਿਰ ਪਤਾ ਲੱਗਾ ਕਿ ਬਾਬਾ ਜੀ ਅੱਜ ਵੀ ਬਾਹਰ ਹਨ। ਜਦੋਂ ਤੀਜੀ ਵਾਰ ਦਰਗਾਹ ਵਿਚ ਦਾਖਲ ਹੋਇਆ, ਇਹ ਜਾਣ ਕੇ ਬੜੀ ਖੁਸ਼ੀ ਹੋਈ, ਬਾਬਾ ਜੀ ਇਥੇ ਹਨ।

ਮੇਰੇ ਜਾਣ ਤੋਂ ਪਹਿਲਾਂ ਵੀ ਕੋਈ 40-50




ਲੋਕ ਬਾਬਾ ਜੀ ਦੇ ਦਰਸ਼ਨਾਂ ਲਈ ਕਮਰੇ ਵਿਚ ਬੈਠੇ ਸਨ, ਮੈਨੂੰ ਵੀ ਉਥੇ ਹੀ ਉਡੀਕ ਕਰਨ ਲਈ ਕਿਹਾ ਗਿਆ। ਇੰਨੇ ਨੂੰ ਬਾਬਾ ਜੀ ਤਸ਼ਰੀਫ ਲੈ ਆਏ। ਹਾਜ਼ਰ ਲੋਕ ਇਕਦਮ ਖੜ੍ਹੇ ਹੋ ਗਏ ਤੇ ਜੈਕਾਰਾ ਬੁਲੰਦ ਕੀਤਾ, 'ਜੈਕਾਰਾ ਟਿੱਲੇ ਵਾਲੇ ਦਾ... ਬੋਲ ਸਾਚੇ ਦਰਬਾਰ ਕੀ ਜੈ।' ਸਭ ਨੇ ਬਾਬਾ ਜੀ ਦੇ ਪੈਰ ਛੂਹੇ। ਇਨ੍ਹਾਂ ਵਿਚੋਂ ਬਹੁਤੇ ਪੱਛਮੀ ਪੰਜਾਬ ਤੋਂ ਸੰਤਾਲੀ ਵੇਲੇ ਆਏ ਹੋਏ ਸਨ ਜੋ ਪਿਛੋਂ ਹੀ ਟਿੱਲੇ ਦੀ ਮਾਨਤਾ ਕਰਦੇ ਆਏ ਸਨ। ਬਾਬਾ ਜੀ ਨੂੰ ਵੇਖ ਕੇ ਮੇਰਾ ਸ਼ੱਕ ਦੂਰ ਹੋ ਗਿਆ ਕਿ ਇਨ੍ਹਾਂ ਦੇ ਰਹਿਣ ਸਹਿਣ ਦਾ ਢੰਗ ਕਿਹੋ ਜਿਹਾ ਹੋਵੇਗਾ। ਸਾਫ ਸੁਥਰੇ ਕੱਪੜੇ ਤੇ ਕੰਨਾਂ 'ਚ ਅੰਗੂਠੇ ਵਰਗੀਆਂ ਸੋਨੇ ਦੀਆਂ ਮੁੰਦਰਾਂ। ਸਾਰੇ ਲੋਕਾਂ ਨੂੰ ਮਿਲਣ ਤੋਂ ਬਾਅਦ ਮੈਨੂੰ 'ਕੱਲਿਆਂ ਮਿਲਣ ਦਾ ਸਮਾਂ ਮਿਲਿਆ। ਇਸ ਪੀਰ ਪਾਰਸ ਨਾਥ ਕੋਲੋਂ ਨਾਥ ਪ੍ਰਥਾ ਬਾਰੇ ਕਾਫੀ ਜਾਣਕਾਰੀ ਮਿਲੀ।

ਨਾਥ ਸ਼ਿਵ ਜੀ ਨੂੰ ਆਪਣਾ ਸ਼ਕਤੀ ਸਰੋਤ ਮੰਨਦੇ ਹਨ ਅਤੇ ਸ਼ਿਵ ਜੀ ਦੀ ਹੀ ਅਰਾਧਨਾ ਕਰਦੇ ਹਨ। ਡੇਰੇ ਦੇ ਜੋਗੀਆਂ ਲਈ ਸ਼ਾਦੀ ਕਰਾਉਣਾ ਮਨ੍ਹਾਂ ਹੈ। ਇਥੇ ਬੱਚੇ ਚੜ੍ਹਾਵੇ ਵਿਚ ਚੜ੍ਹਾਏ ਜਾਂਦੇ ਹਨ। ਇਨ੍ਹਾਂ ਵਿਚੋਂ ਹੀ ਵੱਡੇ ਹੋਣ 'ਤੇ ਜਿਸ ਨੂੰ ਯੋਗ ਸਮਝਿਆ ਜਾਵੇ, ਗੱਦੀ ਦਾ ਵਾਰਿਸ ਬਣਾ ਦਿੱਤਾ ਜਾਂਦਾ ਹੈ। ਟਿੱਲੇ ਦੀ ਪੁਰਾਣੀ ਰਵਾਇਤ ਅਨੁਸਾਰ ਹਰ ਵੇਲੇ ਸ਼ਿਵ ਜੀ ਦਾ ਧੂਣਾ ਧੁਖਦਾ ਰਹਿੰਦਾ ਹੈ ਅਤੇ ਆਉਣ ਵਾਲੇ ਸ਼ਰਧਾਲੂਆਂ ਨੂੰ ਸੁਆਹ ਦਾ ਪ੍ਰਸ਼ਾਦ ਦਿੱਤਾ ਜਾਂਦਾ ਹੈ। ਇਥੇ ਦੋ ਤਿਉਹਾਰ ਧੂਮਧਾਮ ਨਾਲ ਮਨਾਏ ਜਾਂਦੇ ਹਨ।

ਇਹ ਗੱਦੀ ਕਦੋਂ ਸ਼ੁਰੂ ਹੋਈ, ਇਸ ਬਾਰੇ ਅਨੇਕਾਂ ਮਿੱਥਾਂ ਹਨ, ਪਰ ਸਹੀ ਕੁਝ ਵੀ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਨੂੰ ਕੰਨ ਪਾਟੇ ਸਾਧੂ ਨਾਥ ਅਤੇ ਸਿੱਧ ਕਿਹਾ ਗਿਆ ਹੈ। ਗੱਦੀ ਉਤੇ ਬਿਰਾਜਮਾਨ ਹੋਏ ਸਾਧੂਆਂ ਦੀ ਲੜੀ ਭਾਵੇਂ ਲੰਮੀ ਹੈ ਪਰ ਸਭ ਤੋਂ ਵੱਧ ਚਰਚਿਤ ਪੀਰ ਗੋਰਖ ਨਾਥ ਹੋਏ ਹਨ ਜੋ ਪੀਰ ਮਛੰਦਰ ਨਾਥ ਦੇ ਚੇਲੇ ਸਨ। ਗੁਰੂ ਗੋਰਖ ਨਾਥ ਨੇ ਯੋਗ ਸਾਧਨਾ ਨਾਲ ਬੜੀ ਲੰਮੀ ਉਮਰ ਭੋਗੀ। ਇਸ ਕਰ ਕੇ ਕਈ ਇਤਿਹਾਸਕਾਰ ਇਨ੍ਹਾਂ ਦੇ ਸਮੇਂ ਦਾ ਭੁਲੇਖਾ ਖਾ ਜਾਂਦੇ ਹਨ।

ਸੰਤਾਲੀ ਤੋਂ ਪਹਿਲਾਂ ਟਿੱਲਾ ਗੋਰਖ ਨਾਥ ਦੀ ਕੋਈ ਰਵਾਇਤ ਹੁੰਦੀ ਸੀ ਜੋ ਸਾਧੂ ਗੱਦੀ 'ਤੇ ਬੈਠ ਗਿਆ, ਉਹ ਟਿੱਬੀ ਤੋਂ ਹੇਠਾਂ ਨਹੀਂ ਸੀ ਉਤਰਦਾ। ਉਸ ਵਿਚ ਹੀ ਸਮਾਧੀ ਬਣਦੀ ਸੀ। ਸਿਰਫ ਦੋ ਪੀਰਾਂ ਨੂੰ ਮੁਕੱਦਮੇ ਸਮੇਂ ਅਦਾਲਤ ਵਿਚ ਪੇਸ਼ ਹੋਣ ਲਈ ਟਿੱਬੀ ਤੋਂ ਹੇਠਾਂ ਉਤਰਨਾ ਪਿਆ, ਇਹ ਸਨ ਪੀਰ ਗੌਹਲ ਨਾਥ ਤੇ ਪੀਰ ਕਲਾ ਨਾਥ। ਆਮ ਸਾਧੂਆਂ ਨੂੰ ਟਿੱਬੀ ਤੋਂ ਹੇਠਾਂ ਉਤਰਨ ਦੀ ਇਜਾਜ਼ਤ ਸੀ। ਕਈਆਂ ਨੇ ਤਾਂ ਹੇਠਾਂ ਉਤਰ ਕੇ ਆਪਣੇ ਮੱਠ ਵੀ ਬਣਾ ਲਏ ਸਨ। ਇਥੇ ਖਾਸ ਕਰ ਕੇ ਪੀਰ ਨਦੀ ਨਾਥ ਦਾ ਜ਼ਿਕਰ ਜ਼ਰੂਰੀ ਹੈ, ਜਿਸ ਨੂੰ ਬਾਅਦ ਵਿਚ ਦਰਿਆ ਨਾਥ ਨਾਲ ਵੀ ਜਾਣਿਆ ਜਾਣ ਲੱਗਾ। ਇਹ ਸਾਧੂ ਪਹਿਲਾਂ ਦਰਿਆ ਜਿਹਲਮ ਦੇ ਕਿਨਾਰੇ ਆ ਕੇ ਬੈਠ ਗਿਆ। ਫਿਰ ਕੁਹਾਟ ਵਿਚ ਜਾ ਆਪਣਾ ਮੱਠ ਬਣਾ ਲਿਆ। ਇਸ ਪੀਰ ਦੇ ਚੇਲੇ ਦਰਿਆ ਪੰਥੀ ਕਹਾਉਣ ਲੱਗ ਪਏ। ਬਾਅਦ ਵਿਚ ਚੇਲਿਆਂ ਨੇ ਚਾਰ ਮੱਠ ਹੋਰ ਬਣਾ ਲਏ: ਕੋਟ ਸਾਰੰਗ, ਮਾਖੰਡ, ਬੰਨੂ ਤੇ ਰਾਵਲਪਿੰਡੀ; ਪਰ ਇਨ੍ਹਾਂ ਸਾਰੇ ਮੱਠਾਂ ਨੂੰ ਟਿੱਲਾ ਗੋਰਖ ਨਾਥ ਦੀਆਂ ਸ਼ਾਖਾਵਾਂ ਹੀ ਮੰਨਿਆ ਜਾਂਦਾ ਸੀ। ਪੀਰ ਨਦੀ ਨਾਥ 1179 ਵਿਚ ਹਰਿਦੁਆਰ ਗਏ, ਉਥੇ ਉਨ੍ਹਾਂ ਆਪਣਾ ਸਿਰਨਾਵਾਂ ਕੁਹਾਟ ਦਾ ਹੀ ਲਿਖਾਇਆ।

ਕੋਟ ਸਾਰੰਗ ਵਾਲਾ ਮੱਠ ਦੇਹਰਾਦੂਨ ਵਿਚ ਸਥਾਪਿਤ ਹੋ ਗਿਆ। ਮਖੰਡ ਵਾਲਾ ਮੱਠ ਰੇਲਵੇ ਰੋਡ ਕੁਰੂਕਸ਼ੇਤਰ ਵਿਚ ਹੈ। ਬੰਨੂ ਵਾਲਾ ਮੱਠ ਇਧਰ ਆ ਕੇ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਸ ਦਾ ਇਕ ਹਿੱਸਾ ਫਰੀਦਾਬਾਦ ਵਿਚ ਹੈ ਤੇ ਦੂਜਾ ਚਾਂਦਨੀ ਚੌਕ ਦੇ ਕਟੜਾ ਬਾੜੀਆਂ ਵਿਚ। ਇਹ ਦੋਵੇਂ ਗੱਦੀਆਂ ਗ੍ਰਿਹਸਥੀ ਬਣਨ ਕਾਰਨ ਬਾਅਦ ਵਿਚ ਖਤਮ ਹੋ ਗਈਆਂ। ਰਾਵਲਪਿੰਡੀ ਵਾਲੇ ਮੱਠ ਦੇ ਮਹੰਤ ਰਾਮ ਨਾਥ ਨੇ ਸੰਤਾਲੀ ਤੋਂ ਬਾਅਦ ਰਮੇਸ਼ ਨਗਰ ਦਿੱਲੀ ਵਿਚ ਬਾਂਦਰਾਂ ਵਾਲੀ ਖੂਹੀ ਨਾਮੀ ਸਥਾਨ 'ਤੇ ਆਸ਼ਰਮ ਸਥਾਪਿਤ ਕੀਤਾ। ਇਹ ਪੰਜ ਸਾਲਾਂ ਦੀ ਉਮਰ ਵਿਚ ਗੱਦੀ 'ਤੇ ਬਿਰਾਜਮਾਨ ਹੋ ਗਏ ਸਨ ਅਤੇ ਬਾਅਦ ਵਿਚ ਇਨ੍ਹਾਂ ਨੇ ਆਯੁਰਵੈਦਿਕ ਪ੍ਰਣਾਲੀ ਦੀਆਂ ਕਈ ਡਿਗਰੀਆਂ ਪ੍ਰਾਪਤ ਕੀਤੀਆਂ। ਰਾਵਲਪਿੰਡੀ ਵਿਚ ਇਹ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਵੀ ਸਨ ਤੇ ਉਨ੍ਹਾਂ ਨੇ ਸੱਤ ਸਾਲ ਆਜ਼ਾਦੀ ਦੇ ਅੰਦੋਲਨਾਂ ਵਿਚ ਜੇਲ੍ਹ ਕੱਟੀ। ਇਸ ਮੱਠ ਦੇ ਅਧੀਨ ਸੰਸਕ੍ਰਿਤ ਸਕੂਲ ਅਤੇ ਸਿਲਾਈ ਸੈਂਟਰ ਵੀ ਚੱਲਦਾ ਹੈ।

ਜੋਗੀਆਂ ਦੇ ਭੇਖ ਵਿਚ ਆਉਣ ਵਾਲੇ ਹਰ ਨਵੇਂ ਬੰਦੇ ਨੂੰ ਪਹਿਲਾਂ ਟਿੱਲੇ ਦਾ ਪੀਰ ਰੋਕਦਾ ਹੈ: ਇਹ ਕਠਿਨ ਰਸਤਾ ਨਾ ਚੁਣ, ਇਸ ਦਾ ਪੈਂਡਾ ਬੜਾ ਔਖਾ ਹੈ। ਜਦੋਂ ਬੰਦਾ ਫਿਰ ਵੀ ਨਾ ਹਟੇ, ਜਿਗਿਆਸੂ ਤੋਂ ਜੋਗ ਲੈਣ ਵੇਲੇ ਕੁਝ ਗੱਲਾਂ ਦਾ ਪ੍ਰਣ ਲਿਆ ਜਾਂਦਾ ਹੈ। ਵਿਆਹ ਨਹੀਂ ਕਰਾਉਣਾ, ਹਿੰਸਾ ਨਹੀਂ ਕਰਨੀ, ਮੰਗਣ ਗਿਆਂ ਫਿਟਕਾਰ ਪੈਣ 'ਤੇ ਗੁੱਸਾ ਨਹੀਂ ਕਰਨਾ, ਵਣਜ ਵਪਾਰ ਨਹੀਂ ਕਰਨਾ, ਕੰਨਾਂ ਦੀ ਰੱਖਿਆ ਕਰਨਾ ਤੇ ਜਾਤ-ਪਾਤ ਵਿਚ ਨਹੀਂ ਪੈਣਾ। ਹਰ ਜੋਗ ਧਾਰਨ ਕਰਨ ਵਾਲੇ ਦੇ ਮੁੰਦਰਾਂ ਪਾਈਆਂ ਜਾਂਦੀਆਂ ਹਨ ਤੇ ਨਾਲ ਹੀ ਸਿਰ ਦਾ ਮੁੰਡਨ ਕੀਤਾ ਜਾਂਦਾ ਹੈ ਤਾਂ ਕਿ ਉਸ ਦੇ ਚਿਹਰੇ ਦੀ ਖੂਬਸੂਰਤੀ ਖਤਮ ਹੋ ਜਾਏ। ਜਿਗਿਆਸੂ ਗਲੇ ਵਿਚ ਰੁਦਰਾਖਸ਼ ਦੀ ਮਾਲਾ ਪਹਿਨਦਾ ਹੈ ਜਿਸ ਨੂੰ ਸ਼ਿਵ ਦਾ ਤੀਜਾ ਨੇਤਰ ਮੰਨਿਆ ਗਿਆ ਹੈ। ਨਵੇਂ ਸਿਖਾਂਦਰੂ ਨੂੰ ਬਾਲਕਾ ਕਿਹਾ ਜਾਂਦਾ ਹੈ। ਉਸ ਨੂੰ ਕੁਝ ਯੋਗ ਸਾਧਨ ਸਿਖਾਏ ਜਾਂਦੇ ਹਨ ਤਾਂ ਕਿ ਉਹ ਸਰੀਰਕ ਤੇ ਮਾਨਸਿਕ ਸ਼ਕਤੀਆਂ 'ਤੇ



*ਜਿਹਲਮ (ਪਾਕਿਸਤਾਨ) ਨੇੜੇ ਸਥਿਤ ਟਿੱਲਾ ਜੋਗੀਆਂ।*

ਕਾਬੂ ਪਾ ਸਕੇ। ਹੜੱਪਾ ਵਿਚ ਇਕ ਮੂਰਤੀ ਮਿਲੀ ਹੈ, ਜਿਸ ਉਤੇ ਬੰਦੇ ਨੂੰ ਯੋਗ ਮੁਦਰਾ ਵਿਚ ਬੈਠਾ ਦਿਖਾਇਆ ਗਿਆ ਹੈ।

ਮੱਠ ਦੇ ਮਹੰਤ ਦੀ ਜੀਵਨ ਯਾਤਰਾ ਪੂਰੀ ਹੋਣ 'ਤੇ ਪੰਜ-ਛੇ ਫੁੱਟ ਡੂੰਘਾ ਟੋਆ ਪੁੱਟ ਕੇ ਉਸ ਨੂੰ ਚੌਂਕੜੀ ਮਰਵਾ ਕੇ ਸਮਾਧੀ ਲੀਨ ਕੀਤਾ ਜਾਂਦਾ ਹੈ ਤੇ ਉਤੋਂ ਮਿੱਟੀ ਪਾ ਦਿਤੀ ਜਾਂਦੀ ਹੈ। ਸਮਾਧੀ ਉਤੇ ਤੇਈਏ ਤੀਕ ਲਗਾਤਾਰ ਦੇਸੀ ਘੀ ਦਾ ਦੀਵਾ ਬਾਲਿਆ ਜਾਂਦਾ ਹੈ। ਜੇ ਕੋਈ ਸਾਧੂ ਗੰਗਾ ਕਿਨਾਰੇ ਸਵਰਗ ਸਿਧਾਰ ਜਾਏ, ਉਸ ਨੂੰ ਲੱਕੜੀਆਂ ਨਾਲ ਬੰਨ੍ਹ ਕੇ ਨਦੀ ਵਿਚ ਰੋੜ੍ਹ ਦਿਤਾ ਜਾਂਦਾ ਹੈ। ਤੇਈਏ ਤੋਂ ਬਾਅਦ ਜਿਸ ਚੇਲੇ ਨੂੰ ਪਹਿਲੇ ਮਠਾਧੀਸ਼ ਨੇ ਨਾਮਜ਼ਦ ਕੀਤਾ ਹੁੰਦਾ ਹੈ, ਗੱਦੀ 'ਤੇ ਬਿਠਾ ਦਿਤਾ ਜਾਂਦਾ ਹੈ। ਜੇ ਕਿਸੇ ਕਾਰਨ ਅਜਿਹਾ ਨਾ ਹੋ ਸਕੇ ਤਾਂ ਡੇਰੇ ਦੇ ਸਾਧੂ ਦੀ ਕਾਬਲੀਅਤ ਨੂੰ ਦੇਖ ਕੇ ਆਪ ਮੁਖੀਆ ਚੁਣ ਲੈਂਦੇ ਹਨ।

ਜਦੋਂ ਵੀ ਜੋਗੀਆਂ ਦੇ ਟਿੱਲੇ ਜਾਣ ਦਾ ਵਿਚਾਰ ਬਣਾ ਕੇ ਪਾਕਿਸਤਾਨ ਗਿਆ, ਕੋਈ ਨਾ ਕੋਈ ਵਿਘਨ ਪੈ ਜਾਂਦਾ ਰਿਹਾ। ਦਸੰਬਰ 2007 ਨੂੰ ਅਜੇ ਪਾਕਿਸਤਾਨ ਗਿਆਂ ਨੂੰ ਦੋ ਘੰਟੇ ਹੀ ਹੋਏ ਸਨ ਕਿ ਮੁਹਤਰਮਾ ਬੇਨਜ਼ੀਰ ਭੁੱਟੋ ਦੇ ਮਾਰੇ ਜਾਣ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਤਿੰਨ ਚਾਰ ਦਿਨ ਘਰਾਂ ਵਿਚ ਬੰਦ ਰਹੇ। ਥੋੜ੍ਹੀ ਜਿਹੀ ਠੰਢ-ਠੇਰ ਹੋਣ 'ਤੇ ਗੋਰਖ ਦੀ ਟਿੱਬੀ ਜਾਣ ਦੀ ਵਿਉਂਤ ਬਣਾਈ। ਅਸੀਂ ਗੁਜਰਾਂਵਾਲੇ ਠਹਿਰੇ ਸਾਂ। ਖਾਰ੍ਹੀਆਂ ਕਸਬੇ ਤੋਂ ਡਾਕਟਰ ਸ਼ੌਕਤ ਨੂੰ ਤਿਆਰ ਕੀਤਾ। ਉਹ ਭਾਵੇਂ ਚੋਣਾਂ ਵਿਚ ਰੁਝਿਆ ਹੋਇਆ ਸੀ ਪਰ ਖੁਸ਼ੀ-ਖੁਸ਼ੀ ਚੱਲਣ ਲਈ ਤਿਆਰ ਹੋ ਗਿਆ। ਡਾ. ਸ਼ੌਕਤ ਦਾ ਭਾਈ ਐਮ.ਐਲ.ਏ. ਦੀ ਚੋਣ ਲੜ ਰਿਹਾ ਸੀ। ਸ਼ੌਕਤ ਦਾ ਤਾਇਆ ਪਾਕਿਸਤਾਨ ਦਾ ਰਾਸ਼ਟਰਪਤੀ ਰਹਿ ਚੁਕਾ ਹੈ। ਰਸਤੇ ਵਿਚ ਚੱਕ ਲਾਲਾ ਵਿਚ ਮਰਹੂਮ ਆਲਮ ਲੁਹਾਰ ਦੀ ਕਬਰ ਉਤੇ ਕੁਝ ਮਿੰਟਾਂ ਲਈ ਰੁਕੇ। ਖਬਰ ਜੀ. ਟੀ. ਰੋਡ ਨਾਲ ਹੀ ਕਬਰਿਸਤਾਨ ਵਿਚ ਬਣੀ ਹੈ।

ਜਿਹਲਮ ਸ਼ਹਿਰ ਵਿਚੋਂ ਛਿਪਦੇ ਵੱਲ ਮੁੜਦੀ ਸੜਕ ਤੋਂ ਪੁੱਛ-ਪੁਛਾ ਕੇ ਗੋਰਖ ਦੇ ਟਿੱਲੇ ਜਾਣ ਲਈ ਚੱਲ ਪਏ। ਬਰਾਨੀ ਇਲਾਕੇ ਵਿਚ ਕਿਤੇ-ਕਿਤੇ ਛੋਟਾ ਮੋਟਾ ਕਣਕ ਦਾ ਖੇਤ ਨਜ਼ਰੀਂ ਆਉਂਦਾ ਸੀ। ਅੱਗੇ ਚਾਹ ਦੀ ਦੁਕਾਨ 'ਤੇ ਰਸਤਾ ਪੁੱਛਣ ਲਈ ਰੁਕੇ। ਚਾਹ ਵਾਲੇ ਬੰਦੇ ਨੇ ਦੱਸਿਆ ਕਿ ਇਧਰੋਂ ਤੁਸੀ ਧੁਰ ਟਿੱਲੇ 'ਤੇ ਨਹੀਂ ਜਾ ਸਕਦੇ, ਨੇੜੇ ਦੀ ਪਹਾੜੀ ਤੋਂ ਦੇਖ ਸਕਦੇ ਹੋ। ਰਸਤੇ ਵਿਚ ਫੌਜ ਦੀ ਫਾਇਰਿੰਗ ਰੇਂਜ ਹੈ, ਉਥੇ ਬਿਨਾ ਮਨਜ਼ੂਰੀ ਤੋਂ ਕੋਈ ਵੀ ਨਹੀਂ ਜਾ ਸਕਦਾ, ਕੋਈ ਹਿੰਦੁਸਤਾਨੀ ਤਾਂ ਬਿਲਕੁਲ ਨਹੀਂ। ਅਸੀਂ ਉਥੋਂ ਹੀ ਢਿੱਲੇ ਜਿਹੇ ਹੋ ਕੇ ਵਾਪਸ ਮੁੜ ਪਏ। ਰਸਤੇ ਵਿਚ ਅਸੀਂ ਕਿਲ੍ਹਾ ਰੋਹਤਾਸ ਵਿਚ ਡਾਕਟਰ ਸ਼ੌਕਤ ਦੇ ਦੋਸਤ ਖਲੀਦ ਮੁਹੰਮਦ ਸਰਵਰ ਕੋਲ ਰੁਕੇ ਜੋ ਪੁਰਾਤੱਤਵ ਵਿਭਾਗ ਵਿਚ ਅਫਸਰ ਹੈ। ਇਹ ਕਿਲ੍ਹਾ ਰੋਹਤਾਸ ਸ਼ੇਰਸ਼ਾਹ ਸੂਰੀ ਨੇ ਬਣਾਇਆ ਸੀ ਤਾਂ ਜੋ ਧਾੜਵੀਆਂ ਨੂੰ ਹਿੰਦੁਸਤਾਨ 'ਤੇ ਹਮਲਾ ਕਰਨ ਵੇਲੇ ਇਥੇ ਹੀ ਰੋਕਿਆ ਜਾ ਸਕੇ। ਇਹ ਕਿਲ੍ਹਾ ਪੱਥਰ ਦਾ ਬਣਿਆ ਹੈ, ਇਸ ਦੇ ਸੱਤ ਦਰਵਾਜੇ ਹਨ ਤੇ ਚਾਰ ਕਿਲੋਮੀਟਰ ਦਾ ਘੇਰਾ ਹੈ। ਕਿਲ੍ਹੇ ਵਿਚ ਕੁਝ ਲੋਕ ਆਬਾਦ ਹਨ ਤੇ ਇਥੇ ਇਕ ਕੋਠੜੀ 'ਤੇ ਲਿਖਿਆ ਹੈ: 'ਜਨਮ ਅਸਥਾਨ ਮਾਤਾ ਸਾਹਿਬ ਕੌਰ ਜੀ।' ਕਿਲ੍ਹੇ ਤੋਂ ਹੇਠਾਂ ਬਰਸਾਤੀ ਕੰਗਣ ਨਦੀ ਲੰਘਦੀ ਹੈ। ਇਥੇ ਹੀ ਨਦੀ ਦੇ ਕੰਢੇ 'ਤੇ ਪਹਿਲੀ ਪਾਤਸ਼ਾਹੀ ਦੇ ਛੋਟੇ ਜਿਹੇ ਗੁਰਦੁਆਰੇ ਦੀ ਇਮਾਰਤ ਹੈ ਜਿਸ ਦੀ ਹਾਲਤ ਬੜੀ ਖਸਤਾ ਹੈ। ਨਾਲ ਬਾਉਲੀ ਵੀ ਹੈ। ਇਥੋਂ ਹੀ ਵਾਪਸ ਗੁਜਰਾਂਵਾਲੇ ਲਈ ਮੁੜ ਪਏ। ਟਿੱਲਾ ਗੋਰਖਨਾਥ ਜਾਣ ਲਈ ਲਾਹੌਰ ਤੋਂ ਪਿੰਡ ਜਾਣ ਵਾਲੀ ਸੜਕ ਫੜਨੀ ਪੈਂਦੀ ਹੈ। ਰਸਤੇ ਵਿਚ ਦੀਨੇ ਤੋਂ ਅਗਲਾ ਪਿੰਡ ਡੁਮੇਲੀ ਹੈ। ਇਸ ਪਿੰਡ ਤੋਂ ਖੱਬੇ ਹੱਥ ਸੜਕ ਮੁੜਦੀ ਹੈ ਤੇ ਇਥੋਂ ਚੌਵੀ ਕਿਲੋਮੀਟਰ ਦੂਰ ਬਿਲਕੁਲ ਪਹਾੜੀਆਂ ਦੇ ਪੈਰਾਂ ਹੇਠ ਵੱਸਿਆ ਗੱਥਰ ਨਾਂ ਦਾ ਪਿੰਡ ਹੈ। ਇਸ ਪਿੰਡ ਤੋਂ ਅੱਗੇ ਚੜ੍ਹਾਈ ਸ਼ੁਰੂ ਹੁੰਦੀ ਹੈ। ਰਸਤਾ ਬਿਲਕੁਲ ਊਬੜ-ਖਾਬੜ ਤੇ ਗੱਡੀ ਦੇ ਟਾਇਰਾਂ ਜਿੰਨਾ ਮਸਾਂ ਚੌੜਾ ਸੀ। ਰਸਤੇ ਵਿਚ ਕਈ ਜਗ੍ਹਾ ਜੰਗਲ ਆਉਂਦਾ ਹੈ, ਜਿਸ ਵਿਚ ਖਤਰਨਾਕ ਜਾਨਵਰ ਹਨ। ਨਾਲ ਅਸਲੇ ਵਾਲੇ ਬੰਦੇ ਰੱਖਣੇ ਜ਼ਰੂਰੀ ਹਨ। ਰੋਟੀ ਪਾਣੀ ਵੀ ਆਪਣੇ ਨਾਲ ਲੈ ਕੇ ਜਾਣਾ ਜ਼ਰੂਰੀ ਹੈ, ਰਸਤੇ ਵਿਚ ਕਿਧਰੇ ਇਕ ਬੂੰਦ ਪਾਣੀ ਵੀ ਨਹੀਂ ਮਿਲਦਾ। ਟਿੱਬੀ 'ਤੇ ਚੜ੍ਹਨ-ਉਤਰਨ ਲਈ ਘੱਟੋ-ਘੱਟ 8 ਘੰਟੇ ਲੱਗਦੇ ਹਨ। 3400 ਫੁੱਟ ਦੀ ਸਿਧੀ ਚੜ੍ਹਾਈ ਹੱਡੀਆਂ ਕੜਕਾਅ ਦਿੰਦੀ ਹੈ। ਟਿੱਬੀ ਦੇ ਉਤੇ ਕਾਫੀ ਵੱਡਾ ਤਲਾਬ ਹੈ, ਜਿਸ ਦੀ ਹਾਲਤ ਖਸਤਾ ਹੈ। ਇਸ ਤੋਂ ਬਿਨਾ ਕਾਫੀ ਸਮਾਧਾਂ ਹਨ। ਇਨ੍ਹਾਂ ਵਿਚ ਤਿੰਨ ਸਮਾਧਾਂ ਪੀਰ ਵਡੇਰੇ ਰੂਪ ਵਿਚ ਅਲੱਗ ਬਣੀਆਂ ਹਨ। ਮੰਨਿਆ ਜਾਂਦਾ ਹੈ ਕਿ ਇਹ ਸਮਾਧਾਂ ਪੀਰ ਗੋਰਖ ਨਾਥ, ਪੀਰ ਬਾਲ ਨਾਥ ਅਤੇ ਭਰਥਰੀ ਦੀਆਂ ਹਨ। ਟਿੱਬੀ ਦੇ ਬਿਲਕੁਲ ਸਿਖਰ 'ਤੇ ਮੰਦਿਰ ਹੈ ਜਿਥੇ ਟਿੱਲੇ ਦੇ ਪੀਰ ਪ੍ਰਵਚਨ ਕਰਦੇ ਸਨ। ਇਸ ਮੰਦਿਰ ਦੀ ਉਚਾਈ 3442 ਫੁੱਟ ਦੱਸੀ ਜਾਂਦੀ ਹੈ। ਕਨਿੰਘਮ ਇਸ ਮੰਦਿਰ ਦਾ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਸਿਕੰਦਰ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਇਹ ਮੰਦਿਰ ਮੌਜੂਦ ਸੀ। ਵੰਡ ਤੋਂ ਪਹਿਲਾਂ ਸ਼ਿਵਰਾਤਰੀ ਨੂੰ ਭਾਰੀ ਮੇਲਾ ਲੱਗਦਾ ਸੀ। ਜੰਗਮ ਰਾਤ ਭਰ ਸ਼ਿਵ ਦੇ ਵਿਆਹ ਦੀ ਕਥਾ ਗਾਉਂਦੇ ਸਨ, ਰਾਸ ਰਚਾਈ ਜਾਂਦੀ ਸੀ।

ਇਥੇ ਅਵਾਰਾ ਗਊਆਂ ਵੇਖਣ ਨੂੰ ਮਿਲਦੀਆਂ ਹਨ। 1947 ਤੋਂ ਪਹਿਲਾਂ ਸਾਧੂ ਇਥੇ ਵੱਡੀ ਗਿਣਤੀ ਵਿਚ ਗਊਆਂ ਰੱਖਦੇ ਸਨ। ਗਊਆਂ ਤੋਂ ਬਗੈਰ ਇਥੇ ਮੋਰ ਵੱਡੀ ਗਿਣਤੀ ਵਿਚ ਨਜ਼ਰ ਆਉਂਦੇ ਹਨ। ਟਿੱਲੇ 'ਤੇ ਭੰਗ ਦੇ ਬੇਸ਼ੁਮਾਰ ਬੂਟੇ ਜੰਮੇ ਹੋਏ ਹਨ। ਇਨ੍ਹਾਂ ਦੀ ਤਲਬ ਵਿਚ ਮੁਸਲਮਾਨ ਸਾਧ ਵੀ ਇਥੇ ਆਮ ਘੁੰਮਦੇ ਨਜ਼ਰ ਆਉਂਦੇ ਹਨ। ਟਿੱਬੀ ਦੀਆਂ ਗਾਰਾਂ ਵਿਚ ਛੋਟੀਆਂ ਮੋਟੀਆਂ ਗੁਫਾਵਾਂ ਹਨ ਜਿਥੇ ਕਦੇ ਸਾਧੂ ਏਕਾਂਤ ਵਿਚ ਸਾਧਨਾ ਕਰਦੇ ਸਨ। ਇਥੇ ਜੰਗਲਾਤ ਦੇ ਮਹਿਕਮੇ ਵਲੋਂ ਵਿਸ਼ਰਾਮ ਘਰ ਬਣਿਆ ਹੈ। ਇਸ ਟਿੱਬੀ ਉਤੇ ਗੁਰੂ ਨਾਨਕ ਦੇ ਆਉਣ ਦਾ ਜ਼ਿਕਰ ਵੀ ਆਉਂਦਾ ਹੈ। ਬਾਅਦ ਵਿਚ ਇਥੇ ਬਾਦਸ਼ਾਹ ਅਕਬਰ ਵੀ ਆਇਆ, ਜਿਸ ਦੀ ਭੇਟ ਵਾਰਤਾ ਜ਼ਿੰਦਾ ਪੀਰ ਨਾਲ ਹੋਈ ਜੋ ਉਸ ਵੇਲੇ ਟਿੱਲਾ ਮੁਖੀ ਸਨ। ਅਕਬਰ ਨੇ ਟਿੱਲੇ ਦੇ ਨਾਂ ਨੌਂ ਪਿੰਡਾਂ ਦੀ ਜਾਗੀਰ ਲਾਈ। ਮਹਾਰਾਜਾ ਰਣਜੀਤ ਸਿੰਘ ਦੇ ਵੀ ਪਟੇ ਮਿਲਦੇ ਹਨ, ਜਿਸ ਵਿਚ ਉਨ੍ਹਾਂ ਦੇ ਜਾਗੀਰ ਲਾਉਣ ਦਾ ਜ਼ਿਕਰ ਹੈ। ਇਸ ਤੋਂ ਪਹਿਲਾਂ ਰਾਜਾ ਭਰਥਰੀ ਅਤੇ ਰਾਜਾ ਸੁਲੇਮਾਨ (ਸਲਵਾਨ) ਦੇ ਪਟੇ ਵੀ ਮਿਲਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਜਾਗੀਰ ਲਾਉਣ ਦਾ ਜ਼ਿਕਰ ਹੈ। ਇਸ ਤੋਂ ਪਹਿਲਾਂ ਰਾਜਾ ਭਰਥਰੀ ਅਤੇ ਰਾਜਾ ਸੁਲੇਮਾਨ ਨੇ ਵੀ ਜਾਗੀਰਾਂ ਲਗਵਾਈਆਂ। ਸੰਨ 1872 ਵਿਚ ਪੀਰ ਗੌਹਰ ਨਾਥ ਦਾ ਅੰਗਰੇਜ਼ੀ ਸਰਕਾਰ ਨਾਲ ਟਕਰਾ ਹੋਣ 'ਤੇ ਇਕ ਪਿੰਡ ਦੀ ਜਾਗੀਰ ਤੋਂ ਬਿਨਾ ਸਾਰੇ ਪਿੰਡਾਂ ਦੀ ਜਾਗੀਰ ਜ਼ਬਤ ਕਰ ਲਈ ਗਈ।

ਵੰਡ ਵੇਲੇ ਸਾਰੇ ਡੇਰੇ ਉਜੜ-ਪੁਜੜ ਗਏ। ਸਾਧੂਆਂ ਨੇ ਇਧਰ ਆ ਕੇ ਅਲੱਗ-ਅਲੱਗ ਥਾਂ 'ਤੇ ਮੱਠ ਸਥਾਪਤ ਕਰ ਲਏ। ਕੁਝ ਕਿਤਾਬਾਂ ਵਿਚ ਜ਼ਿਕਰ ਹੈ, ਡੇਰਾ ਨਾਥ ਕਸਬਾ ਅਸਤਮ ਬੋਲ (ਨੇੜੇ ਰੋਹਤਕ) ਸਥਾਪਤ ਹੋ ਗਿਆ, ਪਰ ਥੋੜ੍ਹੀ ਘੋਖ ਕੀਤਿਆਂ ਪਤਾ ਲੱਗਦਾ ਹੈ ਕਿ ਇਹ ਮੱਠ ਤਾਂ ਬਹੁਤ ਪੁਰਾਣਾ ਹੈ। ਇਥੇ ਪੂਰਨ ਭਗਤ ਦੇ ਆਉਣ ਦਾ ਵੀ ਜ਼ਿਕਰ ਹੈ।

ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਅਸਥਾਨ ਟਿੱਲਾ ਗੋਰਖ ਨਾਥ ਦੀ ਪੁਰਾਣੀ ਸ਼ਾਖਾ ਹੈ। ਸੰਨ 1947 ਵਿਚ ਟਿੱਲਾ ਗੋਰਖ ਨਾਥ ਦੀ ਗੱਦੀ 'ਤੇ ਪੀਰ ਕਲਾ ਨਾਥ ਬਿਰਾਜਮਾਨ ਸਨ। ਇਹ 1920 ਵਿਚ ਪੀਰ ਸਹਿਜ ਨਾਥ ਦੇ ਸਵਰਗ ਸਿਧਾਰਨ ਤੋਂ ਬਾਅਦ ਗੱਦੀ 'ਤੇ ਬੈਠੇ ਸਨ। ਵੰਡ ਤੋਂ ਬਾਅਦ ਪਹਿਲਾਂ ਇਹ ਹਰਿਦੁਆਰ ਆ ਕੇ ਟਿਕੇ। ਫਿਰ 1951 ਵਿਚ ਅੰਬਾਲੇ ਸ਼ਹਿਰ ਵਿਚ ਕੁਝ ਜਗ੍ਹਾ ਖਰੀਦ ਕੇ ਮੱਠ ਸਥਾਪਤ ਕੀਤਾ। ਇਹ ਬੜੇ ਪ੍ਰਭਾਵਸ਼ਾਲੀ ਸਾਧੂ ਸਨ। ਇਨ੍ਹਾਂ ਬਾਰੇ ਕਈ ਕਹਾਣੀਆਂ ਪ੍ਰਚਲਿਤ ਹਨ। 1952 ਵਿਚ ਇਹ ਪ੍ਰਲੋਕ ਸਿਧਾਰ ਗਏ। ਇਨ੍ਹਾਂ ਤੋਂ ਬਾਅਦ ਪੀਰ ਸਮੁੰਦਰ ਨਾਥ ਗੱਦੀ ਉਤੇ ਬੈਠੇ। ਇਹ 1966 ਵਿਚ ਦੁਨੀਆਂ ਤੋਂ ਕੂਚ ਕਰ ਗਏ। ਉਦੋਂ ਤੋਂ ਅੱਜ ਤਕ ਪੀਰ ਪਾਰਸ ਨਾਥ ਜੀ ਗੱਦੀ 'ਤੇ ਹਨ। ਪੀਰ ਪਾਰਸ ਨਾਥ ਦਾ ਸਬੰਧ ਚੰਗੇ ਖਾਂਦੇ ਪੀਂਦੇ ਪਰਿਵਾਰ ਨਾਲ ਹੈ। ਇਨ੍ਹਾਂ ਨੂੰ ਬਚਪਨ ਵਿਚ ਹੀ ਗੋਰਖਪੁਰ ਟਿੱਲੇ ਦੇ ਉਤੇ ਚੜ੍ਹਾ ਦਿੱਤਾ ਸੀ। ਸੰਨ 1966 ਵਿਚ ਸ਼ਿਵਰਾਤਰੀ ਦੇ ਮੇਲੇ ਉਤੇ ਇਹ ਪੀਰ ਜੋਧਾ ਨਾਥ ਨਾਲ ਅੰਬਾਲੇ ਟਿੱਲੇ ਵਿਖੇ ਆਏ। ਇਥੇ ਹੀ ਪੀਰ ਸ਼ਰਧਾ ਨਾਥ ਤੋਂ ਕੰਨ ਨੂੰ ਚੀਰਾ ਦਿਵਾਇਆ ਤੇ ਦੱਖਣਾ ਪ੍ਰਾਪਤ ਕੀਤੀ। ਪੀਰ ਪਾਰਸ ਨਾਥ ਵੱਲੋਂ ਪੈਦਾ ਕੀਤੇ ਦੋ ਅਸੂਲ ਮੈਨੂੰ ਬੜੇ ਚੰਗੇ ਲੱਗੇ: ਇਕ, ਦਰਗਾਹ ਵਿਚ ਲੋੜਵੰਦ ਨੂੰ ਭੋਜਨ ਮਿਲੇਗਾ; ਦੂਜਾ, ਇਥੇ ਕੋਈ ਬੰਦਾ ਨਸ਼ਾ ਨਹੀਂ ਕਰੇਗਾ।

## ਮਾਂ

ਮੈਂ ਇਥੇ ਰੋਈ
ਉਹ ਉਥੇ ਰੋਈ
ਕਿਵੇਂ ਇਹ ਗੱਲ ਉਸ ਨੇ
ਆਪਣੇ ਦਿਲ 'ਚ ਸਮੋਈ।

ਜ਼ਿੰਦਗੀ ਪਾ ਮੇਰੀ ਝੋਲੀ
ਉਹ ਦੂਰ ਕਿਤੇ ਹੋ ਗਈ।
ਪਲ ਬਿਤਾਏ 'ਕੱਠੇ ਜੋ
ਹੁਣ ਬੋਝ ਦੇ ਵਿਚ
ਹੋ ਗਏ ਮੱਠੇ ਉਹ।

ਨਿੱਤ ਦਾ ਹੱਸਣਾ
ਨਿੱਤ ਦਾ ਬਹਿਣਾ
ਨਿੱਤ ਦਾ ਲੜ ਕੇ
ਫਿਰ ਇਕ ਰਹਿਣਾ।
ਮੰਗਿਆ ਕੁਝ ਤੇ ਝੋਲੀ ਪੈਣਾ।
ਨਾ ਕੁਝ ਮਿਲੇ ਤੇ ਲੜ ਕੇ ਲੈਣਾ।

ਸੱਜਰੇ ਫੁੱਲਾਂ ਵਰਗੀ ਉਹ
ਕਿਵੇਂ ਹੋ ਗਈ ਵੱਖਰੀ ਉਹ
ਦੇਸ਼ਾਂ ਦੀਆਂ ਹੱਦਾਂ ਨੇ
ਅੱਗ ਲਾਉਂਦੇ ਇਨ੍ਹਾਂ ਬੰਦਾਂ ਨੇ
ਕਰ ਦਿੱਤੀ ਉਹ ਨਿਰਛੋਈ।

ਮੈਂ ਇਥੇ ਰੋਈ ਉਹ ਉਥੇ ਰੋਈ
ਕਿਵੇਂ ਇਹ ਗੱਲ ਉਸ ਨੇ ਛੁਪਾਈ
ਵੇ ਰੱਬ, ਮੇਰੀ ਮਾਂ ਪਰਦੇਸਣ ਹੋਈ
ਵੇ ਰੱਬ, ਮੇਰੀ ਮਾਂ ਪਰਦੇਸਣ ਹੋਈ।


*-ਗੁਰਪ੍ਰੀਤ ਕੌਰ ਪਨੇਸਰ*
*ਫੋਨ: 469-925-4767*

# ਆਵਾਮੀ ਫਿਲਮਸਾਜ਼ ਹਾਬਰਟ ਬੀਬਰਮੈਨ

ਹਾਬਰਟ ਜੇ. ਬੀਬਰਮੈਨ ਅਜਿਹੇ ਫ਼ਿਲਮ ਨਿਰਦੇਸ਼ਕ ਸਨ ਜਿਨ੍ਹਾਂ ਨੇ ਅਮਰੀਕੀ ਸਿਨੇਮਾ ਨੂੰ ਹਾਲੀਵੁੱਡ ਦੀ ਚਕਾਚੌਂਧ ਵਾਲੀ ਨਕਲੀ ਦੁਨੀਆਂ 'ਚੋਂ ਕੱਢ ਕੇ ਫ਼ਿਲਮ ਵਿਧਾ ਨੂੰ ਲੋਕ ਪੱਖੀ ਮੋੜ ਦੇਣ ਦੀ ਕੋਸ਼ਿਸ਼ ਕੀਤੀ। ਲੋਕ ਪੱਖੀ ਵਿਰਸੇ ਦੇ

**ਕੁਲਵਿੰਦਰ**

ਸ਼ਾਨਾਮੱਤੇ ਇਤਿਹਾਸ ਵਿਚ ਉਹ ਅਜਿਹੇ ਕਲਾਕਾਰ ਸਨ ਜਿਨ੍ਹਾਂ ਨੇ ਔਕੜਾਂ ਝੱਲਦੇ ਹੋਏ ਵੀ ਬਦਲਵਾਂ ਲੋਕ ਪੱਖੀ ਫ਼ਿਲਮ ਸਭਿਆਚਾਰ ਉਸਾਰਨ ਦੇ ਯਤਨ ਜਾਰੀ ਰੱਖੇ।



*ਹਾਬਰਟ ਜੇ. ਬੀਬਰਮੈਨ*

4 ਮਾਰਚ, 1900 ਨੂੰ ਅਮਰੀਕਾ ਦੇ ਸ਼ਹਿਰ ਫਿਲਾਡੈਲਫੀਆ ਵਿਚ ਜਨਮੇ ਬੀਬਰਮੇਨ ਨੇ ਪੈਨਸਲਨਾਵੀਆ ਦੀ ਯੂਨੀਵਰਸਿਟੀ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਕਈ ਸਾਲ ਯੂਰਪ ਵਿਚ ਬਿਤਾਏ। ਅਮਰੀਕਾ ਵਾਪਸ ਆ ਕੇ 1928 ਵਿਚ ਬੀਬਰਮੈਨ ਸਹਾਇਕ ਸਟੇਜ ਮੈਨੇਜਰ ਦੀ ਹੈਸੀਅਤ ਵਿਚ ਥੀਏਟਰ ਗਿਲਡ ਵਿਚ ਸ਼ਾਮਲ ਹੋ ਗਏ। ਇਸ ਦੌਰ ਵਿਚ ਉਨ੍ਹਾਂ ਦਾ ਝੁਕਾਅ ਖੱਬੇ ਪੱਖੀ ਵਿਚਾਰਧਾਰਾ ਵਲ ਹੋ ਗਿਆ। ਬਾਅਦ ਵਿਚ ਉਨ੍ਹਾਂ ਨੇ 'ਰੈੱਡ ਰਸਟ', 'ਰੋਅਰ ਚਾਈਨਾ' ਆਦਿ ਨਾਟਕਾਂ ਦਾ ਨਿਰਦੇਸ਼ਨ ਕੀਤਾ।

ਫ਼ਿਲਮ ਵਿਧਾ ਦੀ ਵਿਆਪਕ ਪਹੁੰਚ ਕਾਰਨ ਬਾਅਦ ਵਿਚ ਬੀਬਰਮੈਨ ਹਾਲੀਵੁੱਡ ਵਿਚ ਆ ਗਏ ਅਤੇ ਇਸ ਦੌਰ ਵਿਚ ਉਨ੍ਹਾਂ ਨੇ 'ਕਿੰਗ ਆਫ਼ ਚਾਈਨਾ ਟਾਊਨ', 'ਵੈਨ ਟੂਮਾਰੋ ਕਮਜ਼', 'ਐਕਸ਼ਨ ਇਨ ਅਰੇਬੀਆ', 'ਦਿ ਮਾਸਟਰ ਰੇਸ', ਅਤੇ 'ਨਿਊ ਔਰੀਅਨਸ' ਜਿਹੀਆਂ ਫ਼ਿਲਮਾਂ ਲਿਖਣ ਦੇ ਨਾਲ ਹੀ 'ਵਨ ਵੇ ਟਿਕਟ', 'ਮੀਟ ਨੀਰੋ ਵੁਲਫ਼' ਜਿਹੀਆਂ ਫ਼ਿਲਮਾਂ ਦਾ ਨਿਰਦੇਸ਼ਨ ਕਰ ਕੇ ਆਪਣੇ ਆਪ ਨੂੰ ਹਾਲੀਵੁੱਡ ਵਿਚ ਸਥਾਪਤ ਕਰ ਲਿਆ।

1947 ਵਿਚ ਜਦ ਜਮਹੂਰੀਅਤ ਦੇ ਦਮਗਜੇ ਮਾਰਨ ਵਾਲੇ ਅਮਰੀਕੀ ਹਾਕਮਾਂ ਨੇ ਕਮਿਊਨਿਜ਼ਮ ਦਾ ਹਊਆ ਖੜ੍ਹਾ ਕਰ ਕੇ 'ਹਾਊਸ ਕਮੇਟੀ ਆਨ ਅਨ-ਅਮੈਰਿਕਨ ਐਕਟਿਵਟੀਜ਼' ਬਣਾ ਕੇ ਅਮਰੀਕੀ ਲੇਖਕਾਂ ਅਤੇ ਸਭਿਆਚਾਰਕ ਕਲਾਕਾਰਾਂ ਦੀ ਅਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਤਾਂ ਕੁਦਰਤੀ ਤੌਰ 'ਤੇ ਬੀਬਰਮੈਨ ਉਨ੍ਹਾਂ ਫ਼ਿਲਮ ਲੇਖਕਾਂ ਅਤੇ ਨਿਰਦੇਸ਼ਕਾਂ ਵਿਚ ਸ਼ਾਮਲ ਸੀ, ਜੋ ਬਾਅਦ ਵਿਚ 'ਹਾਲੀਵੁਡ ਟੈੱਨ' ਦੇ ਨਾਂ ਨਾਲ ਪ੍ਰਸਿਧ ਹੋਏ। 'ਹਾਲੀਵੁੱਡ ਟੈਨ' ਉਹ ਦਸ ਵਿਅਕਤੀ ਸਨ, ਜਿਨ੍ਹਾਂ ਨੇ ਬਿਲ ਆਫ਼ ਰਾਈਟ ਦੀ ਓਟ ਲੈ ਕੇ ਵਿਚਾਰਾਂ ਦੀ ਅਜ਼ਾਦੀ 'ਤੇ ਪਹਿਰਾ ਦਿੱਤਾ ਅਤੇ ਕਮੇਟੀ ਦੇ ਸੰਮਨਾਂ ਦੀ ਪਰਵਾਹ ਨਾ ਕੀਤੀ ਅਤੇ ਕਮੇਟੀ ਦੇ ਕਿਸੇ ਵੀ ਸੁਆਲ ਦਾ ਜੁਆਬ ਦੇਣ ਤੋਂ ਸਾਫ਼ ਇਨਕਾਰ ਕਰ ਦਿਤਾ। ਨਤੀਜੇ ਵਜੋਂ ਉਨ੍ਹਾਂ ਨੂੰ ਜੇਲ੍ਹ ਵਿਚ ਤੂੜ ਦਿੱਤਾ ਗਿਆ। ਬੀਬਰਮੈਨ ਨੂੰ ਬੁਰਜੂਆ ਜਮਹੂਰੀਅਤ ਵਿਚ ਵਿਚਾਰਾਂ ਦੀ ਆਜ਼ਾਦੀ ਲਈ ਅਦਾਲਤ ਨੇ ਛੇ ਮਹੀਨੇ ਜੇਲ੍ਹ ਅਤੇ 1000 ਡਾਲਰ ਜੁਰਮਾਨੇ ਦੀ ਸਜ਼ਾ ਸੁਣਾਈ।

ਇਸ ਤੋਂ ਬਾਅਦ ਹਾਲੀਵੁੱਡ ਦੇ ਸਟੂਡੀਓ ਮਾਲਕਾਂ ਵਲੋਂ ਉਨ੍ਹਾਂ ਦੇ ਨਾਂ ਨੂੰ ਉਸ ਬਦਨਾਮ 'ਕਾਲੀ ਸੂਚੀ' ਵਿਚ ਦਰਜ ਕਰ ਲਿਆ, ਜਿਸ ਵਿਚ ਹਾਲੀਵੁੱਡ ਦੇ ਉਨ੍ਹਾਂ ਕਲਾਕਾਰਾਂ ਨੂੰ ਸ਼ਾਮਲ ਕੀਤਾ ਜਾਂਦਾ ਸੀ ਜੋ ਕਥਿਤ ਤੌਰ 'ਤੇ ਕਮਿਊਨਿਸਟ ਜਾਂ ਖੱਬੇ ਪੱਖੀ ਵਿਚਾਰ ਰੱਖਦੇ ਸਨ। ਇਨ੍ਹਾਂ ਕਲਾਕਾਰਾਂ ਨੂੰ ਹਾਲੀਵੁਡ ਵਿਚ ਕਿਸੇ ਵੀ ਤਰ੍ਹਾਂ ਦਾ ਕੰਮ ਨਹੀਂ ਦਿੱਤਾ ਜਾਂਦਾ ਸੀ।

ਹੁਣ ਤੱਕ ਬੀਬਰਮੈਨ ਨੂੰ ਵਾਲ ਸਟਰੀਟ ਦੇ ਹਾਲੀਵੁੱਡੀਏ ਮੁਨਾਫ਼ਾਖੋਰਾਂ ਦੇ ਮੁਕਾਬਲੇ ਤੇ ਲੋਕਾਂ ਨੂੰ ਆਪਣਾ ਬਦਲਵਾਂ ਸਭਿਆਚਾਰ ਉਸਾਰੇ ਜਾਣ ਦੀ ਲੋੜ ਦਾ ਅਹਿਸਾਸ ਹੋ ਚੁੱਕਿਆ ਸੀ। ਉਨ੍ਹਾਂ ਨੇ ਓਪਰੋਕਤ ਕਾਲੀ ਸੂਚੀ ਵਿਚ ਦਰਜ ਕਲਾਕਾਰਾਂ ਨੂੰ ਲੈ ਕੇ ਫ਼ਿਲਮ ਬਣਾਉਣ ਦੀ ਯੋਜਨਾ ਬਣਾਈ, ਜੋ ਬਾਅਦ ਵਿਚ 'ਸਾਲਟ ਆਫ਼ ਦਿ ਅਰਥ' (1954) ਦੇ ਰੂਪ ਵਿਚ ਸਾਹਮਣੇ ਆਈ। ਫ਼ਿਲਮ ਦੀ ਕਹਾਣੀ ਮੈਕਸੀਕੋ ਦੇ ਖਾਣ ਮਜ਼ਦੂਰਾਂ ਦੀ ਹੜਤਾਲ ਦੀ ਸੱਚੀ ਕਹਾਣੀ ਪੇਸ਼ ਕਰਦੀ ਹੈ। ਫ਼ਿਲਮ ਵਿਚ ਪੇਸ਼ੇਵਰ ਕਲਾਕਾਰਾਂ ਦੇ ਨਾਲ ਹੀ ਅਸਲੀ ਖਾਣ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੇ ਵੀ ਅਦਾਕਾਰੀ ਕੀਤੀ ਹੈ।

ਫ਼ਿਲਮੀ ਪਰਦੇ 'ਤੇ ਜਦ ਮਜ਼ਦੂਰ ਜਮਾਤ ਦੀ ਇਮਾਨਦਾਰ ਪੇਸ਼ਕਾਰੀ ਦਾ ਸੁਆਲ ਸਾਹਮਣੇ ਆਇਆ ਤਾਂ ਪੂੰਜੀਵਾਦੀ ਟੁੱਕੜਬੋਚਾਂ ਦੀ 'ਮੁਕਤ ਉਦਮ ਦੀ ਅਖੌਤੀ ਸ਼ਰਧਾ' ਕਾਫ਼ੂਰ ਹੋ ਗਈ ਅਤੇ ਉਨ੍ਹਾਂ ਇਸ ਨੂੰ ਰੋਕਣ ਦੀ ਹਰ ਤਰ੍ਹਾਂ ਨਾਲ ਕੋਸ਼ਿਸ਼ ਕੀਤੀ। ਪਹਿਲਾਂ ਤਾਂ ਹਿੰਸਾ ਨਾਲ ਫ਼ਿਲਮ ਦੀ ਸ਼ੂਟਿੰਗ ਵਿਚ ਗੜਬੜ ਪੈਦਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ। ਇਥੋਂ ਤੱਕ ਕਿ ਫ਼ਿਲਮ ਦੀ ਮੁੱਖ ਅਦਾਕਾਰਾ ਰੋਜ਼ਾਉਗਾ ਰੀਵੀਲਟਸ ਨੂੰ ਵੀਜ਼ੇ ਦੇ ਕਾਨੂੰਨਾਂ ਤਹਿਤ ਗ੍ਰਿਫ਼ਤਾਰ ਕਰ ਲਿਆ। ਜਦ ਉਹ ਆਪਣੇ ਮਕਸਦ ਵਿਚ ਅਸਫ਼ਲ ਰਹੇ ਤਾਂ ਉਨ੍ਹਾਂ ਨੇ ਇਸ ਦੇ ਪ੍ਰਦਰਸ਼ਨ ਨੂੰ ਰੁਕਵਾਉਣ ਦਾ ਯਤਨ ਕੀਤਾ। ਅੱਜ 'ਸਾਲਟ ਆਫ਼ ਦੀ ਅਰਥ' ਨੂੰ ਮਜ਼ਦੂਰ ਜਮਾਤ ਦੀਆਂ ਮਹਾਨ ਫ਼ਿਲਮਾਂ 'ਚ ਸ਼ਾਮਲ ਕੀਤਾ ਜਾਂਦਾ ਹੈ। ਭਾਵੇਂ 'ਸਾਲਟ ਆਫ਼ ਦਿ ਅਰਥ' ਨੂੰ ਯੂਰਪ ਵਿਚ ਅਲੋਚਕਾਂ ਦੀ ਬਹੁਤ ਪ੍ਰਸ਼ੰਸਾ ਹਾਸਲ ਹੋਈ ਪਰ ਅਮਰੀਕਾ 'ਚ ਇਹ 1965 'ਚ ਹੀ ਪ੍ਰਦਰਸ਼ਤ ਹੋ ਸਕੀ।




*ਹਾਬਰਟ ਬੀਬਰਮੈਨ ਦੀ ਪ੍ਰਸਿਧ ਫਿਲਮ 'ਸਾਲਟ ਆਫ ਦਿ ਅਰਥ' ਦੀ ਝਲਕ।*

ਇਸ ਤੋਂ ਬਾਅਦ ਬੀਬਰਮੈਨ ਨੇ 'ਸਲੇਵਜ਼' (1969) ਨਾਂ ਦੀ ਫ਼ਿਲਮ ਦਾ ਨਿਰਦੇਸ਼ਨ ਕੀਤਾ ਜਿਸ ਨੂੰ ਕਾਨ ਫ਼ਿਲਮ ਫੈਸਟੀਵਲ ਵਿਚ ਦਿਖਾਇਆ ਗਿਆ। 30 ਜੂਨ, 1971 ਨੂੰ ਇਸ ਲੋਕ ਪੱਖੀ ਫ਼ਿਲਮਕਾਰ ਦੀ ਮੌਤ ਹੋ ਗਈ। ਸੰਨ 2000 ਵਿਚ ਬਣੀ ਦਸਤਾਵੇਜ਼ੀ ਫ਼ਿਲਮ 'ਵਨ ਆਫ਼ ਹਾਲੀਵੁੱਡ ਟੈਨ' ਬੀਬਰਮੈਨ ਨੂੰ ਸ਼ਰਧਾਂਜਲੀ ਪੇਸ਼ ਕਰਦੀ ਹੈ।

# 'ਦਾਸ ਦੇਵ' ਦਾ ਸਿਆਸੀ ਦਾਅ

ਉਘੇ ਫਿਲਮਸਾਜ਼ ਸੁਧੀਰ ਮਿਸ਼ਰਾ ਦੀ ਨਵੀਂ ਫਿਲਮ 'ਦਾਸ ਦੇਵ' ਆਖ਼ਰਕਾਰ ਰਿਲੀਜ਼ ਹੋ ਗਈ ਹੈ। ਇਸ ਨਿਵੇਕਲੀ, ਨਿਆਰੀ ਅਤੇ ਲੀਹ ਤੋਂ ਹਟ ਕੇ ਬਣਾਈ ਫਿਲਮ ਨੂੰ ਲੋਕਾਂ ਅਤੇ ਫਿਲਮ ਆਲੋਚਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਫਿਲਮ ਦਾ ਨਾਂ ਦਰਅਸਲ ਬੰਗਲਾ ਲੇਖਕ ਸ਼ਰਤ ਚੰਦਰ ਚੱਟੋਪਾਧਿਆਏ ਦੇ ਪ੍ਰਸਿਧ ਨਾਵਲ 'ਦੇਵਦਾਸ' ਤੋਂ ਲਿਆ ਗਿਆ ਹੈ ਪਰ ਫਿਲਮਸਾਜ਼ ਸੁਧੀਰ ਮਿਸ਼ਰਾ ਨੇ ਇਸ ਕਹਾਣੀ ਨੂੰ ਦੇਵਦਾਸ ਦੀ ਕਹਾਣੀ ਤੋਂ ਬਿਲਕੁਲ ਵੱਖਰੀ ਬਣਾਇਆ ਹੈ ਅਤੇ ਇਸ ਫਿਲਮ ਉਤੇ ਉਸ ਦੀ ਵਿਲੱਖਣ ਫਿਲਮਸਾਜ਼ੀ ਦਾ ਅਸਰ ਬਾਕਾਇਦਾ ਦੇਖਣ ਨੂੰ ਮਿਲ ਰਿਹਾ ਹੈ। 'ਦਾਸ ਦੇਵ' ਅਸਲ ਵਿਚ ਨਿਰੋਲ ਸਿਆਸੀ ਕਹਾਣੀ ਹੈ ਜਿਹੜੀ ਭਾਰਤ ਦੇ ਸਿਆਸੀ ਸਿਸਟਮ ਦੇ ਪੋਲ ਖੋਲ੍ਹਦੀ ਹੈ। ਇਹ ਫਿਲਮ ਕਾਫ ਸਮਾਂ ਪਹਿਲਾਂ ਹੀ ਤਿਆਰ ਹੋ ਗਈ ਸੀ ਅਤੇ ਕੁਝ ਫਿਲਮ ਮੇਲਿਆਂ ਵਿਚ ਵੀ ਦਿਖਾਈ ਜਾ ਚੁੱਕੀ ਹੈ ਪਰ ਕੁਝ ਕਾਰਨਾਂ ਕਰ ਕੇ ਇਹ ਫਿਲਮ ਰਿਲੀਜ਼ ਕਰਨ ਦੀ ਤਰੀਕ ਲਗਾਤਾਰ ਪਿੱਛੇ ਪੈਂਦੀ ਰਹੀ। ਉਂਜ, ਫਿਲਮ ਦੇ ਨਿਰਦੇਸ਼ਕ ਸੁਧੀਰ ਮਿਸ਼ਰਾ ਅਤੇ ਨਿਰਮਾਤਾ ਸੰਜੀਵ ਕੁਮਾਰ ਨੇ ਇਸ ਸਬੰਧੀ ਕੋਈ ਕਾਹਲ ਨਹੀਂ ਦਿਖਾਈ। ਇਸ ਬਾਰੇ ਸੁਧੀਰ ਮਿਸ਼ਰਾ ਦਾ ਕਹਿਣਾ ਸੀ: "ਸਾਡੇ ਲਈ ਫਿਲਮ ਦੀ ਦੇਰੀ ਦਾ ਕੋਈ ਮਸਲਾ ਨਹੀਂ ਸੀ। ਸਾਨੂੰ ਯਕੀਨ ਸੀ ਕਿ ਫਿਲਮ ਜਦੋਂ ਵੀ ਰਿਲੀਜ਼ ਹੋਈ, ਇਕ ਵਾਰ ਤਾਂ ਲੋਕਾਂ ਦਾ ਧਿਆਨ ਜ਼ਰੂਰ ਖਿੱਚੇਗੀ। ਹੁਣ ਜਿਸ ਤਰ੍ਹਾਂ ਦੇ ਰਿਵੀਊ ਇਸ ਫਿਲਮ ਦੇ ਆ ਰਹੇ ਹਨ, ਉਸ ਤੋਂ ਜ਼ਾਹਿਰ ਹੋ ਗਿਆ ਹੈ ਕਿ ਲੋਕ ਚੰਗੀਆਂ ਫਿਲਮਾਂ ਨੂੰ ਦੇਰ-ਸਵੇਰ ਹੁੰਗਾਰਾ ਭਰਦੇ ਹੀ ਹਨ।"



ਨਿਰਮਾਤਾ ਸੰਜੀਵ ਕੁਮਾਰ ਮੁਤਾਬਕ, "ਇਸ ਫਿਲਮ ਦਾ ਮੁੱਖ ਮਕਸਦ ਲੋਕਾਂ 'ਚ ਅੱਜ ਦੀ ਸਿਆਸਤ ਤੇ ਸਮਾਜ ਬਾਰੇ ਸਵਾਲ ਲੈ ਕੇ ਜਾਣਾ ਸੀ ਅਤੇ ਲੋਕਾਂ ਦੇ ਦਿਲਾਂ ਨੂੰ ਹਲੂਣਾ ਦੇਣਾ ਸੀ। ਇਸ ਮਾਮਲੇ 'ਤੇ ਅਸੀਂ ਸਫਲ ਰਹੇ ਹਾਂ।"

ਇਸ ਫਿਲਮ ਵਿਚ ਰਾਹੁਲ ਭੱਟ ਨੇ ਦੇਵ, ਰਿਚਾ ਚੱਢਾ ਨੇ ਪਾਰੋ ਅਤੇ ਆਦਿਤੀ ਰਾਓ ਹੈਦਰੀ ਨੇ ਚਾਂਦਨੀ ਦੇ ਕਿਰਦਾਰ ਬਾਖੂਬੀ ਨਿਭਾਏ ਹਨ। ਇਸ ਤੋਂ ਬਿਨਾ ਸੌਰਵ ਸ਼ੁਕਲਾ, ਵਿਪਨ ਸ਼ਰਮਾ, ਦਿਲੀਪ ਤਾਹਿਲ ਵਰਗੇ ਕਲਾਕਾਰ ਵੀ ਇਸ ਫਿਲਮ ਦਾ ਸ਼ਿੰਗਾਰ ਬਣੇ ਹਨ। ਫਿਲਮਸਾਜ਼ ਅਨੁਰਾਗ ਕਸ਼ਯਪ ਨੇ ਇਸ ਫਿਲਮ ਵਿਚ ਨਿੱਕੀ ਜਿਹੀ ਵਿਸ਼ੇਸ਼ ਭੂਮਿਕਾ ਵੀ ਨਿਭਾਈ ਹੈ। ਯਾਦ ਰਹੇ, ਸੁਧੀਰ ਮਿਸ਼ਰਾ ਡੂੰਘੀਆਂ ਫਿਲਮਾਂ ਬਣਾਉਣ ਲਈ ਮਸ਼ਹੂਰ ਰਿਹਾ ਹੈ। 2005 ਵਿਚ ਉਸ ਦੀ ਫਿਲਮ 'ਹਜ਼ਾਰੋਂ ਖਵਾਹਿਸ਼ੇਂ ਐਸੀ' ਨੇ ਖ਼ੂਬ ਧੁੰਮਾਂ ਪਾਈਆਂ ਸਨ ਅਤੇ ਇਕ ਤਰ੍ਹਾਂ ਨਾਲ ਉਸ ਦੀ ਪਛਾਣ ਇਸ ਫਿਲਮ ਨਾਲ ਹੀ ਜੁੜ ਗਈ ਸੀ; ਹਾਲਾਂਕਿ ਉਸ ਨੇ 1987 ਵਿਚ 'ਯੇ ਵੋਹ ਮੰਜ਼ਲ ਤੋ ਨਹੀਂ', 'ਮੈ ਜ਼ਿੰਦਾ ਹੂੰ', 'ਧਾਰਾਵੀ', 'ਇਸ ਰਾਤ ਕੀ ਸੁਬ੍ਹਾ ਨਹੀਂ', 'ਕਲਕੱਤਾ ਮੇਲ', 'ਚਮੇਲੀ' ਵਰਗੀਆਂ ਉਮਦਾ ਫਿਲਮਾਂ ਬਣਾ ਕੇ ਆਪਣੀ ਧਾਂਕ ਜਮਾਈ ਸੀ।

ਫਿਲਮ 'ਦਾਸ ਦੇਵ' ਅੱਜ ਦੇ ਜ਼ਮਾਨੇ ਵਿਚ ਸੱਤਾ ਉਤੇ ਕਬਜ਼ੇ ਅਤੇ ਪਿਆਰ ਤੇ ਨਫਰਤ ਦੇ ਗੇੜਾਂ ਦੀ ਕਹਾਣੀ ਹੈ। ਇਸ ਅੰਦਰ ਦਰਦ ਅਤੇ ਬੇਕਿਰਕੀ ਇਕੋ ਵੇਲੇ ਗੁੰਨ੍ਹੇ ਹੋਏ ਹਨ। ਆਪਣੀਆਂ ਹੋਰ ਫਿਲਮਾਂ ਵਾਂਗ ਸੁਧੀਰ ਮਿਸ਼ਰਾ ਨੇ ਇਸ ਫਿਲਮ ਵਿਚ ਵੀ ਖ਼ੂਬ ਤਜਰਬੇ ਕੀਤੇ ਹਨ ਅਤੇ ਇਹ ਤਜਰਬੇ ਕਰਦਿਆਂ ਉਸ ਨੇ ਭਾਰਤੀ ਸਿਆਸਤ ਅਤੇ ਸਮਾਜ ਦੇ ਪਰਦੇ ਖ਼ੂਬ ਫਰੋਲੇ ਹਨ। ਸੁਧੀਰ ਮਿਸ਼ਰਾ ਨੇ ਆਪਣੀ ਇਸ ਫਿਲਮ ਨੂੰ ਲੋਕਾਂ ਵੱਲੋਂ ਮਿਲੇ ਹੁੰਗਾਰੇ ਤੋਂ ਤਸੱਲੀ ਪ੍ਰਗਟਾਈ ਹੈ ਅਤੇ ਕਿਹਾ ਹੈ ਕਿ ਚੰਗੇ ਸਿਨੇਮੇ ਦੇ ਕਦਰਦਾਨ ਦਰਸ਼ਕਾਂ ਦੀ ਕਮੀ ਨਹੀਂ ਹੈ; ਬਸ਼ਰਤੇ ਤੁਹਾਡੀ ਰਚਨਾ ਵਿਚ ਜਾਨ ਹੋਵੇ। ਯਾਦ ਰਹੇ ਕਿ ਬਤੌਰ ਲੇਖਕ ਅਤੇ ਫਿਲਮਸਾਜ਼ ਸੁਧੀਰ ਮਿਸ਼ਰਾ ਦੀ ਫ਼ਿਲਮੀ ਹਲਕਿਆਂ ਵਿਚ ਖ਼ੂਬ ਚਰਚਾ ਹੁੰਦੀ ਰਹੀ ਹੈ।

# 'ਅਵੈਂਜਰਸ' ਦੀ ਭਾਰਤ ਵਿਚ ਵੀ ਝੰਡੀ

ਫਿਲਮ 'ਅਵੈਂਜਰਸ: ਇਨਫਿਨਿਟੀ ਵਾਰ' ਨੇ ਸੰਸਾਰ ਭਰ ਵਿਚ ਅਤੇ ਭਾਰਤ ਵਿਚ ਵੀ ਕਮਾਈ ਦੇ ਰਿਕਾਰਡ ਕਾਇਮ ਕਰ ਦਿੱਤੇ ਹਨ। ਇਹ ਭਾਰਤ ਵਿਚ ਰਿਲੀਜ਼ ਹੋਈ ਪਹਿਲੀ ਅਜਿਹੀ ਹਾਲੀਵੁੱਡ ਫਿਲਮ ਬਣ ਗਈ ਹੈ ਜਿਸ ਨੇ ਪਹਿਲੇ ਹੀ ਦਿਨ 31.33 ਕਰੋੜ ਰੁਪਏ ਕਮਾ ਲਏ ਹਨ। ਦੂਜੇ ਦਿਨ ਇਸ ਨੇ 30.25 ਕਰੋੜ ਅਤੇ ਇਸੇ ਤਰ੍ਹਾਂ ਤੀਜੇ ਦਿਨ 32.75 ਕਰੋੜ ਰੁਪਏ ਦੀ ਕਮਾਈ ਭਾਰਤ ਵਿਚ ਕੀਤੀ ਹੈ। ਇਉਂ ਫਿਲਮ ਰਿਲੀਜ਼ ਹੋਣ ਦੇ ਪਹਿਲੇ ਤਿੰਨ ਦਿਨਾਂ ਵਿਚ ਇਹ



ਫਿਲਮ 100 ਕਰੋੜ ਰੁਪਏ ਦੇ ਟੀਚੇ ਨੇੜੇ ਪਹੁੰਚ ਗਈ ਹੈ। ਇਸ ਮਾਮਲੇ ਵਿਚ ਇਸ ਨੇ 'ਪਦਮਾਵਤ' ਅਤੇ 'ਬਾਗੀ-2' ਵਰਗੀਆਂ ਫਿਲਮਾਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਹ ਫਿਲਮ ਨੌਜਵਾਨ ਤਬਕਾ ਵਧੇਰੇ ਚਾਅ ਨਾਲ ਦੇਖ ਰਿਹਾ ਹੈ। ਇਸ ਫਿਲਮ ਦਾ ਬਜਟ 300 ਮਿਲੀਅਨ ਡਾਲਰ ਹੈ। ਇਹ ਫਿਲਮ ਇਸ ਲੜੀ ਦੀ ਤੀਜੀ ਫਿਲਮ ਹੈ। ਇਸ ਤੋਂ ਪਹਿਲਾਂ ਇਹ ਫਿਲਮ 2012 ਵਿਚ 'ਦਿ ਅਵੈਂਜਰਸ' ਅਤੇ 2015 ਵਿਚ 'ਅਵੈਂਜਰਸ: ਏਜ਼ ਆਫ਼ ਅਲਟ੍ਰੋਨ' ਦੇ ਨਾਂ ਹੇਠ ਰਿਲੀਜ਼ ਹੋ ਚੁਕੀਆਂ ਹਨ। ਹੁਣ ਇਸ ਫਿਲਮ ਦੇ ਅਗਲੇ ਹਿੱਸੇ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਸ ਫ਼ਿਲਮ ਨੇ ਪਹਿਲੇ ਤਿੰਨ ਦਿਨਾਂ ਵਿਚ ਵੀ ਸੰਸਾਰ ਭਰ ਵਿਚ 640 ਮਿਲੀਅਨ ਡਾਲਰ ਦੀ ਕਮਾਈ ਕੀਤੀ ਹੈ ਜੋ ਹੁਣ ਤੱਕ ਦਾ ਰਿਕਾਰਡ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਆਈ ਫਿਲਮ 'ਦਿ ਫੇਟ ਆਫ਼ ਦੀ ਫਿਊਰੀਅਸ' ਨੇ 541 ਮਿਲੀਅਨ ਡਾਲਰ ਦੀ ਕਮਾਈ ਕਰ ਕੇ ਚੋਟੀ ਦਾ ਸਥਾਨ ਹਾਸਲ ਕੀਤਾ ਸੀ।

ਇਸ ਫਿਲਮ ਵਿਚ ਰੌਬਰਟ ਡਾਊਨੀ ਜੂਨੀਅਰ, ਕ੍ਰਿਸ ਹੈਮਸਵਰਥ, ਮਾਰਕ ਰਫੈਲੋ, ਕ੍ਰਿਸ ਈਵਾਨਜ਼, ਸਕਾਰਲੈਟ ਜੋਹਨਸਨ, ਟੌਮ ਹੌਲੈਂਡ, ਪੌਲ ਬੈਟਨੀ, ਐਲਿਜ਼ਬਥ ਓਲਸਨ, ਐਂਥਨੀ ਮੈਕੀ ਵਰਗੇ ਕਲਾਕਾਰਾਂ ਨੇ ਅਦਾਕਾਰੀ ਕੀਤੀ ਹੈ। ਫਿਲਮ ਦੇ ਨਿਰਦੇਸ਼ਕ ਐਂਥਨੀ ਰੂਸੋ ਅਤੇ ਜੋਅ ਰੂਸੋ ਹਨ। ਫਿਲਮ ਦੀ ਪਟਕਥਾ ਜਿਸ ਦੀ ਹਰ ਪਾਸਿਓਂ ਤਾਰੀਫ ਹੋ ਰਹੀ ਹੈ, ਕ੍ਰਿਸਟੋਫਰ ਮਾਰਕੂਸ ਅਤੇ ਸਟੀਫਨ ਮੈਕਫੀਲੀ ਨੇ ਰਲ ਕੇ ਲਿਖੀ ਹੈ। ਇਹ ਫਿਲਮ ਅਸਲ ਵਿਚ ਕੌਮਿਕਸ 'ਤੇ ਆਧਾਰਿਤ ਹੈ ਜੋਸਟੇਨ ਲੀ ਅਤੇ ਜੈਕ ਕਿਰਬੀ ਲਿਖਦੇ ਹੁੰਦੇ ਸਨ। ਜਦੋਂ ਇਨ੍ਹਾਂ ਪਾਤਰਾਂ ਨੂੰ ਲੈ ਕੇ ਇਹ ਫਿਲਮਾਂ ਸਾਹਮਣੇ ਆਈਆਂ ਤਾਂ ਦਰਸ਼ਕਾਂ ਨੇ ਇਸ ਨੂੰ ਭਰਪੂਰ ਹੁੰਗਾਰਾ ਭਰਿਆ ਅਤੇ ਇਸ ਦਾ ਨਤੀਜਾ ਅੱਜ ਸਭ ਦੇ ਸਾਹਮਣੇ ਹੈ। ਕਈ ਹੋਰ ਹਾਲੀਵੁੱਡ ਫਿਲਮਾਂ ਵਾਂਗ ਇਸ ਫਿਲਮ ਨੇ ਭਾਰੀ ਮਾਰਕੀਟ ਵਿਚੋਂ ਵੀ ਆਪਣਾ ਹਿੱਸਾ ਹਾਸਲ ਕਰ ਲਿਆ ਹੈ।

ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)

## ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ

# 'ਪੰਜਾਬ ਟਾਈਮਜ਼ ਨਾਈਟ'

**5 ਮਈ 2018 ਸਨਿਚਰਵਾਰ ਸ਼ਾਮੀ 6:30 ਵਜੇ**

**Atlantis Banquets**
1273 N. Rand Road,
Arlington Heights, IL 60004

**ਮੁੱਖ ਮਹਿਮਾਨ**



ਪ੍ਰੋ. ਜੋਗਿੰਦਰ ਸਿੰਘ ਰਮਦੇਵ

**ਪਹੁੰਚ ਰਹੇ ਵਿਸ਼ੇਸ਼ ਬੁਲਾਰੇ**



ਵਰਿਆਮ ਸਿੰਘ ਸੰਧੂ



ਪ੍ਰਿੰ. ਸਰਵਣ ਸਿੰਘ




ਡਾ. ਗੁਰਬਖਸ਼ ਸਿੰਘ ਭੰਡਾਲ

**ਗਾਇਕ ਤਾਰਾ ਮੁਲਤਾਨੀ ਅਤੇ ਹਰਪਾਲ ਲਾਡੀ ਗੀਤਾਂ ਦੀ ਛਹਿਬਰ ਲਾਉਣਗੇ**






## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ



ਅਮੋਲਕ ਸਿੰਘ ਗਾਖਲ



ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ




ਡਾ. ਗੁਰਦਿਆਲ ਸਿੰਘ ਬਸਰਾਨ



ਹਰਦਿਆਲ ਸਿੰਘ ਦਿਓਲ



ਡਾ. ਹਰਗੁਰਮੁਖਪਾਲ ਸਿੰਘ



ਹਰਜੀਤ ਸਿੰਘ ਸਾਹੀ



ਰਘਬੀਰ ਸਿੰਘ ਘੁੰਨ



ਜੈਦੇਵ ਸਿੰਘ ਭੱਠਲ



ਜਗਦੀਸ਼ਰ ਸਿੰਘ ਕਲੇਰ




ਡਾ. ਤੇਜਿੰਦਰ ਸਿੰਘ ਮੰਡੇਰ



ਦਰਸ਼ਨ ਸਿੰਘ ਦਰੜ



ਦਰਸ਼ਨ ਸਿੰਘ ਗਰੇਵਾਲ



ਬਲਵਿੰਦਰ ਸਿੰਘ ਸੰਧੂ




ਜੱਸੀ ਗਿੱਲ



ਸਰਵਣ ਸਿੰਘ ਟਿਵਾਣਾ



ਮਨਦੀਪ ਸਿੰਘ ਭੂਰਾ



ਅਯੁਧਿਆ ਸਲਵਾਨ



ਰਾਜਿੰਦਰ ਸਿੰਘ

**ਪੰਜਾਬ ਟਾਈਮਜ਼**

Published simultaneously from Chicago, California & New York.
Ph: 847-359-0746
*e-mail: punjabtimes1@gmail.com*
*website: www.punjabtimesusa.com*